ਐਤਵਾਰ, 22 ਮਾਰਚ, 2026
9 ਚੇਤ { ਨਾਨਕਸ਼ਾਹੀ 558
ਬਿਕਰਮੀ 2083
ਜਿਲਦ/VOL. : 74
ਅੰਕ/NO. : 290

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SUNDAY, 22 MARCH, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਈਰਾਨ ਦੇ ਪ੍ਰਮਾਣੂ ਕੇਂਦਰ 'ਤੇ ਦੂਜੀ ਵਾਰ ਹਮਲਾ

### ਜਵਾਬ 'ਚ ਈਰਾਨ ਨੇ ਇਜ਼ਰਾਈਲੀ ਏਅਰਪੋਰਟ ਤੇ ਡਿਆਗੋ ਗਾਰਸ਼ੀਆ ਅੱਡੇ ਨੂੰ ਨਿਸ਼ਾਨਾ ਬਣਾਇਆ

**ਤਹਿਰਾਨ** : ਅਮਰੀਕਾ ਤੇ ਇਜ਼ਰਾਈਲ ਦੇ ਈਰਾਨ 'ਤੇ ਹਮਲੇ ਦੇ 22ਵੇਂ ਦਿਨ ਸਨਿੱਚਰਵਾਰ ਈਰਾਨ ਦੇ ਨਤਾਂਜ਼ ਪ੍ਰਮਾਣੂ ਕੇਂਦਰ 'ਤੇ ਹਵਾਈ ਹਮਲਾ ਕੀਤਾ ਗਿਆ। ਤਾਂ ਵੀ, ਖਤਰਨਾਕ ਪ੍ਰਮਾਣੂ ਰਿਸਾਅ ਤੋਂ ਬਚਾਅ ਹੋ ਗਿਆ ਦੱਸਿਆ ਜਾਂਦਾ ਹੈ। ਇਜ਼ਰਾਈਲ ਤੇ ਅਮਰੀਕਾ ਨੇ 2 ਮਾਰਚ ਨੂੰ ਵੀ ਇਸ ਕੇਂਦਰ 'ਤੇ ਹਮਲਾ ਕੀਤਾ ਸੀ। ਇਹ ਈਰਾਨ ਦਾ ਸਭ ਤੋਂ ਵੱਡਾ ਪ੍ਰਮਾਣੂ ਕੇਂਦਰ ਹੈ, ਜਿੱਥੇ ਯੂਰੇਨੀਅਮ ਭਰਪੂਰ ਕੀਤਾ ਜਾਂਦਾ ਹੈ।

ਇਸ ਹਮਲੇ ਤੋਂ ਬਾਅਦ ਈਰਾਨ ਨੇ ਇਜ਼ਰਾਈਲ ਦੇ ਬੇਨ ਗੁਰੀਅਨ ਏਅਰਪੋਰਟ 'ਤੇ ਡਰੋਨ ਹਮਲਾ ਕੀਤਾ। ਇਸ ਨਾਲ ਏਅਰਪੋਰਟ ਦਾ ਕਾਫੀ ਨੁਕਸਾਨ ਹੋਇਆ। ਈਰਾਨ ਨੇ ਚਾਗੋਸ ਦੀਪ ਸਮੂਹ ਵਿੱਚ ਸਥਿਤ ਅਮਰੀਕਾ ਅਤੇ ਬ੍ਰਿਟੇਨ ਦੇ ਸਾਂਝੇ ਫੌਜੀ ਅੱਡੇ ਡਿਆਗੋ ਗਾਰਸ਼ੀਆ ਵੱਲ ਵੀ ਦੋ ਮੱਧ-ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। 'ਵਾਲ ਸਟਰੀਟ' ਜਰਨਲ ਦੀ ਰਿਪੋਰਟ ਅਨੁਸਾਰ ਇਨ੍ਹਾਂ ਵਿੱਚੋਂ ਇੱਕ ਮਿਜ਼ਾਈਲ ਰਸਤੇ ਵਿੱਚ ਹੀ ਫੇਲ੍ਹ ਹੋ ਗਈ, ਜਦਕਿ ਦੂਜੀ ਨੂੰ ਰੋਕਣ ਲਈ ਅਮਰੀਕੀ ਜੰਗੀ ਜਹਾਜ਼ ਨੇ ਇੰਟਰਸੈਪਟਰ ਮਿਜ਼ਾਈਲ ਛੱਡੀ। ਹਾਲਾਂਕਿ ਇਹ ਸਪੱਸ਼ਟ ਨਹੀਂ ਕਿ ਇਹ ਮਿਜ਼ਾਈਲ ਸਫਲਤਾਪੂਰਵਕ ਰੋਕੀ ਗਈ ਸੀ ਜਾਂ ਨਹੀਂ। ਇਹ ਹਮਲਾ ਇਸ ਲਈ ਅਹਿਮ ਹੈ, ਕਿਉਂਕਿ ਡਿਆਗੋ ਗਾਰਸ਼ੀਆ ਈਰਾਨ ਤੋਂ ਲਗਭਗ 4,000 ਕਿਲੋਮੀਟਰ ਦੂਰ ਹੈ, ਜਦਕਿ ਈਰਾਨ ਨੇ ਜਨਤਕ ਤੌਰ 'ਤੇ ਆਪਣੀ ਮਿਜ਼ਾਈਲ ਸਮਰੱਥਾ ਸਿਰਫ 2000 ਕਿਲੋਮੀਟਰ ਤੱਕ ਹੋਣ ਦਾ ਦਾਅਵਾ ਕੀਤਾ ਸੀ। ਈਰਾਨ ਨੇ ਕਿਹਾ ਹੈ ਕਿ ਅਮਰੀਕਾ ਦਾ ਜ਼ਮੀਨੀ ਹਮਲਾ ਲਾਲ ਲਕੀਰ ਨੂੰ ਪਾਰ ਕਰਨ ਦੇ ਬਰਾਬਰ ਹੋਵੇਗਾ ਅਤੇ ਟਰੰਪ ਨੂੰ ਨਾ ਭੁੱਲਣਯੋਗ ਸਬਕ ਸਿਖਾਇਆ ਜਾਵੇਗਾ।

ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਕਿਹਾ ਹੈ ਕਿ ਆਉਣ ਵਾਲੇ ਹਫਤੇ ਵਿੱਚ ਈਰਾਨ ਵਿਰੁੱਧ ਹਮਲਿਆਂ ਵਿੱਚ ਕਾਫੀ ਵਾਧਾ ਕੀਤਾ ਜਾਵੇਗਾ। ਕਾਟਜ਼ ਨੇ ਸਨਿੱਚਰਵਾਰ ਇਹ ਬਿਆਨ ਉਸ ਵੇਲੇ ਦਿੱਤਾ, ਜਦੋਂ ਕੁਝ ਘੰਟੇ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਉਹ ਮੱਧ ਪੂਰਬ ਵਿੱਚ ਫੌਜੀ ਕਾਰਵਾਈਆਂ ਨੂੰ ਘਟਾਉਣ ਬਾਰੇ ਵਿਚਾਰ ਕਰ ਰਹੇ ਹਨ।

ਅਮਰੀਕੀ ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਟਰੰਪ ਪ੍ਰਸ਼ਾਸਨ ਜਲ ਮਾਰਗਾਂ ਦੇ ਸਮੁੰਦਰੀ ਜਹਾਜ਼ਾਂ ਵਿੱਚ ਫਸੇ ਈਰਾਨੀ ਤੇਲ 'ਤੇ ਲਗਾਈਆਂ ਪਾਬੰਦੀਆਂ ਨੂੰ ਇੱਕ ਮਹੀਨੇ ਲਈ ਹਟਾ ਰਿਹਾ ਹੈ। ਇਹ ਫੈਸਲਾ ਦੁਨੀਆ ਭਰ ਵਿੱਚ ਤੇਜ਼ੀ ਨਾਲ ਵਧ ਰਹੀਆਂ ਤੇਲ ਦੀਆਂ ਕੀਮਤਾਂ ਨੂੰ ਘਟਾਉਣ ਦੀ ਕੋਸ਼ਿਸ਼ ਵਜੋਂ ਲਿਆ ਗਿਆ ਹੈ। ਇਹ ਰਾਹਤ ਸਿਰਫ ਉਨ੍ਹਾਂ ਜਹਾਜ਼ਾਂ 'ਤੇ ਲਾਗੂ ਹੋਵੇਗੀ, ਜਿਨ੍ਹਾਂ 'ਤੇ ਸ਼ੁੱਕਰਵਾਰ ਤੱਕ ਤੇਲ ਲੱਦਿਆ ਜਾ ਚੁੱਕਾ ਸੀ ਅਤੇ ਇਹ ਛੋਟ 19 ਅਪਰੈਲ ਤੱਕ ਜਾਰੀ ਰਹੇਗੀ।

## ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਵੱਲੋਂ ਅਸਤੀਫਾ



**ਚੰਡੀਗੜ੍ਹ** : ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸਨਿੱਚਰਵਾਰ ਅਸਤੀਫਾ ਦੇ ਦਿੱਤਾ। ਸੂਤਰਾਂ ਅਨੁਸਾਰ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਤੋਂ ਬਾਅਦ ਪੈਦਾ ਹੋਏ ਵਿਵਾਦ ਕਾਰਨ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾ ਤੋਂ ਅਸਤੀਫਾ ਮੰਗ ਲਿਆ ਸੀ। ਅਧਿਕਾਰੀ ਦੀ ਮੌਤ ਦੇ ਮਾਮਲੇ ਵਿੱਚ ਭੁੱਲਰ ਦਾ ਨਾਂਅ ਵੱਜਣ ਤੋਂ ਬਾਅਦ ਸਰਕਾਰ 'ਤੇ ਲਗਾਤਾਰ ਦਬਾਅ ਬਣ ਰਿਹਾ ਸੀ।

ਮੁੱਖ ਮੰਤਰੀ ਮਾਨ ਨੇ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਅਧਿਕਾਰੀ ਦੀ ਮੌਤ ਦੇ ਹਾਲਾਤ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸਰਕਾਰੀ ਬੁਲਾਰੇ ਅਨੁਸਾਰ ਇਸ ਜਾਂਚ ਵਿੱਚ ਇਹ ਦੇਖਿਆ ਜਾਵੇਗਾ ਕਿ ਕੀ ਇਸ ਖੁਦਕੁਸ਼ੀ ਪਿੱਛੇ ਭੁੱਲਰ ਦੀ ਕੋਈ ਭੂਮਿਕਾ ਸੀ। ਮੁੱਖ ਮੰਤਰੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ ਜਾਂ ਗਲਤ ਵਿਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਕਦਮ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਭ੍ਰਿਸ਼ਟਾਚਾਰ ਜਾਂ ਸੱਤਾ ਦੀ ਦੁਰਵਰਤੋਂ ਦੇ ਮਾਮਲੇ ਵਿੱਚ ਕੋਈ ਵੀ ਮੰਤਰੀ ਜਾਂ ਵਿਧਾਇਕ ਕਾਨੂੰਨ ਤੋਂ ਉੱਪਰ ਨਹੀਂ। ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਰਿਪੋਰਟ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਭੁੱਲਰ ਦੇ ਅਸਤੀਫੇ ਤੋਂ ਬਾਅਦ ਹੁਣ ਪੰਜਾਬ ਕੈਬਨਿਟ ਵਿੱਚ ਨਵੇਂ ਚਿਹਰੇ ਨੂੰ ਸ਼ਾਮਲ ਕਰਨ ਦੀਆਂ ਚਰਚਾਵਾਂ ਵੀ ਤੇਜ਼ ਹੋ ਗਈਆਂ ਹਨ।

ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵਾਇਰਲ ਹੋਈ ਵੀਡੀਓ 'ਤੇ ਪਰਵਾਰ ਤੋਂ ਪ੍ਰਾਪਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਟੈਂਡਰ ਆਪਣੇ ਹੱਕ ਵਿੱਚ ਖੁੱਲ੍ਹਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਮੈਨੇਜਰ 'ਤੇ ਦਬਾਅ ਪਾਇਆ ਗਿਆ ਸੀ। ਜ਼ਿਲ੍ਹਾ ਮੈਨੇਜਰ ਦੀ ਮਾਰਕੁੱਟ ਵੀ ਕਰਵਾਈ ਗਈ ਸੀ। ਮੌਤ ਹੋਣ ਤੋਂ ਪਹਿਲਾਂ ਰੰਧਾਵਾ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਵਿੱਚ ਉਹ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ 'ਤੇ ਦੋਸ਼ ਲਾ ਰਹੇ ਹਨ। ਔਜਲਾ ਨੇ ਭੁੱਲਰ ਖਿਲਾਫ ਕਤਲ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਵਿਭਾਗ ਦੇ ਚੁੱਪ ਰਹਿਣ ਵਾਲੇ ਅਧਿਕਾਰੀਆਂ ਖਿਲਾਫ ਵੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾ ਦੋਸ਼ ਲਾਇਆ ਕਿ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਜ਼ਿਲ੍ਹਾ ਮੈਨੇਜਰ ਤੇ ਕੈਬਨਿਟ ਮੰਤਰੀ ਵੱਲੋਂ ਪਾਏ ਜਾ ਰਹੇ ਦਬਾਅ ਸੰਬੰਧੀ ਜਾਣਕਾਰੀ ਸੀ, ਪਰ ਉਨ੍ਹਾਂ ਸਮਾਂ ਰਹਿੰਦਿਆਂ ਕੋਈ ਕਾਰਵਾਈ ਨਹੀਂ ਕੀਤੀ।

ਉਨ੍ਹਾ ਕਿਹਾ ਕਿ ਰੰਧਾਵਾ ਦੇ ਤਿੰਨ ਛੋਟੇ ਬੱਚੇ ਹਨ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਸ ਮਾਮਲੇ ਦਾ ਖੁਦ ਨੋਟਿਸ ਲੈਣ ਤੇ ਇਨਸਾਫ ਯਕੀਨੀ ਬਣਾਉਣ ਲਈ ਕਿਹਾ ਹੈ। ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜੇ ਸਰਕਾਰ ਇਨਸਾਫ ਪ੍ਰਤੀ ਗੰਭੀਰ ਹੈ ਤਾਂ ਤੁਰੰਤ ਕਤਲ ਦਾ ਕੇਸ ਦਰਜ ਕਰਕੇ ਮੰਤਰੀ ਨੂੰ ਹਿਰਾਸਤ ਵਿੱਚ ਲਿਆ ਜਾਣਾ ਚਾਹੀਦਾ ਹੈ।

## ਵਿਰੋਧੀਆਂ ਕੋਲ ਵਿਕਾਸ ਦਾ ਏਜੰਡਾ ਨਹੀਂ : ਮਾਨ

**ਮੋਗਾ (ਇਕਬਾਲ ਸਿੰਘ ਖਹਿਰਾ)**

ਧਰਮਕੋਟ ਦੀ ਅਨਾਜ ਮੰਡੀ ਵਿੱਚ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਸਨਿੱਚਰਵਾਰ 'ਆਪ' ਵੱਲੋਂ ਭਰਵੀਂ ਰੈਲੀ ਕੀਤੀ ਗਈ। ਰੈਲੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਇਲਾਵਾ ਕੈਬਨਿਟ ਮੰਤਰੀ ਅਤੇ ਆਪ ਦੇ ਸੂਬਾ ਪ੍ਰਧਾਨ ਅਮਨ ਅਰੋੜਾ, ਕੈਬਨਿਟ ਮੰਤਰੀ ਡਾਕਟਰ ਬਲਵੀਰ ਸਿੰਘ, ਵਿਧਾਇਕ ਅਮਨਦੀਪ ਕੌਰ ਅਰੋੜਾ, ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਸਰਵਣ ਸਿੰਘ ਧੁੰਨ, ਵਿਧਾਇਕ ਨਰੇਸ਼ ਕਟਾਰੀਆ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਹਲਕੇ ਵਿਚਲੇ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਹੋਏ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਹਲਕੇ ਦੇ ਪਿੰਡ ਬਾਜੇਕੇ ਵਿਖੇ ਲਗਭਗ 20 ਕਰੋੜ ਦੀ ਲਾਗਤ ਨਾਲ ਨਵੇਂ ਬਣਾਏ ਜਾ ਰਹੇ ਸਕੂਲ ਆਫ ਐਮੀਨੈਂਸ ਅਤੇ ਸਬ-ਡਵੀਜ਼ਨ ਪੱਧਰ ਦੇ 18 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਅਧੁਨਿਕ ਹਸਪਤਾਲ ਦਾ ਨੀਂਹ ਪੱਥਰ ਰੱਖਿਆ। ਰੈਲੀ ਦੌਰਾਨ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖੇ ਹਮਲੇ ਕੀਤੇ।

ਉਨ੍ਹਾ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ 2027 ਦੌਰਾਨ ਇੱਕਤਰਫਾ ਮਾਹੌਲ ਬਣੇਗਾ ਅਤੇ ਫਿਰ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਸੰਭਾਲੇਗੀ। ਵਿਰੋਧੀਆਂ ਪਾਸ ਵਿਕਾਸ ਦਾ ਕੋਈ ਏਜੰਡਾ ਨਹੀਂ। ਵਿਰੋਧੀ ਪਾਰਟੀਆਂ ਨੇ ਆਜ਼ਾਦੀ ਦੇ 80 ਸਾਲਾਂ ਵਿੱਚ ਲੋਕਾਂ ਨੂੰ ਗਲੀਆਂ-ਨਾਲੀਆਂ ਵਿਚ ਹੀ

• ਬਾਕੀ ਸਫਾ 2 'ਤੇ



### ਹੁਕੂਮਤ ਵੋ ਕਰਤੇ ਹੈਂ ਜਿਨ ਕਾ ਦਿਲੋਂ ਪੇ ਰਾਜ ਹੋਤਾ ਹੈ...

**ਮਾਲੇਰਕੋਟਲਾ (ਅਸਗਰ ਪਰਿਹਾਰ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮਾਲੇਰਕੋਟਲਾ ਵਿੱਚ ਈਦ-ਉਲ-ਫਿਤਰ ਮੌਕੇ ਈਦਗਾਹ ਵਿੱਚ ਹਾਜ਼ਰੀ ਲਗਾਉਣ ਲਈ ਪਹੁੰਚੇ। ਉਨ੍ਹਾ ਲੋਕਾਂ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਕੁਰਾਨ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਫਿਰਕੂ ਸਦਭਾਵਨਾ ਤੇ ਭਾਈਚਾਰਕ ਸਾਂਝ 'ਤੇ ਜ਼ੋਰ ਦਿੱਤਾ ਤੇ ਖੁਸ਼ੀਆਂ-ਖੇੜੇ ਗਰੀਬਾਂ ਤੇ ਦੱਬੇ-ਕੁਚਲੇ ਲੋਕਾਂ ਨਾਲ ਵੰਡਣ ਲਈ ਵੀ ਕਿਹਾ। ਉਨ੍ਹਾ ਵੱਖ-ਵੱਖ ਭਾਈਚਾਰਿਆਂ ਦੇ ਮੈਂਬਰਾਂ ਵਿਚਕਾਰ ਮਜ਼ਬੂਤ ਸਮਾਜਕ ਮੇਲ ਅਤੇ ਭਾਈਵਾਲੀ ਲਈ ਮਾਲੇਰਕੋਟਲਾ ਦੇ ਲੋਕਾਂ ਦੀ ਸ਼ਲਾਘਾ ਕੀਤੀ। ਉਨ੍ਹਾ ਮਾਲੇਰਕੋਟਲਾ ਵਾਸੀਆਂ ਦੀ ਇਸ ਪੱਖੋਂ ਸ਼ਲਾਘਾ ਕੀਤੀ ਕਿ ਉਹ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਦੇ ਤਿਉਹਾਰ ਰਲ-ਮਿਲ ਕੇ ਮਨਾਉਂਦੇ ਹਨ।

ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਵਿੱਚ ਫੁੱਟ

• ਬਾਕੀ ਸਫਾ 2 'ਤੇ

## 'ਲੱਗਦੈ ਆਪੋਜ਼ੀਸ਼ਨ ਆਗੂਆਂ ਨੂੰ ਗੈਂਗਸਟਰਾਂ ਦੀਆਂ ਕਾਰਵਾਈਆਂ ਦਾ ਪਹਿਲਾਂ ਹੀ ਪਤਾ ਹੁੰਦੈ'

**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਨਿੱਚਰਵਾਰ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਸੂਬੇ ਵਿੱਚ ਗੈਂਗਸਟਰਵਾਦ ਨੂੰ ਉਤਸ਼ਾਹਤ ਕਰਨ ਦਾ ਦੋਸ਼ ਲਾਇਆ ਅਤੇ ਸੰਕੇਤ ਦਿੱਤਾ ਕਿ ਕੁਝ ਆਗੂਆਂ ਨੂੰ ਕੁਝ ਅਪਰਾਧਕ ਘਟਨਾਵਾਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ ਸਕਦੀ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਮਾਨ ਨੇ ਦਾਅਵਾ ਕੀਤਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਸਿਆਸੀ ਸਰਪ੍ਰਸਤੀ ਕਾਰਨ ਗੈਂਗਸਟਰ ਸੱਭਿਆਚਾਰ ਵਧਿਆ-ਫੁੱਲਿਆ, ਜਿਸ ਨਾਲ ਅਪਰਾਧੀਆਂ ਨੂੰ ਬਿਨਾਂ ਕਿਸੇ ਡਰ ਦੇ ਕੰਮ ਕਰਨ ਦੀ ਇਜਾਜ਼ਤ ਮਿਲੀ।

ਉਨ੍ਹਾ ਖਾਸ ਤੌਰ 'ਤੇ ਨਾਭਾ ਜੇਲ੍ਹ ਤੋੜਨ ਦੇ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਇਸ ਘਟਨਾ ਬਾਰੇ ਬਿਆਨ ਘਟਨਾ ਜਨਤਕ ਹੋਣ ਦੇ ਅੱਧੇ ਘੰਟੇ ਦੇ ਅੰਦਰ ਹੀ ਆ ਗਿਆ ਸੀ। ਮਾਨ ਨੇ ਵਿਅੰਗ ਕਰਦਿਆਂ ਕਿਹਾ, 'ਜੇ ਘਟਨਾ ਵਿੱਚ ਦੇਰੀ ਹੋ ਜਾਂਦੀ, ਤਾਂ ਸ਼ਾਇਦ ਬਿਆਨ ਅਸਲ ਵਿੱਚ ਜੇਲ੍ਹ ਟੁੱਟਣ ਤੋਂ ਪਹਿਲਾਂ ਹੀ ਆ ਜਾਂਦਾ।'

ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾ ਦੀ ਸਰਕਾਰ 'ਗੈਂਗਸਟਰਾਂ 'ਤੇ ਵਾਰ' ਵਰਗੀਆਂ ਮੁਹਿੰਮਾਂ ਰਾਹੀਂ ਗੈਂਗਸਟਰਵਾਦ ਨੂੰ ਖਤਮ ਕਰਨ ਲਈ ਵਚਨਬੱਧ ਹੈ ਅਤੇ ਸੰਗਠਤ ਅਪਰਾਧ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਹੈ, ਜੋ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਹੈ, ਜਿਨ੍ਹਾਂ ਕਥਿਤ ਤੌਰ 'ਤੇ ਸਿਆਸੀ ਲਾਭ ਲਈ ਅਜਿਹੇ ਅਨਸਰਾਂ ਦੀ ਰੱਖਿਆ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਤ ਕੀਤਾ।

ਮਾਨ ਦੀਆਂ ਇਹ ਟਿੱਪਣੀਆਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਲੈ ਕੇ ਚੱਲ ਰਹੀ ਸਿਆਸੀ ਖਿੱਚੋਤਾਣ ਦਰਮਿਆਨ ਆਈਆਂ ਹਨ, ਜਿਸ ਵਿੱਚ ਵਿਰੋਧੀ ਪਾਰਟੀਆਂ ਅਕਸਰ 'ਆਪ' ਸਰਕਾਰ 'ਤੇ ਵਧ ਰਹੀਆਂ ਗੈਂਗਸਟਰ ਗਤੀਵਿਧੀਆਂ ਅਤੇ ਫਿਰੌਤੀ ਦੇ ਮਾਮਲਿਆਂ ਨੂੰ ਰੋਕਣ ਵਿੱਚ ਅਸਫਲ ਰਹਿਣ ਦੇ ਦੋਸ਼ ਲਾਉਂਦੀਆਂ ਰਹੀਆਂ ਹਨ।

### ਸੀ ਪੀ ਆਈ ਪੰਜਾਬ ਦੀ 7-8 ਨੂੰ ਅਹਿਮ ਮੀਟਿੰਗ

**ਚੰਡੀਗੜ੍ਹ** : ਸੀ ਪੀ ਆਈ ਪੰਜਾਬ ਦੀ ਪੁਰਾਣੀ ਸੂਬਾ ਐਗਜ਼ੈਕਟਿਵ ਦੀ ਮੀਟਿੰਗ 7 ਅਪਰੈਲ ਨੂੰ 12.30 ਵਜੇ ਚੰਡੀਗੜ੍ਹ ਵਿਖੇ ਅਜੈ ਭਵਨ, ਵਿਚ ਰੱਖੀ ਗਈ ਹੈ। ਇਸ ਤੋਂ ਪਹਿਲਾਂ 11 ਵਜੇ ਸਵੇਰੇ ਪੁਰਾਣੀ ਸਕੱਤਰੇਤ ਮੀਟਿੰਗ ਹੋਵੇਗੀ। ਸ਼ਾਮ 4 ਵਜੇ ਨਵੀਂ ਚੁਣੀ ਸੂਬਾ ਕੌਂਸਲ ਦੀ ਮੀਟਿੰਗ ਹੋਵੇਗੀ, ਜਿਹੜੀ ਅਗਲੇ ਦਿਨ 8 ਅਪਰੈਲ ਨੂੰ ਵੀ ਤਿੰਨ ਵਜੇ ਤੱਕ ਚੱਲੇਗੀ। ਇਸ ਵਿਚ ਸੂਬਾ ਕਾਰਜਕਾਰਨੀ, ਸੂਬਾ ਸਕੱਤਰ ਅਤੇ ਸੂਬਾ ਸਕੱਤਰੇਤ ਦੀ ਚੋਣ ਹੋਵੇਗੀ। ਡੀ. ਰਾਜਾ ਜਨਰਲ ਸਕੱਤਰ ਸੀ ਪੀ ਆਈ ਅਤੇ ਗਰੀਸ਼ ਸ਼ਰਮਾ ਕੌਮੀ ਸਕੱਤਰੇਤ ਮੈਂਬਰ ਮੀਟਿੰਗ ਨੂੰ ਸੰਬੋਧਨ ਕਰਨਗੇ।

### ਡੀ ਜੀ ਪੀ ਨੂੰ ਡਿਜੀਟਲ ਅਰੈਸਟ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ** : ਹਰਿਆਣਾ ਦੇ ਡੀ ਜੀ ਪੀ ਅਜੈ ਸਿੰਘਲ ਨੇ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਕਰਦੇ ਹੋਏ ਦੱਸਿਆ ਕਿ ਪਾਕਿਸਤਾਨੀ ਸਾਈਬਰ ਅਪਰਾਧੀਆਂ ਨੇ ਉਨ੍ਹਾ ਅਤੇ ਉਨ੍ਹਾ ਦੀ ਪਤਨੀ ਨੂੰ ਡਿਜੀਟਲ ਅਰੈਸਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੁਲਜ਼ਮਾਂ ਨੇ ਇੱਕ ਪੁਲਸ ਇੰਸਪੈਕਟਰ ਦੀ ਫੋਟੋ ਲਗਾ ਕੇ ਪਾਕਿਸਤਾਨੀ ਨੰਬਰ ਤੋਂ ਕਾਲ ਕੀਤੀ ਅਤੇ ਉਨ੍ਹਾਂ ਨੂੰ ਝਾਂਸੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਵਿਦੇਸ਼ੀ ਨੰਬਰ ਦੇਖ ਕੇ ਉਹ ਚੁਕੰਨੇ ਹੋ ਗਏ ਅਤੇ ਕਾਲ ਕਰਨ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ। ਇਸ 'ਤੇ ਸਾਈਬਰ ਅਪਰਾਧੀਆਂ ਵੱਲੋਂ ਭੱਦੀ ਸ਼ਬਦਾਵਲੀ ਵੀ ਵਰਤੀ ਗਈ। ਏਨਾ ਹੀ ਨਹੀਂ, ਅਪਰਾਧੀਆਂ ਨੇ ਉਨ੍ਹਾ ਦੀ ਪਤਨੀ ਨੂੰ ਵੀ ਕਾਲ ਕੀਤੀ, ਪਰ ਡੀ ਜੀ ਪੀ ਨੇ ਪਹਿਲਾਂ ਹੀ ਉਨ੍ਹਾ ਨੂੰ ਅਜਿਹੇ ਨੰਬਰਾਂ ਤੋਂ ਸਾਵਧਾਨ ਰਹਿਣ ਲਈ ਕਹਿ ਦਿੱਤਾ ਸੀ, ਜਿਸ ਕਰਕੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਅ ਰਿਹਾ।

### ਸੁੱਖੂ ਦੇ ਮੀਡੀਆ ਸਲਾਹਕਾਰ ਦੇ ਬੇਟੇ 'ਤੇ ਹਮਲੇ ਦੀ ਕੋਸ਼ਿਸ਼

**ਸ਼ਿਮਲਾ** : ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਮੀਡੀਆ ਸਲਾਹਕਾਰ ਨਰੇਸ਼ ਚੌਹਾਨ ਦੇ ਪੁੱਤਰ ਤੇ ਯੂਥ ਕਾਂਗਰਸ ਦੇ ਜਨਰਲ ਸਕੱਤਰ ਆਰੀਅਨ ਚੌਹਾਨ ਨੂੰ ਸ਼ੁੱਕਰਵਾਰ ਮਸ਼ੋਬਰਾ ਨੇੜੇ ਕਾਰ ਸਵਾਰ ਕੁਝ ਅਣਪਛਾਤੇ ਹਮਲਾਵਰਾਂ ਨੇ ਰੋਕ ਕੇ ਹਥਿਆਰਾਂ ਤੇ ਰਾਡਾਂ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਆਰੀਅਨ ਚੌਹਾਨ ਨੇ ਜਾਨ ਬਚਾਉਣ ਲਈ ਕਾਰ ਵਿੱਚੋਂ ਬਾਹਰ ਨਿਕਲ ਕੇ ਨੇੜਲੀ ਡੂੰਘੀ ਖਾਈ ਵਿੱਚ ਛਾਲ ਮਾਰ ਦਿੱਤੀ। ਇਸ ਦੌਰਾਨ ਉਨ੍ਹਾ ਨੂੰ ਕੁਝ ਸੱਟਾਂ ਵੀ ਲੱਗੀਆਂ ਹਨ।

## ਤਨਖਾਹਾਂ ਤੇ ਪੈਨਸ਼ਨਾਂ ਜਾਰੀ ਨਾ ਕਰਨ ਖਿਲਾਫ ਜ਼ੋਰਦਾਰ ਰੋਸ ਦਾ ਪ੍ਰਗਟਾਵਾ

**ਪਟਿਆਲਾ (ਰਜਿੰਦਰ ਸਿੰਘ ਥਿੰਦ)**



ਤਨਖਾਹਾਂ ਤੇ ਪੈਨਸ਼ਨਾਂ 20 ਮਾਰਚ ਤੱਕ ਵੀ ਨਾ ਦਿੱਤੇ ਜਾਣ ਦੇ ਵਿਰੁੱਧ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਸੱਦੇ 'ਤੇ ਜ਼ਬਰਦਸਤ ਰੋਸ ਪ੍ਰਗਟ ਕਰਦਿਆਂ 800 ਤੋਂ ਵੱਧ ਇਕੱਠੇ ਹੋਏ ਵਰਕਰਾਂ ਨੇ ਰੈਲੀ ਕੀਤੀ ਅਤੇ ਇੱਕ ਘੰਟੇ ਤੱਕ ਰੋਸ ਮਾਰਚ ਦੀ ਸ਼ਕਲ ਵਿੱਚ ਅਕਾਸ਼ ਗੂੰਜਾਊ ਨਾਅਰਿਆਂ ਨਾਲ ਪੰਜਾਬ ਸਰਕਾਰ, ਖਜ਼ਾਨਾ ਮੰਤਰੀ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਵਿਰੁੱਧ ਰੱਜ ਕੇ ਗੁੱਸਾ ਕੱਢਿਆ ਅਤੇ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੇ ਪੁਤਲੇ ਫੂਕੇ ਗਏ। ਰੈਲੀ, ਧਰਨਾ ਅਤੇ ਰੋਸ ਮਾਰਚ ਦੀ ਅਗਵਾਈ ਏਟਕ, ਇੰਟਕ, ਕਰਮਚਾਰੀ ਦਲ, ਐੱਸ ਸੀ ਬੀ ਸੀ, ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾਂ ਯੂਨੀਅਨ ਏਟਕ ਦੇ ਪ੍ਰਮੁੱਖ ਨੁਮਾਇੰਦੇ ਨਿਰਮਲ ਸਿੰਘ ਧਾਲੀਵਾਲ ਕਨਵੀਨਰ, ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ, ਇੰਦਰਪਾਲ ਸਿੰਘ ਅਤੇ ਮੁਹੰਮਦ ਖਲੀਲ ਕਰ ਰਹੇ ਸਨ।

ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਆਗੂਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਮੈਨੇਜਮੈਂਟ 10 ਹਜ਼ਾਰ ਤੋਂ ਵੱਧ ਮੌਜੂਦਾ ਅਤੇ ਸੇਵਾ-ਮੁਕਤ ਕਰਮਚਾਰੀਆਂ ਨੂੰ ਤਨਖਾਹਾਂ ਅਤੇ ਪੈਨਸ਼ਨਾਂ ਸਮੇਂ ਸਿਰ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਅਤੇ ਨਾਕਾਮ ਸਾਬਤ ਹੋ ਰਹੇ ਹਨ ਜਾਂ ਉਹ ਏਨੇ ਗੈਰਸੰਜੀਦਾ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਇਹ ਵੀ ਅਹਿਸਾਸ ਨਹੀਂ ਕਿ ਕਰਮਚਾਰੀ, ਜਿਨ੍ਹਾਂ ਦਾ ਰੋਟੀ-ਰੋਜ਼ੀ ਦਾ ਸਾਧਨ ਹੀ ਨੌਕਰੀ ਬਦਲੇ ਮਿਲਦੀ ਤਨਖਾਹ—ਪੈਨਸ਼ਨ ਹੈ, ਉਹ ਕਿਵੇਂ ਗੁਜ਼ਾਰਾ ਕਰਦੇ ਹੋਣਗੇ, ਕਿਵੇਂ ਬੱਚਿਆਂ ਦੀਆਂ ਫੀਸਾਂ, ਮਕਾਨ ਆਦਿ ਬਣਾਉਣ ਲਈ ਲਏ ਹੋਏ ਕਰਜ਼ਿਆਂ ਦੀਆਂ ਕਿਸ਼ਤਾਂ, ਰਸੋਈ ਲਈ ਖਾਣ-ਪੀਣ ਦੀਆਂ ਜਰੂਰੀ ਵਸਤਾਂ, ਬਿਮਾਰੀਆਂ ਲਈ ਦਵਾਈਆਂ ਅਤੇ ਹੋਰ ਸਮਾਜਿਕ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਣਗੇ। ਪੰਜਾਬ ਸਰਕਾਰ ਸਾਰੇ ਵਰਕਰਾ ਦੇ ਪੇਟ ਕੱਟ ਕੇ ਕਦੇ ਮੁਫ਼ਤ ਸਫਰ ਦੀਆਂ ਸਹੂਲਤਾਂ ਅਤੇ ਕਦੇ ਇੱਕ-ਇੱਕ ਹਜ਼ਾਰ ਔਰਤਾਂ ਨੂੰ ਦੇਣ ਦੇ ਵੋਟ-ਬਟੋਰੂ ਐਲਾਨ ਕਰਦੀ ਹੈ, ਜਿਸ ਦਾ ਖਮਿਆਜ਼ਾ ਦਿਨ-ਰਾਤ ਮਿਹਨਤ ਕਰਦੇ ਕਰਮਚਾਰੀ ਭੁਗਤ ਰਹੇ ਹਨ। ਪੰਜਾਬ ਸਰਕਾਰ ਮੁਫ਼ਤ ਸਫਰ ਬਦਲੇ ਬਣਦੇ 600 ਕਰੋੜ ਤੋਂ ਵੱਧ ਦੀ ਰਕਮ ਦੱਬੀ ਬੈਠੀ ਹੈ, ਜਿਸ ਵਿਚੋਂ ਤਨਖਾਹ—ਪੈਨਸ਼ਨ ਲਈ ਵੀ ਪੈਸਾ ਨਹੀਂ ਦਿੱਤਾ ਜਾ ਰਿਹਾ। ਬਜਟ ਵਿੱਚ ਬਣਦੀ ਰਕਮ ਤੋਂ ਅੱਧੀ ਰਕਮ ਵੀ ਨਹੀਂ ਰੱਖੀ ਗਈ। ਪੈਨਸ਼ਨ ਲਈ ਪਿਛਲੇ ਸਮੇਂ ਤੋਂ ਦਿੱਤੀ ਜਾਂਦੀ ਹਰ ਮਹੀਨੇ 6.5 ਕਰੋੜ ਰੁਪਏ ਦੀ ਗਰਾਂਟ ਬੰਦ ਕਰ ਦਿੱਤੀ ਹੈ। ਵਰਕਰਾਂ ਦੇ 125 ਕਰੋੜ ਰੁਪਏ ਦੇ ਤਰ੍ਹਾਂ-ਤਰ੍ਹਾਂ ਦੇ ਬਕਾਏ ਖੜੇ ਹਨ, ਸੇਵਾ-ਮੁਕਤ ਕਰਮਚਾਰੀਆਂ ਦੇ ਸੇਵਾ-ਮੁਕਤੀ ਲਾਭਾਂ ਦੇ ਪੈਸੇ 2 ਸਾਲ ਤੋਂ ਨਹੀਂ ਦਿੱਤੇ ਜਾ ਰਹੇ। ਬਜ਼ੁਰਗ ਸੇਵਾ-ਮੁਕਤ ਪੈਨਸ਼ਨਰਾਂ ਦੇ ਇਲਾਜ ਦੇ ਪੈਸੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ। ਇਸ ਤੋਂ ਬਿਨਾਂ ਵਰਕਰਾਂ ਦੀਆਂ ਕਾਨੂੰਨੀ ਤੌਰ 'ਤੇ ਲਾਗੂ ਕਰਨ ਵਾਲੀਆਂ ਮੰਗਾਂ ਨੂੰ ਉਕਾ ਹੀ ਅਣਗੌਲਿਆ ਕਰਕੇ ਮੈਨੇਜਮੈਂਟ ਕਾਨੂੰਨਾਂ ਅਤੇ ਅਦਾਲਤਾਂ ਨੂੰ ਵੀ ਟਿੱਚ ਸਮਝ ਰਹੀ ਹੈ। ਸਰਕਾਰ ਪੀ ਆਰ ਟੀ ਸੀ ਦੀਆਂ ਆਪਣੀ ਮਾਲਕੀ ਦੀਆਂ ਬੱਸਾਂ ਨਹੀਂ ਪੈਣ ਦੇ ਰਹੀ, ਜਿਸ ਤੋਂ ਸਪੱਸ਼ਟ ਹੈ ਕਿ ਸਰਕਾਰ ਪ੍ਰਾਈਵੇਟ ਬੱਸ ਮਾਫੀਏ ਦੀ ਪੁਸ਼ਤਪੁਨਾਹੀ ਕਰ ਰਹੀ ਹੈ। ਜਦ ਕਿ ਪੀ ਆਰ ਟੀ ਸੀ ਨੂੰ ਸਰਕਾਰ ਦੇ ਬੱਸਾਂ ਖਰੀਦਣ ਲਈ ਕੋਈ ਪੈਸਾ ਵੀ ਨਹੀਂ ਦੇਣਾ। ਕਿਲੋਮੀਟਰ ਸਕੀਮ ਅਧੀਨ 100—200 ਪ੍ਰਾਈਵੇਟ ਬੱਸਾਂ ਪਾ ਕੇ ਦਿਖਾਵਾ ਕੀਤਾ ਜਾ ਰਿਹਾ ਹੈ ਕਿ ਸਰਕਾਰ ਬੱਸਾਂ ਪਾ ਰਹੀ ਹੈ।

ਐਕਸ਼ਨ ਕਮੇਟੀ ਦੇ ਆਗੂਆਂ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਵਰਕਰਾਂ ਦਾ ਤੁਹਾਡੇ ਤੋਂ ਭਰੋਸਾ ਉਠਦਾ ਜਾ ਰਿਹਾ ਹੈ। ਵਰਕਰਾਂ ਦਾ ਗੁੱਸਾ ਸਪੱਸ਼ਟ ਸੰਕੇਤ ਦੇ ਰਿਹਾ ਸੀ ਕਿ ਨੇੜ ਭਵਿੱਖ ਵਿੱਚ ਉਹ ਸਖਤ ਟਰੇਡ ਯੂਨੀਅਨ ਸੰਘਰਸ਼ਾਂ ਦੇ ਰਾਹ ਪੈਣ ਲਈ ਕਾਹਲੇ ਹਨ। ਇਹ ਵੀ ਐਲਾਨ ਕੀਤਾ ਗਿਆ ਕਿ ਹਰ ਮਹੀਨੇ ਜੇਕਰ ਪਹਿਲੀ ਤਰੀਕ ਨੂੰ ਤਨਖਾਹ-ਪੈਨਸ਼ਨ ਨਹੀਂ ਦਿੱਤੀ ਜਾਂਦੀ ਤਾਂ 5 ਤਰੀਕ ਨੂੰ ਰੋਸ ਮੁਜ਼ਾਹਰੇ ਕੀਤੇ ਜਾਇਆ ਕਰਨਗੇ ਅਤੇ ਹੁਣ 6 ਅਪ੍ਰੈਲ ਨੂੰ ਫਿਰ ਪਟਿਆਲਾ ਦੇ ਮੁੱਖ ਦਫਤਰ ਦੇ ਸਾਹਮਣੇ 1000 ਤੋਂ ਵੱਧ ਕਰਮਚਾਰੀ ਵਿਸ਼ਾਲ ਧਰਨਾ ਦੇਣਗੇ।

### ਡਲਹੌਜ਼ੀ ਕੋਲ ਕਾਰ ਹਾਦਸੇ 'ਚ 2 ਕੁੜੀਆਂ ਸਣੇ 3 ਦੀ ਮੌਤ

**ਡਲਹੌਜ਼ੀ** : ਸ਼ਨੀਵਾਰ ਵੱਡੇ ਤੜਕੇ ਥਾਣਾ ਡਲਹੌਜ਼ੀ ਅਧੀਨ ਜੰਦਰੀਘਾਟ-ਕਰੇਲਨੂ ਰੋਡ 'ਤੇ ਕਾਰ ਨਾਲੇ ਵਿੱਚ ਡਿੱਗਣ ਕਾਰਨ ਪੰਜਾਬ ਦੀਆਂ 2 ਕੁੜੀਆਂ ਸਣੇ 3 ਦੀ ਮੌਤ ਹੋ ਗਈ ਤੇ 3 ਜ਼ਖਮੀ ਹੋ ਗਏ। ਮ੍ਰਿਤਕਾਂ 'ਚ ਸਿਮਰਨਪ੍ਰੀਤ ਕੌਰ (18) ਪੁੱਤਰੀ ਪਰਮਜੀਤ ਸਿੰਘ ਪਿੰਡ ਨੂਰਪੁਰ ਲੁਬਾਣਾ, ਜ਼ਿਲ੍ਹਾ ਕਪੂਰਥਲਾ, ਸੁਰਿੰਦਰ (25), ਨਿਵਾਸੀ ਪੂਰਨਪੁਰ, ਡਾਕਘਰ ਰਾਮਾ ਮੰਡੀ, ਜ਼ਿਲ੍ਹਾ ਜਲੰਧਰ ਤੇ ਸੋਫੀਆ, ਜਲੰਧਰ ਵਜੋਂ ਹੋਈ ਹੈ। ਪ੍ਰਿੰਸ (21) ਪੁੱਤਰ ਬਲਜੀਤ ਸਿੰਘ ਨਿਵਾਸੀ ਅੰਮ੍ਰਿਤਸਰ ਨੂੰ ਸਿਵਲ ਹਸਪਤਾਲ ਡਲਹੌਜ਼ੀ ਤੋਂ ਪਠਾਨਕੋਟ ਰੈਫਰ ਕਰ ਦਿੱਤਾ ਗਿਆ। ਸੁਮਨਪ੍ਰੀਤ (19) ਪੁੱਤਰੀ ਜਗਰੂਪ ਸਿੰਘ ਨਿਵਾਸੀ ਪਿੰਡ ਲੌ ਂਗ

• ਬਾਕੀ ਸਫਾ 2 'ਤੇ

## ਭਲਕੇ ਸਾਮਰਾਜ ਵਿਰੋਧੀ ਦਿਨ ਮਨਾਇਆ ਜਾਵੇਗਾ : ਗੋਰੀਆ, ਦੇਵੀ ਕੁਮਾਰੀ

**ਸ਼ਾਹਕੋਟ (ਗਿਆਨ ਸੈਦਪੁਰੀ)**-ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਯੂਨੀਅਨ ਅਤੇ ਸਭਾ ਵੱਲੋਂ 23 ਮਾਰਚ ਨੂੰ ਸਾਮਰਾਜਵਾਦ ਵਿਰੋਧੀ ਦਿਨ ਮਨਾਉਣ ਦੇ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਜਾਵੇਗਾ।ਮਜ਼ਦੂਰ ਆਗੂਆ ਨੇ ਸੀ ਪੀ ਆਈ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਹੋਏ ਫੈਸਲੇ ਦੀ ਰੌਸ਼ਨੀ ਵਿੱਚ ਗੱਲ ਕਰਦਿਆਂ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਾਮਰਾਜ ਵਿਰੋਧੀ ਦਿਨ ਵਜੋਂ ਮਨਾਇਆ ਜਾਵੇਗਾ।

ਉਨ੍ਹਾ ਕਿਹਾ ਕਿ ਸ਼ਹੀਦਾਂ ਵੱਲੋਂ ਬਰਤਾਨਵੀ ਸਾਮਰਾਜਵਾਦ ਵਿਰੁੱਧ ਲੜਦਿਆਂ ਕੀਤੀ ਸਿਖਰਲੀ ਕੁਰਬਾਨੀ ਅਤੇ ਹਿੰਮਤ ਨੂੰ ਯਾਦ ਰੱਖਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਾਮਰਾਜੀਆਂ ਤੇ ਖਾਸ ਕਰਕੇ ਅਮਰੀਕਾ ਨੇ ਵੈਨੇਜ਼ੁਏਲਾ, ਈਰਾਨ, ਫਲਸਤੀਨ ਵਿਰੁੱਧ ਜੰਗ ਛੇੜੀ ਹੋਈ ਹੈ।ਅਮਰੀਕਾ ਸਾਰੇ ਸੰਸਾਰ ਨੂੰ ਅਧੀਨਗੀ ਕਬੂਲਣ ਲਈ ਮਜਬੂਰ ਕਰਨ ਦੇ ਰਾਹ ਤੁਰਿਆ ਹੋਇਆ ਹੈ।ਸਾਨੂੰ ਇਸ ਦਾ ਸਖ਼ਤ ਵਿਰੋਧ ਕਰਨਾ ਹੋਵੇਗਾ, ਇਸ ਵਾਸਤੇ ਕੁਰਬਾਨੀ ਤੇ ਹਿੰਮਤ ਦੀ ਲੋੜ ਹੈ।ਇਸੇ ਕਰਕੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਉਸ ਨਾਲ ਸੰਬੰਧਤ ਅਵਾਮੀ ਜਥੇਬੰਦੀਆਂ 23 ਮਾਰਚ ਨੂੰ ਸਾਮਰਾਜ ਵਿਰੋਧੀ ਦਿਨ ਵਜੋਂ ਮਨਾ ਰਹੀਆਂ ਹਨ।

## ਬਰਾੜ ਤੇ ਧਾਲੀਵਾਲ ਵੱਲੋਂ 27 ਨੂੰ ਉਸਾਰੀ ਕਿਰਤੀਆਂ ਦੀ ਮੁਹਾਲੀ ਰੈਲੀ 'ਚ ਪੁੱਜਣ ਦਾ ਸੱਦਾ

**ਚੰਡੀਗੜ੍ਹ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਲੇਬਰ ਵਿਭਾਗ ਉਸਾਰੀ ਕਿਰਤੀਆਂ ਲਈ ਚਲਦੀ ਵੈੱਲਫੇਅਰ ਸਕੀਮ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਕੇ ਲਾਭਪਾਤਰੀਆਂ ਨੂੰ ਪਰੇਸ਼ਾਨ ਕਰਦਾ ਆ ਰਿਹਾ ਹੈ। ਉਹਨਾਂ ਨੂੰ ਕਾਨੂੰਨੀ ਤੌਰ 'ਤੇ ਮਿਲਣ ਵਾਲੇ ਲਾਭਾਂ ਵਿਚ ਕਟੌਤੀਆਂ ਵੀ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ-ਵੱਖ ਕਿਸਮ ਦੇ ਕਲੇਮਾਂ ਨੂੰ ਸਾਲਾਂਬੱਧੀ ਪਾਸ ਨਹੀਂ ਕੀਤਾ ਜਾਂਦਾ, ਸ਼ਿਕਾਇਤਾਂ ਕਰੋ ਤਾਂ ਕੋਈ ਸੁਣਵਾਈ ਨਹੀਂ ਕੀਤੀ ਜਾਂਦੀ, ਕੰਸਟਰਕਸ਼ਨ ਵੈੱਲਫੇਅਰ ਬੋਰਡ ਦੀਆਂ ਮੀਟਿੰਗਾਂ ਤੋਂ ਬਿਨਾਂ ਮਨਮਰਜ਼ੀ ਨਾਲ ਲਾਭਪਾਤਰੀਆਂ ਵਿਰੋਧੀ ਫੈਸਲੇ ਲਏ ਜਾ ਰਹੇ ਹਨ। ਐੱਕਸਗਰੇਸੀਆ ਦੇ ਕੇਸ 24-10-2024 ਤੋਂ ਬਾਅਦ ਪਾਸ ਨਹੀਂ ਕੀਤੇ ਗਏ। 27 ਨੰਬਰ ਫਾਰਮ ਦਾ ਅੜਿੱਕਾ ਪਾਇਆ ਜਾਂਦਾ ਹੈ, ਪੈਨਸ਼ਨ 3000 ਰੁਪਏ ਤੋਂ ਘਟਾ ਕੇ ਲਾਭਪਾਤਰੀਆਂ ਦੀ ਰਜਿਸਟਰੇਸ਼ਨ ਦੇ ਸਾਲਾਂ ਨਾਲ ਲਿੰਕ ਕਰਕੇ 3 ਸਾਲ, 5 ਸਾਲ, 10 ਸਾਲ ਆਦਿ ਤਰੀਕੇ ਨਾਲ 500 ਰੁਪਏ, 1000 ਰੁਪਏ, 1500 ਰੁਪਏ ਕਰ ਦਿੱਤੀ ਗਈ ਹੈ, ਵਿਭਾਗ ਦੀਆਂ ਸਾਈਟਾਂ ਲਗਭਗ ਬੰਦ ਰਹਿੰਦੀਆਂ ਹਨ, ਬੇਲੋੜੇ ਇਤਰਾਜ਼ ਲਾਏ ਜਾਂਦੇ ਹਨ, ਐੱਨ ਆਈ ਸੀ ਅਤੇ ਸੇਵਾ ਕੇਂਦਰ ਵਿਚ ਕੋਈ ਤਾਲਮੇਲ ਨਹੀਂ, ਜ਼ਿਲ੍ਹਿਆਂ ਵਿਚੋਂ ਪਾਸ ਕੀਤੇ ਕੇਸ ਦਫਤਰ ਵਿਚ 3-4 ਸਾਲਾਂ ਤੱਕ ਪਏ ਰਹਿੰਦੇ ਹਨ, ਐੱਲ ਟੀ ਸੀ ਸਕੀਮ ਲਗਭਗ ਖਤਮ ਕਰ ਦਿਤੀ ਗਈ ਹੈ, ਜਨਰਲ ਸਰਜਰੀ ਨੂੰ ਸਿਹਤ ਬੀਮਾ 10 ਲੱਖ ਵਾਲੇ ਕਾਰਡਾਂ ਨਾਲ ਜੋੜ ਦਿੱਤਾ ਹੈ। ਅਪਰੇਸ਼ਨਾਂ ਦੇ ਬਿੱਲ ਪਾਸ ਨਹੀਂ ਕੀਤੇ ਜਾ ਰਹੇ, ਕਿਰਤ ਵਿਭਾਗ ਵੱਲੋਂ ਉਸਾਰੀ ਕਿਰਤੀਆਂ ਨਾਲ ਇਹਨਾਂ ਵਧੀਕੀਆਂ ਵਿਰੁੱਧ ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ ਵਲੋਂ 27 ਮਾਰਚ ਨੂੰ ਕਿਰਤ ਭਵਨ ਮੁਹਾਲੀ ਦੇ ਸਾਹਮਣੇ ਪੰਜਾਬ ਪੱਧਰ ਦੀ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਸਾਥੀ ਬਰਾੜ ਅਤੇ ਸਾਥੀ ਧਾਲੀਵਾਲ ਨੇ ਕਿਹਾ ਕਿ ਉਸਾਰੀ ਕਿਰਤੀਆਂ ਤੋਂ ਇਲਾਵਾ ਏਟਕ ਨਾਲ ਸੰਬੰਧਤ ਨੇੜੇ ਦੇ ਜ਼ਿਲ੍ਹਿਆਂ ਤੋਂ ਹੋਰ ਮਜ਼ਦੂਰ ਸੰਗਠਨ ਵੀ ਇਸ ਬੇਇਨਸਾਫੀ ਦੇ ਵਿਰੁੱਧ ਕੀਤੀ ਜਾ ਰਹੀ ਰੈਲੀ, ਧਰਨੇ ਵਿਚ ਪਹੁੰਚਣਾ ਯਕੀਨੀ ਬਣਾਉਣ।

### ਅੱਜ-ਨਾਮਾ

ਬਣਿਆ ਧਰਮ ਦਾ ਮੁੱਦਾ ਆਸਾਮ ਅੰਦਰ,
ਪੈਂਦੀ ਚੋਣ ਵਿੱਚ ਇਹਦੀ ਆ ਖੱਪ ਭਾਈ।
ਆਪਣੀ ਧਿਰ ਲਈ ਕਰਨ ਨੂੰ ਲਾਮਬੰਦੀ,
ਸਰਕਾਰੀ ਪੱਖ ਨੇ ਹੱਦ ਲਈ ਟੱਪ ਭਾਈ।
ਉਸ ਤੋਂ ਬਾਅਦ ਜੋ ਹੁੰਦਾ ਈ, ਮੱਤ ਸੋਚੋ,
ਸੁਣਦੀ ਇੱਕ ਤੋਂ ਇੱਕ ਪਈ ਗੱਪ ਭਾਈ।
ਮ੍ਹਾਤੜ ਘਰਾਂ ਦੇ ਅੰਦਰ ਆ ਦੜੇ ਸੁਣਦੇ,
ਲੜ ਜਾਏ ਚੋਣ ਦਾ ਐਵੇਂ ਨਾ ਸੱਪ ਭਾਈ।
ਨਿਯਮ ਚੋਣ ਦੇ ਕਹਿੰਦੇ ਆ ਧਰਮ ਮੁੱਦਾ,
ਕੋਈ ਨਾ ਚੋਣ ਵਿੱਚ ਸਕੇਗਾ ਚੁੱਕ ਭਾਈ।
ਬੋਲਦੇ ਆਗੂ ਤਾਂ ਜਾਂਦਾ ਨਾ ਕੋਈ ਰੋਕਣ,
ਰਹੇ ਮੈਦਾਨ ਵਿੱਚ ਬੋਕ ਹਨ ਬੁੱਕ ਭਾਈ।

-ਤੀਸ ਮਾਰ ਖਾਂ

## ਨਰੇਗਾ ਕਾਨੂੰਨ ਨੂੰ ਨਾ ਕਾਂਗਰਸ ਤੇ ਨਾ ਹੀ ਮੋਦੀ ਸਰਕਾਰ ਨੇ ਹਕੀਕੀ ਰੂਪ 'ਚ ਲਾਗੂ ਕੀਤਾ : ਜਗਰੂਪ

**ਮੋਗਾ (ਇਕਬਾਲ ਸਿੰਘ ਖਹਿਰਾ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਵੱਲੋਂ ਸ਼ਨੀਵਾਰ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਨਰੇਗਾ ਬਨਾਮ ਵਿਕਸਤ ਭਾਰਤ : ਗਰਾਮ ਜੀ ਵਿਸ਼ੇ 'ਤੇ ਇੱਕ ਕਨਵੈਨਸ਼ਨ ਕਰਵਾਈ ਗਈ।ਇਸ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਨਰੇਗਾ ਮਜ਼ਦੂਰਾਂ, ਯੂਨੀਅਨ ਆਗੂਆਂ ਅਤੇ ਸਮਾਜਕ ਕਰਮੀਆਂ ਨੇ ਹਿੱਸਾ ਲਿਆ।ਸਭ ਤੋਂ ਪਹਿਲਾਂ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨੇ ਆਏ ਹੋਏ ਸਾਥੀਆਂ ਨੂੰ ਜੀ ਆਇਆਂ ਆਖਿਆ।ਉਸ ਤੋਂ ਬਾਅਦ ਕਨਵੈਨਸ਼ਨ ਤੋਂ ਇੱਕ ਦਿਨ ਪਹਿਲਾਂ ਵਿਛੜੇ ਉੱਘੇ ਰੰਗਕਰਮੀ, ਲੰਮਾ ਸਮਾਂ ਪਾਰਟੀ ਦੀਆਂ ਸੱਭਿਆਚਾਰਕ ਸਟੇਜਾਂ ਦਾ ਸ਼ਿੰਗਾਰ ਰਹੇ ਅਤੇ ਸਾਰੀ ਉਮਰ ਕਿਰਤੀਆਂ ਦੇ ਲੇਖੇ ਲਾਉਣ ਵਾਲੇ ਕਾਮਰੇਡ ਜੋਗਿੰਦਰ ਸਿੰਘ ਨਾਹਰ (ਨਾਹਰ ਨੱਥੂਵਾਲੀਆ) ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਰੱਖ ਕੇ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

### ਨਰੇਗਾ ਬਨਾਮ ਵਿਕਸਤ ਭਾਰਤ ਗਰਾਮ ਜੀ ਵਿਸ਼ੇ 'ਤੇ ਮੋਗਾ 'ਚ ਕਨਵੈਨਸ਼ਨ



ਯੂਨੀਅਨ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਕਿਹਾ ਕਿ ਨਰੇਗਾ ਕਾਨੂੰਨ, ਜਿਹੜਾ ਕਿ 2004 ਵਿੱਚ ਕਮਿਊਨਿਸਟਾਂ ਦੇ ਸਹਿਯੋਗ ਨਾਲ ਬਣੀ ਕਾਂਗਰਸ ਸਰਕਾਰ ਨੇ ਹੋਂਦ ਵਿੱਚ ਲਿਆਂਦਾ ਸੀ, ਜਿਸ ਨੂੰ ਕਿ ਬਾਅਦ ਵਿੱਚ ਕਾਂਗਰਸ ਵੱਲੋਂ ਆਪਣੇ ਰਾਜਸੀ ਲਾਹੇ ਲਈ ਮਹਾਤਮਾ ਗਾਂਧੀ ਦਾ ਨਾਂਅ ਜੋੜ ਕੇ ਮਨਰੇਗਾ ਬਣਾ ਦਿੱਤਾ ਗਿਆ, ਪਰ ਨਾ ਹੀ ਕਾਂਗਰਸ ਅਤੇ ਨਾ ਹੀ 2014 ਤੋਂ ਬਣੀ ਆ ਰਹੀ ਮੋਦੀ ਦੀ ਭਾਜਪਾ ਸਰਕਾਰ ਨੇ ਹਕੀਕੀ ਰੂਪ ਵਿੱਚ ਲਾਗੂ ਕੀਤਾ ਹੈ। ਇਸ ਕਾਨੂੰਨ ਤਹਿਤ ਹੋ ਰਹੀ ਮਜ਼ਦੂਰਾਂ ਦੀ ਖੱਜਲ-ਖ਼ੁਆਰੀ ਨੂੰ ਰੋਕਣ ਅਤੇ ਇਸ ਤਹਿਤ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਸਿਰਫ਼ ਕਮਿਊਨਿਸਟ ਪਾਰਟੀਆਂ ਹੀ ਸਮੇਂ-ਸਮੇਂ ਮੈਦਾਨ ਮੱਲਦੀਆਂ ਆ ਰਹੀਆਂ ਹਨ।ਹੁਣ ਵੀ ਜਦੋਂ ਕੇਂਦਰ ਸਰਕਾਰ ਵੱਲੋਂ ਨਰੇਗਾ ਦੀ ਥਾਂ ਆਪਣੇ ਸਿਆਸੀ ਲਾਹੇ ਲਈ 'ਵਿਕਸਿਤ ਭਾਰਤ ਗ੍ਰਾਮ ਜੀ' ਕਾਨੂੰਨ ਪਾਸ ਕੀਤਾ ਹੈ, ਜਿਸ ਨੂੰ ਕਿ ਨੋਟੀਫਾਈ ਕਰਨਾ ਹਾਲੇ ਬਾਕੀ ਹੈ, ਉਦੋਂ ਤੋਂ ਹੀ ਵਿਰੋਧੀਆਂ ਵੱਲੋਂ ਨਰੇਗਾ ਨੂੰ ਬੰਦ ਕੀਤੇ ਜਾਣ ਅਤੇ ਕੰਮ ਗਾਰੰਟੀ ਖਤਮ ਹੋਣ ਦਾ ਪ੍ਰਚਾਰ ਜ਼ੋਰਾਂ-ਸ਼ੋਰਾਂ 'ਤੇ ਹੈ, ਜਦੋਂ ਕਿ ਨਰੇਗਾ ਦੀ ਤਰ੍ਹਾਂ ਨਵੇਂ ਕਾਨੂੰਨ ਵਿੱਚ ਵੀ ਕੰਮ ਦੀ ਗਾਰੰਟੀ ਬਰਕਰਾਰ ਹੈ।ਉਨ੍ਹਾ ਕਿਹਾ ਕਿ ਨਰੇਗਾ ਵਿੱਚ ਸ਼ੁਰੂ ਤੋਂ ਕੰਮ ਦਾ ਸਮਾਂ 6 ਘੰਟੇ ਸੀ ਅਤੇ ਬਾਅਦ ਵਿੱਚ ਕਾਂਗਰਸ ਸਰਕਾਰ ਨੇ ਇਸ ਨੂੰ ਵਧਾ ਕੇ 8 ਘੰਟੇ ਕਰ ਦਿੱਤਾ, ਪਰ ਮੋਦੀ ਸਰਕਾਰ ਨੇ ਮਜ਼ਦੂਰਾਂ ਦੇ ਖਿਲਾਫ ਇੱਕ ਕਦਮ ਹੋਰ ਅੱਗੇ ਵਧਦਿਆਂ ਨਵੇਂ ਕਾਨੂੰਨ ਵਿੱਚ ਕੰਮ ਦਾ ਸਮਾਂ 12 ਘੰਟੇ ਤੱਕ

• ਬਾਕੀ ਸਫਾ 2 'ਤੇ

# ਖੇਤੀਬਾੜੀ-ਪ੍ਰੋਸੈਸਿੰਗ ਤੇ ਵਾਢੀ ਤੋਂ ਬਾਅਦ ਦੀਆਂ ਨਵੀਨਤਾਵਾਂ 'ਤੇ ਹਿੱਸੇਦਾਰਾਂ ਦੀ ਮੀਟਿੰਗ



**ਲੁਧਿਆਣਾ (ਐੱਮ ਐੱਸ ਭਾਟੀਆ)**-ਆਈ ਸੀ ਏ ਆਰ ਤੇ ਸਿਫੇਟ ਨੇ ਲੁਧਿਆਣਾ ਵਿਖੇ ਖੇਤੀਬਾੜੀ-ਪ੍ਰੋਸੈਸਿੰਗ ਮਸ਼ੀਨਰੀ ਤੇ ਵਾਢੀ ਤੋਂ ਬਾਅਦ ਦੀਆਂ ਤਕਨਾਲੋਜੀਆਂ 'ਤੇ ਇੱਕ ਰਣਨੀਤਕ ਹਿੱਸੇਦਾਰਾਂ ਦੀ ਮੀਟਿੰਗ ਕੀਤੀ, ਜਿਸ ਵਿੱਚ ਵਿਗਿਆਨੀਆਂ, ਉੱਦਮੀਆਂ, ਐੱਮ ਐੱਸ ਐੱਮ ਈ ਦੇ ਪ੍ਰਤੀਨਿਧੀਆਂ ਤੇ ਕਿਸਾਨਾਂ ਨੂੰ ਸਹਿਯੋਗ ਤੇ ਤਕਨਾਲੋਜੀ ਅਪਣਾਉਣ ਨੂੰ ਉਤਸ਼ਾਹਤ ਕਰਨ ਲਈ ਇਕੱਠਿਆਂ ਕੀਤਾ ਗਿਆ। ਆਈ ਸੀ ਏ ਆਰ ਤੇ ਸਿਫੇਟ ਦੇ ਇਨਕਿਊਬੇਟੀਆਂ ਤੇ ਲਾਇਸੈਂਸਧਾਰਕਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਸੰਸਥਾ ਨਾਲ ਸਬੰਧਾਂ ਲਈ ਸਨਮਾਨਤ ਵੀ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਡਾ. ਰਣਜੀਤ ਸਿੰਘ ਦੀ ਉਦਘਾਟਨੀ ਟਿੱਪਣੀਆਂ ਨਾਲ ਹੋਈ, ਇਸ ਤੋਂ ਬਾਅਦ ਡਾ. ਨਚਿਕੇਤ ਕੋਤਵਾਲੀਵਾਲੇ ਡਾਇਰੈਕਟਰ ਆਈ ਸੀ ਏ ਆਰ ਤੇ ਸਿਫੇਟ ਵੱਲੋਂ ਉਦਘਾਟਨੀ ਭਾਸ਼ਣ ਦਿੱਤਾ ਗਿਆ।ਡਾ. ਪੀ. ਕੇ. ਸ਼ਾਅ ਡਾਇਰੈਕਟਰ ਐੱਮ ਐੱਸ ਐੱਮ ਈ-ਡੀ ਐੱਫ ਓ ਲੁਧਿਆਣਾ ਨੇ ਖੇਤੀਬਾੜੀ ਅਧਾਰਤ ਉੱਦਮਤਾ ਵਿੱਚ ਐੱਮ ਐੱਸ ਐੱਮ ਈ ਦੀ ਭੂਮਿਕਾ 'ਤੇ ਚਾਨਣਾ ਪਾਇਆ।ਡਾ. ਮਹੇਸ਼ ਕੁਮਾਰ ਏ ਡੀ ਆਰ ਪੀਏਯੂ ਨੇ ਗੁੜ ਪ੍ਰੋਸੈਸਿੰਗ ਤੇ ਉੱਦਮਤਾ ਵਿਕਾਸ 'ਤੇ ਗੱਲ ਕੀਤੀ, ਜਿਸ ਵਿੱਚ ਬਿਹਤਰ ਪ੍ਰੋਸੈਸਿੰਗ, ਮੁੱਲ ਜੋੜਨ ਤੇ ਪੀ ਐੱਮ ਐੱਫ ਐੱਮ ਈ ਲਿੰਕੇਜ 'ਤੇ ਧਿਆਨ ਕੇਂਦਰਤ ਕੀਤਾ ਗਿਆ।ਡਾ. ਰਾਕੇਸ਼ ਸ਼ਾਰਦਾ ਨੇ ਭਾਗੀਦਾਰਾਂ ਨੂੰ ਤਕਨਾਲੋਜੀਆਂ ਬਾਰੇ ਜਾਣਕਾਰੀ ਦਿੱਤੀ।ਡਾ. ਊਸ਼ਾ ਨਾਰਾ ਨੇ ਐਗਰੀਟੈਕ ਸਟਾਰਟਅੱਪਸ 'ਤੇ ਐੱਮ ਐੱਸ ਐੱਮ ਈ ਲਈ ਆਈ ਪੀ ਰਣਨੀਤੀ 'ਤੇ ਭਾਸ਼ਣ ਦਿੱਤਾ।ਅਮਨਦੀਪ ਸਿੰਘ ਘਈ, ਖੇਤੀਬਾੜੀ ਵਿਭਾਗ, ਲੁਧਿਆਣਾ ਨੇ ਐਗਰੋ-ਪ੍ਰੋਸੈਸਿੰਗ ਲਈ ਪੰਜਾਬ ਸਰਕਾਰ ਦੀਆਂ ਯੋਜਨਾਵਾਂ 'ਤੇ ਚਰਚਾ ਕੀਤੀ।ਪ੍ਰੋਗਰਾਮ ਡਾ. ਸੰਦੀਪ ਦਵਾਂਗੇ ਦੁਆਰਾ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਵਰਲਡ ਹੈਪੀਨੈੱਸ ਡੇ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਮਨੋਵਿਗਿਆਨਕ ਸੈੱਲ ਨੇ 'ਵਰਲਡ ਹੈਪੀਨੈੱਸ ਡੇ' ਮਨਾਇਆ।ਇਸ ਮੌਕੇ ਵਿਦਿਆਰਥੀਆਂ ਨੂੰ ਤਣਾਅ ਮੁਕਤ ਕਰਨ ਲਈ ਲਾਫਟਰ ਸ਼ੋਅ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਵਿਦਿਆਰਥੀਆਂ ਨੇ ਆਪਣੀਆਂ ਹਾਸਰਸੀ ਪੇਸ਼ਕਾਰੀਆਂ ਰਾਹੀਂ ਸਰੋਤਿਆਂ ਨੂੰ ਹਸਾਉਂਦਿਆਂ ਖੂਬ ਮਨੋਰੰਜਨ ਕੀਤਾ।ਇਸ ਹਾਸ ਮੁਕਾਬਲੇ ਦੇ ਜੇਤੂਆਂ ਵਿੱਚੋਂ ਬੀ. ਕਾਮ ਭਾਗ ਪਹਿਲਾ ਦੇ ਹਰਸ਼ ਤੇ ਹਰਨੂਰ ਨੇ ਪਹਿਲਾ ਇਨਾਮ, ਬੀ. ਕਾਮ ਭਾਗ ਦੂਜਾ ਦੀ ਜਸ਼ਨਪ੍ਰੀਤ ਕੌਰ ਨੇ ਦੂਜਾ ਸਥਾਨ ਤੇ ਬੀ.ਕਾਮ ਭਾਗ ਦੂਜਾ ਦੇ ਤਾਨਿਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਇਸ ਗਤੀਵਿਧੀ ਵਿੱਚ ਹਿੱਸਾ ਲੈਣ ਲਈ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਹਮੇਸ਼ਾ ਖੁਸ਼ ਤੇ ਤਣਾਅ ਮੁਕਤ ਰਹਿਣ ਲਈ ਪ੍ਰੇਰਿਆ।ਜੱਜਾਂ ਦੀ ਭੂਮਿਕਾ ਪ੍ਰੋ. ਜਗਰੂਪ ਸਿੰਘ, ਡਾ. ਨਿਧੀ ਸਰੂਪ ਤੇ ਪ੍ਰੋ. ਸਨਦੀਪ ਸਿੰਘ ਹੁੰਦਲ ਨੇ ਨਿਭਾਈ।ਇਸ ਲਾਫਟਰ ਸ਼ੋਅ ਦੇ ਆਯੋਜਨ ਵਿੱਚ ਡਾ. ਅਮਨਦੀਪ ਕੁਲਾਰ, ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਦੀਪਾਲੀ ਅਰੋੜਾ ਤੇ ਪ੍ਰੋ. ਰੋਹਿਤ ਕੁਮਾਰ ਨੇ ਯੋਗਦਾਨ ਪਾਇਆ।ਮੰਚ ਸੰਚਾਲਨ ਪ੍ਰੋ. ਦੀਪਾਲੀ ਅਰੋੜਾ ਦੁਆਰਾ ਕੀਤਾ ਗਿਆ।ਇਸ ਮੌਕੇ ਪ੍ਰੋ. ਰਣਜੀਤ ਕੌਰ, ਪ੍ਰੋ. ਮਾਲਤੀ ਤਿਵਾੜੀ, ਪ੍ਰੋ. ਅਮਨਦੀਪ ਚੀਮਾਂ, ਪ੍ਰੋ. ਗੁਰਜਿੰਦਰ ਕੌਰ, ਪ੍ਰੋ. ਰਾਮਪਾਲ ਬੰਗਾ ਤੇ ਡਾ. ਗੁਰਪ੍ਰੀਤ ਸਿੰਘ ਹਾਜ਼ਰ ਸਨ।

## ਪਬਲਿਕ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਯਾਦ 'ਚ ਸਮਾਗਮ



**ਸਮਾਣਾ (ਇਕਬਾਲ ਸਿੰਘ ਢੀਂਡਸਾ, ਗੁਰਪਿਆਰ ਸਿੰਘ ਢੀਂਡਸਾ)**-ਪਬਲਿਕ ਕਾਲਜ ਸਮਾਣਾ ਦੇ ਪੰਜਾਬੀ ਵਿਭਾਗ ਵੱਲੋਂ ਪਬਲਿਕ ਕਾਲਜ ਸਮਾਣਾ ਤੇ ਪਬਲਿਕ ਕਾਲਜ ਆਫ ਐਜੂਕੇਸ਼ਨ ਸਮਾਣਾ ਦੇ ਯੁਵਕ ਭਲਾਈ ਵਿਭਾਗ, ਰੈੱਡ ਰਿਬਨ ਕਲੱਬ ਤੇ ਐੱਨ ਐੱਸ ਐੱਸ. ਵਿਭਾਗ ਅਤੇ ਐਂਟੀ ਹਰਾਸਮੈਂਟ ਸੈੱਲ ਦੇ ਸਹਿਯੋਗ ਨਾਲ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਸਰਪ੍ਰਸਤੀ ਹੇਠ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਪ੍ਰੋਗਰਾਮ ਕਾਲਜ ਕੈਂਪਸ ਵਿੱਚ ਕਰਵਾਇਆ ਗਿਆ, ਜਿਸ ਦੌਰਾਨ ਸ਼ਹੀਦਾਂ ਦੇ ਜੀਵਨ ਨਾਲ ਸਬੰਧਤ ਵਿਦਿਆਰਥੀਆਂ ਦੇ ਭਾਸ਼ਣ ਤੇ ਕਵਿਤਾਵਾਂ ਦੇ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਲਈ ਜੱਜਮੈਂਟ ਦੀ ਭੂਮਿਕਾ ਪੰਜਾਬੀ ਵਿਭਾਗ ਤੋਂ ਡਾ. ਇਕਬਾਲ ਸਿੰਘ ਤੇ ਡਾ. ਬਲਕਾਰ ਸਿੰਘ ਨੇ ਨਿਭਾਈ।ਵਾਈਸ ਪ੍ਰਿੰਸੀਪਲ ਡਾ. ਹਰਕੀਰਤਨ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਸ਼ਾਬਾਸ਼ੀ ਦਿੱਤੀ।ਇਸ ਮੌਕੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਪ੍ਰੋਗ੍ਰਾਮ ਕੋਆਰਡੀਨੇਟਰ ਤੇ ਮੁਖੀ ਪੋਲੀਟੀਕਲ ਸਾਇੰਸ ਵਿਭਾਗ ਪ੍ਰੋ. ਹਰਪ੍ਰੀਤ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਮਨਦੀਪ ਕੌਰ ਪੰਜਾਬੀ ਵਿਭਾਗ ਦੁਆਰਾ ਕੀਤਾ ਗਿਆ।ਇਸ ਸਮਾਗਮ ਵਿੱਚ ਸਮੂਹ ਵਿਭਾਗਾਂ ਦੇ ਪ੍ਰੋਫੈਸਰ ਸਾਹਿਬਾਨ ਨੇ ਸ਼ਿਰਕਤ ਕੀਤੀ।

## 23 ਦਾ ਸ਼ਹੀਦੀ ਦਿਹਾੜਾ ਸਾਮਰਾਜਵਾਦ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ : ਆਗੂ



**ਬੁਢਲਾਡਾ (ਅਸ਼ੋਕ ਲਾਕੜਾ)**-23 ਮਾਰਚ ਨੂੰ ਰਾਜਗੁਰੂ, ਭਗਤ ਸਿੰਘ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਗੋਲ ਚੱਕਰ ਦਾਣਾ ਮੰਡੀ ਵਿਖੇ ਸਾਮਰਾਜਵਾਦ ਵਿਰੋਧੀ ਦਿਵਸ ਵਜੋਂ ਮਨਾਉਣ ਲਈ ਸਥਾਨਕ ਗੁਰਦੁਆਰਾ ਬਾਰਾਂ ਸਾਹਿਬ ਵਿਖੇ ਕਿਸਾਨਾ, ਮਜ਼ਦੂਰਾਂ, ਮੁਲਾਜ਼ਮਾਂ, ਪੰਜਾਬ ਪੱਲੇਦਾਰ ਯੂਨੀਅਨ, ਐੱਫ ਸੀ ਆਈ ਯੂਨੀਅਨ, ਗੱਲਾਂ ਮਜ਼ਦੂਰ ਯੂਨੀਅਨ ਤੇ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੀ ਮੀਟਿੰਗ ਹੋਈ, ਜਿਸ ਵਿੱਚ 23 ਮਾਰਚ ਦੇ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਨੂੰ ਸੂਬਾਈ ਫੈਸਲੇ ਅਨੁਸਾਰ ਸਾਮਰਾਜਵਾਦ ਵਿਰੋਧੀ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਲਈ ਉਕਤ ਦਿੱਤੇ ਸਮੇਂ ਅਨੁਸਾਰ 11 ਵਜੇ ਗੋਲ ਚੱਕਰ ਦਾਣਾ ਮੰਡੀ ਵਿਖੇ ਪੁੱਜਣ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਇਥੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਫੁੱਲ ਮਾਲਾਵਾਂ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ, ਉਪਰੰਤ ਬਜ਼ਾਰ ਵਿੱਚੋਂ ਦੀ ਹੁੰਦੇ ਹੋਏ ਸਾਮਰਾਜੀ ਤਾਕਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਖਿਲਾਫ ਰੋਸ ਮਾਰਚ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਜਮਹੂਰੀ ਕਿਸਾਨ ਸਭਾ ਦੇ ਆਗੂ ਅਮਰੀਕ ਸਿੰਘ ਫਫੜੇ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਮਲਕੀਤ ਸਿੰਘ ਮੰਦਰਾਂ, ਜਗਸੀਰ ਸਿੰਘ ਰਾਏਕੇ, ਪੰਜਾਬ ਕਿਸਾਨ ਸਭਾ ਦੇ ਆਗੂ ਰਾਮਫਲ ਚੱਕ ਅਲੀ ਸ਼ੇਰ, ਲੱਖੋਵਾਲ ਕਿਸਾਨ ਸਭਾ ਦੇ ਪ੍ਰਸ਼ੋਤਮ ਸਿੰਘ ਗਿੱਲ, ਬੀ ਕੇ ਯੂ ਡਕੌਂਦਾ ਦੇ ਜਗਰਾਜ ਸਿੰਘ ਅਹਿਮਦਪੁਰ, ਬੀ ਕੇ ਯੂ ਕਾਦੀਆਂ ਦੇ ਸ਼ਿੰਗਾਰਾ ਸਿੰਘ ਦੋਦੜਾ, ਬੀ ਕੇ ਯੂ ਰਾਜੇਵਾਲ ਦੇ ਦਿਲਬਾਗ ਸਿੰਘ ਕਲੀਪੁਰ, ਕ੍ਰਾਂਤੀਕਾਰੀ ਕਿਸਾਨ ਸਭਾ ਦੇ ਜਗਰਾਜ ਸਿੰਘ ਨਵਾਂ ਗਾਓਂ, ਮਜ਼ਦੂਰ ਮੁਕਤੀ ਮੋਰਚਾ ਦੇ ਜੀਤ ਸਿੰਘ ਬੋਹਾ, ਐੱਫ ਸੀ ਆਈ ਪੱਲੇਦਾਰ ਯੂਨੀਅਨ ਦੇ ਪ੍ਰਧਾਨ ਸੁਰੇਸ਼ ਕੁਮਾਰ, ਕ੍ਰਿਸ਼ਨ ਕੁਮਾਰ, ਕਸ਼ਮੀਰ ਸਿੰਘ ਸੈਕਟਰੀ, ਭੋਲਾ ਸਿੰਘ, ਪੰਜਾਬ ਪੱਲੇਦਾਰ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ, ਸੈਕਟਰੀ ਅੰਮ੍ਰਿਤਪਾਲ ਸਿੰਘ ਤੇ ਗੱਲਾ ਮਜ਼ਦੂਰ ਯੂਨੀਅਨ ਦੇ ਰਾਜ ਕੁਮਾਰ ਆਦਿ ਹਾਜ਼ਰ ਸਨ।

## ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਸ਼ੇਸ਼ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਪਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਦੇ ਨਿਪਟਾਰੇ ਲਈ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਚੇਅਰਮੈਨ ਟਰੇਡ ਕਮਿਸ਼ਨ ਕੁਲਵਿੰਦਰ ਕਾਂਡਾ ਵੱਲੋਂ ਨਵੀਂ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਐੱਸ. ਡੀ. ਐੱਮ. ਗੁਰਕਿਰਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਵਪਾਰੀਆਂ ਦੀ ਭਲਾਈ ਨਾਲ ਹੀ ਇਲਾਕੇ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ ਤੇ ਇਸ ਲਈ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਭਰੋਸਾ ਦਿਵਾਇਆ ਕਿ ਟਰੇਡ ਕਮਿਸ਼ਨ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਰ ਸਮੱਸਿਆ ਦਾ ਤੁਰੰਤ ਤੇ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ ਤਾਂ ਜੋ ਵਪਾਰੀਆਂ ਦੇ ਹੱਕਾਂ ਦੀ ਰੱਖਿਆ ਹੋ ਸਕੇ ਤੇ ਵਪਾਰਕ ਮਾਹੌਲ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ।ਇਸ ਮੌਕੇ ਮਨਜਿੰਦਰ ਸਿੰਘ ਈ.ਟੀ.ਓ., ਏ.ਐੱਫ਼.ਐੱਸ.ਓ. ਮਨਿੰਦਰ ਸਿੰਘ, ਖੇਤੀਬਾੜੀ ਵਿਭਾਗ ਤੋਂ ਰਾਜਵਿੰਦਰ ਸਿੰਘ, ਉਦਯੋਗ ਵਿਭਾਗ ਤੋਂ ਮਨਪ੍ਰੀਤ ਕੌਰ, ਟਿੰਕੂ ਜੈਨ ਲੇਬਰ ਇੰਸਪੈਕਟਰ, ਹਰਦੇਵ ਸਿੰਘ, ਮਾਲ ਲੇਖਾਕਾਰ ਸਿਕੰਦਰ ਸਿੰਘ, ਪੰਜਾਬ ਪੁਲਸ ਤੋਂ ਮਨਿੰਦਰਪਾਲ ਸ਼ਰਮਾ, ਮੰਡੀ ਸੁਪਰਵਾਈਜ਼ਰ ਅਜੈ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਤੇ ਵਪਾਰੀ ਹਾਜ਼ਰ ਸਨ।

# ਪੰਜਾਬ ਨੂੰ ਬਚਾਉਣ ਲਈ ਪੋਸਤ ਦੀ ਖੇਤੀ ਦੀ ਇਜਾਜ਼ਤ ਦੇਵੇ ਸਰਕਾਰ : ਬੀ ਕੇ ਯੂ ਕਾਦੀਆਂ



**ਜ਼ੀਰਾ (ਨਰਿੰਦਰ ਅਨੇਜਾ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਮੀਹਾਂ ਸਿੰਘ ਵਾਲਾ ਪਿੰਡ ਵਿੱਚ ਬਲਾਕ ਦੇ ਪ੍ਰਧਾਨ ਸੁਖਦੇਵ ਸਿੰਘ ਸਨੇਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਇਲਾਕੇ ਭਰ ਦੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ।ਇਸ ਇਕੱਠ ਵਿੱਚ ਬੀਕੇਯੂ ਕਾਦੀਆਂ ਦੇ ਐਗਜ਼ੈਕਟਿਵ ਮੈਂਬਰ ਪੰਜਾਬ ਦਰਸ਼ਨ ਸਿੰਘ ਮੀਹਾ ਸਿੰਘ ਵਾਲਾ, ਪ੍ਰੀਤਮ ਸਿੰਘ ਮੀਹਾ ਸਿੰਘ ਵਾਲਾ ਸੀਨੀਅਰ ਮੀਤ ਪ੍ਰਧਾਨ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ ਮੱਲਾਂਵਾਲਾ, ਮਨਦੀਪ ਸਿੰਘ ਅਲੀਪੁਰ ਜ਼ਿਲ੍ਹਾ ਜਨਰਲ ਸਕੱਤਰ ਮੋਹਨ ਸਿੰਘ ਫੇਰੋਕੇ ਗੁਰਚਰਨ ਸਿੰਘ ਨੂਰਪੁਰ ਸ਼ਾਮਲ ਹੋਏ।ਇਸ ਮੌਕੇ ਇਕੱਤਰ ਹੋਏ ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਪੋਸਤ ਦੀ ਖੇਤੀ ਦੀ ਕਿਸਾਨਾਂ ਨੂੰ ਇਜਾਜ਼ਤ ਦੇਵੇ ਤਾਂ ਕਿ ਸਟੈਟਿਕ ਨਸ਼ੇ 'ਤੇ ਕਾਬੂ ਪਾਇਆ ਜਾ ਸਕੇ।ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਪੋਸਟ ਦੀ ਖੇਤੀ ਕਰਨ ਦੀ ਕਿਸਾਨਾਂ ਨੂੰ ਇਜਾਜ਼ਤ ਦੇਵੇ।ਕਿਸਾਨ ਆਗੂਆਂ ਨੇ ਕਿਹਾ ਕਿ ਇਸ ਵੇਲੇ ਸਮੇਂ ਦੀ ਮੰਗ ਹੈ ਕਿ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਲਈ ਪੋਸਤ ਦੀ ਖੇਤੀ ਦੀ ਇਜਾਜ਼ਤ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਸਿੰਥੈਟਿਕ ਨਸ਼ਾ ਸਭ ਤਰ੍ਹਾਂ ਦੇ ਹੱਦ ਬੰਨੇ ਪਾਰ ਕਰ ਗਿਆ ਹੈ, ਜਿਸ ਨਾਲ ਘਰਾਂ ਦੇ ਘਰ ਤਬਾਹ ਹੋ ਚੁੱਕੇ ਹਨ ਅਤੇ ਲੱਖਾਂ ਘਰ ਤਬਾਹ ਹੋ ਰਹੇ ਹਨ।ਵਿਆਹ ਸ਼ਾਦੀਆਂ ਰਿਸ਼ਤਿਆਂ ਨਾਤਿਆਂ ਵਿੱਚ ਬਹੁਤ ਵੱਡੇ ਵਿਗਾੜ ਆ ਰਹੇ ਹਨ।ਦੂਜੇ ਪਾਸੇ ਸਰਕਾਰ ਵੱਲੋਂ ਚਿੱਟੇ ਦੇ ਸ਼ਿਕਾਰ ਹੋਏ ਲੋਕਾਂ ਦਾ ਜੀਭ ਵਾਲੀ ਗੋਲੀ ਨਾਲ ਇਲਾਜ ਕਰਨਾ ਵੀ ਇੱਕ ਤਰ੍ਹਾਂ ਦਾ ਮਾਰੂ ਨਸ਼ਾ ਹੈ, ਜਿਸ ਤੋਂ ਛੁਟਕਾਰਾ ਪਾਉਣਾ ਇਕ ਤਰ੍ਹਾਂ ਨਾਲ ਅਸੰਭਵ ਹੈ ਅਤੇ ਇਹ ਨਸ਼ਾ ਵੀ ਹੋਰ ਨਸ਼ਿਆਂ ਵਾਂਗ ਸਰੀਰਕ ਤੇ ਮਾਨਸਿਕ ਪੱਖੋਂ ਵੱਡੇ ਨੁਕਸਾਨ ਕਰ ਰਿਹਾ ਹੈ।ਇਸ ਲਈ ਲੋੜ ਹੈ ਕਿ ਪੋਸਟ ਦੀ ਖੇਤੀ ਪੰਜਾਬ ਵਿੱਚ ਹੋਣੀ ਚਾਹੀਦੀ ਹੈ, ਜਿਸ ਨਾਲ ਪੰਜਾਬੀਆਂ ਨੂੰ ਆਰਥਿਕ ਤੇ ਸਿਹਤ ਪੱਖੋਂ ਬਚਾਉਣ ਲਈ ਵੱਡੀ ਮਦਦ ਮਿਲੇਗੀ।

ਮੀਟਿੰਗ ਵਿੱਚ ਕਿਸਾਨ ਅਮਰ ਸਿੰਘ ਸੁਨੇਰ, ਜਸਵਿੰਦਰ ਸਿੰਘ ਸਨੇਰ, ਗੁਰਵਿੰਦਰ ਸਿੰਘ, ਮੇਹਰ ਸਿੰਘ ਵਾਲਾ, ਸਰਬਜੀਤ ਸਿੰਘ ਮੇਹਰ ਸਿੰਘ ਵਾਲਾ, ਬਲਜੀਤ ਸਿੰਘ ਮੇਹਰ ਸਿੰਘ ਵਾਲਾ, ਵਿਰਸਾ ਸਿੰਘ ਸਨੇਰ, ਜੁਗਰਾਜ ਸਿੰਘ ਮੀਆਂ ਸਿੰਘ ਵਾਲਾ, ਮਲਕੀਤ ਸਿੰਘ ਮੀਆਂ ਸਿੰਘ ਵਾਲਾ, ਬਲਰਾਜ ਸਿੰਘ, ਰਾਮਪ੍ਰੀਤ ਸਿੰਘ, ਸੁਖਜਿੰਦਰ ਸਿੰਘ ਸਰਪੰਚ, ਬਲਰਾਜ ਸਿੰਘ ਮਰਖਾਈ, ਜਰਮਨ ਦੀਪ ਸਿੰਘ ਮਰਖਾਈ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ ਮਰਖਾਈ, ਜਗਦੀਪ ਸਿੰਘ ਮਰਖਾਈ ਆਦਿ ਹਾਜ਼ਰ ਸਨ।

## ਠੇਕਾ ਮੁਲਾਜ਼ਮ ਅੱਜ ਦਿੜ੍ਹਬਾ ਦੇ ਪਿੰਡਾਂ 'ਚ ਕਰਨਗੇ ਝੰਡਾ ਮਾਰਚ

**ਲੌਂਗੋਵਾਲ (ਪ੍ਰਦੀਪ ਸੱਪਲ)**-ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਇੰਪਲਾਈਜ਼ ਕੰਟਰੈਕਟ ਵਰਕਰਜ਼ ਯੂਨੀਅਨ ਦੇ ਆਗੂ ਪ੍ਰਧਾਨ ਸ਼ੇਰ ਸਿੰਘ ਖੰਨਾ ਨੇ ਦੱਸਿਆ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹਲਕਾ ਦਿੜ੍ਹਬਾ ਵਿਖੇ 22 ਮਾਰਚ 2026 ਨੂੰ ਵੱਡਾ ਇਕੱਠ ਕਰਕੇ ਪਿੰਡਾਂ 'ਚ ਝੰਡਾ ਮਾਰਚ ਦੀਆਂ ਤਿਆਰੀਆਂ ਮੁਕੰਮਲ ਕਰ ਲਈ ਗਈਆਂ ਹਨ।ਉਨ੍ਹਾਂ ਕਿਹਾ ਕਿ ਵਾਟਰ ਸਪਲਾਈ ਸੀਵਰੇਜ ਬੋਰਡ, ਪਾਵਰਕਾਮ, ਜਲ ਸਪਲਾਈ ਸੈਨੀਟੇਸ਼ਨ, ਫਰਦ ਕੇਂਦਰ ਵੇਰਕਾ ਆਦਿ ਅਦਾਰਿਆਂ ਵਿੱਚ ਕੰਮ ਕਰਦੇ ਨਿਗੂਣੀਆਂ ਤਨਖਾਹਾਂ 'ਤੇ ਸੰਤਾਪ ਹੰਡਾ ਰਹੇ ਹਨ। ਸੱਤਾ ਵਿੱਚ ਆਈ ਆਮ ਆਦਮੀ ਦੀ ਸਰਕਾਰ ਵੱਲੋਂ ਪੰਜਾਬ ਦੇ ਠੇਕਾ ਮੁਲਾਜ਼ਮਾਂ ਨਾਲ ਝੂਠੇ ਵਾਅਦੇ ਕਰਕੇ ਉਨ੍ਹਾਂ ਨੂੰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਰੈਗੂਲਰ ਨਹੀਂ ਕੀਤਾ ਗਿਆ ਤੇ ਨਾ ਹੀ ਉਨ੍ਹਾਂ ਦੀਆਂ ਤਨਖਾਹ 'ਚ ਕੋਈ ਵਾਧਾ ਕੀਤਾ ਗਿਆ ਹੈ।ਇਸ ਦੇ ਰੋਸ ਵਜੋਂ 22 ਮਾਰਚ ਤੋਂ ਲੈ ਕੇ 5 ਅਪ੍ਰੈਲ ਤੱਕ ਹਲਕਾ ਦਿੜ੍ਹਬਾ ਦੇ ਪਿੰਡਾਂ ਤੇ ਕਸਬਿਆਂ ਵਿੱਚ ਝੰਡਾ ਮਾਰਚ ਕੀਤੇ ਜਾਣਗੇ।ਇਸ ਮੌਕੇ ਗਗਨਦੀਪ ਸਿੰਘ ਸੁਨਾਮ, ਪ੍ਰਦੀਪ ਕੁਮਾਰ ਚੀਮਾ, ਗੁਰਵਿੰਦਰ ਸਿੰਘ ਧਾਲੀਵਾਲ, ਯਾਦਵਿੰਦਰ ਸਿੰਘ ਯਾਦੀ, ਪ੍ਰਦੀਪ ਸਿੰਘ ਭੀਖੀ, ਜਸਵੀਰ ਸਿੰਘ ਭੀਖੀ, ਗਗਨ ਸ਼ਰਮਾ ਸਨਾਮ ਮੁਖਤਿਆਰ ਸਿੰਘ ਕਾਂਝਲਾ, ਸੰਦੀਪ ਸਿੰਘ ਸੁਨਾਮ ਆਦਿ ਹਾਜ਼ਰ ਸਨ।

## ਐੱਸ ਬੀ ਐੱਸ ਸਟੇਟ ਯੂਨੀਵਰਸਿਟੀ 'ਚ ਵਾਤਾਵਰਨ ਵਿਸ਼ੇ 'ਤੇ ਵਰਕਸ਼ਾਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਦੀ ਸੰਸਥਾ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਵਿਖੇ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ 'ਏ ਆਈ ਫਾਰ ਐਨਵਾਇਰਨਮੈਂਟਲ ਮਾਨੀਟਰਿੰਗ ਤੇ ਸਸਟੇਨੇਬਿਲਟੀ' ਵਿਸ਼ੇ 'ਤੇ ਵਰਕਸ਼ਾਪ-ਕਮ-ਪ੍ਰਦਰਸ਼ਨੀ ਦਾ ਸਫਲ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਉਪ-ਕੁਲਪਤੀ ਪ੍ਰੋ. ਡਾ. ਸੁਰੇਸ਼ ਕੁਮਾਰ ਸ਼ਰਮਾ ਦੀ ਸਰਪ੍ਰਸਤੀ ਤੇ ਕੋਆਰਡੀਨੇਟਰ ਡਾ. ਬਲਪ੍ਰੀਤ ਕੌਰ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਹ ਵਿਸ਼ੇਸ਼ ਪ੍ਰੋਗਰਾਮ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਵੱਲੋਂ ਸਪਾਂਸਰ ਸੀ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਦੇ ਸਹਿਯੋਗ ਨਾਲ ਉਲੀਕਿਆ ਗਿਆ ਸੀ। ਵਰਕਸ਼ਾਪ ਦੌਰਾਨ ਵਿਸ਼ੇਸ਼ ਵਿਦਵਾਨਾਂ ਵਜੋਂ ਪਹੁੰਚੇ ਡਾ. ਸੁਸ਼ੀਲ ਕੁਮਾਰ ਕੰਸਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਡਾ. ਵਿਨੇ ਕੁਮਾਰ ਸਿੰਧੂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਵੱਖ-ਵੱਖ ਤਕਨੀਕੀ ਸੈਸ਼ਨਾਂ ਰਾਹੀਂ ਆਪਣੇ ਵਿਚਾਰ ਸਾਂਝੇ ਕੀਤੇ। ਏ ਆਈ ਰਾਹੀਂ ਪ੍ਰਦੂਸ਼ਣ ਦੀ ਨਿਗਰਾਨੀ ਤੇ ਇਸ ਨੂੰ ਕੰਟਰੋਲ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ ਗਈ। ਖੇਤੀਬਾੜੀ ਖੇਤਰ ਵਿੱਚ ਆਧੁਨਿਕ ਏਆਈ ਤਕਨੀਕਾਂ ਦੀ ਵਰਤੋਂ ਤੇ ਵਾਤਾਵਰਣ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ ਗਈ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡਿਪਟੀ ਡੀਈਓ ਡਾ. ਸਤਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਧਰਤੀ ਹੇਠਲੇ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਤੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਯੂਨੀਵਰਸਿਟੀ ਕੈਂਪਸ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ ਤੇ ਪ੍ਰਦਰਸ਼ਨੀ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਵਾਈਸ-ਚਾਂਸਲਰ ਡਾ. ਸੁਰੇਸ਼ ਕੁਮਾਰ ਸ਼ਰਮਾ ਨੇ ਸਮੁੱਚੀ ਆਰਗੇਨਾਈਜ਼ਿੰਗ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਰਜਿਸਟਰਾਰ ਡਾ. ਗਜ਼ਲ ਪ੍ਰੀਤ ਅਨੇਜਾ, ਕੋ-ਕੋਆਰਡੀਨੇਟਰ ਡਾ. ਸੰਨੀ ਬਹਿਲ, ਡਾ. ਪੰਕਜ ਕਲਰਾ, ਗਗਨਦੀਪ ਲੂਥਰਾ ਤੇ ਕੈਂਪਸ ਪੀਆਰਓ ਯਸ਼ਪਾਲ ਸਮੇਤ ਵੱਡੀ ਗਿਣਤੀ ਵਿੱਚ ਫੈਕਲਟੀ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

# ਆਸ਼ਾ ਵਰਕਰਾਂ ਨੇ ਹੱਕੀ ਮੰਗਾਂ ਨੂੰ ਲੈ ਕੇ ਸਰਕਾਰ ਦਾ ਫੂਕਿਆ ਪੁਤਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਦੀ ਅਗਵਾਈ ਵਿੱਚ ਪੂਰੇ ਪੰਜਾਬ ਵਿੱਚ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਆਸ਼ਾ ਵਰਕਰਜ਼ ਦੀ ਹੜਤਲ ਪੰਜਵੇਂ ਦਿਨ ਵਿੱਚ ਪਹੁੰਚ ਗਈ ਹੈ। ਆਸ਼ਾ ਵਰਕਰਜ਼ ਨੇ ਕੰਮ ਛੋੜ ਹੜਤਾਲ 28 ਮਾਰਚ ਤੱਕ ਕਰਨ ਦਾ ਐਲਾਨ ਕੀਤਾ ਹੋਇਆ ਹੈ।ਇਸ ਹੜਤਾਲ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680/22ਬੀ ਚੰਡੀਗੜ੍ਹ ਦੀ ਵੀ ਪੂਰੀ ਹਮਾਇਤ ਹੈ।ਮੋਗਾ ਵਿੱਚ ਵੀ ਆਸ਼ਾ ਵਰਕਰਾਂ ਨੇ ਅਮਰਜੀਤ ਕੌਰ ਰਣ ਸਿੰਘ ਵਾਲਾ, ਅਮਨਦੀਪ ਕੌਰ ਰੱਤੂ, ਅਮਨਦੀਪ ਕੌਰ ਮੰਦਰਾਂ, ਨਿੰਦਰ ਕੌਰ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਸਾੜਦੇ ਹੋਏ ਪਿੱਟ ਸਿਆਪਾ ਕੀਤਾ।ਇਸ ਮੌਕੇ ਆਸ਼ਾ ਵਰਕਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਬੱਜਟ ਵਿੱਚ ਆਸ਼ਾ ਵਰਕਰਾਂ ਲਈ ਇੱਕ ਫੁੱਟੀ ਕੌਡੀ ਵੀ ਨਹੀਂ ਰੱਖੀ।ਉਨ੍ਹਾਂ ਇਸ ਗੱਲ 'ਤੇ ਵੀ ਅਫ਼ਸੋਸ ਪ੍ਰਗਟ ਕੀਤਾ ਕਿ ਅਜੇ ਤੱਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਿਸੇ ਨੁਮਾਇੰਦੇ ਨੇ ਵੀ ਸੰਪਰਕ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਭਾਵੇਂ ਸਾਨੂੰ ਪਤਾ ਹੈ ਕਿ ਕੰਮ ਛੱਡਣ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ, ਪਰ ਸਰਕਾਰ ਗੱਲ ਨਹੀਂ ਸੁਣ ਰਹੀ, ਜਿਸ ਕਰਕੇ ਸਰਕਾਰ ਨੂੰ ਗੱਲ ਸੁਣਾਉਣ ਲਈ ਅਜਿਹੇ ਐਕਸ਼ਨ ਕਰਨੇ ਪੈਂਦੇ ਹਨ।ਉਨ੍ਹਾਂ ਕਿਹਾ ਕਿ ਅਸੀਂ ਇਸ ਪਾਰਟੀ ਸਰਕਾਰ ਲਿਆ ਕੇ ਪਛਤਾ ਰਹੇ ਹਾਂ।ਸੱਤਾ ਵਿੱਚ ਆਉਣ ਤੋਂ ਪਹਿਲਾਂ ਤਾਂ ਇਹ ਸਰਕਾਰ ਦੇ ਨੁਮਾਇੰਦੇ ਸਾਡੇ ਧਰਨਿਆਂ ਮੁਜ਼ਾਹਰਿਆਂ ਵਿੱਚ ਸ਼ਾਮਲ ਹੋ ਕੇ ਸਾਡੀਆਂ ਮੰਗਾਂ ਦੀ ਹਮਾਇਤ ਕਰਿਆ ਕਰਦੇ ਸਨ, ਪਰ ਹੁਣ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ ਤੇ ਪਾਣੀ ਦੀਆਂ ਬੁਛਾੜਾਂ ਮਾਰਦੇ ਹਨ।ਸਾਡੀਆਂ ਮੰਗਾਂ ਜਿਵੇਂ ਬਰਾਬਰ ਕੰਮ ਬਰਾਬਰ ਤਨਖਾਹ, ਭੱਤਿਆਂ ਵਿੱਚ ਵਾਧਾ ਕਰਨਾ, ਫਿਕਸ ਭੱਤਾ ਦੁੱਗਣਾ ਕਰਨਾ, ਆਸ਼ਾ ਵਰਕਰ/ਫੈਸਿਲੀਟੇਟਰਜ਼ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆ ਕਿ ਘੱਟੋ ਘੱਟ ਉਜ਼ਰਤ 28000 ਰੁਪਏ ਨਿਰਧਾਰਤ ਕਰਨਾ, ਕੀਤੇ ਵਾਅਦਿਆਂ ਅਨੁਸਾਰ ਆਨਰੇਰੀਅਨ ਫੰਡਾਂ ਵਿੱਚੋਂ 2500/- ਰੁਪਏ ਵਿੱਚ ਵਾਧਾ ਕਰਕੇ 10 ਹਜ਼ਾਰ ਰੁਪਏ ਕੀਤਾ ਜਾਵੇ, ਸੇਵਾ ਮੁਕਤੀ ਤੇ ਸਹਾਇਤਾ ਫੰਡ 5 ਲੱਖ ਰੁਪਏ ਦਿੱਤਾ ਜਾਵੇ ਤੇ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ ਆਦਿ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ। ਜੇਕਰ ਇਨ੍ਹਾਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਸੰਘਰਸ਼ ਦੀ ਰੂਪ ਰੇਖਾ ਬਦਲ ਕੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਪਰਮਜੀਤ ਕੌਰ ਦਾਤਾ, ਰੇਨੂੰ ਬਾਲਾ ਭਿੰਡਰ, ਸਰਬਜੀਤ ਕੌਰ ਕਿਸ਼ਨਪੁਰਾ, ਪਰਮਜੀਤ ਕੌਰ ਬੱਡੂਵਾਲ, ਜਸਵਿੰਦਰ ਕੌਰ ਲੋਹਗੜ੍ਹ, ਅੰਮ੍ਰਿਤਾ ਕੌਰ ਕਿਸ਼ਨਪੁਰਾ, ਜਸਵਿੰਦਰ ਕੌਰ, ਬਲਵੀਰ ਕੌਰ ਆਦਿ ਸਾਥੀ ਸ਼ਾਮਲ ਹੋਏ।ਇਸ ਮੌਕੇ ਸਮਰਥਨ ਲਈ ਪਸਸਫ ਦੇ ਜ਼ਿਲ੍ਹਾ ਸਕੱਤਰ ਭੁਪਿੰਦਰ ਸਿੰਘ ਸੇਖੋਂ, ਦੀ ਕਲਾਸ ਫੋਰ ਯੂਨੀਅਨ ਦੇ ਆਗੂ ਹਰੀ ਬਹਾਦਰ ਬਿੱਟੂ, ਰਾਮ ਪਾਲ ਆਦਿ ਵੀ ਪਹੁੰਚੇ।

## ਸਫਾ 1 ਦੇ ਬਾਕੀ...

### ਵਿਰੋਧੀਆਂ ਕੋਲ ਵਿਕਾਸ...

ਉਲਝਾਈ ਰੱਖਿਆ ਹੈ। ਚਾਰ ਸਾਲ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਨੇ ਸੂਬੇ ਦੀ ਵਾਗਡੋਰ ਸੰਭਾਲੀ ਸੀ ਤਾਂ ਵਿਰੋਧੀ ਉਨ੍ਹਾ ਨੂੰ ਅਨਾੜੀ ਅਤੇ ਅਣਜਾਣ ਕਹਿ ਕੇ ਭੰਡਦੇ ਸਨ, ਪਰ ਆਮ ਘਰਾਂ ਦੇ ਇਨ੍ਹਾਂ ਅਨਾੜੀਆਂ ਨੇ ਸੂਬੇ ਦੇ ਖਰਾਬ ਸਿਸਟਮ ਨੂੰ ਕੁਝ ਹੱਦ ਤੱਕ ਠੀਕ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਨੀਲੇ-ਪੀਲੇ ਕਾਰਡਾਂ ਨਾਲ ਨਾ ਤਾਂ ਬੇਰੁਜ਼ਗਾਰੀ ਖਤਮ ਹੋਣੀ ਹੈ ਅਤੇ ਨਾ ਹੀ ਵਿਕਾਸ ਦੀ ਗੱਡੀ ਪਟੜੀ ਉੱਤੇ ਚੜ੍ਹਣੀ ਹੈ। ਇਸ ਲਈ ਸਾਨੂੰ ਸਭ ਨੂੰ ਰਲਮਿਲ ਕੇ ਸਿੱਖਿਆ ਦਾ ਪੱਧਰ ਮਜ਼ਬੂਤ ਬਣਾਉਣਾ ਹੋਵੇਗਾ। ਉਨ੍ਹਾ ਕਿਹਾ ਕਿ ਇਹ ਲੋਕ ਮੈਂ, ਮੇਰਾ ਪੁੱਤ, ਭਤੀਜਾ, ਜੀਜਾ ਅਤੇ ਸਾਲੇ ਦਾ ਪੰਜ ਨੁਕਾਤੀ ਪ੍ਰੋਗਰਾਮ ਲੈ ਕੇ ਸੱਤਾ ਹਾਸਲ ਕਰਨ ਦੇ ਸੁਪਨੇ ਦੇਖ ਰਹੇ ਹਨ।

ਰੈਲੀ ਦੌਰਾਨ ਰਣਜੀਤ ਬਾਵਾ ਨੇ ਆਪਣੀ ਗਾਇਕੀ ਰਾਹੀਂ ਇਕੱਠ ਦਾ ਭਰਪੂਰ ਮਨੋਰੰਜਨ ਕੀਤਾ।

### ਨਰੇਗਾ ਕਾਨੂੰਨ ਨੂੰ ਨਾ ...

ਲਿਜਾਣ ਦੀ ਤਜਵੀਜ਼ ਜੋੜੀ ਹੈ। ਇਸੇ ਤਰ੍ਹਾਂ ਨਰੇਗਾ ਐਕਟ ਨੂੰ ਘੱਟੋ-ਘੱਟ ਉਜਰਤ ਕਾਨੂੰਨ ਨਾਲ ਜੋੜਿਆ ਹੋਇਆ ਸੀ ਅਤੇ ਨਵੇਂ ਕਾਨੂੰਨ ਵਿੱਚ ਸਾਰਾ ਕੰਮ ਮਿਣਤੀ ਨਾਲ ਜੋੜ ਕੇ ਕਰਵਾਉਣ ਨਾਲ ਮਜ਼ਦੂਰਾਂ ਦੀ ਦਿਹਾੜੀ ਵੀ ਘਟਾਈ ਜਾਣ ਦੀ ਵੀ ਸੰਭਾਵਨਾ ਬਣਦੀ ਹੈ। ਉਨ੍ਹਾ ਕਿਹਾ ਕਿ ਨਵੇਂ ਕਾਨੂੰਨ ਵਿੱਚ ਨਰੇਗਾ ਬਜਟ ਦਾ 40 ਫੀਸਦੀ ਸੂਬਿਆਂ ਵੱਲੋਂ ਪਾਉਣ ਦੀ ਤਜਵੀਜ਼ ਨਾਲ ਸੂਬਿਆਂ 'ਤੇ ਇਸ ਦਾ ਬੋਝ ਵਧੇਗਾ, ਜਿਸ ਦਾ ਕਿ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ, ਪਰ ਨਾਲ ਦੀ ਨਾਲ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸੂਬਾ ਸਰਕਾਰ ਨੂੰ ਇਸ ਮਸਲੇ 'ਤੇ ਕੇਂਦਰ ਸਰਕਾਰ ਨਾਲ ਲੜਾਈ ਲੜਨੀ ਚਾਹੀਦੀ ਹੈ ਅਤੇ ਨਰੇਗਾ ਮਜ਼ਦੂਰਾਂ ਨੂੰ ਵੀ ਇਸ ਲੜਾਈ ਵਿੱਚ ਸੂਬਾ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ। ਏਟਕ ਦੇ ਸੂਬਾ ਐਕਟਿੰਗ ਪ੍ਰਧਾਨ ਸੁਖਦੇਵ ਸ਼ਰਮਾ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਵਿਕਾਸ ਦੇ ਵੱਡੇ ਦਾਅਵੇ ਕਰ ਰਹੀ ਹੈ, ਜਦਕਿ ਦੂਜੇ ਪਾਸੇ ਨਰੇਗਾ ਮਜ਼ਦੂਰਾਂ ਨੂੰ ਪੂਰਾ ਰੁਜ਼ਗਾਰ ਨਹੀਂ ਮਿਲ ਰਿਹਾ, ਮਜ਼ਦੂਰੀਆਂ ਵਿੱਚ ਦੇਰੀ ਨਾਲ ਭੁਗਤਾਨ ਹੋ ਰਿਹਾ ਹੈ ਅਤੇ ਕਈ ਥਾਵਾਂ 'ਤੇ ਕੰਮ ਦੀ ਭਾਰੀ ਕਮੀ ਹੈ।ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਨਰੇਗਾ ਯੋਜਨਾ ਗਰੀਬ ਮਜ਼ਦੂਰਾਂ ਲਈ ਜੀਵਨ-ਰੇਖਾ ਹੈ, ਪਰ ਸਰਕਾਰ ਦੀਆਂ ਨੀਤੀਆਂ ਕਾਰਨ ਇਹ ਯੋਜਨਾ ਕਮਜ਼ੋਰ ਹੋ ਰਹੀ ਹੈ। ਉਹਨਾ ਕਿਹਾ ਕੇਂਦਰ ਸਰਕਾਰ ਲਗਾਤਾਰ ਕਿਰਤ ਦੀ ਧਿਰ ਦੇ ਵਿਰੁੱਧ ਕਨੂੰਨ ਬਣਾ ਕੇ ਸਰਮਾਏਦਾਰਾਂ ਦੁਆਰਾ ਕਿਰਤੀਆਂ ਦੀ ਲੁੱਟ ਦਾ ਰਾਹ ਪੱਧਰਾ ਕਰ ਰਹੀ ਹੈ।ਨਰੇਗਾ ਦੀ ਥਾਂ ਵਿਕਸਤ ਭਾਰਤ : ਗ੍ਰਾਮ ਜੀ ਲਿਆਉਣਾ, ਕਿਰਤ ਕਾਨੂੰਨਾਂ ਨੂੰ ਤੋੜ ਕੇ ਚਾਰ ਲੇਬਰ ਕੋਡਾਂ ਵਿੱਚ ਤਬਦੀਲ ਕਰਨਾ, ਬਿਜਲੀ ਬਿੱਲ 2025 ਲੈ ਕੇ ਆਉਣਾ ਇਸੇ ਨੀਤੀ ਦਾ ਹਿੱਸਾ ਹੈ।ਕਨਵੈਨਸ਼ਨ ਨੇ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ, ਜਿਵੇਂ ਕਿ ਨਰੇਗਾ ਅਧੀਨ 100 ਦਿਨਾਂ ਦਾ ਪੂਰਾ ਰੁਜ਼ਗਾਰ ਨਾ ਮਿਲਣਾ, ਮਜ਼ਦੂਰੀ ਦੇ ਭੁਗਤਾਨ ਵਿੱਚ ਲੰਮੀ ਦੇਰੀ, ਜ਼ਮੀਨੀ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਗ਼ਲਤ ਪ੍ਰਬੰਧਨ, ਮਜ਼ਦੂਰੀ ਦਰਾਂ ਦਾ ਮਹਿੰਗਾਈ ਦੇ ਮੁਤਾਬਕ ਨਾ ਵਧਣਾ ਬਾਰੇ ਵੀ ਵਿਚਾਰ ਚਰਚਾ ਕੀਤੀ।ਕਨਵੈਨਸ਼ਨ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਨਰੇਗਾ ਅਧੀਨ ਹਰ ਮਜ਼ਦੂਰ ਨੂੰ ਘੱਟੋ-ਘੱਟ 200 ਦਿਨਾਂ ਦਾ ਪੱਕਾ ਰੁਜ਼ਗਾਰ ਦਿੱਤਾ ਜਾਵੇ, ਮਜ਼ਦੂਰੀ ਦਰਾਂ ਵਿੱਚ ਵਾਧਾ ਕਰਕੇ ਦਿਹਾੜੀ ਰੇਟ 1000 ਰੁਪਏ ਕੀਤਾ ਜਾਵੇ ਅਤੇ ਭੁਗਤਾਨ ਸਮੇਂ ਸਿਰ ਯਕੀਨੀ ਬਣਾਇਆ ਜਾਵੇ, ਕੀਤੇ ਕੰਮ ਦੀ ਉਜਰਤ ਤਰੁੰਤ ਮਜ਼ਦੂਰਾਂ ਦੇ ਖਾਤਿਆਂ ਵਿੱਚ ਪਾਈ ਜਾਵੇ।ਕਨਵੈਨਸ਼ਨ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਸਾਲ 2025-26, ਜਿਹੜੇ ਮਜ਼ਦੂਰਾਂ ਨੂੰ ਮੰਗਣ ਦੇ ਬਾਵਜੂਦ ਕੰਮ ਨਹੀਂ ਮਿਲਿਆ, ਉਹਨਾਂ ਨੂੰ ਬੇਰੁਜ਼ਗਾਰੀ ਭੱਤਾ ਦਿਵਾਉਣ ਲਈ 1 ਅਤੇ 2 ਅਪ੍ਰੈਲ ਨੂੰ ਸਾਰੇ ਪੰਜਾਬ ਵਿੱਚ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ ਜਾਣਗੇ। ਅੰਤ ਵਿੱਚ ਯੂਨੀਅਨ ਆਗੂਆਂ ਸਾਰੇ ਮਜ਼ਦੂਰਾਂ ਨੂੰ ਇਕੱਠੇ ਹੋ ਕੇ ਆਪਣੇ ਹੱਕਾਂ ਲਈ ਲੜਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਕਜੁਟਤਾ ਨਾਲ ਹੀ ਮਜ਼ਦੂਰ ਆਪਣੇ ਹੱਕ ਹਾਸਲ ਕਰ ਸਕਦੇ ਹਨ। ਸਟੇਜ ਦੀ ਕਾਰਵਾਈ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ ਨੇ ਚਲਾਈ।

ਕਨਵੈਨਸ਼ਨ ਨੂੰ ਮੁਲਾਜ਼ਮ ਆਗੂ ਜਗਦੀਸ਼ ਸਿੰਘ ਚਾਹਲ, ਬੋਹੜ ਸਿੰਘ ਮੁਕਤਸਰ, ਖੁਸ਼ੀਆ ਸਿੰਘ ਬਰਨਾਲਾ, ਜੁਗਰਾਜ ਸਿੰਘ ਰਾਮਾ, ਬਲਕਾਰ ਸਿੰਘ ਦੁਧਾਲਾ ਅੰਮ੍ਰਿਤਸਰ, ਗੋਰਾ ਸਿੰਘ ਪਿਪਲੀ ਫਰੀਦਕੋਟ, ਗੁਰਦਿਆਲ ਸਿੰਘ ਖ਼ਡੂਰ ਸਾਹਿਬ, ਬਲਕਾਰ ਸਿੰਘ ਵਲਟੋਹਾ, ਭਰਪੂਰ ਸਿੰਘ ਬੁੱਲਾਪੁਰ ਮਲੇਰਕੋਟਲਾ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਬਲਜੀਤ ਕੌਰ ਪਟਿਆਲਾ ਤੇ ਪੂਜਾ ਮੋਗਾ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਸਵਰਾਜ ਸਿੰਘ ਢੁੱਡੀਕੇ, ਡਾਕਟਰ ਇੰਦਰਵੀਰ ਗਿੱਲ, ਨੌਜਵਾਨ ਆਗੂ ਬੋਹੜ ਸਿੰਘ, ਬੁੱਟਰ ਕਮਲੇਸ਼ ਸਿੰਘ ਸਵਰਨ ਸਿੰਘ ਖੋਸਾ, ਗੁਰਦਿੱਤ ਸਿੰਘ ਦੀਨਾ, ਸਰਬਜੀਤ ਕੌਰ ਖੋਸਾ, ਇੰਦਰਜੀਤ ਸਿੰਘ ਦੀਨਾ ਆਦਿ ਆਗੂ ਵੀ ਹਾਜ਼ਰ ਸਨ।

### ਡਲਹੌਜੀ ਕੋਲ ਕਾਰ...

ਦੇਵਾ, ਜ਼ਿਲ੍ਹਾ ਫਿਰੋਜ਼ਪੁਰ ਅਤੇ ਬਲਬੀਰ ਸਿੰਘ (20) ਪੁੱਤਰ ਜਗਤਾਰ ਸਿੰਘ ਨਿਵਾਸੀ ਸੈਣਾ ਭਦੌੜ ਜ਼ਿਲ੍ਹਾ ਬਰਨਾਲਾ ਦਾ ਇਲਾਜ ਡਲਹੌਜ਼ੀ ਹਸਪਤਾਲ ਵਿੱਚ ਚੱਲ ਰਿਹਾ ਸੀ। ਹਾਦਸੇ ਦਾ ਸ਼ਿਕਾਰ ਹੋਣ ਵਾਲੇ ਜਲੰਧਰ ਦੇ ਇੱਕ ਸਿਹਤ ਕੇਂਦਰ ਵਿੱਚ ਕੰਮ ਕਰਦੇ ਸਨ।

### ਹੁਕੂਮਤ ਵੋ ਕਰਤੇ ਹੈਂ ...

ਪਾ ਕੇ ਜਾਂ ਨਫਰਤ ਫੈਲਾ ਕੇ ਰਾਜ ਨਹੀਂ ਕਰਦੀ, ਬਲਕਿ ਅਸੀਂ ਇਸ ਕਹਾਵਤ ਦੀ ਪਾਲਣਾ ਕਰਦੇ ਹਾਂ—ਹੁਕੂਮਤ ਵੋ ਕਰਤੇ ਹੈਂ ਜਿਨ ਕਾ ਦਿਲੋਂ ਪੇ ਰਾਜ ਹੋਤਾ ਹੈ, ਯੂੰ ਤੋ ਮੁਰਗੇ ਕੇ ਸਿਰ ਪੇ ਭੀ ਤਾਜ ਹੋਤਾ ਹੈ।' ਮੁੱਖ ਮੰਤਰੀ ਨੇ ਐਲਾਨ ਕੀਤਾ ਕਿ 100 ਸੀਟਾਂ ਵਾਲੇ ਕਮਿਊਨਿਟੀ ਮੈਡੀਕਲ ਕਾਲਜ ਦੀ ਉਸਾਰੀ ਲਈ ਰੱਖਿਆ ਵਿਭਾਗ ਦੀ 38.5 ਏਕੜ ਜ਼ਮੀਨ ਨੂੰ ਹੁਣ ਪੰਜਾਬ ਸਰਕਾਰ ਦੇ ਨਾਂਅ ਤਬਦੀਲ ਕਰ ਦਿੱਤਾ ਗਿਆ ਹੈ। 150 ਬਿਸਤਰਿਆਂ ਵਾਲਾ ਈ ਐੱਸ ਆਈ ਹਸਪਤਾਲ, ਨਰਸਿੰਗ ਕਾਲਜ ਅਤੇ 200 ਬਿਸਤਰਿਆਂ ਵਾਲਾ ਹਸਪਤਾਲ ਬਣਾਉਣ ਦੀ ਯੋਜਨਾ ਹੈ। ਸਰਕਾਰੀ ਕੰਨਿਆ ਸਕੂਲ ਦੀ ਪੰਜ ਮੰਜ਼ਲਾ ਇਮਾਰਤ ਮੁਕੰਮਲ ਹੋਣ ਦੇ ਨੇੜੇ ਹੈ। ਇਹ ਸਕੂਲ ਪਹਿਲਾਂ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਸੀ।

ਮਾਨ ਨੇ ਕਿਹਾ ਕਿ ਮਾਲੀਆ ਮਾਮਲਿਆਂ ਸੰਬੰਧੀ ਮੁਸਲਮਾਨਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਹਰ ਕੀਮਤ 'ਤੇ ਰਾਖੀ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਆਪਣੇ ਗਠਨ ਤੋਂ ਬਾਅਦ ਕੁਝ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਮਾਲੇਰਕੋਟਲਾ ਜ਼ਿਲ੍ਹੇ ਨੂੰ ਜਲਦੀ ਹੀ ਕੁਸ਼ਲ ਪ੍ਰਸ਼ਾਸਨ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਅਤੇ ਬੁਨਿਆਦੀ ਢਾਂਚਾ ਮਿਲ ਜਾਵੇਗਾ।

# ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਨੇ ਫੂਕੀ ਸਰਕਾਰ ਦੀ ਅਰਥੀ

### 28 ਨੂੰ ਸੰਗਰੂਰ 'ਚ ਮੁੱਖ ਮੰਤਰੀ ਦੀ ਕੋਠੀ ਦਾ ਕੀਤਾ ਜਾਵੇਗਾ ਘਿਰਾਓ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪੰਜਾਬ ਸਰਕਾਰ ਵਿਰੁੱਧ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਆਈ ਟੀ ਆਈ ਵਿੱਚ ਕੰਮ ਕਰ ਰਹੇ ਠੇਕਾ ਇੰਸਟਰਕਟਰਜ਼ ਵੱਲੋਂ ਜਥੇਬੰਦੀ ਦੇ ਸੱਦੇ ਅਨੁਸਾਰ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ।ਇਸ ਮੌਕੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ 22 ਦਸੰਬਰ 2025 ਤੋਂ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਪੱਕਾ ਮੋਰਚਾ ਲਗਾਇਆ ਹੋਇਆ ਹੈ ਅਤੇ 19 ਜਨਵਰੀ ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਹੈ, ਪ੍ਰੰਤੂ ਸਰਕਾਰ ਵੱਲੋਂ ਕੋਈ ਵੀ ਮੀਟਿੰਗ ਕਰਨੀ ਜ਼ਰੂਰੀ ਨਹੀਂ ਸਮਝੀ।ਜਥੇਬੰਦੀ ਨੇ ਹੁਣ ਪੰਜਾਬ ਸਰਕਾਰ ਵਿਰੁੱਧ ਆਰ-ਪਾਰ ਦੀ ਲੜਾਈ ਲੜਕੇ ਵਾਅਦਿਆਂ ਤੋਂ ਮੁੱਕਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚੱਲਦਾ ਕਰਨ ਦੀ ਤਿਆਰੀ ਵਿੱਢ ਦਿੱਤੀ ਹੈ ਤੇ ਚੌਥੇ ਬਦਲ ਵੱਲ ਵਧਣ ਦਾ ਫੈਸਲਾ ਕਰ ਲਿਆ ਹੈ ਅਤੇ ਦਿੱਤੇ ਗਏ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਅੱਜ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਗਈਆਂ।ਜੇਕਰ ਸਰਕਾਰ ਕੱਚੇ ਇੰਸਟਰਕਟਰਾਂ ਨੂੰ ਬੇਸਿਕ ਤਨਖਾਹ ਲਾਗੂ ਕਰਕੇ ਮੰਗਾਂ ਨਹੀਂ ਮੰਨਦੀ ਤਾਂ ਉਹ 28 ਮਾਰਚ 2026 ਨੂੰ ਸੰਗਰੂਰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨਗੇ।

## ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਦਾ ਸਪਾਊਸ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਵੱਲੋਂ ਹਰਪ੍ਰੀਤ ਸਿੰਘ ਵਾਸੀ ਮਾਹਲਾ ਕਲਾਂ ਜ਼ਿਲ੍ਹਾ ਮੋਗਾ ਦਾ ਕਿਸੇ ਹੋਰ ਸੰਸਥਾ ਵੱਲੋਂ ਸਪਾਊਸ ਓਪਨ ਵਰਕ ਪਰਮਿਟ ਵੀਜ਼ਾ ਰਿਫਿਊਜ਼ ਹੋਣ ਦੇ ਬਾਵਜੂਦ ਕੈਨੇਡਾ ਦਾ ਸਪਾਊਸ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਹਰਪ੍ਰੀਤ ਸਿੰਘ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਸਪਾਊਸ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾਂ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾਂ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।

## ਸੀ ਪੀ ਆਈ (ਐੱਮ) ਦੀ ਤਹਿਸੀਲ ਪੱਧਰੀ ਮੀਟਿੰਗ




**ਹਠੂਰ (ਲਵਲੀ ਮਾਛੀਕੇ)**-ਸੀ ਪੀ ਆਈ (ਐੱਮ) ਦੇ ਹਲਕਾ ਇੰਚਾਰਜ ਕਾਮਰੇਡ ਡਾ: ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਤਹਿਸੀਲ ਪੱਧਰੀ ਮੀਟਿੰਗ ਹਠੂਰ ਵਿਖੇ ਹੋਈ।ਇਸ ਮੀਟਿੰਗ ਵਿੱਚ ਸੀ ਪੀ ਆਈ (ਐੱਮ) ਦੇ ਅਹੁਦੇਦਾਰਾਂ ਤੇ ਵਰਕਰਾਂ ਨੇ ਭਾਗ ਲਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਬਲਜੀਤ ਸਿੰਘ ਸ਼ਾਹੀ ਨੇ ਕਿਹਾ ਕਿ ਅੱਜ ਕੇਂਦਰ ਦੀ ਬੀਜੇਪੀ ਸਰਕਾਰ ਪੰਜਾਬ ਵਾਸੀਆਂ ਨਾਲ ਮਤਰੇਈ ਮਾਂ ਵਰਗਾ ਸਲੂਕ ਕਰ ਰਹੀ ਹੈ ਤੇ ਕਿਸਾਨਾਂ-ਮਜ਼ਦੂਰਾਂ ਦੇ ਵਿਰੋਧ ਵਿੱਚ ਨਵੇਂ ਕਾਨੂੰਨ ਬਣਾ ਰਹੀ ਹੈ।ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿਚ ਸੀ ਪੀ ਆਈ (ਐੱਮ) ਵੱਲੋਂ 24 ਮਾਰਚ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿੱਚ ਰੋਸ ਰੈਲੀ ਕੀਤੀ ਜਾ ਰਹੀ ਹੈ।ਇਸ ਰੈਲੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਮੀਟਿੰਗਾਂ ਕਰਕੇ ਕਿਸਾਨਾਂ-ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਕਾਮਰੇਡ ਬਲਜੀਤ ਸਿੰਘ ਗੋਰਸੀਆ ਨੇ ਮੀਟਿੰਗ ਵਿੱਚ ਪਹੁੰਚੇ ਆਗੂਆਂ ਤੇ ਵਰਕਰੰ ਦਾ ਧੰਨਵਾਦ ਕੀਤਾ।

## ਸਤਿਕਾਰ ਕਮੇਟੀ ਨੇ ਮੁਸਲਮ ਭਾਈਚਾਰੇ ਨਾਲ ਈਦ ਮਨਾਈ



**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਵਿਖੇ ਭਾਈ ਭਗਤਾ ਜੀ ਸਤਿਕਾਰ ਕਮੇਟੀ ਦੇ ਸੇਵਾਦਾਰਾਂ ਵੱਲੋਂ ਜਾਮਾ ਮਸਜਿਦ ਵਿੱਚ ਮੁਸਲਮਾਨ ਭਾਈਚਾਰੇ ਨਾਲ ਈਦ-ਉਲ-ਫਿਤਰ ਦਾ ਤਿਉਹਾਰ ਮਨਾਇਆ ਗਿਆ ਅਤੇ ਈਦ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ, ਕਮੇਟੀ ਵੱਲੋਂ ਭਾਈਚਾਰੇ ਲਈ ਚਾਹ, ਭੁਜੀਆ-ਬਦਾਨਾ ਤੇ ਚੌਲਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸਤਿਕਾਰ ਕਮੇਟੀ ਦੇ ਆਗੂ ਸੇਵਕ ਸਿੰਘ ਨੇ ਕਿਹਾ ਕਿ ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਤੇ ਸਾਨੂੰ ਸਾਰਿਆਂ ਨੂੰ ਆਪਸੀ ਭਾਈਚਾਰਾ ਬਣਾ ਕੇ ਰੱਖਣਾ ਚਾਹੀਦਾ ਹੈ। ਆਖੀਰ ਸਮੂਹ ਕਮੇਟੀ ਵੱਲੋਂ ਮੁਸਲਿਮ ਵੀਰਾਂ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਭਾਈ ਭਗਤਾ ਜੀ ਸਤਿਕਾਰ ਕਮੇਟੀ ਪ੍ਰਧਾਨ ਸੇਵਕ ਸਿੰਘ ਸਿੱਧੂ, ਖਜ਼ਾਨਚੀ ਕੁਲਦੀਪ ਸਿੰਘ, ਸੈਕਟਰੀ ਜਸਪ੍ਰੀਤ ਸਿੰਘ, ਮੈਂਬਰ ਗੱਗੀ ਸਿੰਘ, ਮੈਂਬਰ ਗੁਰਵਿੰਦਰ ਸਿੰਘ, ਸਤਨਾਮ ਸਿੰਘ, ਗੁਰਦਿੱਤ ਸਿੰਘ ਫੌਜੀ, ਮੁਸਲਿਮ ਵੀਰ ਦਰਸ਼ਨ ਖਾਨ, ਸਲਮਾਨ ਖਾਨ, ਨੁਸਰਤ ਅਲੀ, ਰਮਜ਼ਾਨ ਅਲੀ, ਸ਼ਰੀਫ਼ ਖਾਨ, ਕਾਜ਼ੀ ਸਾਹਿਬ ਤੇ ਭਾਈ ਭਗਤਾ ਜੀ ਸਤਿਕਾਰ ਕਮੇਟੀ ਦੇ ਸਾਰੇ ਸੇਵਾਦਾਰ ਹਾਜ਼ਰ ਸਨ।

## ਗੁੱਡ ਮੌਰਨਿੰਗ ਕਲੱਬ ਦਾ ਦੇਰੀ ਨਾਲ ਮੈਂਬਰ ਬਣਨ ਦਾ ਰਹੇਗਾ ਅਫਸੋਸ : ਕਟਾਰੀਆ




**ਕੋਟਕਪੂਰਾ (ਰਛਪਾਲ ਭੁੱਲਰ)**-ਮੈਨੂੰ ਇਸ ਗੱਲ ਦਾ ਅਫਸੋਸ ਲਾਜ਼ਮੀ ਰਹੇਗਾ ਕਿ ਮੈਂ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦਾ ਮੈਂਬਰ ਬਣਨ ਵਿੱਚ ਦੇਰੀ ਕਿਉਂ ਕੀਤੀ? ਕਲੱਬ ਦੇ ਮੰਚ 'ਤੇ ਜਦੋਂ ਨਵੇਂ ਮੈਂਬਰ ਵਜੋਂ ਸ਼ਿਰਕਤ ਕਰਨ ਵਾਲੇ ਬਲਦੇਵ ਸਿੰਘ ਕਟਾਰੀਆ ਦਾ ਸਨਮਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਨੇ ਸਾਂਝੇ ਤੌਰ 'ਤੇ ਕੀਤਾ ਤਾਂ ਬਲਦੇਵ ਸਿੰਘ ਕਟਾਰੀਆ ਨੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਲਗਾਤਾਰ ਯਤਨਸ਼ੀਲ ਰਹਿਣ ਵਾਲੀ ਸਮਾਜਸੇਵੀ ਸੰਸਥਾ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦਾ ਨਾਮ ਦੁਨੀਆ ਦੇ ਕੋਨੇ ਕੋਨੇ ਵਿੱਚ ਬੈਠੇ ਪੰਜਾਬੀ ਬੜੇ ਸਤਿਕਾਰ ਨਾਲ ਲੈਂਦੇ ਹਨ, ਜਿਸ ਕਰਕੇ ਇਹ ਹੁਣ ਵਿਸ਼ਵ ਪ੍ਰਸਿੱਧ ਸਮਾਜਸੇਵੀ ਸੰਸਥਾ ਬਣ ਚੁੱਕੀ ਹੈ।ਪ੍ਰੋ. ਐੱਚ ਐੱਸ ਪਦਮ ਤੇ ਜਸਕਰਨ ਸਿੰਘ ਭੱਟੀ ਨੇ ਦੱਸਿਆ ਕਿ ਹੁਣ ਸੰਸਥਾ ਵੱਲੋਂ ਸੇਵਾ ਕਾਰਜਾਂ ਵਿੱਚ ਤੇਜ਼ੀ ਲਿਆਉਣ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ ਤੇ ਭਵਿੱਖ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ।ਮੁਖਤਿਆਰ ਸਿੰਘ ਮੱਤਾ, ਠੇਕੇਦਾਰ ਪ੍ਰੇਮ ਮੈਣੀ ਤੇ ਲੈਕ. ਵਿਨੋਦ ਧਵਨ ਨੇ ਦੱਸਿਆ ਕਿ ਕਲੱਬ ਵੱਲੋਂ ਬਣਾਏ ਗਏ ਸੈਲਫੀ ਪੁਆਇੰਟ 'ਤੇ ਕਲੱਬ ਦੇ ਮੈਂਬਰਾਂ ਦੇ ਦੋਸਤ-ਮਿੱਤਰ ਤੇ ਰਿਸ਼ਤੇਦਾਰ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਜਦੋਂ ਸੈਲਫੀਆਂ ਖਿਚਦੇ ਹਨ ਤਾਂ ਖੁਸ਼ੀ ਮਹਿਸੂਸ ਕਰਦੇ ਹਨ।ਓਮ ਪ੍ਰਕਾਸ਼ ਗੁਪਤਾ, ਮਾ. ਸੋਮਨਾਥ ਅਰੋੜਾ, ਗੁਰਮੀਤ ਸਿੰਘ ਮੀਤਾ ਤੇ ਸਰਨ ਕੁਮਾਰ ਨੇ ਦੱਸਿਆ ਕਿ ਬਲਦੇਵ ਸਿੰਘ ਕਟਾਰੀਆ ਦਾ ਹਾਰ ਪਾ ਕੇ ਪਰਿਵਾਰ ਵਿੱਚ ਸ਼ਾਮਲ ਹੋਣ 'ਤੇ ਸੁਆਗਤ ਕਰਦਿਆਂ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਉਪਰੋਕਤ ਤੋਂ ਇਲਾਵਾ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਸਰਪੰਚ ਜੋਗਿੰਦਰ ਸਿੰਘ ਸੂਰਘੁਰੀ, ਹਰਦੀਪ ਸਿੰਘ ਫਿੱਡੂ ਭਲਵਾਨ, ਗੁਰਚਰਨ ਸਿੰਘ ਬੱਬੂ, ਦਰਸ਼ਨ ਸਿੰਘ ਆਰੇਵਾਲਾ, ਰਾਏਵਿੰਦਰ ਸਿੰਘ ਰਾਊ, ਸੁਖਵਿੰਦਰ ਸਿੰਘ ਬਾਗੀ, ਡਾ. ਕੇ ਕੇ ਕਟਾਰੀਆ, ਅਵਤਾਰ ਸਿੰਘ ਮੱਕੜ, ਲਵਲੀ ਸਚਦੇਵਾ, ਪੱਪਾ ਮਲਹੋਤਰਾ, ਰਾਜੂ ਸਚਦੇਵਾ, ਲਵਲੀ ਅਰੋੜਾ, ਲੋਚਾ ਮੱਕੜ, ਪਵਨ ਧੀਂਗੜਾ, ਕਾਕਾ ਸ਼ਰਮਾ, ਸੁਰਿੰਦਰ ਸਚਦੇਵਾ, ਜਸਪਾਲ ਸਿੰਘ ਲਾਟਾ, ਟੀਟੂ ਛਾਬੜਾ ਤੇ ਗੋਂਦਾ ਗੇਰਾ ਆਦਿ ਹਾਜ਼ਰ ਸਨ।

## ਸ਼ਹੀਦੀ ਸਮਾਰਕ ਵਿਖੇ ਸਮਾਗਮ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ਼ਹਿਰ ਦੇ ਟਿੱਬੀ ਸਾਹਿਬ-ਜਲਾਲਾਬਾਦ ਰੋਡ ਸਥਿਤ ਸ਼ਹੀਦੀ ਸਮਾਰਕ (ਸ਼ਹੀਦ ਭਗਤ ਸਿੰਘ ਚੌਕ) ਵਿਖੇ 23 ਮਾਰਚ ਨੂੰ ਸਵੇਰੇ 9-30 ਵਜੇ ਸ਼ਹੀਦੀ ਦਿਹਾੜੇ ਮੌਕੇ ਸਮਾਗਮ ਕੀਤਾ ਜਾਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਨੇ ਦੱਸਿਆ ਕਿ ਸਵੇਰੇ 9-30 ਵਜੇ ਸ਼ਹੀਦਾਂ ਦੇ ਬੁਤਾਂ ਨੂੰ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਜਾਣਗੀਆਂ।ਉਪਰੰਤ ਬੱਚਿਆਂ ਵੱਲੋਂ ਦੇਸ਼ਭਗਤੀ ਦੇ ਗੀਤ ਤੇ ਕਵਿਤਾਵਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।ਇਸ ਮਗਰੋਂ ਰਾਮਾ ਕ੍ਰਿਸ਼ਨਾ ਮਿਡਲ ਸਕੂਲ ਵਿਖੇ ਵੀ ਸਮਾਗਮ ਹੋਵੇਗਾ ਤੇ ਬੁਲਾਰਿਆਂ ਵੱਲੋਂ ਸ਼ਹੀਦਾਂ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।ਇਸ ਮੌਕੇ ਸੁਤੰਤਰਤਾ ਸੈਨਾਨੀ ਮਹਿੰਗਾ ਸਿੰਘ ਛਾਬੜਾ ਦੇ ਪੋਤਰੇ ਆਰਕੀਟੈਕ ਸੋਨੂੰ ਛਾਬੜਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਰਿਹਾਇਸ਼ੀ ਇਲਾਕੇ 'ਚੋਂ ਵਿਦੇਸ਼ੀ ਪਿਸਤੌਲ ਸਮੇਤ ਮੈਗਜ਼ੀਨ ਬਰਾਮਦ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਥਾਣਾ ਖਾਲੜਾ ਦੀ ਪੁਲਸ ਨੇ ਪਿੰਡ ਡੱਲ ਦੇ ਰਿਹਾਇਸ਼ੀ ਇਲਾਕੇ ਵਿੱਚੋਂ 30 ਬੋਰ ਦੇ ਵਿਦੇਸ਼ੀ ਪਿਸਤੌਲ ਸਮੇਤ ਮੈਗਜ਼ੀਨ ਨੂੰ ਬਰਾਮਦ ਕੀਤਾ ਹੈ।ਇਥੇ ਜਾਣਕਾਰੀ ਦਿੰਦਿਆਂ ਥਾਣਾ ਖਾਲੜਾ ਦੇ ਮੁਖੀ ਸਬ ਇੰਸਪੈਕਟਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੋਰਸਾਂ ਤੋਂ ਸੂਚਨਾ ਮਿਲੀ ਸੀ ਕਿ ਪਿੰਡ ਡੱਲ ਦੇ ਰਿਹਾਇਸ਼ੀ ਇਲਾਕੇ ਵਿੱਚ ਪਾਕਿਸਤਾਨੀ ਡਰੋਨ ਵੱਲੋਂ ਕੋਈ ਸ਼ੱਕੀ ਵਸਤੂ ਸੁੱਟੀ ਗਈ ਹੈ ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਉਹ ਪੁਲਸ ਪਾਰਟੀ ਸਮੇਤ ਬੀਐੱਸਐੱਫ ਅਧਿਕਾਰੀਆਂ ਨਾਲ ਮੌਕੇ 'ਤੇ ਪਹੁੰਚੇ ਅਤੇ ਪਾਕਿ ਡਰੋਨ ਵੱਲੋਂ ਸੁੱਟੀ ਗਈ, ਉਸ ਵਸਤੂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਜਦ ਉਸ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਇੱਕ ਵਿਦੇਸ਼ੀ 30 ਬੋਰ ਦਾ ਪਿਸਤੌਲ ਸਮੇਤ ਮੈਗਜ਼ੀਨ ਬਰਾਮਦ ਹੋਇਆ ।ਥਾਣਾ ਮੁਖੀ ਨੇ ਕਿਹਾ ਕਿ ਇਸ ਸਬੰਧੀ ਥਾਣਾ ਖਾਲੜਾ ਵਿੱਚ ਅਣਪਛਾਤਿਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਟੈਕਨੀਕਲ ਸੋਰਸਾਂ ਦੇ ਮਾਧਿਅਮ ਰਾਹੀਂ ਜਾਂਚ ਆਰੰਭ ਕਰ ਦਿੱਤੀ ਹੈ।ਉਨ੍ਹਾਂ ਕਿਹਾ ਕਿ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਹਥਿਆਰ ਕਿਸ ਮਕਸਦ ਲਈ ਭੇਜੇ ਗਏ ਸਨ ਅਤੇ ਇਸ ਪਿੱਛੇ ਕੌਣ ਕੌਣ ਸ਼ਾਮਿਲ ਹੈ।

## ਪੌਲੀਟੈਕਨਿਕ ਕਾਲਜ 'ਚ ਏ ਆਈ ਆਧਾਰਿਤ ਸੀਪੀਐੱਸ ਲੈਬ ਦਾ ਉਦਘਾਟਨ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਮੁੱਖ ਮੰਤਰੀ ਮਾਨ ਅਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਅਤੇ ਪ੍ਰਮੁੱਖ ਸਕੱਤਰ ਅਤੇ ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਅਧੀਨ ਪ੍ਰਿੰ. ਦਵਿੰਦਰ ਸਿੰਘ ਭੱਟੀ ਦੇ ਉਪਰਾਲਿਆਂ ਸਦਕਾ ਬਟਾਲਾ ਹਲਕੇ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਇਲਾਕੇ ਦੀ ਪਹਿਲੀ ਏ. ਆਈ. ਬੇਸਡ ਸੀ. ਪੀ. ਐੱਸ. ਲੈਬ (ਸਾਈਬਰ ਫਿਜ਼ੀਕਲ ਸਿਸਟਮਸ ਲੈਬ) ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਪ੍ਰਿੰ. ਭੱਟੀ ਅਤੇ ਕਾਲਜ ਦੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਹਮੇਸ਼ਾ ਹੀ ਇਲਾਕੇ ਲਈ ਇੱਕ ਵਰਦਾਨ ਸਾਬਤ ਹੋਇਆ ਹੈ।ਇਸ ਮੌਕੇ ਕਾਲਜ ਦੇ ਟਰੇਨਿੰਗ ਐਂਡ ਪਲੇਸਮੈਂਟ ਅਫਸਰ ਜਸਬੀਰ ਸਿੰਘ ਜੋ ਕਿ ਇਸ ਲੈਬ ਦੇ ਇੰਚਾਰਜ ਵੀ ਹਨ, ਨੇ ਦੱਸਿਆ ਕਿ ਇਹ ਲੈਬ ਪ੍ਰਿੰਸੀਪਲ ਭੱਟੀ ਦੇ ਅਣਥੱਕ ਯਤਨਾਂ ਸਦਕਾ ਅਤੇ ਆਈ. ਆਈ. ਟੀ. ਰੋਪੜ ਟੈਕਨਾਲੋਜੀ ਇਨੋਵੇਸ਼ਨ ਹੱਬ ਦੇ ਸਹਿਯੋਗ ਨਾਲ ਸਥਾਪਿਤ ਕੀਤੀ ਗਈ ਹੈ ਅਤੇ ਇਸ ਲੈਬ ਅਧੀਨ ਕਾਲਜ ਵਿੱਚ ਇਸ ਇਲਾਕੇ ਦਾ ਪਹਿਲਾ ਆਟੋ ਵੈਦਰ ਸਟੇਸ਼ਨ ਵੀ ਲਗਾਇਆ ਗਿਆ ਹੈ, ਜੋ ਇਲਾਕੇ ਦੇ ਮੌਸਮ ਬਾਰੇ ਰੀਅਲ-ਟਾਈਮ ਜਾਣਕਾਰੀ ਪ੍ਰਦਾਨ ਕਰੇਗਾ।



## ਸ਼ਹਿਰ ਦੇ ਮੁੱਖ ਚੌਕਾਂ 'ਚ ਜਲਦ ਹੀ ਲੱਗ ਰਹੀਆਂ ਟਰੈਫਿਕ ਲਾਈਟਾਂ : ਰਾਜੀਵ ਸ਼ਰਮਾ

**ਗੁਰਦਾਸਪੁਰ, (ਜਨਕ ਮਹਾਜਨ)**- ਜਾਣਕਾਰੀ ਅਨੁਸਾਰ ਗੁਰਦਾਸਪੁਰ ਸ਼ਹਿਰ ਅੰਦਰ ਟਰੈਫਿਕ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਸੰਨ 1980 ਵਿਚ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਅਸ਼ੋਕ ਕੁਮਾਰ ਕੁੰਦਰਾ ਵੱਲੋਂ ਡਾਕਖ਼ਾਨਾ ਚੌਕ ਵਿਚ ਟਰੈਫ਼ਿਕ ਲਾਈਟਾਂ ਲਗਾਈਆਂ ਗਈਆਂ ਸਨ ਜਿਸ ਨਾਲ ਲੋਕਾਂ ਨੂੰ ਕਾਫ਼ੀ ਰਾਹਤ ਮਿਲੀ ਸੀ ਪਰ ਉਸ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਕੁਝ ਸਾਲਾਂ ਬਾਅਦ ਉਹ ਟਰੈਫ਼ਿਕ ਲਾਈਟਾਂ ਬੰਦ ਹੋ ਗਈਆਂ ਸਨ। ਹੁਣ ਇਕ ਵਾਰ ਫ਼ਿਰ ਚੇਅਰਮੈਨ ਰਾਜੀਵ ਸ਼ਰਮਾ ਦੇ ਅਣਥੱਕ ਯਤਨਾਂ ਸਦਕਾ ਗੁਰਦਾਸਪੁਰ ਸ਼ਹਿਰ ਵਿਚ ਦਿਨੋਂ-ਦਿਨ ਵੱਧ ਰਹੇ ਟਰੈਫਿਕ ਅਤੇ ਲੱਗਣ ਵਾਲੇ ਲੰਬੇ ਜਾਮ ਤੋਂ ਜਨਤਾ ਨੂੰ ਨਿਜਾਤ ਦਿਵਾਉਣ ਲਈ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਵੱਲੋਂ ਇਕ ਵਾਰ ਫ਼ਿਰ ਸ਼ਹਿਰ ਅੰਦਰ ਟਰੈਫ਼ਿਕ ਲਾਈਟਾਂ ਲਗਾਉਣ ਦਾ ਅਹਿਮ ਕਦਮ ਚੁੱਕਿਆ ਗਿਆ ਹੈ। ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਇੰਪਰੂਵਮੈਂਟ ਟਰੱਸਟ ਵਲੋਂ ਸ਼ਹਿਰ ਦੇ ਉਨ੍ਹਾਂ ਮੁੱਖ ਪੁਆਇੰਟਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿੱਥੇ ਹਾਦਸਿਆਂ ਦਾ ਖਤਰਾ ਜ਼ਿਆਦਾ ਰਹਿੰਦਾ ਹੈ ਅਤੇ ਟਰੈਫਿਕ ਵਿਵਸਥਾ ਅਕਸਰ ਵਿਗੜ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਨਵੇਂ ਪੁਆਇੰਟ ਸ਼ਹਿਰ ਦੇ ਪ੍ਰਮੁੱਖ ਚੌਕਾਂ ਜਿਵੇਂ ਕਿ ਜਹਾਜ਼ ਚੌਕ, ਡਾਕਖਾਨਾ ਚੌਕ, ਭਗਵਾਨ ਪਰਸ਼ੂਰਾਮ ਚੌਕ ਅਤੇ ਭਾਈ ਲਾਲੋ ਚੌਕ ਆਦਿ ਵਿਚ ਅਤਿ-ਆਧੁਨਿਕ ਸੈਂਸਰ ਵਾਲੀਆਂ ਟਰੈਫਿਕ ਲਾਈਟਾਂ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਟਰੈਫਿਕ ਲਾਈਟਾਂ ਲੱਗਣ ਨਾਲ ਸੁਰੱਖਿਆ ਵਿਚ ਵਾਧਾ ਹੋਵੇਗਾ। ਇਨ੍ਹਾਂ ਲਾਈਟਾਂ ਦੇ ਲੱਗਣ ਨਾਲ ਪੈਦਲ ਚੱਲਣ ਵਾਲੇ ਲੋਕਾਂ ਅਤੇ ਸਕੂਲੀ ਬੱਚਿਆਂ ਨੂੰ ਸੜਕ ਪਾਰ ਕਰਨ ਵਾਸਤੇ ਜ਼ੈਬਰਾ ਲਾਈਨਾਂ ਵੀ ਲਗਾਈਆਂ ਜਾਣਗੀਆਂ ਜਿਸ ਨਾਲ ਪੈਦਲ ਚੱਲਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟਰੈਫਿਕ ਲਾਈਟਾਂ ਦੀ ਸਾਂਭ ਸੰਭਾਲ ਦਾ ਠੇਕਾ ਦੋ ਸਾਲਾਂ ਲਈ ਠੇਕੇਦਾਰ ਨੂੰ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਨਵੀਆਂ ਲਾਈਟਾਂ ਦੇ ਨਾਲ ਹਾਈ-ਡੈਫੀਨੇਸ਼ਨ ਸੀਸੀਟੀਵੀ ਕੈਮਰੇ ਵੀ ਲਗਾਏ ਜਾਣਗੇ। ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਦੇ ਇਸ ਉਪਰਾਲੇ ਦਾ ਸਥਾਨਕ ਦੁਕਾਨਦਾਰਾਂ ਅਤੇ ਰਾਹਗੀਰਾਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।



## ਟੀ ਬੀ ਦਾ ਖਾਤਮਾ ਸਾਡੀ ਮੁੱਖ ਤਰਜੀਹ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ੍ਰੀ ਦਲਵਿੰਦਰਜੀਤ ਸਿੰਘ ਆਈ.ਏ.ਐੱਸ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਸੁਚੱਜੀ ਅਗਵਾਈ ਹੇਠ ਟੀ ਬੀ ਵਿਰੁੱਧ ਚਲ ਰਹੀ ਮੁਹਿੰਮ ਤਹਿਤ ਰੈੱਡ ਕਰਾਸ ਸੋਸਾਇਟੀ ਵੱਲੋਂ ਇੱਕ ਜਾਗਰੂਕਤਾ ਸੈਮੀਨਾਰ ਅਤੇ ਨੁੱਕੜ ਨਾਟਕ ਦਾ ਆਯੋਜਨ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿਖੇ ਕੀਤਾ ਗਿਆ ।ਇਸ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਪਹੁੰਚੇ ਮੈਡਮ ਪਿਯੂਸ਼ਾ ਬੁਰਦਕ, ਆਈਏਐੱਸ ਸਹਾਇਕ ਕਮਿਸ਼ਨਰ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਰੈੱਡ ਕਰਾਸ, ਜ਼ਿਲ੍ਹਾ ਪ੍ਰਸ਼ਾਸਨ, ਟੀ ਬੀ ਹਸਪਤਾਲ ਅਤੇ ਸਿਹਤ ਵਿਭਾਗ ਨਾਲ ਮਿਲ ਕੇ ਇੱਕ ਟੀ ਬੀ ਵਿਰੁੱਧ ਮੁਹਿੰਮ ਚਲਾ ਰਿਹਾ ਹੈ ਤਾਂ ਕਿ ਟੀ ਬੀ ਦਾ ਖਾਤਮਾ ਹੋ ਸਕੇ।ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਟੀ ਬੀ ਹਸਪਤਾਲ ਅੰਮ੍ਰਿਤਸਰ ਵਿਖੇ ਟੀ ਬੀ ਮਰੀਜ਼ਾ ਦੇ ਆਧੁਨਿਕ ਇਲਾਜ ਲਈ 27 ਲੱਖ ਦੀਆਂ ਦੋ ਟਰੂਨੈੱਟ ਮਸ਼ੀਨਾਂ ਵੀ ਡਿਪਟੀ ਕਮਿਸ਼ਨਰ ਵੱਲੋਂ ਲਗਵਾਈਆਂ ਗਈਆਂ ਹਨ।ਇਸ ਪ੍ਰੋਗਰਾਮ ਦੇ ਆਯੋਜਕ ਸੈਮਸਨ ਮਸੀਹ, ਕਾਰਜਕਾਰੀ ਸਕੱਤਰ ਅਤੇ ਮਿਸ ਰਾਬੀਆ, ਵਲੰਟੀਅਰ ਸਟੇਟ ਰੈੱਡ ਕਰਾਸ ਨੇ ਦੱਸਿਆ ਕਿ ਰੈੱਡ ਕਰਾਸ ਵੱਲੋ ਟੀ ਬੀ ਦੇ ਖਾਤਮੇ ਲਈ ਸਿੱਖਿਆ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਟੀ ਬੀ ਵਿਰੁੱਧ ਲਾਮਬੰਦ ਕੀਤਾ ਜਾਵੇਗਾ।ਇਸ ਮੌਕੇ ਡਾ. ਕਰਮਜੀਤ ਸਿੰਘ, ਮੈਡੀਕਲ ਸੁਪਰਡੈਂਟ ਨੇ ਵੀ ਟੀ ਬੀ ਦੇ ਰੋਕਥਾਮ ਸਬੰਧੀ ਸੁਚੇਤ ਅਤੇ ਸਿੱਖਿਅਤ ਕੀਤਾ ।

## ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀ ਝੋਲੀ ਲੱਖਾਂ ਦੇ ਵਜ਼ੀਫ਼ੇ




**ਧਾਰੀਵਾਲ (ਮਨਦੀਪ ਵਿੱਕੀ)**- ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ, ਤੁਗਲਵਾਲਾ ਨੇ ਇੱਕ ਵਾਰ ਫਿਰ ਆਪਣੇ ਵਿਦਿਆਰਥੀਆਂ ਦੀ ਅਡੋਲ ਮਿਹਨਤ ਅਤੇ ਗੁਰਮਤਿ ਪ੍ਰਤੀ ਡੂੰਘੀ ਸ਼ਰਧਾ ਨਾਲ ਸਾਰਿਆਂ ਦੇ ਦਿਲ ਜਿੱਤ ਲਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਆਯੋਜਿਤ ਧਾਰਮਿਕ ਪ੍ਰੀਖਿਆਵਾਂ ਵਿੱਚ ਇਸ ਸਕੂਲ ਦੇ ਮਿਹਨਤੀ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲੇ ਅਤੇ ਦੂਜੇ ਦਰਜੇ ਵਿੱਚ ਵਜ਼ੀਫੇ ਹਾਸਲ ਕੀਤੇ।ਪਹਿਲੇ ਦਰਜੇ ਵਿੱਚ 12 ਵਿਦਿਆਰਥੀ—ਅਨੁਰੀਤ ਕੌਰ, ਸੁਖਨਾਜਪ੍ਰੀਤ ਕੌਰ (7ਵੀਂ), ਹਰਲੀਨ ਕੌਰ, ਹਰਮਨਪ੍ਰੀਤ ਕੌਰ, ਵਿਸ਼ਾਲੀ, ਜਸਕਰਨਦੀਪ ਸਿੰਘ, ਜਸਮੀਤ ਕੌਰ, ਜਸਨੀਤ ਕੌਰ, ਮੰਨਤ ਰਿਆੜ, ਮਨਰੀਤ ਕੌਰ, ਰਸ਼ਲੀਨ ਕੌਰ ਅਤੇ ਸ਼ੁਭਨੀਤ ਕੌਰ (8ਵੀਂ) ਨੇ ਵਜ਼ੀਫ਼ੇ ਪ੍ਰਾਪਤ ਕੀਤੇ, ਜਦਕਿ ਦੂਜੇ ਦਰਜੇ ਵਿੱਚ 17 ਵਿਦਿਆਰਥੀ—ਬਲਜਿੰਦਰ ਕੌਰ, ਇਸ਼ਮੀਤ ਕੌਰ, ਮਨਰੀਤ ਕੌਰ, ਮੁਸਕਾਨਪ੍ਰੀਤ ਕੌਰ (9ਵੀਂ), ਰਾਜਦੀਪ ਕੌਰ, ਹਰਲੀਨ ਕੌਰ, ਹਰਮਨਪ੍ਰੀਤ ਕੌਰ, ਜਸਵਿੰਦਰ ਕੌਰ (10ਵੀਂ), ਅਰਸ਼ਪ੍ਰੀਤ ਕੌਰ, ਗੁਰਪ੍ਰੀਤ ਕੌਰ, ਸਿਮਰਨਜੀਤ ਕੌਰ, ਜਸਲੀਨ ਕੌਰ, ਜਸ਼ਨਪ੍ਰੀਤ ਕੌਰ, ਜਸਪ੍ਰੀਤ ਕੌਰ, ਮਹਿਕਦੀਪ ਕੌਰ, ਮਨਪ੍ਰੀਤ ਕੌਰ ਅਤੇ ਨਵਜੋਤ ਕੌਰ (11ਵੀਂ)—ਨੇ ਵੀ ਲਾਜਵਾਬ ਨਤੀਜੇ ਦਰਜ ਕਰਵਾਏ। ਇਸ ਮਾਣਯੋਗ ਉਪਲਬਧੀ ਨੂੰ ਮਨਾਉਣ ਲਈ ਸਕੂਲ ਵਿਖੇ ਇਨਾਮ ਵੰਡ ਸਮਾਰੋਹ ਦੌਰਾਨ ਸਾਰੇ ਸਫਲ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਰਿਆੜਕੀ ਕਾਲਜ ਦੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਵਿਦਿਆਰਥੀਆਂ ਦੀ ਅਟੱਲ ਮਿਹਨਤ, ਅਨੁਸ਼ਾਸਨ ਅਤੇ ਅਧਿਆਪਕਾਂ ਦੀ ਨਿਰੰਤਰ ਅਗਵਾਈ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵੀ ਉਚੀਆਂ ਮੰਜ਼ਿਲਾਂ ਛੂਹਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਡਾਇਰੈਕਟਰ ਮਨਪ੍ਰੀਤ ਕੌਰ, ਪ੍ਰਿੰ. ਇੰਦਰਜੀਤ ਕੌਰ, ਕੋਆਰਡੀਨੇਟਰ ਸੁਖਦੀਪ ਕੌਰ ਧਾਰਮਿਕ ਵਿਭਾਗ ਦੇ ਮੁਖੀ ਬਲਜੀਤ ਕੌਰ ਸਮੇਤ ਪਤਵੰਤੇ ਹਾਜ਼ਰ ਸਨ।

## ਬਾਬਾ ਬੁੱਢਾ ਪਬਲਿਕ ਸਕੂਲ ਦਾ ਪੰਜਾਹ ਸਾਲਾ ਗੋਲਡਨ ਜੁਬਲੀ ਸਮਾਗਮ ਯਾਦਗਾਰੀ ਹੋ ਨਿੱਬੜਿਆ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦੇ 50 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਗੋਲਡਨ ਜੁਬਲੀ ਸਮਾਗਮ ਅਤੇ ਸਾਲਾਨਾ ਇਨਾਮ ਵੰਡ ਸਮਾਗਮ ਉ ਤ ਸ਼ਾ ਹ ਪੂ ਰ ਵ ਕ ਕ ਰ ਵਾ ਇ ਆ ਗਿਆ।ਸਮਾਗਮ ਮੌਕੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ, ਉਪਰੰਤ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਅਰਦਾਸ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ।ਯੂ. ਕੇ. ਜੀ. ਕਲਾਸ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਵੱਲੋਂ ਗੁਰੂ ਸਾਹਿਬ ਦੇ ਜ਼ਫ਼ਰਨਾਮੇ ਨੂੰ ਸੁਣਾਇਆ ਗਿਆ। ਸਕੂਲ ਪ੍ਰਿੰਸੀਪਲ ਡਾ. ਤਰਨਜੀਤ ਸਿੰਘ ਵੱਲੋਂ ਪੜ੍ਹਾਈ, ਖੇਡਾਂ, ਧਾਰਮਿਕ, ਐੱਨਸੀਸੀ, ਐੱਨਐੱਸਐੱਸ ਆਦਿ ਖੇਤਰਾਂ ਵਿੱਚ ਵਿਦਿਆਰਥੀਆਂ ਵੱਲੋਂ ਮਾਰੀਆਂ ਮੱਲਾਂ ਅਤੇ ਸਕੂਲ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਪ੍ਰਾਪਤ ਉਪਲੱਬਧੀਆਂ ਸੰਬੰਧੀ ਰਿਪੋਰਟ ਪੜ੍ਹ ਕੇ ਚਾਨਣਾ ਪਾਇਆ ਗਿਆ।ਮੁੱਖ ਮਹਿਮਾਨ ਵਜੋਂ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਤਰਨ ਤਾਰਨ ਇੰਚਾਰਜ ਬੀਬਾ ਕੰਚਨਪ੍ਰੀਤ ਕੌਰ, ਐੱਸਜੀਪੀਸੀ ਮੈਂਬਰ ਭਾਈ ਮਨਜੀਤ ਸਿੰਘ, ਐੱਸਜੀਪੀਸੀ ਮੈਂਬਰ ਭਾਈ ਮਗਵਿੰਦਰ ਸਿੰਘ ਖਾਪਰਖੇੜੀ, ਗੁਰਦੁਆਰਾ ਬੀੜ ਸਾਹਿਬ ਦੇ ਮੈਨੇਜਰ ਧਰਵਿੰਦਰ ਸਿੰਘ, ਸਕੂਲ ਪ੍ਰਿੰਸੀਪਲ ਡਾ. ਤਰਨਜੀਤ ਸਿੰਘ ਸਮੇਤ ਧਾਰਮਿਕ ਸ਼ਖ਼ਸੀਅਤਾਂ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਵੱਲੋਂ ਸਾਲਾਨਾ ਨਤੀਜਿਆਂ ਵਿੱਚ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੈਥ, ਸਾਇੰਸ, ਪੰਜਾਬੀ ਆਦਿ ਵਿਸ਼ਿਆਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਅਤੇ ਡੀਪੀਈ ਗੁਰਮੀਤ ਸਿੰਘ ਵੱਲੋਂ ਸ਼ੂਟਿੰਗ ਰੇਂਜ ਦਾ ਬਾਖੂਬੀ ਪ੍ਰਬੰਧ ਕੀਤਾ ਗਿਆ।ਬੀਬਾ ਕੰਚਨਪ੍ਰੀਤ ਕੌਰ, ਭਾਈ ਮਨਜੀਤ ਸਿੰਘ, ਭਾਈ ਮਗਵਿੰਦਰ ਸਿੰਘ ਖਾਪੜਖੇੜੀ, ਮੈਨੇਜਰ ਧਰਵਿੰਦਰ ਸਿੰਘ ਨੇ ਸਕੂਲ ਦੇ 50 ਸਾਲ ਮੁਕੰਮਲ ਹੋਣ 'ਤੇ ਸਮੂਹ ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰ. ਡਾ. ਤਰਨਜੀਤ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਸਰਪ੍ਰਸਤੀ ਹੇਠ ਵਿਦਿਆਰਥੀਆਂ ਨੂੰ ਆਈਏਐੱਸ, ਆਈਪੀਐੱਸ. ਐੱਨਡੀਏ ਆਦਿ ਸਿਵਲ ਸਰਵਿਸ ਇਮਤਿਹਾਨਾਂ ਦੀ ਤਿਆਰੀ ਵੀ ਕਰਵਾਈ ਜਾ ਰਹੀ ਹੈ।



## ਸੈਂਕੜੇ ਸਰਪੰਚ, ਪੰਚ ਤੇ ਜ਼ਿਲ੍ਹਾ ਪ੍ਰੀਸ਼ਦ/ਬਲਾਕ ਸੰਮਤੀ ਮੈਂਬਰ ਅਕਾਲੀ ਦਲ 'ਚ ਸ਼ਾਮਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਸ਼੍ਰੋਮਣੀ ਅਕਾਲੀ ਦਲ ਨੂੰ ਇਸ ਹਲਕੇ ਵਿਚ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਸੈਂਕੜੇ ਸਰਪੰਚ, ਪੰਚ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਪਾਰਟੀ ਵਿਚ ਸ਼ਾਮਲ ਹੋ ਗਏ।ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸ਼ੇਰੋਂ ਦੇ ਸਰਪੰਚ ਅਵਤਾਰ ਸਿੰਘ ਬਿੱਲਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦਰਸ਼ਨ ਕੌਰ ਅਤੇ ਰਮਨਦੀਪ ਕੌਰ ਤੇ ਸੈਂਕੜੇ ਮੈਂਬਰ ਤੇ ਉਨ੍ਹਾਂ ਦੇ ਸਮਰਥਕ ਸ਼ਾਮਲ ਸਨ।ਇਸ ਮੌਕੇ ਅਕਾਲੀ ਦਲ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਵਿਚ ਵਿਸ਼ਵਾਸ ਪ੍ਰਗਟ ਕਰਨ 'ਤੇ ਇਨ੍ਹਾਂ ਆਗੂਆਂ ਦਾ ਧੰਨਵਾਦ ਕਰਦਿਆਂ ਸਰਦਾਰ ਬਾਦਲ ਨੇ ਕਿਹਾ ਕਿ ਇੰਨੇ ਥੋੜ੍ਹੇ ਸਮੇਂ ਵਿਚ ਹਜ਼ਾਰਾਂ ਲੋਕਾਂ ਦਾ ਇਕੱਤਰ ਹੋਣਾ ਇਹ ਦਰਸਾਉਂਦਾ ਹੈ ਕਿ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਖੇਤਰੀ ਪਾਰਟੀ 'ਤੇ ਕਿੰਨਾ ਵਿਸ਼ਵਾਸ ਹੈ।ਸਰਦਾਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਸਰਹੱਦੀ ਇਲਾਕੇ ਦੇ ਵਿਕਾਸ ਵਾਸਤੇ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਸਰਹੱਦੀ ਪੱਟੀ ਵਾਸਤੇ ਕੱਖ ਵੀ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸਰਹੱਦੀ ਪੱਟੀ ਵਿਚ ਉਦਯੋਗਿਕ ਵਿਕਾਸ ਵਾਸਤੇ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ।ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ ਦੇ ਨਾਲ ਕੰਡਿਆਲੀ ਤਾਰ ਦੇ ਪਾਰ ਖੇਤੀ ਕਰਦੇ ਕਿਸਾਨਾਂ ਵਾਸਤੇ ਵੱਧ ਮੁਆਵਜ਼ਾ ਦੇਵੇਗੀ।

## ਕਿਸਾਨ ਆਗੂਆਂ ਦਾ ਵਫਦ ਤਹਿਸੀਲਦਾਰ ਗੁਰਦਾਸਪੁਰ ਨੂੰ ਮਿਲਿਆ

**ਗੁਰਦਾਸਪੁਰ, (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਦੀ ਕੋਰ ਕਮੇਟੀ ਦਾ ਇਕ ਵਫਦ ਤਹਿਸੀਲਦਾਰ ਗੁਰਦਾਸਪੁਰ ਨੂੰ ਹੜ੍ਹ ਪ੍ਰਭਾਵਿਤ ਪਿੰਡ ਬਲੱਗਣ ਵਿੱਚ ਫਸਲਾਂ ਦਾ ਸਰਕਾਰ ਵਲੋਂ ਮੁਆਵਜ਼ਾ ਨਾ ਮਿਲਣ ਕਰਕੇ ਮਿਲਿਆ ਅਤੇ ਮੰਗ ਕੀਤੀ ਕਿ ਪਿੰਡ ਬਲੱਗਣ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਫਿਰ ਤਹਿਸੀਲਦਾਰ ਨੇ ਵਿਸ਼ਵਾਸ ਦਿਵਾਇਆ ਕਿ ਰਹਿੰਦੇ ਕਿਸਾਨਾਂ ਨੂੰ ਝੋਨੇ ਦੀ ਹੜ੍ਹ ਪ੍ਰਭਾਵਿਤ ਫਸਲਾਂ ਦਾ ਮੁਆਵਜ਼ਾ ਜਲਦੀ ਤੋਂ ਜਲਦੀ ਦਿੱਤਾ ਜਾਵੇਗਾ, ਨਹੀਂ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਨਾ ਦਿੱਤਾ ਤਾਂ ਕੋਈ ਸਖ਼ਤ ਐਕਸ਼ਨ ਲਿਆ ਜਾਵੇਗਾ। ਇਸ ਮੌਕੇ ਜ਼ੋਨ ਪ੍ਰਧਾਨ ਅਨੂਪ ਸਿੰਘ ਸੁਲਤਾਨੀ, ਪ੍ਰਧਾਨ ਨਿਰਮਲ ਸਿੰਘ ਆਦੀ, ਸਕੱਤਰ ਕੁਲਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਸੁੱਚਾ ਸਿੰਘ ਬਲੱਗਣ, ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ, ਰਣਬੀਰ ਸਿੰਘ ਡੁਗਰੀ, ਸੁਖਵਿੰਦਰ ਸਿੰਘ ਮੀਤ ਪ੍ਰਧਾਨ, ਨਰਿੰਦਰ ਸਿੰਘ ਅਮੀਪੁਰ, ਕਰਨੈਲ ਸਿੰਘ ਮੱਲ੍ਹੀ, ਗੁਰਮੀਤ ਸਿੰਘ ਬਲੱਗਣ, ਬਾਬਾ ਰਸ਼ਪਾਲ ਸਿੰਘ ਹਾਜ਼ਰ ਸਨ।



## ਸਠਿਆਲਾ 'ਚ ਸਿੱਖ ਜਥੇਬੰਦੀਆਂ ਦਾ ਵੱਡਾ ਇਕੱਠ

**• ਬੇਅਦਬੀ ਵਿਰੁੱਧ ਤਿੱਖੀ ਚੇਤਾਵਨੀ**



**ਬਿਆਸ (ਪਰਮਜੀਤ ਸਿੰਘ ਰੱਖੜਾ)** ਪਿੰਡ ਸਠਿਆਲਾ ਵਿਖੇ ਸਿੱਖ ਜਥੇਬੰਦੀਆਂ ਦਾ ਵਿਸ਼ਾਲ ਇਕੱਠ ਹੋਇਆ, ਜਿਸ ਵਿੱਚ ਸੰਗਤਾਂ ਦੇ ਭਰੇ ਮਨ ਦੇ ਬਾਵਜੂਦ ਉਤਸ਼ਾਹ ਨਾਲ ਗੁਰੂ ਘਰ ਦੀ ਰੱਖਿਆ ਲਈ ਸਖ਼ਤ ਫ਼ੈਸਲੇ ਲਏ ਗਏ। ਮੀਟਿੰਗ ਦੌਰਾਨ ਭਾਈ ਸੁਖਜੀਤ ਸਿੰਘ ਖੋਸਾ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਹੁਣ ਵੀ ਗੁਰੂ ਸਾਹਿਬ ਦੀ ਬੇਅਦਬੀ ਰੋਕਣ ਲਈ ਸਖ਼ਤ ਕਦਮ ਨਾ ਚੁੱਕੇ ਗਏ ਤਾਂ ਇਹ ਕੌਮ ਲਈ ਸ਼ਰਮ ਦੀ ਗੱਲ ਹੋਵੇਗੀ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜਿਹੜੀਆਂ ਕਮੇਟੀਆਂ ਗੁਰੂ ਘਰਾਂ ਦੀ ਜ਼ਿੰਮੇਵਾਰੀ ਨਿਭਾਉਣ ਵਿੱਚ ਨਾਕਾਮ ਰਹਿਣਗੀਆਂ, ਉਹਨਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ। ਮੀਟਿੰਗ ਦੌਰਾਨ ਗੁਰਪ੍ਰੀਤ ਸਿੰਘ, ਨਿਸ਼ਾਨ ਸਿੰਘ ਸਿਆਲਕਾ, ਰੇਸ਼ਮ ਸਿੰਘ ਬਾਬਾ ਬਕਾਲਾ ਸਾਹਿਬ, ਗੁਰਚਰਨ ਸਿੰਘ ਕੁਲਵਿੰਦਰ ਸਿੰਘ ਪਟਿਆਲਾ, ਸਤਨਾਮ ਸਿੰਘ, ਨਰਿੰਦਰ ਸਿੰਘ ਸਠਿਆਲਾ, ਪਰਮਜੀਤ ਸਿੰਘ, ਦਿਲਜੀਤ ਸਿੰਘ, ਗੁਲਜਾਰ ਸਿੰਘ, ਕੁਲਵਿੰਦਰ ਸਿੰਘ ਹਰਨੇਕ ਸਿੰਘ, ਸ਼ਿੰਦਰ ਸਿੰਘ, ਰਾਜ ਸਿੰਘ, ਬਲਦੇਵ ਸਿੰਘ, ਜਸਵੰਤ ਸਿੰਘ ਆਦਿ ਹਾਜ਼ਰ ਸਨ।

## ਖ਼ਾਲਸਾ ਕਾਲਜ ਆਫ ਵੈਟਰਨਰੀ ਵਿਖੇ ਗਾਵਾਂ 'ਤੇ ਅਲਟਰਾਸੋਨੋਗ੍ਰਾਫੀ ਸਿਖਲਾਈ ਪ੍ਰੋਗਰਾਮ ਕਰਵਾਇਆ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਵਿਖੇ ਅਭਿਆਸ ਕਰਨ ਵਾਲੇ ਪਸ਼ੂਆਂ ਦੇ ਡਾਕਟਰਾਂ ਲਈ 'ਗਾਵਾਂ 'ਚ ਅਲਟਰਾਸੋਨੋਗ੍ਰਾਫੀ' 'ਤੇ 3 ਰੋਜ਼ਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੀ ਦੇਖ-ਰੇਖ ਕਰਵਾਏ ਗਏ ਉਕਤ ਸਿਖਲਾਈ ਪ੍ਰੋਗਰਾਮ ਦਾ ਉਦੇਸ਼ ਆਧੁਨਿਕ ਵੈਟਰਨਰੀ ਇਮੇਜਿੰਗ ਤਕਨੀਕਾਂ 'ਚ ਉਨ੍ਹਾਂ ਦੇ ਡਾਇਗਨੌਸਟਿਕ ਗਿਆਨ ਅਤੇ ਵਿਹਾਰਕ ਹੁਨਰ ਨੂੰ ਵਧਾਉਣਾ ਸੀ। ਇਸ ਪ੍ਰੋਗਰਾਮ ਦਾ ਉਦਘਾਟਨ ਡਾ. ਵਰਮਾ ਨੇ ਕਰਨ ਉਪਰੰਤ ਸੰਬੋਧਨ ਕਰਦਿਆਂ ਸਮਕਾਲੀ ਵੈਟਰਨਰੀ ਅਭਿਆਸ 'ਚ ਉਨਤ ਡਾਇਗਨੌਸਟਿਕ ਟੂਲਸ ਦੀ ਵੱਧ ਰਹੀ ਮਹੱਤਤਾ, ਜਾਨਵਰਾਂ ਦੀ ਸਿਹਤ ਅਤੇ ਉਤਪਾਦਕਤਾ ਨੂੰ ਬਿਹਤਰ ਬਣਾਉਣ 'ਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਕਤ ਪ੍ਰੋਗਰਾਮ ਡਾ. ਵੀ. ਕੇ. ਗੰਡੋਤਰਾ (ਐੱਚਓਡੀ, ਵੈਟਰਨਰੀ ਗਾਇਨੀਕੋਲੋਜੀ), ਡਾ. ਪੀ. ਐੱਸ. ਮਾਵੀ (ਡਾਇਰੈਕਟਰ ਕਲੀਨਿਕਸ) ਅਤੇ ਡਾ. ਜੇ. ਡੀ. ਪਰਾਹ (ਐੱਚਓਡੀ, ਵੈਟਰਨਰੀ ਸਰਜਰੀ) ਵੱਲੋਂ ਉਲੀਕਿਆ ਗਿਆ ਸੀ। ਉਨ੍ਹਾਂ ਨੇ ਅਲਟਰਾਸੋਨੋਗ੍ਰਾਫੀ ਨੂੰ ਵੈਟਰਨਰੀ ਅਤੇ ਮੈਡੀਕਲ ਵਿਗਿਆਨ ਦੋਵਾਂ 'ਚ ਇਕ ਗੈਰ-ਹਮਲਾਵਰ, ਭਰੋਸੇਮੰਦ ਅਤੇ ਲਾਜ਼ਮੀ ਡਾਇਗਨੌਸਟਿਕ ਵਿਧੀ ਵਜੋਂ ਉਜਾਗਰ ਕੀਤਾ।ਇਸ ਮੌਕੇ ਸਹਾਇਕ ਪ੍ਰੋਫੈਸਰ ਡਾ. ਕਾਰਤਿਕ ਸ਼ਰਮਾ ਨੇ ਬੋਵਾਈਨ ਪੇਟ ਅਲਟਰਾਸੋਨੋਗ੍ਰਾਫੀ ਦੀਆਂ ਮੂਲ ਗੱਲਾਂ 'ਤੇ ਭਾਸ਼ਣ ਦਿੰਦਿਆਂ ਅਲਟਰਾਸੋਨੋਗ੍ਰਾਫੀ ਦੇ ਸਿਧਾਂਤ, ਮਸ਼ੀਨ ਦੇ ਹਿੱਸੇ, ਟ੍ਰਾਂਸਡਿਊਸਰਾਂ ਦੀਆਂ ਕਿਸਮਾਂ, ਅਲਟਰਾਸੋਨੋਗ੍ਰਾਫਿਕ ਕਲਾਕ੍ਰਿਤੀਆਂ ਅਤੇ ਪੇਟ ਦੇ ਅੰਗਾਂ ਦੀ ਇਮੇਜਿੰਗ ਆਦਿ ਸਬੰਧੀ ਚਾਨਣਾ ਪਾਇਆ।ਇਸ ਤੋਂ ਬਾਅਦ ਸਹਾਇਕ ਪ੍ਰੋਫੈਸਰ ਡਾ. ਕਲਪਨਾ ਜੈਸਵਾਲ ਵੱਲੋਂ ਬੋਵਾਈਨ ਪੇਟ ਵਿਕਾਰ ਦੇ ਅਲਟਰਾਸੋਨੋਗ੍ਰਾਫਿਕ ਨਿਦਾਨ 'ਤੇ ਭਾਸ਼ਣ ਦਿੱਤਾ ਗਿਆ। ਇਸ ਮੌਕੇ ਭਾਗੀਦਾਰਾਂ ਨੂੰ ਵਿਆਪਕ ਹੱਥੀਂ ਸਿਖਲਾਈ ਪ੍ਰਦਾਨ ਕੀਤੀ ਗਈ।ਡਾ. ਵਰਮਾ ਨੇ ਕਿਹਾ ਕਿ ਇਸ ਦੌਰਾਨ ਸਿਖਿਆਰਥੀਆਂ ਨੂੰ ਪੇਟ ਦੇ ਅੰਗਾਂ ਦੀ ਆਮ ਸਰੀਰਿਕ ਸਥਿਤੀ ਅਤੇ ਅਲਟਰਾਸੋਨੋਗ੍ਰਾਫਿਕ ਦਿੱਖ ਨਾਲ ਜਾਣੂ ਕਰਵਾਉਣ ਲਈ ਸਿਹਤਮੰਦ ਗਾਵਾਂ ਨੂੰ ਸਕੈਨ ਕੀਤਾ ਗਿਆ, ਜਿਸ ਤੋਂ ਬਾਅਦ ਅਸਧਾਰਨ ਖੋਜਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਕੇਸ ਅਧਾਰਿਤ ਵਿਚਾਰ-ਵਟਾਂਦਰੇ ਕੀਤੇ ਗਏ।ਪ੍ਰੋਗਰਾਮ ਦੇ ਆਖਰੀ ਦਿਨ ਪੂਰੀ ਤਰ੍ਹਾਂ ਨਿਰਦੇਸ਼ਿਤ ਹੱਥੀਂ ਅਭਿਆਸ ਸੈਸ਼ਨਾਂ 'ਤੇ ਕੇਂਦ੍ਰਿਤ ਰਿਹਾ।ਇਸ ਮੌਕੇ ਸਿਖਿਆਰਥੀਆਂ ਨੇ ਡਾ. ਵਰਮਾ, ਕੋਰਸ ਕੋਆਰਡੀਨੇਟਰਾਂ ਅਤੇ ਫੈਕਲਟੀ ਮੈਂਬਰਾਂ ਦਾ ਅਜਿਹੇ ਵਿਆਪਕ ਅਤੇ ਵਿਹਾਰਕ ਸਿਖਲਾਈ ਪਹਿਲਕਦਮੀ ਦਾ ਆਯੋਜਨ ਕਰਨ 'ਤੇ ਧੰਨਵਾਦ ਕੀਤਾ। ਇਸ ਮੌਕੇ ਡਾ. ਵਰਮਾ ਨੇ ਭਾਗੀਦਾਰਾਂ ਨਾਲ ਗੱਲਬਾਤ ਕੀਤੀ, ਜਿਸ ਦੌਰਾਨ ਸਵਾਲ-ਜਵਾਬ ਸੈਸ਼ਨ ਵੀ ਕਰਵਾਇਆ ਗਿਆ ਜਿਸ 'ਚ ਮੌਕੇ 'ਤੇ ਹੀ ਵੈਟ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ।



## ਈਦ-ਉਲ-ਫਿਤਰ ਨੇ ਦਿੱਤਾ ਹਮਦਰਦੀ ਤੇ ਇਨਸਾਨੀਅਤ ਦਾ ਸੁਨੇਹਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਰਮਜ਼ਾਨ-ਉਲ-ਮੁਬਾਰਕ ਦੀ ਪਵਿੱਤਰ ਸਮਾਪਤੀ 'ਤੇ ਮੁਸਲਮਾਨ ਖੁਦਾ ਤਾਲਾ ਦੀ ਹਮਦ-ਸਨਾ ਕਰਦੇ ਹੋਏ ਈਦ-ਉਲ-ਫ਼ਿਤਰ ਮਨਾਇਆ। ਈਦ ਦਾ ਦਿਨ ਇਹ ਪ੍ਰਣ ਕਰਨ ਦਾ ਦਿਨ ਹੈ ਕਿ ਜੋ ਸਿੱਖਿਆ ਸਾਨੂੰ ਰਮਜ਼ਾਨ ਨੇ ਦਿੱਤੀ ਹੈ ਉਸ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ।ਇਸਲਾਮੀ ਸਿੱਖਿਆਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਅੱਲ੍ਹਾ ਦੇ ਹੱਕਾਂ ਦੀ ਅਦਾਇਗੀ ਦੇ ਨਾਲ ਨਾਲ ਇਨਸਾਨਾਂ ਦੇ ਹੱਕਾਂ ਦੀ ਅਦਾਇਗੀ ਦੀ ਵੀ ਵਿਸ਼ੇਸ਼ ਤੌਰ 'ਤੇ ਸਿੱਖਿਆ ਦਿੱਤੀ ਗਈ ਹੈ।ਬਟਾਲਾ 'ਚ ਮੁਸਲਮਾਨ ਭਾਈਚਾਰੇ ਨੇ ਈਦ-ਉਲ-ਫਿਤਰ ਦਾ ਪਵਿੱਤਰ ਦਿਨ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ। ਬਾਨੀ ਜਮਾਤ ਅਹਿਮਦੀਆ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਮਸੀਹੇ ਮਾਊਦ-ਵ-ਮਹਿਦੀ ਮਾਊਦ ਅਲੈਹਸਲਾਮ ਫਰਮਾਉਂਦੇ ਹਨ ਕਿ ਇਨਸਾਨਾਂ ਨਾਲ ਹਮਦਰਦੀ ਕਰਨਾ ਬਹੁਤ ਵੱਡੀ ਇਬਾਦਤ ਹੈ ਅਤੇ ਅੱਲ੍ਹਾ ਤਾਲਾ ਦੀ ਰਜ਼ਾ ਪ੍ਰਾਪਤ ਕਰਨ ਲਈ ਇਹ ਇੱਕ ਜ਼ਬਰਦਸਤ ਜ਼ਰੀਆ ਹੈ। ਇਸ ਮੌਕੇ ਸੀਨੀਅਰ ਕਾਂਗਰਸੀ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਸਮਾਗਮ 'ਚ ਸ਼ਿਰਕਤ ਕਰਦਿਆਂ ਮੁਸਲਮਾਨ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ।



## ਸੇਖਵਾਂ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਕੀਤੀਆਂ ਹੱਲ

**ਧਾਰੀਵਾਲ, (ਮਨਦੀਪ ਵਿੱਕੀ)**- ਆਮ ਆਦਮੀ ਪਾਰਟੀ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਆਪਣੀ ਰਿਹਾਇਸ਼ ਸੇਖਵਾਂ ਵਿਖੇ ਲੋਕ ਮਿਲਣੀ ਦੌਰਾਨ ਇਲਾਕੇ ਦੇ ਨਿਵਾਸੀਆਂ ਨਾਲ ਰੂਬਰੂ ਹੋ ਕੇ ਉਹਨਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਸੁਣਿਆ ਅਤੇ ਹਰ ਮਾਮਲੇ ਦੇ ਤੁਰੰਤ ਨਿਪਟਾਰੇ ਲਈ ਸੰਬੰਧਿਤ ਅਧਿਕਾਰੀਆਂ ਨੂੰ ਲਾਜ਼ਮੀ ਹਦਾਇਤਾਂ ਜਾਰੀ ਕੀਤੀਆਂ ਗਈਆਂ।ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਲੋਕ ਸੇਵਾ ਹੀ ਅਸਲ ਸੇਵਾ ਹੈ ਅਤੇ ਇਸੇ ਸਿਧਾਂਤ ਦੇ ਅਧਾਰ ਤੇ ਲੋਕਾਂ ਦੀ ਭਲਾਈ ਲਈ ਨਿਰੰਤਰ ਯਤਨ ਜਾਰੀ ਰਹਿਣਗੇ।ਉਨ੍ਹਾਂ ਅੱਗੇ ਕਿਹਾ ਕਿ ਹਲਕਾ ਕਾਦੀਆਂ ਵਿਖੇ ਸੜਕਾਂ, ਨਿਕਾਸੀ ਪ੍ਰਬੰਧ, ਪੀਣ ਵਾਲੇ ਪਾਣੀ, ਸਿੱਖਿਆ ਅਤੇ ਸਿਹਤ ਸਹੂਲਤਾਂ ਆਦਿ ਸਬੰਧੀ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਲੋਕ ਹਿੱਤ ਵਿੱਚ ਵਿਕਾਸ ਕਾਰਜ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਾਦੀਆਂ ਵਿਧਾਨ ਸਭਾ ਹਲਕੇ ਦੇ ਹਰ ਪਿੰਡ ਅੰਦਰ ਬੁਨਿਆਦੀ ਢਾਂਚੇ ਅਤੇ ਬਿਹਤਰ ਸਹੂਲਤਾਂ ਨਾਲ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਅਤੇ ਹਲਕੇ ਦੇ ਚਹੁੰਪੱਖੀ ਵਿਕਾਸ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।ਉਨ੍ਹਾਂ ਦੱਸਿਆ ਕਿ ਕਾਦੀਆਂ ਹਲਕੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਕਰਵਾਏ ਗਏ ਹਨ ਅਤੇ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।



## ਨਗਰ ਨਿਗਮ ਵੱਲੋਂ ਵਾਕਾਥਾਨ ਦਾ ਆਯੋਜਨ ਅੱਜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਅੰਮ੍ਰਿਤਸਰ ਨਗਰ ਨਿਗਮ ਵਿਸ਼ਵ ਜਲ ਦਿਵਸ ਦੇ ਮੌਕੇ ਪਾਣੀ ਦੀ ਸੰਭਾਲ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਾਕਾਥਾਨ ਦਾ ਆਯੋਜਨ ਕਰ ਰਿਹਾ ਹੈ।ਇਹ ਵਾਕਾਥਨ ਐਤਵਾਰ 22 ਮਾਰਚ 2026 ਨੂੰ ਸਵੇਰੇ 6:00 ਵਜੇ ਤੋਂ ਸਵੇਰੇ 9:00 ਵਜੇ ਤੱਕ ਪਾਈਟੈਕਸ ਮੇਲਾ ਗਰਾਊਂਡ, ਰਣਜੀਤ ਐਵੀਨਿਊ, ਡੀ ਬਲਾਕ ਵਿਖੇ ਆਯੋਜਿਤ ਕੀਤਾ ਜਾਵੇਗਾ।ਇਸ ਸਮਾਗਮ ਬਾਰੇ ਜਾਣਕਾਰੀ ਦਿੰਦੇ ਹੋਏ ਕੁਲਦੀਪ ਸਿੰਘ ਸੈਨੀ, ਪ੍ਰੋਜੈਕਟ ਮੈਨੇਜਰ, ਪੰਜਾਬ ਮਿਊਂਸੀਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ ਨੇ ਦੱਸਿਆ ਕਿ ਇਸ 3.5 ਕਿਲੋਮੀਟਰ ਲੰਬੇ ਵਾਕਾਥਾਨ ਦਾ ਉਦੇਸ਼ ਸ਼ਹਿਰ ਵਾਸੀਆਂ ਨੂੰ ਪਾਣੀ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਅਤੇ ਪਾਣੀ ਦੀ ਸੰਭਾਲ ਲਈ ਸਮੂਹਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਪਾਣੀ ਦੀ ਸੰਭਾਲ ਦੇ ਸੰਦੇਸ਼ ਨੂੰ ਫੈਲਾਉਣ ਵਿੱਚ ਮਦਦ ਕਰਨ ਦੀ ਅਪੀਲ ਕੀਤੀ।ਸਮਾਗਮ ਦੌਰਾਨ, ਭਾਗੀਦਾਰਾਂ ਨੂੰ ਪਾਣੀ ਦੀ ਸੰਭਾਲ, ਪਾਣੀ ਦੀ ਵਰਤੋਂ ਅਤੇ ਵਾਤਾਵਰਣ ਸੁਰੱਖਿਆ ਬਾਰੇ ਜਾਗਰੂਕ ਕੀਤਾ ਜਾਵੇਗਾ। ਵਾਕਾਥਾਨ ਵਿੱਚ ਹਿੱਸਾ ਲੈਣ ਲਈ, ਸ਼ਹਿਰ ਵਾਸੀ ਇਸ ਕਿਊ ਆਰ ਕੋਡ ਨੂੰ ਸਕੈਨ ਕਰਕੇ ਰਜਿਸਟਰ ਕਰ ਸਕਦੇ ਹਨ।

## ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਪੰਜਾਬ ਦੀ ਨਵੀਂ ਸੂਬਾ ਕਮੇਟੀ ਦੀ ਤਾਜਪੋਸ਼ੀ

**ਬਿਆਸ (ਪਰਮਜੀਤ ਸਿੰਘ ਰੱਖੜਾ)** ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਪੰਜਾਬ ਦੀ ਨਵੀਂ ਸੂਬਾ ਕਮੇਟੀ ਦੀ ਤਾਜਪੋਸ਼ੀ ਸਾਬਕਾ ਸੂਬਾ ਪ੍ਰਧਾਨ ਬਲਦੇਵ ਸਿੰਘ ਮੰਢਾਲੀ ਦੀ ਗੈਰ-ਹਾਜ਼ਰੀ ਵਿੱਚ ਸਾਬਕਾ ਸੂਬਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਚਾਹਲ ਵੱਲੋਂ ਨਿਭਾਈ ਗਈ। ਉਹਨਾ ਵੱਲੋਂ ਸੂਬਾ ਪ੍ਰਧਾਨ ਗੁਰਭੇਜ ਸਿੰਘ ਢਿੱਲੋਂ ਅਤੇ ਕਰਮਜੀਤ ਸਿੰਘ ਖੀਵਾ ਸੂਬਾ ਜਨਰਲ ਸਕੱਤਰ ਅਤੇ ਸਮੂਹ ਸੂਬਾ ਕਮੇਟੀ ਮੈਂਬਰਾਂ ਨੂੰ ਹਾਰ ਪਾ ਕੇ ਸਨਮਾਨਤ ਕੀਤਾ ਗਿਆ ਤੇ ਸੂਬਾ ਜਥੇਬੰਦਕ ਨੂੰ ਕੁਰਸੀਆਂ 'ਤੇ ਬਿਠਾਇਆ ਗਿਆ। 25 ਫਰਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ ਸੂਬਾ ਕਮੇਟੀ ਦੀ ਚੋਣ ਕਾਰਵਾਈ ਦੇ ਰਜਿਸਟਰ ਸੂਬਾ ਜਨਰਲ ਸਕੱਤਰ ਨੂੰ ਸੌਂਪ ਦਿੱਤੇ ਗਏ। ਉਹਨਾਂ ਜਥੇਬੰਦੀ ਦੇ ਸੰਵਿਧਾਨ ਅਤੇ ਪਿਛਲੀ ਕਮੇਟੀ ਦੀ ਜਥੇਬੰਦਕ ਰਿਪੋਰਟ ਦੀਆਂ ਕਾਪੀਆਂ ਵੀ ਜਨਰਲ ਸਕੱਤਰ ਨੂੰ ਸੌਂਪੀਆਂ। ਚਾਹਲ ਵੱਲੋਂ ਮੁਲਾਜ਼ਮ ਫਰੰਟ ਪੰਜਾਬ ਅਤੇ ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਬਣਦੀ ਹਿੱਸੇਦਾਰੀ ਸੰਬੰਧੀ ਵੀ ਸੂਬਾ ਵਰਕਿੰਗ ਕਮੇਟੀ ਨੂੰ ਜਾਣਕਾਰੀ ਦਿੱਤੀ ਗਈ। ਸੂਬਾ ਕਮੇਟੀ ਦੀ ਤਾਜਪੋਸ਼ੀ ਸਮੇਂ ਹਰਪਿੰਦਰ ਸਿੰਘ ਚਾਹਲ , ਸੁਖਦੇਵ ਸਿੰਘ ਖਹਿਰਾ ਬਲਵਿੰਦਰ ਸਿੰਘ ਰਾਣਾ (ਤਿੰਨੇ ਸੀਨੀਅਰ ਮੀਤ ਪ੍ਰਧਾਨ) ਵਰਿੰਦਰ ਪਾਲ ਸਿੰਘ ਲਾਡੀ, ਸਕੱਤਰ ਸਿੰਘ ਮਾਹਲ, ਗਗਨਦੀਪ ਸ਼ਰਮਾ ,ਭੁਪਿੰਦਰ ਸਿੰਘ ਸਮਾਣਾ (ਚਾਰੇ ਮੀਤ ਪ੍ਰਧਾਨ) ਹਰਜੀਤ ਸਿੰਘ ਔਲਖ (ਡਿਪਟੀ ਜਨਰਲ ਸਕੱਤਰ) ਗੁਰਪ੍ਰੀਤ ਸਿੰਘ ਸਹੋਤਾ, ਰਜੇਸ਼ ਕੁਮਾਰ ਲੁਧਿਆਣਾ, ਗੁਰਪ੍ਰੀਤ ਸਿੰਘ ਨਾਭਾ, ਗੁਰਬੰਤ ਸਿੰਘ ਸੋਈ, (ਚਾਰੇ ਸਕੱਤਰ) ਤਰਲੋਚਨ ਸਿੰਘ ਕੋਲੀਆ, ਵਿੱਤ ਸਕੱਤਰ, ਅਮਿਤ ਗਰਗ, ਦਫਤਰੀ ਸਕੱਤਰ, ਇਕਬਾਲ ਸਿੰਘ ਸਹੋਤਾ, ਗੁਲਸ਼ਨ ਸ਼ਰਮਾ ਬਾਰਡਰ ਜ਼ੋਨ ਅੰਮ੍ਰਿਤਸਰ (ਕਨੂੰਨੀ ਸੁਲਾਹਕਾਰ), ਮਨਜੀਤ ਸਿੰਘ ਢਿੱਲੋਂ, ਹੁਸ਼ਿਆਰ ਸਿੰਘ, ਬਲਰਾਜ ਸਿੰਘ, ਕੁਲਦੀਪ ਸਿੰਘ ਬੱਪੀਆਣਾ, ਮੋਹਣ ਸਿੰਘ ਬੂਟਾ, ਕੁਲਵੰਤ ਸਿੰਘ ਅਟਵਾਲ, ਰਜਿੰਦਰ ਸਿੰਘ, ਜਬਲ ਚੱਠਾ, ਰਜਿੰਦਰ ਕੁਮਾਰ ਦੱਤਾ, ਨਵਦੀਪ ਸਿੰਘ ,ਚਰਨਜੀਤ ਸਿੰਘ, ਗਗਨਪ੍ਰੀਤ ਸਿੰਘ ਪਟਿਆਲਾ, ਜਸਬੀਰ ਸਿੰਘ ਦੁੱਗਲ, (ਸਾਰੇ ਸਰਕਲ ਪ੍ਰਧਾਨ) ਉਗਰ ਸਿੰਘ ਜ਼ੋਨ ਪ੍ਰਧਾਨ ਪੀ ਐੱਮ ਜ਼ੋਨ ਲੁਧਿਆਣਾ ਸਰਬਜੀਤ ਸਿੰਘ ਲੰਗ ਸਮੇਤ ਆਦਿ ਮੈਂਬਰ ਹਾਜ਼ਰ ਸਨ।



## ਭਕਨਾ ਕਲਾਂ ਇਲਾਕੇ 'ਚ ਦਿਨ-ਦਿਹਾੜੇ ਲੁੱਟਾਂ-ਖੋਹਾਂ; ਲੋਕਾਂ 'ਚ ਸਹਿਮ ਦਾ ਮਾਹੌਲ

**ਅਟਾਰੀ (ਸਤਬੀਰ ਸਿੰਘ ਭੀਲ)** ਪਿੰਡ ਭਕਨਾ ਖੁਰਦ ਦੇ ਨੌਜਵਾਨ ਰਾਜਬੀਰ ਸਿੰਘ ਨੇ ਘਟਨਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਉਹ ਆਪਣੀ ਦੁਕਾਨ 'ਤੇ ਬੈਠਾ ਸੀ ਤਾਂ ਕੋਈ 12 ਵਜੇ ਦੇ ਕਰੀਬ ਇੱਕ ਵਿਅਕਤੀ ਮੋਟਰਸਾਈਕਲ 'ਤੇ ਆਇਆ ਜਿਸ ਨੇ ਆਪਣਾ ਪੂਰਾ ਮੂੰਹ ਢੱਕਿਆ ਹੋਇਆ ਸੀ। ਉਹ ਸਿੱਧਾ ਮੇਰੀ ਦੁਕਾਨ ਅੰਦਰ ਆ ਗਿਆ ਤੇ ਬੱਚਿਆਂ ਦੇ ਕੱਪੜਿਆਂ ਦੀ ਮੰਗ ਕਰਨ ਲੱਗਾ। ਮੈਂ ਕਿਹਾ ਕਿ ਅਸੀਂ ਸਿਰਫ ਨੌਜਵਾਨਾਂ ਦੇ ਹੀ ਕੱਪੜੇ ਰੱਖਦੇ ਹਾਂ। ਫਿਰ ਉਸ ਨੇ ਡੱਬ ਵਿੱਚੋਂ ਪਿਸਤੌਲ ਕੱਢ ਕੇ ਪੈਸਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਮੇਰੇ ਵਿਰੋਧ ਕਰਨ 'ਤੇ ਉਸ ਨੇ ਮੈਨੂੰ ਗਲੇ ਤੋਂ ਫੜ ਲਿਆ ਅਤੇ ਗੋਲੀ ਮਾਰਨ ਦੀ ਧਮਕੀ ਦੇਣ ਲੱਗਾ। ਲੋਕਾਂ ਦਾ ਰੌਲਾ ਸੁਣ ਕੇ ਧਮਕੀਆਂ ਦਿੰਦਾ ਹੋਇਆ ਮੋਟਰਸਾਈਕਲ ਲੈ ਕੇ ਫਰਾਰ ਹੋ ਗਿਆ ।ਪ੍ਰਧਾਨ ਗੁਰਸੇਵਕ ਸਿੰਘ, ਹੀਰਾ ਸਿੰਘ, ਸਾਬਕਾ ਸਰਪੰਚ ਰਾਕੇਸ਼ ਗੁਜਰਾਲ, ਡਾਕਟਰ ਸਰਬਜੀਤ ਸਿੰਘ, ਪਰਮਜੀਤ ਸਿੰਘ, ਸਰਪੰਚ ਗੁਰਦੀਪ ਸਿੰਘ, ਸਰਪੰਚ ਅਵਤਾਰ ਸਿੰਘ, ਕਿਸਾਨ ਆਗੂ ਜਗਰੂਪ ਸਿੰਘ ਮੀਆਂਪੁਰ, ਮੈਂਬਰ ਸਤਨਾਮ ਸਿੰਘ ਆਦਿ ਆਗੂਆਂ ਨੇ ਸਰਕਾਰ ਤੇ ਪੁਲਸ ਪ੍ਰਸ਼ਾਸਨ ਅੱਗੇ ਮੰਗ ਕੀਤੀ ਹੈ ਕਿ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਕਰਨ ਲਈ ਸਮਾਜ ਵਿੱਚ ਵਿਚਰਦੇ ਗਲਤ ਅਨਸਰਾਂ ਨੂੰ ਨੱਥ ਪਾਈ ਜਾਵੇ ।ਅੱਡਾ ਯੂਨੀਅਨ ਦੇ ਪ੍ਰਧਾਨ ਜਸਬੀਰ ਸਿੰਘ ਗਿੱਲ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਾਡੀ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਅੱਗੇ ਮੰਗ ਹੈ ਕਿ ਸਾਡੇ ਦੁਕਾਨਦਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਪਹਿਲਾਂ ਵੀ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਹਮੇਸ਼ਾ ਹੀ ਲੁਟੇਰੇ ਪੁਲਸ ਦੀ ਪਹੁੰਚ ਤੋਂ ਦੂਰ ਰਹਿੰਦੇ ਹਨ।



## ਗੁ. ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਵੱਖ-ਵੱਖ ਕਾਰ ਸੇਵਾਵਾਂ ਦੀ ਆਰੰਭਤਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਓਢੀ ਦੇ ਬਾਹਰ ਸੰਗਤਾਂ ਦੀ ਸਹੂਲਤ ਲਈ ਮੋਟਰਸਾਈਕਲ ਤੇ ਸਕੂਟਰ ਸਟੈਂਡ, ਜੋੜਾ ਘਰ, ਗਠੜੀ ਘਰ ਅਤੇ ਸੰਗਤਾਂ ਲਈ ਵਾਸ਼ਰੂਮ ਬਣਾਉਣ ਲਈ ਕਾਰ ਸੇਵਾ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਜਗਤਾਰ ਸਿੰਘ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਵਾਲਿਆਂ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਟੱਕ ਲਗਾ ਕੇ ਸ਼ੁਰੂਆਤ ਕੀਤੀ ਗਈ।ਇਸ ਤੋਂ ਪਹਿਲਾਂ ਦੀਵਾਨ ਹਾਲ ਵਿਖੇ ਗੁਰਬਾਣੀ ਕੀਰਤਨ ਮਗਰੋਂ ਕਾਰ ਸੇਵਾ ਦੀ ਆਰੰਭਤਾ ਦੀ ਅਰਦਾਸ ਹੋਈ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਗੁਰਬਚਨ ਸਿੰਘ ਕਰਮੂੰਵਾਲਾ, ਗੁਰਬਖ਼ਸ਼ ਸਿੰਘ ਖਾਲਸਾ, ਅਮਰਜੀਤ ਸਿੰਘ ਭਲਾਈਪੁਰ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਐਕਸੀਅਨ ਸੁਖਜਿੰਦਰ ਸਿੰਘ, ਬਾਬਾ ਕਾਰਜ ਸਿੰਘ, ਬਾਬਾ ਅਵਤਾਰ ਸਿੰਘ ਭੈਲ, ਬਾਬਾ ਰਣਜੀਤ ਸਿੰਘ, ਬਾਬਾ ਅਵਤਾਰ ਸਿੰਘ, ਮੈਨੇਜਰ ਹਰਜਿੰਦਰ ਸਿੰਘ ਪੱਟੀ, ਭਗਵੰਤ ਸਿੰਘ, ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।



## ਨਗਰ ਨਿਗਮ ਅੰਮ੍ਰਿਤਸਰ ਵੱਲੋਂ ਇੱਕ ਨਵੀਂ ਪਹਿਲਕਦਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਸਾਫ਼-ਸਫਾਈ ਨੂੰ ਬਣਾਈ ਰੱਖਣ ਅਤੇ ਨਾਗਰਿਕਾਂ ਵਿੱਚ ਜ਼ਿੰਮੇਵਾਰ ਵਿਹਾਰ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਵਚਨ ਨੂੰ ਜਾਰੀ ਰੱਖਦਿਆਂ, ਨਗਰ ਨਿਗਮ ਅੰਮ੍ਰਿਤਸਰ ਵੱਲੋਂ ਸ਼ਹਿਰ ਦੀਆਂ ਸੜਕਾਂ 'ਤੇ ਕੂੜਾ ਸੁੱਟਣ ਤੋਂ ਰੋਕਣ ਲਈ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ।ਇਸ ਪਹਿਲ ਦੇ ਤਹਿਤ ਸ਼ਹਿਰ ਭਰ ਦੇ ਦੁਕਾਨਦਾਰਾਂ ਅਤੇ ਹੋਰ ਵਪਾਰਕ ਸਥਾਨਾਂ ਦੇ ਕਾਊਂਟਰਾਂ 'ਤੇ ਜਾਗਰੂਕਤਾ ਸਟਿੱਕਰ ਲਗਾਏ ਜਾ ਰਹੇ ਹਨ।ਇਹ ਸਟਿੱਕਰ ਦੁਕਾਨਦਾਰਾਂ ਅਤੇ ਗਾਹਕਾਂ ਨੂੰ ਕੂੜਾ ਨਾ ਸੁੱਟਣ ਅਤੇ ਸਾਫ਼ ਵਾਤਾਵਰਣ ਬਣਾਈ ਰੱਖਣ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਹਨ।ਇਹ ਮੁਹਿੰਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚਲਾਈ ਜਾ ਰਹੀ ਹੈ, ਜਿਸ ਵਿੱਚ ਸਿਹਤ ਅਤੇ ਸਫਾਈ ਵਿਭਾਗ ਸਰਗਰਮ ਭੂਮਿਕਾ ਨਿਭਾ ਰਹੇ ਹਨ। ਦੁਕਾਨਦਾਰਾਂ ਨੂੰ ਸਾਫ਼ ਅੰਮ੍ਰਿਤਸਰ ਦੇ ਮਿਸ਼ਨ ਵਿੱਚ ਜ਼ਿੰਮੇਵਾਰ ਭਾਗੀਦਾਰ ਬਣਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਕੂੜੇ ਦਾ ਠੀਕ ਨਿਪਟਾਰਾ ਯਕੀਨੀ ਬਣਾਉਣ ਅਤੇ ਗਾਹਕਾਂ ਨੂੰ ਕੂੜਾ ਸੁੱਟਣ ਤੋਂ ਰੋਕਣ।ਇਸ ਮੌਕੇ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਸਫਾਈ ਸਾਂਝੀ ਜ਼ਿੰਮੇਵਾਰੀ ਹੈ।ਅਜਿਹੀਆਂ ਪਹਿਲਾਂ ਰਾਹੀਂ ਅਸੀਂ ਨਾਗਰਿਕਾਂ ਅਤੇ ਵਪਾਰਕ ਸਥਾਪਨਾਵਾਂ ਵਿੱਚ ਵਿਹਾਰਕ ਬਦਲਾਅ ਲਿਆਉਣਾ ਚਾਹੁੰਦੇ ਹਾਂ।ਇਸ ਤਰ੍ਹਾਂ ਦੇ ਛੋਟੇ ਕਦਮ ਅੰਮ੍ਰਿਤਸਰ ਨੂੰ ਹੋਰ ਸਾਫ਼ ਅਤੇ ਸੁੰਦਰ ਬਣਾਉਣ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਨ।ਇਹ ਕਦਮ ਨਗਰ ਨਿਗਮ ਵੱਲੋਂ ਸਾਫ਼, ਹਰਿਆ ਭਰਿਆ ਅਤੇ ਟਿਕਾਊ ਅੰਮ੍ਰਿਤਸਰ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਨੂੰ ਦਰਸਾਉਂਦਾ ਹੈ।

## ਮਾਨ ਸਰਕਾਰ ਦੇ ਚਾਰ ਸਾਲਾ ਰਾਜ 'ਚ ਇਤਿਹਾਸਕ ਵਿਕਾਸ ਹੋਇਆ : ਸੀਮਾ ਸੋਢੀ

**ਅਟਾਰੀ (ਸਤਬੀਰ ਭੀਲ)**- ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਮੌਕੇ ਆਮ ਆਦਮੀ ਪਾਰਟੀ ਅਟਾਰੀ ਦੀ ਚੇਅਰਮੈਨ ਸੀਮਾ ਸੋਢੀ ਨੇ ਕਿਹਾ ਕਿ ਮਾਨ ਸਰਕਾਰ ਦੇ ਚਾਰ ਸਾਲਾ ਸ਼ਾਸਨ ਕਾਲ 'ਚ ਸਿਹਤ, ਸਿੱਖਿਆ, ਰੋਜ਼ਗਾਰ, ਕਿਸਾਨੀ, ਮਹਿਲਾ ਭਲਾਈ, ਉਦਯੋਗਿਕ ਵਿਕਾਸ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵੱਡੇ ਬਦਲਾਅ ਆਏ ਹਨ।ਉਨ੍ਹਾਂ ਦੱਸਿਆ ਕਿ ਸਿਹਤ ਦੇ ਖੇਤਰ ਵਿੱਚ ਸਰਕਾਰ ਵੱਲੋਂ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ।ਆਮ ਆਦਮੀ ਕਲੀਨਿਕਾਂ ਵਿੱਚ ਮੁਫ਼ਤ ਦਵਾਈਆਂ ਅਤੇ ਟੈਸਟ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ ਹੁਣ ਤੱਕ 2,661 ਡਾਕਟਰ, ਪੈਰਾ-ਮੈਡੀਕਲ ਸਟਾਫ ਅਤੇ ਕਲੀਨਿਕਲ ਸਟਾਫ ਦੀ ਭਰਤੀ ਕੀਤੀ ਗਈ ਹੈ।ਇਸ ਤੋਂ ਇਲਾਵਾ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ।ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਅਤੇ 845 ਵਿਦਿਆਰਥੀਆਂ ਨੇ ਪਰੀਖਿਆ ਪਾਸ ਕੀਤੀ ਹੈ।ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ 15,000 ਤੋਂ ਵੱਧ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਅਤੇ 12,000 ਤੋਂ ਵੱਧ ਅਧਿਆਪਕਾਂ ਨੂੰ ਤਰੱਕੀ ਦਿੱਤੀ ਗਈ ਹੈ।ਸਕੂਲਾਂ ਵਿੱਚ ਆਧੁਨਿਕ ਲੈਬੋਰਟਰੀਆਂ, ਲਾਇਬ੍ਰੇਰੀਆਂ ਅਤੇ ਬੁਨਿਆਦੀ ਢਾਂਚੇ ਨੂੰ ਵੀ ਵੱਡੇ ਪੱਧਰ 'ਤੇ ਮਜ਼ਬੂਤ ਕੀਤਾ ਗਿਆ ਹੈ।ਹੁਣ ਤੱਕ 65,264 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਨੌਜਵਾਨਾਂ ਲਈ 5 ਲੱਖ ਤੋਂ ਜ਼ਿਆਦਾ ਪ੍ਰਾਈਵੇਟ ਸੈਕਟਰ ਵਿੱਚ ਨੌਕਰੀਆਂ ਦਿੱਤੀਆਂ ਗਈਆਂ ਹਨ ।ਜਨਰਲ ਵਰਗ ਦੀ ਮਹਿਲਾ ਨੂੰ 1,000 ਰੁਪਏ ਪ੍ਰਤੀ ਮਹੀਨਾ ਅਤੇ ਐੱਸਸੀ ਵਰਗ ਦੀਆਂ ਮਹਿਲਾਵਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਦਿੱਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸ਼ਹੀਦਾਂ ਦੀਆਂ ਧੀਆਂ ਨੂੰ 1 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਦੇ ਕੇ ਸਰਕਾਰ ਵੱਲੋਂ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਉਦਯੋਗਿਕ ਵਿਕਾਸ ਨੂੰ ਤਰੱਕੀ ਦੇਣ ਲਈ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ 1.55 ਲੱਖ ਕਰੋੜ ਰੁਪਏ ਤੋਂ ਵੱਧ ਦਾ ਉਦਯੋਗਿਕ ਨਿਵੇਸ਼ ਆਇਆ ਹੈ ਜਿਸ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ ਹਨ।ਪੰਜਾਬ ਦੇ ਪਿੰਡਾਂ ਵਿੱਚ 49,000 ਕਿਲੋਮੀਟਰ ਤੋਂ ਵੱਧ ਸੜਕਾਂ ਦਾ ਨਿਰਮਾਣ ਅਤੇ ਨਵੀਨੀਕਰਨ ਕੀਤਾ ਗਿਆ ਹੈ ਅਤੇ 13,000 ਤੋਂ ਵੱਧ ਪਿੰਡਾਂ ਵਿੱਚ ਤਲਾਬਾਂ ਦੀ ਸਫਾਈ ਕੀਤੀ ਗਈ ਹੈ।ਹੁਣ ਤੱਕ 50,238 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 32,620 ਕਿੱਲੋ ਨਸ਼ਾ ਜ਼ਬਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੜਕ ਹਾਦਸਿਆਂ ਵਿੱਚ ਵੀ ਵੱਡੀ ਕਮੀ ਆਈ ਹੈ ਅਤੇ ਮੌਤ ਦਰ ਵਿੱਚ 50.12% ਦੀ ਘਟਾਓ ਦਰਜ ਕੀਤੀ ਗਈ ਹੈ ਅਤੇ 47,000 ਲੋਕਾਂ ਨੂੰ ਮਦਦ ਪਹੁੰਚਾਈ ਗਈ ਹੈ।ਸੋਢੀ ਨੇ ਦੱਸਿਆ ਕਿ 90% ਘਰਾਂ ਨੂੰ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਇਸ ਮੌਕੇ ਰਣਜੀਤ ਸਿੰਘ ਕਾਨਗੜ੍ਹ, ਰਾਕੇਸ਼ ਕੁਮਾਰ ਰਾਜੂ, ਸਤਨਾਮ ਸਿੰਘ ਸੱਤਾ ਢੋਡੀ ਵਿੰਡ, ਗੁਰਦੇਵ ਸਿੰਘ, ਸੋਨੀ ਖੰਨਾ, ਬਲਕਾਰ ਸਿੰਘ ਸਾਬਕਾ ਸਰਪੰਚ ਆਦਿ ਆਗੂ ਹਾਜ਼ਰ ਸਨ।



## ਛੰਭ ਏਰੀਏ ਦੇ ਖੇਤਾਂ 'ਚ ਪਾਣੀ ਨਾ ਸੁੱਕਣ ਕਾਰਨ ਕਿਸਾਨਾਂ ਨੂੰ ਗੰਨੇ ਦੀ ਫ਼ਸਲ ਕੱਢਣੀ ਹੋਈ ਔਖੀ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਅੰਦਰ ਬੇਟ ਇਲਾਕੇ ਦੇ ਛੰਭ ਕਾਹਨੂੰਵਾਨ ਵਿਚ ਬੇਮੌਸਮੀ ਬਰਸਾਤ ਨੇ ਗੰਨੇ ਦੀ ਫ਼ਸਲ ਨੂੰ ਕਾਫ਼ੀ ਪ੍ਰਭਾਵਿਤ ਕਰ ਦਿੱਤਾ ਹੈ ਅਤੇ ਸੈਂਕੜੇ ਏਕੜ ਕਮਾਦ ਦੀ ਫ਼ਸਲ ਖ਼ਰਾਬ ਹੋਣ ਦੀ ਉਮੀਦ ਹੈ ਜਦੋਂ ਕਿ ਮਾਰਚ ਦੇ ਅਖੀਰਲੇ ਮਹੀਨੇ ਗੰਨੇ ਦੀ ਮਿਲਾਂ ਬੰਦ ਹੋਣ ਨਾਲ ਕਿਸਾਨਾਂ ਨੂੰ ਕਾਫ਼ੀ ਘਾਟਾ ਸਹਿਣਾ ਪਵੇਗਾ। ਬੇਟ ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਮਹੀਨੇ ਹੋਈ ਬਰਸਾਤ ਦਾ ਪਾਣੀ ਖੇਤਾਂ ਵਿਚੋਂ ਸੁਕਿਆ ਸੀ ਅਤੇ ਗੰਨੇ ਦੀ ਕਟਾਈ ਚਾਲੂ ਕਰਵਾਈ ਸੀ ਪਰ ਹੁਣ ਬੇਮੌਸਮੀ ਬਰਸਾਤ ਨੇ ਖੇਤਾਂ ਵਿਚ ਪਾਣੀ-ਪਾਣੀ ਕਰ ਦਿੱਤਾ ਹੈ। ਇਸ ਨਾਲ ਅਜੇ ਵੀ ਛੰਭ ਕਾਹਨੂੰਵਾਨ ਏਰੀਏ ਵਿਚ ਗੰਨੇ ਦੀ ਸੈਂਕੜੇ ਏਕੜ ਫ਼ਸਲ ਖੜ੍ਹੀ ਹੈ ਅਤੇ ਉਹ ਸੇਮ ਦੇ ਪਾਣੀ ਨਿਕਲਣ ਨਾਲ ਕਿਸਾਨਾਂ ਲਈ ਸਿਰਦਰਦੀ ਬਣ ਗਈ ਹੈ। ਉਨ੍ਹਾਂ ਦੱਸਿਆ ਕਿ ਗੰਨਾ ਮਿੱਲਾਂ 31 ਮਾਰਚ ਤੱਕ ਬੰਦ ਹੋ ਜਾਣੀਆਂ ਹਨ ਅਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕਾਫ਼ੀ ਮਾਰ ਝਲਣੀ ਪਵੇਗੀ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਗੰਨੇ ਦੀਆਂ ਮਿੱਲਾਂ ਨੂੰ ਅਪ੍ਰੈਲ ਮਹੀਨੇ ਤੱਕ ਚਲਾਉਣ ਦੀ ਹਦਾਇਤ ਕੀਤੀ ਜਾਵੇ ਅਤੇ ਜਿਨ੍ਹਾਂ ਕਿਸਾਨਾਂ ਦਾ ਅਜੇ ਤੀਕ ਕਮਾਦ ਮਿੱਲਾਂ ਵਿਚ ਨਹੀਂ ਗਿਆ ਹੈ ਅਤੇ ਉਸ ਨੂੰ ਖ਼ਰੀਦਣ ਤੋਂ ਬਾਅਦ ਮਿੱਲਾਂ ਬੰਦ ਕਰਵਾਈਆਂ ਜਾਣ ਜਿਸ ਨਾਲ ਕਿਸਾਨਾਂ ਨੂੰ ਮਾਲੀ ਨੁਕਸਾਨ ਨਾ ਝੱਲਣਾ ਪਵੇ।



## ਭਾਰਤੀ ਕਿਸਾਨ ਯੂਨੀਅਨ ਵੱਲੋਂ ਪਿੰਡਾਂ 'ਚ ਕਾਨਫਰੰਸਾਂ



**ਧੂਰੀ** (ਮੋਹਿਤ ਗਰਗ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਤੇ ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ ਕਲਾਂ ਦੀ ਅਗਵਾਈ ਹੇਠ ਪਿੰਡ ਭਲਵਾਨ, ਕੱਕੜਵਾਲ ਤੇ ਚਾਂਗਲੀ ਵਿਖੇ 'ਸਾਮਰਾਜ ਵਿਰੋਧੀ ਕਾਨਫਰੰਸ' ਸਬੰਧੀ ਮੀਟਿੰਗਾਂ ਕੀਤੀਆਂ।ਮੀਟਿੰਗਾਂ ਦੌਰਾਨ ਕਿਸਾਨ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਅਤੇ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਕਿਹਾ ਕਿ ਮੌਜੂਦਾ ਸਰਕਾਰਾਂ ਮਜ਼ਦੂਰਾਂ ਅਤੇ ਕਿਸਾਨਾਂ ਦਾ ਗਲਾ ਘੁੱਟਣ ਵਾਲੀਆਂ ਨੀਤੀਆਂ ਲਾਗੂ ਕਰ ਰਹੀਆਂ ਹਨ।ਉਨ੍ਹਾਂ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦੇਸ਼ ਨੂੰ ਈਸਟ ਇੰਡੀਆ ਕੰਪਨੀ ਤੋਂ ਆਜ਼ਾਦ ਕਰਵਾਉਣ ਲਈ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ ਸਨ, ਅੱਜ ਕੇਂਦਰ ਸਰਕਾਰ ਅਮਰੀਕਾ ਵਰਗੇ ਮੁਲਕਾਂ ਨਾਲ ਵਪਾਰਕ ਸਮਝੌਤੇ ਕਰਕੇ ਦੇਸ਼ ਨੂੰ ਮੁੜ ਗੁਲਾਮੀ ਵੱਲ ਧੱਕ ਰਹੀ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੇ ਫੈਸਲਿਆਂ ਨਾਲ ਸਥਾਨਕ ਵਪਾਰ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ।ਆਗੂਆਂ ਨੇ ਸਮੂਹ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ 23 ਮਾਰਚ ਨੂੰ ਬਰਨਾਲਾ ਦੀ ਦਾਣਾ ਮੰਡੀ ਵਿੱਚ ਵੱਡੀ ਕਾਨਫਰੰਸ ਕੀਤੀ ਜਾ ਰਹੀ ਹੈ।

## ਨਰਸਿੰਗ ਸਕੂਲ ਮਾਤਾ ਕੁਸ਼ੱਲਿਆ 'ਚ ਮਨਾਇਆ ਵਿਸ਼ਵ ਓਰਲ ਹੈੱਲਥ ਦਿਵਸ



**ਪਟਿਆਲਾ** (ਰਾਜਿੰਦਰ ਸਿੰਘ ਥਿੰਦ)-ਮੂੰਹ ਦੀ ਸਾਫ਼-ਸਫ਼ਾਈ ਤੇ ਬਿਮਾਰੀਆਂ ਤੋਂ ਬਚਾਅ ਦੀ ਜਾਗਰੂਕਤਾ ਲਈ ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਡੈਂਟਲ ਸਿਹਤ ਅਫ਼ਸਰ ਡਾ. ਸੁਨੰਦਾ ਗਰੋਵਰ ਦੀ ਅਗਵਾਈ ਹੇਠ ਵਿਸ਼ਵ ਓਰਲ ਸਿਹਤ ਦਿਵਸ ਮੌਕੇ ਨਰਸਿੰਗ ਸਕੂਲ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ. ਸੁਨੰਦਾ ਗਰੋਵਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੰਦਾਂ ਦੀ ਸੰਭਾਲ ਲਈ ਸਾਨੂੰ ਦਿਨ ਵਿੱਚ ਦੋ ਵਾਰ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਜ਼ਰੂਰ ਬੁਰਸ਼ ਕਰਨਾ ਚਾਹੀਦਾ ਹੈ।ਮਿਠੀਆਂ ਜਾਂ ਦੰਦਾਂ ਨੂੰ ਚਿਪਕਣ ਵਾਲੇ ਪਦਾਰਥਾਂ ਨੂੰ ਖਾਣ ਤੋਂ ਗੁਰੇਜ਼ ਕੀਤਾ ਜਾਵੇ ਤੇ ਜੇਕਰ ਖਾਣੇ ਵੀ ਹਨ ਤਾਂ ਅਜਿਹੀਆਂ ਚੀਜ਼ਾਂ ਖਾਣ ਤੋਂ ਬਾਅਦ ਬੁਰਸ਼ ਜ਼ਰੂਰ ਕੀਤਾ ਜਾਵੇ।ਹਰੇਕ ਛੇ ਮਹੀਨੇ ਬਾਅਦ ਦੰਦਾਂ ਦੇ ਮਾਹਰ ਡਾਕਟਰ ਤੋਂ ਚੈੱਕਅਪ ਜ਼ਰੂਰ ਕਰਾਇਆ ਜਾਵੇ।ਡੈਂਟਲ ਮੈਡੀਕਲ ਅਫ਼ਸਰ ਮਾਤਾ ਕੁਸ਼ੱਲਿਆ ਹਸਪਤਾਲ ਡਾ. ਨਿਰਮਲ ਨੇ ਕਿਹਾ ਚੰਗੇ ਤੇ ਸਿਹਤਮੰਦ ਦੰਦ ਤੰਦਰੁਸਤ ਸਿਹਤ ਦਾ ਆਧਾਰ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਪਾਨ, ਤੰਬਾਕੂ, ਜਰਦਾ ਆਦਿ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕਰਦੇ ਕਿਹਾ ਕਿ ਇਨ੍ਹਾਂ ਪਦਾਰਥਾਂ ਦੇ ਸੇਵਨ ਨਾਲ ਮੂੰਹ, ਜਬਾੜੇ ਆਦਿ ਦਾ ਕੈਂਸਰ ਹੋ ਸਕਦਾ ਹੈ, ਜੋ ਮੱਨੁਖ ਨੂੰ ਸਰੀਰਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਪ੍ਰਭਾਵਤ ਕਰਦੇ ਹਨ।ਇਸ ਮੌਕੇ ਨਰਸਿੰਗ ਵਿਦਿਆਰਥੀਆਂ ਨੇ ਨੁੱਕੜ ਨਾਟਕ ਵੀ ਪੇਸ਼ ਕੀਤਾ।ਨਰਸਿੰਗ ਵਿਦਿਆਰਥੀਆਂ ਦਾ ਪੋਸਟਰ ਮੁਕਾਬਲਾ ਕਰਾਇਆ ਗਿਆ ਅਤੇ ਪਹਿਲੇ ਤਿੰਨ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ।

## ਦੇਸ਼ ਭਗਤ ਗਲੋਬਲ ਸਕੂਲ 'ਚ ਉਤਸ਼ਾਹ ਨਾਲ ਮਨਾਇਆ ਗ੍ਰੈਜੂਏਸ਼ਨ ਡੇਅ



**ਮੰਡੀ ਗੋਬਿੰਦਗੜ੍ਹ** (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਾਇਮਰੀ ਵਿੰਗ ਵੱਲੋਂ ਕਿੰਡਰਗਾਰਟਨ ਦੇ ਵਿਦਿਆਰਥੀਆਂ ਦਾ ਗ੍ਰੈਜੂਏਸ਼ਨ ਡੇਅ ਬੜੇ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ, ਜੋ ਨੰਨ੍ਹੇ ਵਿਦਿਆਰਥੀਆਂ ਦੀ ਸਿੱਖਿਆ ਯਾਤਰਾ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਸਮਾਗਮ ਦੀ ਸ਼ੁਰੂਆਤ ਸ਼ੁਭ ਦੀਪ ਜਗਾਉਣ ਦੀ ਰਸਮ ਨਾਲ ਹੋਈ, ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦੀ ਪ੍ਰਾਪਤੀ ਦਾ ਪ੍ਰਤੀਕ ਹੈ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਸੁਆਗਤ ਨ੍ਰਿਤਯ ਆਪਣੀ ਰੰਗੀਨ ਤੇ ਜੀਵੰਤ ਪ੍ਰਸਤੁਤੀ ਨਾਲ ਦਰਸ਼ਕਾਂ ਨੂੰ ਮੋਹ ਲਿਆ ਤੇ ਸਮਾਗਮ ਵਿੱਚ ਖੁਸ਼ੀ ਭਰਿਆ ਮਾਹੌਲ ਪੈਦਾ ਕੀਤਾ।ਸਮਾਗਮ ਦਾ ਮੁੱਖ ਆਕਰਸ਼ਣ ਬਾਲਵਾਟਿਕਾ-999 ਦੇ ਵਿਦਿਆਰਥੀਆਂ ਦਾ ਦੀਕਸ਼ਾਂਤ ਸਮਾਰੋਹ ਸੀ। ਗ੍ਰੈਜੂਏਸ਼ਨ ਪਹਿਰਾਵੇ 'ਚ ਸਜੇ ਨੰਨ੍ਹੇ ਵਿਦਿਆਰਥੀ ਸਟੇਜ 'ਤੇ ਸ਼ਾਨ ਨਾਲ ਪਹੁੰਚੇ ਤੇ ਮਾਣ ਮਹਿਸੂਸ ਕਰਦੇ ਮਾਪਿਆਂ ਅਤੇ ਅਧਿਆਪਕਾਂ ਦੀਆਂ ਤਾਲੀਆਂ ਵਿੱਚ ਆਪਣੀਆਂ ਉਪਲਬਧੀਆਂ ਵਾਲੇ ਸਰਟੀਫਿਕੇਟ ਪ੍ਰਾਪਤ ਕੀਤੇ।ਪ੍ਰਿੰਸੀਪਲ ਮੈਡਮ ਇੰਦੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ ਤੇ ਉਨ੍ਹਾਂ ਨੂੰ ਜਿਗਿਆਸੂ, ਆਤਮਵਿਸ਼ਵਾਸੀ ਤੇ ਜੀਵਨ ਭਰ ਸਿੱਖਣ ਲਈ ਪ੍ਰੇਰਿਤ ਕੀਤਾ।ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

## ਵਿਸ਼ਵ ਓਰਲ ਹੈੱਲਥ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ



**ਗੁਰੂ ਹਰਸਹਾਏ** (ਮਨਦੀਪ ਸਿੰਘ ਸੋਢੀ)-ਸਿਵਲ ਸਰਜਨ ਫਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਤੇ ਡਾ. ਪੰਕਜ ਗੁਪਤਾ ਜ਼ਿਲ੍ਹਾ ਡੈਂਟਲ ਸਿਹਤ ਅਫ਼ਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਕਰਨਵੀਰ ਕੌਰ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਸੀ.ਐਚ.ਸੀ ਦੀ ਰਹਿਨੁਮਾਈ ਹੇਠ ਵਿਸ਼ਵ ਓਰਲ ਹੈਲਥ ਦਿਵਸ ਮਨਾਇਆ ਗਿਆ।ਡਾ. ਗੁਰਪ੍ਰੀਤ ਕੰਬੋਜ ਓਰਲ ਐਂਡਡ ਮੈਗਜ਼ੀਲੋਫੇਸ਼ੀਅਲ ਸਰਜਨ ਸੀ.ਐਚ.ਸੀ ਨੇ ਕਿਹਾ ਕਿ ਹਰ ਸਾਲ 20 ਮਾਰਚ ਨੂੰ ਵਿਸ਼ਵ ਓਰਲ ਹੈਲਥ ਡੇਅ ਮਨਾਇਆ ਜਾਂਦਾ ਹੈ।ਇਹ ਦਿਨ ਦੁਨੀਆ ਭਰ ਦੇ ਲੋਕਾਂ 'ਚ ਮੂੰਹ ਦੀ ਸਿਹਤ ਦੀ ਜ਼ਰੂਰਤ ਬਾਰੇ ਜਾਗਰੂਕਤਾ ਫੈਲਾਉਣ ਅਤੇ ਲੋਕਾਂ ਨੂੰ ਆਪਣੇ ਮੂੰਹ ਨੂੰ ਸਿਹਤਮੰਦ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ।ਸਾਡੇ ਮੂੰਹ ਦੀ ਸਿਹਤ ਸਾਡੇ ਸਰੀਰ ਨੂੰ ਸਿਹਤਮੰਦ ਰੱਖਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ, ਜੋ ਵੀ ਅਸੀਂ ਖਾਂਦੇ ਹਾਂ ਉਹ ਸਾਡੇ ਮੂੰਹ ਰਾਹੀਂ ਸਾਡੇ ਸਰੀਰ ਤੱਕ ਪਹੁੰਚਦਾ ਹੈ।ਅਜਿਹੇ 'ਚ ਜੇਕਰ ਕਿਸੇ ਕਾਰਨ ਸਾਡੇ ਮੂੰਹ 'ਚ ਕੋਈ ਇਨਫੈਕਸ਼ਨ ਜਾਂ ਬਿਮਾਰੀ ਲੱਗ ਜਾਂਦੀ ਹੈ ਤਾਂ ਸਾਡੇ ਮੂੰਹ ਰਾਹੀਂ ਸਰੀਰ 'ਚ ਦਾਖਲ ਹੋਣ ਵਾਲਾ ਭੋਜਨ ਵੀ ਦੂਸ਼ਿਤ ਹੋ ਸਕਦਾ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।ਮੂੰਹ ਦੀ ਸਿਹਤ ਬਣਾਈ ਰੱਖਣ ਲਈ ਕੁੱਝ ਚੰਗੀਆਂ ਆਦਤਾਂ ਨੂੰ ਅਪਨਾਉਣਾ ਤੇ ਕੁੱਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਜਿਵੇਂ ਦਿਨ ਵਿਚ ਘੱਟੋ-ਘੱਟ ਦੋ ਵਾਰ ਨਰਮ ਬੁਰਸ਼ ਨਾਲ ਦੰਦਾਂ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰੋ। ਜਾਗਰੂਕਤਾ ਸੈਮੀਨਾਰ ਆਂਗਣਵਾੜੀ ਸੈਂਟਰ ਬਸਤੀ ਟਿੱਬੇ ਵਾਲੀ ਵਿਖੇ ਕਰਾਇਆ ਗਿਆ, ਜਿੱਥੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ ਤੇ ਟੂਥ ਪੇਸਟ, ਬੁਰਸ਼ ਵੀ ਵੰਡੇ ਗਏ।

## ਸਰਕਾਰ ਆਪਣੇ ਅਧਿਕਾਰ ਖੇਤਰ ਵਾਲੀਆਂ ਬੈਂਕਾਂ ਨੂੰ ਕਰਜ਼ੇ ਦੀ ਸੈਟਲਮੈਂਟ ਸਕੀਮ ਦੇ ਦਾਇਰੇ 'ਚ ਲਿਆਵੇ : ਦੌਲਤਪੁਰਾ

### ਵੱਡੀ ਗਿਣਤੀ ਕਿਸਾਨ ਸੈਟਲਮੈਂਟ ਰਾਹੀਂ ਕਰਜ਼ਾ ਤਾਰਨ ਲਈ ਤਿਆਰ



**ਮੋਗਾ** (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭਵਿੰਦਰ ਸਿੰਘ ਦੌਲਤਪੁਰਾ, ਜ਼ਿਲਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਰਾਜਪਾਲ ਸਿੰਘ ਬਰਾੜ ਨੇ ਵਿਚਾਰ ਚਰਚਾ ਕਰਦੇ ਹੋਏ ਕਿਹਾ ਕਿ ਕਿਸਾਨਾਂ ਦੀ ਕਰਜੇ ਦੀ ਮਾਰ ਨੂੰ ਦੇਖਦੇ ਹੋਏ ਵਿਚਾਰ ਕੀਤੀ ਕਿ ਜੋ ਕਿਸਾਨ ਪੰਜਾਬ ਸਰਕਾਰ ਅਧੀਨ ਹੋਣੀਆਂ ਬੈਂਕਾਂ ਚੋ ਕਰਜਾ ਚੱਕ ਕੇ ਡਿਫਾਲਟਰ ਹੋਏ ਹਨ ਜਿਵੇਂ ਕਿ ਲੈਂਡਮਾਰਕ ਬੈਂਕਾਂ, ਸਹਿਕਾਰੀ ਕੋਆਪ੍ਰੇਟਿਵ ਬੈਂਕਾਂ ਤੋਂ ਕਰਜ਼ਾ ਚੱਕ ਕੇ ਨਾ ਮੋੜ ਸਕੇ ਹੋਣ ਜਾਂ ਉਨ੍ਹਾਂ ਦੇ ਬਜ਼ੁਰਗਾਂ ਨੇ ਕਰਜ਼ਾ ਚੱਕਿਆ ਸੀ ਤਾਂ ਹੁਣ ਉਹ ਬਜ਼ੁਰਗ ਇਸ ਦੁਨੀਆਂ ਵਿੱਚ ਨਹੀਂ ਰਹੇ, ਉਨ੍ਹਾਂ ਕਿਹਾ ਕਿ ਅਸੀਂ ਕਈ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਸਾਨੂੰ ਇਸ ਕਰਜ਼ੇ ਦੀ ਸੈਟਲਮੈਂਟ ਸਕੀਮ ਰਾਹੀਂ ਕਲੀਅਰ ਕਰਨ ਦੀ ਸਹੂਲਤ ਦਿੰਦੀ ਹੈ ਤਾਂ ਅਸੀਂ ਇਹ ਕਰਜ਼ਾ ਕਲੀਅਰ ਕਰ ਦੇਵਾਂਗੇ। ਅਸੀਂ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਆਪਣੀਆਂ ਬੈਂਕਾਂ ਜੋ ਤੁਹਾਡੇ ਅਧਿਕਾਰ ਖੇਤਰ ਹੇਠ ਹਨ, ਉਨ੍ਹਾਂ ਵਿੱਚ ਐਡਵਾਈਜ਼ਰੀ ਜਾਰੀ ਕਰੋ ਕਿ ਜੋ ਡਿਫਾਲਟਰ ਕਿਸਾਨ ਹਨ, ਉਨ੍ਹਾਂ ਤੋਂ ਸੈਟਲਮੈਂਟ ਸਕੀਮ ਰਾਹੀਂ ਕਰਜ਼ਾ ਵਸੂਲ ਕਰ ਲੈਣ, ਇਸ ਨਾਲ ਕਿਸਾਨ ਦਾ ਕਰਜ਼ਾ ਉੱਤਰ ਜਾਵੇਗਾ ਤੇ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਵੀ ਪੈਸਾ ਆਵੇਗਾ ਤੇ ਕਿਸਾਨ ਦੀ ਵੀ ਮਦਦ ਹੋ ਜਾਵੇਗੀ, ਕਿਉਂਕਿ ਕਿਸਾਨ ਵੱਡੇ ਪੱਧਰ ਤੇ ਮਹਿੰਗੀਆਂ ਰੇਹਾਂ ਸਪਰੇਹਾਂ ਡੀਜ਼ਲ ਆਦਿਕ ਪਾਕੇ ਕਰਜ਼ਾਈ ਹੋ ਚੁੱਕਾ ਹੈ, ਕਿਸਾਨ ਨੂੰ ਕਰਜ਼ੇ ਦੀ ਮਾਰ ਹੇਠੋਂ ਕੱਢਣ ਲਈ ਪੰਜਾਬ ਸਰਕਾਰ ਦਾ ਇਹ ਉਪਰਾਲਾ ਬੜਾ ਸ਼ਲਾਘਾਯੋਗ ਹੋਵੇਗਾ। ਜੇ ਸਰਕਾਰ ਇਸ ਸੈਟਲਮੈਂਟ ਸਕੀਮ ਨੂੰ ਲਾਗੂ ਕਰ ਦਿੰਦੀ ਹੈ ਤਾਂ ਕਿਸਾਨ ਵੀ ਇਸ ਦਾ ਸਵਾਗਤ ਵੀ ਕਰਨਗੇ।

## ਕੇਂਦਰੀ ਜੇਲ੍ਹ 'ਚੋਂ 8 ਮੋਬਾਇਲ ਬਰਾਮਦ

**ਫਿਰੋਜ਼ਪੁਰ** (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਹਵਾਲਾਤੀਆਂ ਕੋਲੋਂ 8 ਮੋਬਾਇਲ ਫੋਨ ਬਰਾਮਦ ਕੀਤੇ ਗਏ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 8 ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸ ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਵੱਖ-ਵੱਖ ਪੱਤਰ ਨੰਬਰਾਂ ਰਾਹੀਂ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਹਵਾਲਾਤੀ ਪੱਗਾ ਸਿੰਘ ਉਰਫ ਬੱਗਾ ਪੁੱਤਰ ਸ਼ੀਰਾ ਸਿੰਘ ਵਾਸੀ ਨੌਰੰਗ ਕੇ ਲੇਲੀ, ਹਵਾਲਾਤੀ ਸਨਮੁੱਖ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਆਸਲ, ਹਵਾਲਾਤੀ ਸੰਨੀ ਪੁੱਤਰ ਸ਼ੰਭੂ ਵਾਸੀ ਵਾਰਡ ਨੰਬਰ 4 ਮੱਛੀ ਮੰਡੀ ਫਿਰੋਜ਼ਪੁਰ ਸ਼ਹਿਰ, ਹਵਾਲਾਤੀ ਗੌਰਵ ਭੱਟੀ ਪੁੱਤਰ ਮਹਿੰਦਰ ਸਿੰਘ ਵਾਸੀ ਬਸਤੀ ਸ਼ੇਖਾਂ ਵਾਲੀ, ਹਵਾਲਾਤੀ ਹੈਪੀ ਪੁੱਤਰ ਬਲਵਿੰਦਰ ਸਿੰਘ ਵਾਸੀ ਮੁਹੱਲਾ ਈਸਾ ਨਗਰੀ ਮਖੂ, ਹਵਾਲਾਤੀ ਬਲਜਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਗਲੀ ਚੱਕੀ ਵਾਲੀ ਧਰਮਕੋਟ ਜ਼ਿਲ੍ਹਾ ਮੋਗਾ, ਹਵਾਲਾਤੀ ਕੁਲਦੀਪ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਕਿਲਚੇ ਫਿਰੋਜ਼ਪੁਰ ਤੇ ਹਵਾਲਾਤੀ ਵਿਰਕ ਉਰਫ ਵਿੱਕੀ ਪੁੱਤਰ ਕਾਲਾ ਉਰਫ ਮਹਿੰਦਰ ਵਾਸੀ ਖਲਚੀ ਜਦੀਦ ਕੋਲੋਂ 8 ਮੋਬਾਇਲ ਫੋਨ ਬਰਾਮਦ ਹੋਏ ਹਨ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਜੂਨੀਅਰ ਇੰਜੀਨੀਅਰ 14,000 ਰੁਪਏ ਰਿਸ਼ਵਤ ਲੈਂਦਾ ਕਾਬੂ



**ਤਲਵੰਡੀ ਸਾਬੋ** (ਜਗਦੀਪ ਗਿੱਲ)

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੀਐਸਪੀਸੀਐਲ ਦਫ਼ਤਰ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ ਲਖਵੀਰ ਸਿੰਘ ਨੂੰ 14,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਇੱਥੇ ਜਾਣਕਾਰੀ ਦਿੰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਦੇ ਪੁੱਤਰ ਨੇ ਆਪਣੀ ਗੱਡੀ ਪਾਰਕ ਕਰਦੇ ਸਮੇਂ ਗਲੀ ਵਿੱਚ ਸਥਿਤ ਬਿਜਲੀ ਦੇ ਖੰਭੇ ਨਾਲ ਟੱਕਰ ਮਾਰ ਦਿੱਤੀ।ਗੱਡੀ ਖਰਾਬ ਹੋ ਗਈ ਤੇ ਖੰਭਾ ਵੀ ਟੁੱਟ ਗਿਆ।ਮੁਲਜ਼ਮ ਰੇਸ਼ਮ ਸਿੰਘ ਏ.ਐੱਲ.ਐੱਮ. ਤੇ ਲਖਬੀਰ ਸਿੰਘ ਜੇ. ਈ. ਮੌਕੇ 'ਤੇ ਪਹੁੰਚੇ ਅਤੇ ਕਿਹਾ ਕਿ ਤੁਹਾਡੀ ਗੱਡੀ ਜ਼ਬਤ ਕਰ ਲਈ ਜਾਵੇਗੀ।ਦੋਵਾਂ ਮੁਲਜ਼ਮਾਂ ਨੇ ਮਾਮਲੇ ਨੂੰ ਸੁਲਝਾਉਣ ਲਈ 25000 ਰੁਪਏ ਰਿਸ਼ਵਤ ਮੰਗੀ।ਉਹ ਸ਼ਿਕਾਇਤਕਰਤਾ ਦੇ ਕਹਿਣ 'ਤੇ 25000 ਰੁਪਏ ਦੀ ਥਾਂ 15000 ਰੁਪਏ ਦੀ ਰਿਸ਼ਵਤ ਲੈਣ ਲਈ ਰਾਜ਼ੀ ਹੋ ਗਏ।ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਸਬੰਧੀ ਪੂਰੀ ਗੱਲਬਾਤ ਰਿਕਾਰਡ ਕਰ ਲਈ ਸੀ, ਪਰ ਉਹ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਨਾਲ ਸੰਪਰਕ ਕੀਤਾ।ਉਸ ਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਦੀ ਟੀਮ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਉਕਤ ਜੂਨੀਅਰ ਇੰਜੀਨੀਅਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 14,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਬੰਧੀ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਉਸ ਦੇ ਸਹਿ-ਮੁਲਜ਼ਮ ਰੇਸ਼ਮ ਸਿੰਘ ਏ.ਐੱਲ.ਐੱਮ. ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## 'ਆਪ' ਦੀ ਸਰਕਾਰ ਨੇ 4 ਸਾਲਾਂ 'ਚ ਸਾਰੇ ਵਾਅਦੇ ਪੂਰੇ ਕੀਤੇ : ਚੇਅਰਮੈਨ ਬਰਸਟ

### ■ ਸਮਾਣਾ ਦਫ਼ਤਰ ਵਿਖੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਸਮਾਣਾ** (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਸਮਾਣਾ ਸਥਿਤ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਕੀਤਾ ਗਿਆ।ਇਸ ਦੌਰਾਨ ਸਮਾਣਾ ਤੇ ਆਸ-ਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਵੱਲੋਂ ਸ੍ਰ. ਬਰਸਟ ਨਾਲ ਮੁਲਾਕਾਤ ਕੀਤੀ ਗਈ।ਸ੍ਰ. ਹਰਚੰਦ ਸਿੰਘ ਬਰਸਟ ਨੇ ਸਾਰਿਆਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੌਕੇ 'ਤੇ ਹੀ ਇਨ੍ਹਾਂ ਦਾ ਨਿਪਟਾਰਾ ਕੀਤਾ।ਇਲਾਕਾ ਨਿਵਾਸੀਆਂ ਦੀ ਮੰਗ 'ਤੇ ਸੜਕ ਬਣਾਉਣ ਲਈ ਹਰਪਾਲ ਸਿੰਘ ਫਤਿਹਪੁਰ ਵੱਲੋਂ 50 ਲੱਖ ਰੁਪਏ ਮੁੱਲ ਦੀ ਜ਼ਮੀਨ ਮੰਡੀ ਬੋਰਡ ਨੂੰ ਦਿੱਤੀ ਗਈ, ਜਿਸ ਦੇ ਲਈ ਸ੍ਰ. ਹਰਚੰਦ ਸਿੰਘ ਬਰਸਟ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਤੇ ਚੇਅਰਮੈਨ ਦਾ ਧੰਨਵਾਦ ਕੀਤਾ।ਸ੍ਰ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ 4 ਸਾਲਾਂ ਵਿੱਚ ਮਿਸਾਲੀ ਕਾਰਜ ਕਰਕੇ ਦਿਖਾਏ ਹਨ ਤੇ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਗਏ ਹਨ।ਪੰਜਾਬ ਸਰਕਾਰ ਵੱਲੋਂ ਇਕ ਪਾਸੇ ਜਿੱਥੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉੱਥੇ ਹੀ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ 65 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ।ਮਹਿਲਾਵਾਂ ਨੂੰ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਤੋਹਫ਼ਾ ਦਿੱਤਾ ਗਿਆ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਾਲਾਨਾ 10 ਲੱਖ ਰੁਪਏ ਤੱਕ ਦੇ ਮੁਫ਼ਤ ਤੇ ਕੈਸ਼ਲੈੱਸ ਇਲਾਜ ਦੀ ਸਹੂਲਤ ਹੈ।ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਤੋਂ ਲੋਕ ਬਹੁਤ ਖੁਸ਼ ਹਨ। ਇਸ ਮੌਕੇ ਗੁਲਜ਼ਾਰ ਸਿੰਘ ਵਿਰਕ ਹਲਕਾ ਸੰਗਠਨ ਇੰਚਾਰਜ ਸਮਾਣਾ, ਨਵਲ ਦੀਪ ਸਿੰਘ ਮਾਲਵਾ ਯੂਥ ਪ੍ਰਧਾਨ, ਜਸਬੀਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਦਰਬਾਰਾ ਸਿੰਘ ਬਲਾਕ ਸਮਤੀ ਮੈਂਬਰ ਪਿੰਡ ਤੁੱਲੇਵਾਲ, ਮਹਿੰਗਾ ਸਿੰਘ ਬਰਾੜ ਚੇਅਰਮੈਨ ਮਾਰਕਿਟ ਕਮੇਟੀ ਪਾਤੜਾਂ, ਰਾਮ ਸਿੰਘ ਸਰਪੰਚ ਫਤਿਹਪੁਰ, ਪਰਗਟ ਸਿੰਘ ਸਰਪੰਚ ਢਕੜੱਬਾ, ਸੋਮ ਚੰਦ ਸੋਮੀ ਸਰਪੰਚ ਤਰਖਾਣ ਮਾਜਰਾ, ਬਲਵਿੰਦਰ ਸਿੰਘ ਗਾਜੀਪੁਰ, ਦਵਿੰਦਰ ਸਿੰਘ ਕਾਹਨਗੜ੍ਹ ਭੂਤਨਾਂ ਸਮੇਤ ਹੋਰ ਲੋਕ ਮੌਜੂਦ ਸਨ।

## ਸਿੱਧੂ ਮੂਸੇਵਾਲਾ ਕਤਲ ਕੇਸ ਦੀ ਅਗਲੀ ਸੁਣਵਾਈ 10 ਅਪ੍ਰੈਲ ਨੂੰ

**ਮਾਨਸਾ** (ਰੀਤਵਾਲ)-ਪੰਜਾਬ ਦੇ ਮਾਨਸਾ ਦੀ ਸੈਸ਼ਨ ਅਦਾਲਤ ਵਿੱਚ ਉੱਘੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨਾਲ ਸਬੰਧਤ ਕਤਲ ਕੇਸ ਦੀ ਸੁਣਵਾਈ ਦੌਰਾਨ ਸ਼ੁੱਕਰਵਾਰ ਨੂੰ ਮਹੱਤਵਪੂਰਨ ਪ੍ਰਗਤੀ ਦੇਖੀ ਗਈ।ਕਾਰਵਾਈ ਦੌਰਾਨ ਕਈ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਅਤੇ ਕੇਸ ਦੀ ਅਗਲੀ ਸੁਣਵਾਈ 10 ਅਪ੍ਰੈਲ ਨੂੰ ਤੈਅ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਸਤਿੰਦਰ ਪਾਲ ਮਿੱਤਲ ਨੇ ਦੱਸਿਆ ਕਿ ਅਦਾਲਤੀ ਸੁਣਵਾਈ ਦੌਰਾਨ ਗਵਾਹਾਂ ਦੀਆਂ ਗਵਾਹੀਆਂ ਦਰਜ ਕਰਨ ਦੀ ਪ੍ਰਕਿਰਿਆ ਜਾਰੀ ਰਹੀ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਕਈ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ, ਜਿਸ ਨਾਲ ਇਸ ਕੇਸ ਵਿੱਚ ਹੁਣ ਤੱਕ ਆਪਣੇ ਬਿਆਨ ਦਰਜ ਕਰਨ ਵਾਲੇ ਗਵਾਹਾਂ ਦੀ ਕੁੱਲ ਗਿਣਤੀ 15 ਹੋ ਗਈ ਹੈ।ਇਸ ਮਾਮਲੇ 'ਚ ਮੂਸੇਵਾਲਾ ਦੇ ਪਿਤਾ ਦੀ ਗਵਾਹੀ ਅਧੂਰੀ ਹੈ।ਅਦਾਲਤ ਨੇ ਮਰਹੂਮ ਗਾਇਕ ਦੇ ਪਿਤਾ ਤੇ ਹੋਰਨਾਂ ਨੂੰ ਅਗਲੀ ਪੇਸ਼ੀ 'ਤੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ।

## ਬਿਜਲੀ ਦੇ ਐੱਸ ਐੱਮ ਐੱਸ ਬਿੱਲਾਂ 'ਚ ਪੁਰਾਣੀ ਤੇ ਨਵੀਂ ਰੀਡਿੰਗ ਦਰਜ ਕਰਨ ਦੀ ਮੰਗ

### ■ ਧੂਰੀ ਵਿਕਾਸ ਮੰਚ ਨੇ ਮੁੱਖ ਮੰਤਰੀ ਤੇ ਬਿਜਲੀ ਮੰਤਰੀ ਨੂੰ ਲਿਖਿਆ ਪੱਤਰ

**ਧੂਰੀ** (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਧੂਰੀ ਇਲਾਕੇ ਦੀਆਂ ਮੰਗਾਂ ਤੇ ਮੁਸ਼ਕਲਾਂ ਦੇ ਹੱਲ ਲਈ ਤੱਤਪਰ ਗੈਰ-ਸਿਆਸੀ ਜਥੇਬੰਦੀ ਧੂਰੀ ਵਿਕਾਸ ਮੰਚ (ਰਜਿ.) ਨੇ ਪੰਜਾਬ ਦੇ ਬਿਜਲੀ ਖਪਤਕਾਰਾਂ ਦੇ ਹਿੱਤ ਵਿੱਚ ਇੱਕ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਿਜਲੀ ਬਿੱਲਾਂ ਦੇ ਮੋਬਾਈਲ ਸੰਦੇਸ਼ਾਂ ਵਿੱਚ ਮੀਟਰ ਦੀ ਪੁਰਾਣੀ ਤੇ ਨਵੀਂ ਰੀਡਿੰਗ ਨੂੰ ਸ਼ਾਮਲ ਕੀਤਾ ਜਾਵੇ।ਇਸ ਸਬੰਧੀ ਮੰਚ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਬਿਜਲੀ ਮੰਤਰੀ ਸੰਜੀਵ ਅਰੋੜਾ ਤੇ ਪਾਵਰਕਾਮ ਦੇ ਚੇਅਰਮੈਨ ਨੂੰ ਇੱਕ ਮੰਗ ਪੱਤਰ ਭੇਜਿਆ ਗਿਆ ਹੈ।ਮੰਚ ਦੇ ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਅਭਿਨਵ ਗੋਇਲ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਨੇ ਦੱਸਿਆ ਕਿ ਮੌਜੂਦਾ ਸਮੇਂ ਪਾਵਰਕਾਮ ਵੱਲੋਂ ਖਪਤਕਾਰਾਂ ਨੂੰ ਭੇਜੇ ਜਾਣ ਵਾਲੇ ਐੱਸ.ਐੱਮ.ਐੱਸ. ਵਿੱਚ ਸਿਰਫ਼ ਖਾਤਾ ਨੰਬਰ ਤੇ ਕੁੱਲ ਰਕਮ ਦੀ ਜਾਣਕਾਰੀ ਹੁੰਦੀ ਹੈ।ਉਨ੍ਹਾਂ ਕਿਹਾ ਕਿ ਬਿਨਾਂ ਰੀਡਿੰਗ ਤੇ ਖਪਤ ਕੀਤੇ ਯੂਨਿਟਾਂ ਦੀ ਜਾਣਕਾਰੀ ਤੋਂ ਆਮ ਖਪਤਕਾਰ ਲਈ ਇਹ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿ ਉਸ ਦਾ ਬਿੱਲ ਸਹੀ ਹੈ ਜਾਂ ਨਹੀਂ। ਇਸ ਕਾਰਨ ਅਕਸਰ ਖਪਤਕਾਰਾਂ ਵਿੱਚ ਭੁਲੇਖਾ ਤੇ ਬਿਜਲੀ ਵਿਭਾਗ ਪ੍ਰਤੀ ਬੇਭਰੋਸਗੀ ਪੈਦਾ ਹੁੰਦੀ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਡਿਜੀਟਲ ਪੰਜਾਬ ਦੇ ਦੌਰ ਵਿੱਚ ਪਾਰਦਰਸ਼ਤਾ ਲਿਆਉਣੀ ਬਹੁਤ ਜ਼ਰੂਰੀ ਹੈ, ਜੇਕਰ ਮੈਸੇਜ ਵਿੱਚ ਹੀ ਪੁਰਾਣੀ ਰੀਡਿੰਗ, ਨਵੀਂ ਰੀਡਿੰਗ ਤੇ ਕੁੱਲ ਯੂਨਿਟ ਦਰਜ ਹੋਣਗੇ, ਤਾਂ ਖਪਤਕਾਰ ਮੌਕੇ 'ਤੇ ਹੀ ਆਪਣੇ ਮੀਟਰ ਨਾਲ ਮਿਲਾਨ ਕਰ ਸਕਣਗੇ।ਇਸ ਨਾਲ ਗਲਤ ਬਿਲਿੰਗ ਦੀਆਂ ਸ਼ਿਕਾਇਤਾਂ ਘਟਣਗੀਆਂ ਤੇ ਵਿਭਾਗ ਦੇ ਕੰਮਕਾਜ ਵਿੱਚ ਵਧੇਰੇ ਸਪਸ਼ਟਤਾ ਆਵੇਗੀ।ਧੂਰੀ ਵਿਕਾਸ ਮੰਚ ਨੇ ਉਮੀਦ ਪ੍ਰਗਟਾਈ ਹੈ ਕਿ ਮੁੱਖ ਮੰਤਰੀ, ਜੋ ਖੁਦ ਇਸੇ ਹਲਕੇ ਨਾਲ ਸਬੰਧ ਰੱਖਦੇ ਹਨ, ਜਨਤਾ ਦੀ ਇਸ ਜਾਇਜ਼ ਮੰਗ ਵੱਲ ਤੁਰੰਤ ਧਿਆਨ ਦੇਣਗੇ। ਉਨ੍ਹਾਂ ਮੰਗ ਕੀਤੀ ਕਿ ਭਵਿੱਖ ਵਿੱਚ ਭੇਜੇ ਜਾਣ ਵਾਲੇ ਹਰ ਐੱਸ.ਐੱਮ.ਐੱਸ. ਅਲਰਟ ਵਿੱਚ ਰੀਡਿੰਗ ਦੇ ਵੇਰਵੇ ਲਾਜ਼ਮੀ ਕੀਤੇ ਜਾਣ ਤਾਂ ਜੋ ਖਪਤਕਾਰਾਂ ਨੂੰ ਖੱਜਲ-ਖੁਆਰੀ ਤੋਂ ਬਚਾਇਆ ਜਾ ਸਕੇ।

## ਚੋਰੀ ਦੇ ਮੋਟਰਸਾਈਕਲਾਂ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ** (ਅਸ਼ੋਕ ਸ਼ਰਮਾ)-ਥਾਣਾ ਸਿਟੀ ਫਿਰੋਜ਼ਪੁਰ ਤੇ ਥਾਣਾ ਘੱਲ ਖੁਰਦ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ ਚੋਰੀ ਦੇ ਦੋ ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੋਹਣ ਲਾਲ ਉਰਫ ਬੱਬੂ ਪੁੱਤਰ ਚਿਰਾਗ ਵਾਸੀ ਬਸਤੀ ਸ਼ੇਖਾਂ ਵਾਲੀ ਫਿਰੋਜ਼ਪੁਰ ਸਿਟੀ ਜੋ ਕਿ ਵਹੀਕਲ ਚੋਰੀ ਕਰਕੇ ਅੱਗੇ ਵੇਚਦਾ ਹੈ, ਅੱਜ ਵੀ ਚੋਰੀ ਦਾ ਮੋਟਰਸਾਈਕਲ ਹੀਰੋ ਡੀਲਕਸ ਨੂੰ ਵੇਚਣ ਲਈ ਦਾਣਾ ਮੰਡੀ ਫਿਰੋਜ਼ਪੁਰ ਵਿਖੇ ਖੜਾ ਗਾਹਕ ਦੀ ਉਡੀਕ ਕਰ ਰਿਹਾ ਹੈ। ਪੁਲਸ ਨੇ ਦੱਸਿਆ ਕਿ ਉਕਤ ਇਤਲਾਹ ਉਪਰੰਤ ਕਾਰਵਾਈ ਕਰਦੇ ਹੋਏ ਉਸ ਕੋਲੋਂ ਉਕਤ ਮੋਟਰਸਾਈਕਲ ਬਰਾਮਦ ਕੀਤਾ। ਇਸੇ ਦੌਰਾਨ ਥਾਣਾ ਘੱਲ ਖੁਰਦ ਪੁਲਸ ਦੇ ਐੱਚ ਸੀ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ 'ਤੇ ਤਾਂ ਉਨ੍ਹਾਂ ਦੀ ਪੁਲਸ ਪਾਰਟੀ ਨੇ ਅਮਰਜੀਤ ਸਿੰਘ ਉਰਫ ਕਾਲੂ ਪੁੱਤਰ ਵਜੀਰ ਸਿੰਘ ਵਾਸੀ ਸਮਾਲਸਰ ਜ਼ਿਲ੍ਹਾ ਮੋਗਾ ਨੂੰ ਕਾਬੂ ਕਰਕੇ ਉਸ ਕੋਲੋਂ ਚੋਰੀ ਦਾ ਇਕ ਮੋਟਰਸਾਈਕਲ ਬਿਨਾਂ ਨੰਬਰੀ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪਾਣੀ ਵਾਲੀ ਰੇਹੜੀ ਨਾ ਲਗਾਉਣ ਨੂੰ ਲੈ ਕੇ ਕੁੱਟਮਾਰ, ਮਾਮਲਾ ਦਰਜ

**ਫਿਰੋਜ਼ਪੁਰ** (ਅਸ਼ੋਕ ਸ਼ਰਮਾ)

ਮੱਲਾਂਵਾਲਾ ਬੱਸ ਸਟੈਂਡ ਕੋਲ ਪਾਣੀ ਵਾਲੀ ਰੇਹੜੀ ਨਾ ਲਗਾਉਣ ਨੂੰ ਲੈ ਕੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ 2 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕਸ਼ਮੀਰ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਖੋਸਾ ਦਲ ਸਿੰਘ ਵਾਲਾ ਨੇ ਦੱਸਿਆ ਕਿ ਬੀਤੀ 10 ਮਾਰਚ 2026 ਨੂੰ ਉਹ ਪਾਣੀ ਵਾਲੀ ਟੈਂਕੀ ਬੱਸ ਸਟੈਂਡ ਕੋਲ ਜਨਤਾ ਦੀ ਸੇਵਾ ਲਈ ਰੇਹੜੀ ਲਗਾਉਣ ਲੱਗਾ ਤੇ ਨਾਲ ਹੀ ਦੋਸ਼ੀਆਨ ਮਨਪ੍ਰੀਤ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਖੋਸਾ ਦਲ ਸਿੰਘ ਤੇ ਮਿੱਕੂ ਪੁੱਤਰ ਪ੍ਰਗਟ ਸਿੰਘ ਵਾਸੀ ਖੋਸਾ ਦਲ ਸਿੰਘ ਦੀ ਰੇਹੜੀ ਸੀ, ਜਿਨ੍ਹਾਂ ਨੇ ਕਿਹਾ ਤੂੰ ਇਥੇ ਰੇਹੜੀ ਨਹੀਂ ਲਾ ਸਕਦਾ ਤੇ ਉਸ ਦੀ ਕੁੱਟਮਾਰ ਕਰਕੇ ਸੱਟਾਂ ਮਾਰੀਆਂ। ਜਦ ਉਸ ਨੇ ਰੌਲਾ ਪਾਇਆ ਤਾਂ ਏਨੇ ਨੂੰ ਉਸ ਦਾ ਮਾਲਕ ਲਵਪ੍ਰੀਤ ਸਿੰਘ ਵੀ ਆ ਗਿਆ ਤੇ ਉਸ ਨੂੰ ਸਿਵਲ ਹਸਪਤਾਲ ਜ਼ੀਰਾ ਵਿਖੇ ਦਾਖਲ ਕਰਵਾਇਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਬਿਜਲੀ ਸੋਧ ਬਿੱਲ ਤੇ ਬੋਰਡ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਕਾਮਿਆਂ ਵੱਲੋਂ ਚੇਤਨਾ ਰੈਲੀ

### 28 ਨੂੰ ਬਿਜਲੀ ਮੰਤਰੀ ਦੇ ਘਰ ਅੱਗੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ



**ਫਰੀਦਕੋਟ** (ਐਲਿਗਜੈਂਡਰ ਡਿਸੂਜਾ)

ਪਾਵਰ ਸੈਕਟਰ ਜੁਆਇੰਟ ਐਕਸ਼ਨ ਕਮੇਟੀ ਆਫ਼ ਇੰਪਲਾਈਜ਼, ਇੰਜੀਨੀਅਰ ਤੇ ਪੈਨਸ਼ਨਰਜ਼ ਪੰਜਾਬ ਦੇ ਸੱਦੇ 'ਤੇ ਸਰਕਲ ਦਫ਼ਤਰ ਫਰੀਦਕੋਟ ਵਿਖੇ ਇੱਕ ਵਿਸ਼ਾਲ 'ਚੇਤਨਾ ਰੈਲੀ' ਕੀਤੀ ਗਈ।ਇਸ ਰੈਲੀ ਦੀ ਪ੍ਰਧਾਨਗੀ ਇੰਜ. ਇਕਬਾਲ ਸਿੰਘ ਏ.ਈ.ਈ. (ਸਰਕਲ ਪ੍ਰਧਾਨ ਇੰਜੀਨੀਅਰ ਐਸੋਸੀਏਸ਼ਨ), ਇੰਜ. ਭੁਪਿੰਦਰ ਸਿੰਘ ਏ.ਈ.ਈ. (ਪ੍ਰਧਾਨ ਜੇ. ਈ. ਕੌਂਸਲ) ਤੇ ਇੰਜ. ਨਰਿੰਦਰਜੀਤ ਸਿੰਘ (ਸਰਕਲ ਮੀਤ ਪ੍ਰਧਾਨ ਟੀ.ਐੱਸ.ਯੂ.) ਨੇ ਸਾਂਝੇ ਤੌਰ 'ਤੇ ਕੀਤੀ।ਰੈਲੀ ਦੌਰਾਨ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ, ਪੈਨਸ਼ਨਰਾਂ ਤੇ ਕੰਟਰੈਕਟ ਵਰਕਰਾਂ ਨੇ ਕੇਂਦਰ ਸਰਕਾਰ ਦੇ ਬਿਜਲੀ ਸੋਧ ਬਿੱਲ 2025 ਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਬੋਰਡ ਦੀਆਂ ਜ਼ਮੀਨਾਂ ਵੇਚਣ ਦੀਆਂ ਕਥਿਤ ਕੋਸ਼ਿਸ਼ਾਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਰੈਲੀ ਨੂੰ ਸੰਬੋਧਨ ਕਰਦਿਆਂ ਹਰਪ੍ਰੀਤ ਸਿੰਘ (ਜਨਰਲ ਸਕੱਤਰ ਟੀ.ਐੱਸ.ਯੂ.) ਤੇ ਇੰਜ. ਜਗਤਾਰ ਸਿੰਘ (ਵਧੀਕ ਨਿਗਰਾਨ ਇੰਜੀਨੀਅਰ) ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਰਾਹੀਂ ਬਿਜਲੀ ਬੋਰਡਾਂ ਦੇ ਨਿੱਜੀਕਰਨ ਦਾ ਰਸਤਾ ਸਾਫ਼ ਕੀਤਾ ਜਾ ਰਿਹਾ ਹੈ।ਉਨ੍ਹਾਂ ਖ਼ਦਸ਼ਾ ਜ਼ਾਹਰ ਕੀਤਾ ਕਿ ਇਸ ਨਾਲ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ ਤੇ ਖ਼ਪਤਕਾਰਾਂ ਨੂੰ ਮਿਲਦੀ ਸਬਸਿਡੀ ਵੀ ਖ਼ਤਮ ਹੋ ਜਾਵੇਗੀ।ਬੁਲਾਰਿਆਂ ਨੇ ਕਿਹਾ ਕਿ ਸਮਾਰਟ ਮੀਟਰ ਲਗਾਉਣਾ ਨਿੱਜੀਕਰਨ ਦਾ ਹੀ ਦੂਜਾ ਰੂਪ ਹੈ, ਜਿਸ ਨਾਲ ਵੱਡੀ ਪੱਧਰ 'ਤੇ ਰੁਜ਼ਗਾਰ ਵੀ ਖ਼ਤਮ ਹੋਵੇਗਾ।

ਆਗੂਆਂ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਰਾਜਪੁਰਾ ਥਰਮਲ ਪਲਾਂਟ ਨੂੰ ਖ਼ਰੀਦਣ ਵਿੱਚ ਅਸਫ਼ਲ ਰਹਿਣਾ ਸਰਕਾਰ ਦੀ ਨਾਲਾਇਕੀ ਹੈ, ਜਿਸ ਕਾਰਨ ਇਹ ਪਲਾਂਟ ਹੁਣ ਗੁਜਰਾਤ ਦੀ ਕੰਪਨੀ ਕੋਲ ਚਲਾ ਗਿਆ ਹੈ।ਉਨ੍ਹਾਂ ਮੰਗ ਕੀਤੀ ਕਿ ਰੋਪੜ ਵਿਖੇ 800 ਮੈਗਾਵਾਟ ਦੇ ਦੋ ਯੂਨਿਟ ਪ੍ਰਾਈਵੇਟ ਸੈਕਟਰ ਦੀ ਬਜਾਏ ਸਰਕਾਰੀ ਖੇਤਰ ਵਿੱਚ ਲਗਾਏ ਜਾਣ।

ਜੁਆਇੰਟ ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਪਟਿਆਲਾ ਵਿਖੇ ਹੋਏ ਸੂਬਾ ਪੱਧਰੀ ਧਰਨੇ ਤੋਂ ਬਾਅਦ ਹੁਣ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ 28 ਮਾਰਚ 2026 ਨੂੰ ਬਿਜਲੀ ਮੰਤਰੀ ਦੇ ਘਰ ਅੱਗੇ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿੱਚ ਫਰੀਦਕੋਟ ਸਰਕਲ ਤੋਂ ਵੱਡੀ ਗਿਣਤੀ ਵਿੱਚ ਇੰਜੀਨੀਅਰ, ਜੇ. ਈ., ਪੈਨਸ਼ਨਰ ਤੇ ਕੱਚੇ ਕਾਮੇ ਸ਼ਮੂਲੀਅਤ ਕਰਨਗੇ।

## ਸੰਯੁਕਤ ਕਿਸਾਨ ਮੋਰਚੇ ਦੀ ਸੂਬਾਈ ਮੀਟਿੰਗ 'ਚ ਕੀਤੇ ਅਹਿਮ ਫੈਸਲੇ

**ਲੁਧਿਆਣਾ** (ਐੱਮ ਐੱਸ ਭਾਟੀਆ)

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਪ੍ਰੇਮ ਸਿੰਘ ਭੰਗੂ, ਮੁਕੇਸ਼ ਚੰਦਰ ਸ਼ਰਮਾ ਤੇ ਬਲਦੇਵ ਸਿੰਘ ਲਤਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ 10 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਬਰਨਾਲਾ ਵਿਖੇ ਕੀਤੀ ਗਈ ਮਹਾਂ ਰੈਲੀ ਦੀ ਸਮੀਖਿਆ ਕੀਤੀ ਗਈ ਤੇ ਰੈਲੀ ਵਿੱਚ ਕਿਸਾਨਾਂ ਮਜ਼ਦੂਰਾਂ ਦੀ ਸ਼ਮੂਲੀਅਤ 'ਤੇ ਤਸੱਲੀ ਪ੍ਰਗਟ ਕੀਤੀ ਗਈ।

ਮੀਟਿੰਗ ਨੇ ਪੰਜਾਬ ਵਿੱਚ ਪਾਣੀਆਂ ਦੀ ਸਥਿਤੀ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ, ਪਰ ਸਰਕਾਰਾਂ ਇਸ ਪਾਸੇ ਬਿਲਕੁਲ ਵੀ ਗੰਭੀਰ ਨਹੀਂ ਹਨ।ਸੰਯੁਕਤ ਕਿਸਾਨ ਮੋਰਚਾ ਲੰਬੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਕਿ ਹਰ ਖੇਤ ਨੂੰ ਨਹਿਰੀ ਪਾਣੀ ਤੇ ਪੀਣ ਵਾਸਤੇ ਸਾਫ ਪਾਣੀ ਦਿੱਤਾ ਜਾਵੇ।ਸੰਯੁਕਤ ਕਿਸਾਨ ਮੋਰਚੇ ਨੇ ਸਾਰੀ ਸਥਿਤੀ 'ਤੇ ਵਿਚਾਰ ਕਰਦਿਆਂ ਮੰਗ ਕੀਤੀ ਕਿ ਪੰਜਾਬ ਦੇ ਪਾਣੀਆਂ ਦਾ ਮਸਲਾ ਰਿਪੇਰੀਅਨ ਤੇ ਬੇਸਿਨ ਸਿਧਾਂਤ ਨੂੰ ਮੁੱਖ ਰੱਖ ਕੇ ਹੱਲ ਕੀਤਾ ਜਾਵੇ, ਪੰਜਾਬ ਪੁਨਰਗਠਨ ਐਕਟ ਦੀਆਂ ਵਿਤਕਰੇਪੂਰਨ ਧਾਰਾਵਾਂ 78, 79 ਤੇ 80 ਰੱਦ ਕੀਤੀਆਂ ਜਾਣ ਤੇ ਸਾਰੇ ਗੈਰ-ਕਾਨੂੰਨੀ ਸਮਝੌਤੇ ਤੇ ਐਵਾਰਡ ਰੱਦ ਕੀਤੇ ਜਾਣ।ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਸਾਰੇ ਕਿਸਾਨਾਂ ਤੇ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ ਕੀਤੀ ਜਾਵੇ, ਕਿਉਂਕਿ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਸਿਰ ਕਰਜ਼ਾ, ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਚੜ੍ਹਿਆ ਹੈ।ਸਾਰੀਆਂ ਫਸਲਾਂ ਦੀ ਐੱਮ ਐੱਸ ਪੀ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਸੀ-2+50% ਦੇ ਫਾਰਮੂਲੇ ਨਾਲ ਦੇਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਪੰਜਾਬ ਖੇਤੀ ਕਮਿਸ਼ਨ ਵੱਲੋਂ ਖੇਤੀ ਨੀਤੀ ਬਣਾ ਕੇ ਪੰਜਾਬ ਸਰਕਾਰ ਨੂੰ ਸੌਂਪੀ ਹੋਈ ਹੈ।ਪਿਛਲੇ ਸਾਲ ਤਿੰਨ ਮਾਰਚ ਨੂੰ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਵਿੱਚੋਂ ਵਾਕਆਊਟ ਕੀਤਾ ਤਾਂ ਵਾਅਦਾ ਕੀਤਾ ਗਿਆ ਸੀ ਕਿ 31 ਮਾਰਚ ਤੱਕ ਖੇਤੀ ਨੀਤੀ ਜਾਰੀ ਕਰ ਦਿੱਤੀ ਜਾਵੇਗੀ, ਪ੍ਰੰਤੂ ਹੁਣ ਪੰਜਾਬ ਸਰਕਾਰ ਨਵੇਂ ਨਵੇਂ ਬਹਾਨੇ ਬਣਾ ਰਹੀ ਹੈ।ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਖੇਤੀ ਨੀਤੀ ਤੁਰੰਤ ਲਾਗੂ ਕੀਤੀ ਜਾਵੇ।

ਇਸ ਤੋਂ ਇਲਾਵਾ ਮੁਕਤ ਵਪਾਰ ਸਮਝੌਤਾ, ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਤੇ ਮਗਨਰੇਗਾ ਕਾਨੂੰਨ ਰੱਦ ਕਰਨ ਖਿਲਾਫ ਘੋਲ ਸੰਯੁਕਤ ਕਿਸਾਨ ਮੋਰਚਾ ਭਾਰਤ ਦੀ ਮਾਰਗ ਸੇਧ ਅਨੁਸਾਰ ਜਾਰੀ ਰਹੇਗਾ।ਉਪਰੋਕਤ ਸਾਰੀਆਂ ਮੰਗਾਂ ਦੀ ਪ੍ਰਾਪਤੀ ਲਈ 6 ਅਪ੍ਰੈਲ ਨੂੰ ਸਾਰੇ ਪੰਜਾਬ ਦੇ ਡੀ ਸੀ ਦਫਤਰਾਂ ਅੱਗੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ।ਇਨ੍ਹਾਂ ਧਰਨਿਆਂ ਦੀ ਵਿਉਂਤਬੰਦੀ ਲਈ 30 ਮਾਰਚ ਨੂੰ ਸਾਰੇ ਜ਼ਿਲ੍ਹਿਆਂ ਦੀਆਂ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ।

ਮੀਟਿੰਗ ਨੇ ਸਰਬ ਸੰਮਤੀ ਨਾਲ ਪਾਸ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਤੇ ਹੋਰ ਮੰਗਾਂ ਪੂਰੀਆਂ ਕਰਨ ਦੀ ਥਾਂ ਸਿਰਫ ਖਾਨਾਪੂਰਤੀ ਕੀਤੀ ਗਈ ਹੈ।ਆਗੂਆਂ ਨੇ ਸ਼ੇਰੋ ਖੰਡ ਮਿੱਲ ਨੂੰ ਚਾਲੂ ਕਰਨ ਦੀ ਮੰਗ ਕਰਨ ਵਾਲੇ ਕਿਸਾਨਾਂ ਨੂੰ ਜੇਲ੍ਹ ਬੰਦ ਕਰਨ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਸ਼ੇਰੋਂ ਖੰਡ ਮਿੱਲ ਨੂੰ ਚਾਲੂ ਕੀਤਾ ਜਾਵੇ।ਪਹਿਲਾਂ ਦਿੱਤੇ ਗਏ ਮੰਗ ਪੱਤਰ ਅਨੁਸਾਰ ਹੜ੍ਹ ਪੀੜਤ ਕਿਸਾਨਾਂ ਤੇ ਮਜ਼ਦੂਰਾਂ ਨੂੰ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤੇ ਇਹ ਮੁਆਵਜ਼ਾ ਕੱਚੀਆਂ ਜ਼ਮੀਨਾਂ ਦੇ ਮਾਲਕਾਂ ਨੂੰ ਵੀ ਦਿੱਤਾ ਜਾਵੇ।

ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਜੋਗਿੰਦਰ ਸਿੰਘ ਉਗਰਾਹਾਂ, ਬੂਟਾ ਸਿੰਘ ਬੁਰਜ ਗਿੱਲ, ਹਰਿੰਦਰ ਸਿੰਘ ਲੱਖੋਵਾਲ, ਡਾਕਟਰ ਦਰਸ਼ਨ ਪਾਲ, ਰਮਿੰਦਰ ਸਿੰਘ ਪਟਿਆਲਾ, ਅੰਗਰੇਜ ਸਿੰਘ ਭਦੌੜ, ਬਲਦੇਵ ਸਿੰਘ ਨਿਹਾਲਗੜ੍ਹ, ਡਾਕਟਰ ਸਤਨਾਮ ਸਿੰਘ ਅਜਨਾਲਾ, ਰੁਲਦੂ ਸਿੰਘ ਮਾਨਸਾ, ਨਛੱਤਰ ਸਿੰਘ ਜੈਤੋ, ਜਸਕਰਨ ਸਿੰਘ ਗੋਲੇਵਾਲਾ, ਦਲਬੀਰ ਸਿੰਘ ਬੇਦਾਦਪੁਰ, ਪ੍ਰੀਤਮ ਸਿੰਘ ਰਾਏਪੁਰ, ਗੁਰਨਾਮ ਸਿੰਘ ਭੀਖੀ, ਝੰਡਾ ਸਿੰਘ ਜੇਠੂਕੇ ਤੇ ਇੰਦਰਪਾਲ ਸਿੰਘ ਹਾਜ਼ਰ ਸਨ।

## ਸਵੈਇੱਛੁਕ ਖੂਨ ਦਾਨ ਕਰਨਾ ਤੰਦਰੁਸਤੀ ਦੀ ਨਿਸ਼ਾਨੀ : ਦਵਿੰਦਰ ਨਰਮਾਣਾ




**ਪਟਿਆਲਾ** (ਰਾਜਿੰਦਰ ਸਿੰਘ ਥਿੰਦ)-ਮਨੁੱਖਤਾ ਦੇ ਭਲੇ ਲਈ ਯੂਨੀਵਰਸਲ ਵੈੱਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿੱਚ 342ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਗੁਰਤੇਜ ਸਿੰਘ ਭੱਟੀਆਂ ਨੇ 57ਵੀਂ ਵਾਰ ਖੂਨ ਦਾਨ ਕਰਕੇ ਕੀਤਾ।ਇਸ ਮੌਕੇ ਜਸਵਿੰਦਰ ਸਿੰਘ ਪੰਜੌਲਾ ਨੇ 20ਵੀਂ ਵਾਰ, ਸਤਨਾਮ ਸਿੰਘ ਮਹਿਮਦਪੁਰ ਰੁੜਕੀ, ਸੁਖਜਿੰਦਰ ਸਿੰਘ ਸਿਊਣਾ, ਲਛਮਣ ਸਿੰਘ ਨਰਮਾਣਾ, ਗੁਰਿੰਦਰ ਸਿੰਘ ਕੁਲਾਰਾਂ ਤੇ ਦਵਿੰਦਰ ਸਿੰਘ ਨਰਮਾਣਾ ਨੇ ਵੀ ਖੂਨ ਦਾਨ ਕੀਤਾ। ਵਲੰਟੀਅਰਾਂ ਦੀ ਸਰਟੀਫਿਕੇਟ ਤੇ ਮਫਲਰ ਦੇ ਕੇ ਹੌਸਲਾ ਅਫਜ਼ਾਈ ਕਰਦਿਆਂ ਮੁੱਖ ਮਹਿਮਾਨ ਯੂਥ ਆਗੂ ਦਵਿੰਦਰ ਸਿੰਘ ਨਰਮਾਣਾ ਨੇ ਕਿਹਾ ਕਿ ਸ਼ਹੀਦਾਂ ਨੂੰ ਯਾਦ ਕਰਦਿਆਂ ਲੋੜਵੰਦ ਮਰੀਜ਼ਾਂ ਲਈ ਸਵੈਇੱਛੁਕ ਖੂਨ ਦਾਨ ਕਰਨਾ ਤੰਦਰੁਸਤੀ ਦੀ ਨਿਸ਼ਾਨੀ ਹੈ ਤੇ ਸਾਡੇ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਸਾਡਾ ਮਾਰਗ ਦਰਸ਼ਨ ਕਰਦੀ ਹੈ।ਨਸ਼ਿਆਂ ਤੋਂ ਦੂਰ ਰਹਿ ਕੇ ਲੋਕ ਭਲਾਈ ਕਾਰਜਾਂ ਵਿੱਚ ਸ਼ਮੂਲੀਅਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਮੁੜ ਪੰਜਾਬ ਨੂੰ ਨਸ਼ਿਆਂ ਰਹਿਤ ਰੰਗਲਾ ਪੰਜਾਬ ਬਣਾਇਆ ਜਾ ਸਕੇ।ਇਸ ਮੌਕੇ ਮਿਸ਼ਨ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਜਥੇਦਾਰ ਕਰਨ ਸਿੰਘ ਜੌਲੀ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਗੁਰਤੇਜ ਸਿੰਘ ਸਿਊਣਾ, ਭਾਈ ਉਤਮ ਸਿੰਘ ਬਾਜਵਾ ਤੇ ਭਾਈ ਜਰਨੈਲ ਸਿੰਘ ਝੰਡੀ ਹਾਜ਼ਰ ਸਨ। ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਗਰੁੱਪ ਵੱਲੋਂ 29 ਮਾਰਚ ਨੂੰ ਰਾਜਪੁਰਾ ਵਿਖੇ ਖੂਨਦਾਨ ਕੈਂਪ ਲਗਾਇਆ ਜਾਵੇਗਾ।

## ਡੀ ਸੀ ਐੱਮ ਗਰੁੱਪ ਵੱਲੋਂ ਬੀ ਐੱਸ ਐੱਫ ਨੂੰ ਤਿੰਨ ਦਰਜਨ ਸਾਈਕਲ ਭੇਟ



**ਫਿਰੋਜ਼ਪੁਰ** (ਅਸ਼ੋਕ ਸ਼ਰਮਾ)-ਕਮਿਊਨਿਟੀ ਆਊਟਰੀਚ ਪ੍ਰੋਗਰਾਮ ਤਹਿਤ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਡੀ ਸੀ ਐੱਮ ਗਰੁੱਪ ਆਫ਼ ਸਕੂਲਜ਼ ਵੱਲੋਂ ਸੀਮਾ ਸੁਰੱਖਿਆ ਬਲ ਨੂੰ ਤਿੰਨ ਦਰਜਨ (36) ਸਾਈਕਲ ਭੇਟ ਕੀਤੇ ਗਏ ਹਨ। 'ਦਾਸ ਐਂਡ ਬਰਾਊਨ ਵਰਲਡ ਸਕੂਲ' ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਡੀ ਸੀ ਐੱਮ ਗਰੁੱਪ ਦੇ ਸੀਈਓ ਡਾ. ਅਨਿਰੁਧ ਗੁਪਤਾ ਨੇ ਇਹ ਸਾਈਕਲ ਬੀ ਐੱਸ ਐੱਫ ਦੇ ਡੀ ਆਈ ਜੀ ਵਿਜੇ ਸਿੰਘ ਰਾਣਾ ਨੂੰ ਸੌਂਪੇ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਅਨਿਰੁਧ ਗੁਪਤਾ ਨੇ ਕਿਹਾ ਕਿ ਡੀ ਸੀ ਐੱਮ ਗਰੁੱਪ ਨੇ ਹਮੇਸ਼ਾ ਹੀ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਹੈ। ਸਾਡੇ ਜਵਾਨਾਂ ਦੀ ਬਦੌਲਤ ਹੀ ਦੇਸ਼ ਵਾਸੀ ਚੈਨ ਦੀ ਨੀਂਦ ਸੌਂਦੇ ਹਨ। ਅਸੀਂ 22 ਮਾਰਚ ਨੂੰ ਬੀ ਐੱਸ ਐੱਫ ਵੱਲੋਂ ਕਰਵਾਈ ਜਾ ਰਹੀ ਮੈਰਾਥਨ ਵਿੱਚ ਹਰ ਸੰਭਵ ਸਹਿਯੋਗ ਦੇਵਾਂਗੇ। ਡੀ ਆਈ ਜੀ ਵਿਜੇ ਸਿੰਘ ਰਾਣਾ ਨੇ ਡੀ ਸੀ ਐੱਮ ਗਰੁੱਪ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਇਹ ਸਾਈਕਲ 22 ਮਾਰਚ ਨੂੰ ਹੋਣ ਵਾਲੀ ਮੈਰਾਥਨ ਦੇ ਜੇਤੂਆਂ ਨੂੰ ਇਨਾਮ ਵਜੋਂ ਦਿੱਤੇ ਜਾਣਗੇ। ਉਨ੍ਹਾਂ ਇਸ ਸਹਿਯੋਗ ਲਈ ਡਾ. ਗੁਪਤਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਗਰੁੱਪ ਦੇ ਡਾਇਰੈਕਟਰ ਐਡਮਿਨ ਮਨਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਮੌਕੇ ਪ੍ਰਿੰਸੀਪਲ ਡਾ. ਰੁਚੀ ਪਾਂਡੇ, ਸੀਨੀਅਰ ਜੀ ਐੱਮ ਕਰਨਲ ਰਾਜੇਸ਼ ਆਨੰਦ, ਜੀ ਐੱਮ ਡਾ. ਸੈਲਿਨ, ਡੀ ਜੀ ਐੱਮ ਸਜਲ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਸਲਾਈਟ ਦੇ ਵਿਦਿਆਰਥੀਆਂ ਵੱਲੋਂ ਬੇਵਰੇਜ ਯੂਨਿਟ ਦਾ ਉਦਯੋਗਿਕ ਦੌਰਾ



**ਲੌਂਗੋਵਾਲ** (ਪ੍ਰਦੀਪ ਸੱਪਲ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਡਾਇਰੈਕਟਰ ਪ੍ਰੋ. ਮਨੀ ਕਾਂਤ ਪਾਸਵਾਨ ਦੇ ਉਤਸ਼ਾਹ ਤੇ ਸਮਰਥਨ ਨਾਲ ਫੂਡ ਇੰਜੀਨੀਅਰਿੰਗ ਵਿਭਾਗ ਦੇ ਅੰਤਿਮ ਸਾਲ ਦੇ ਡਿਪਲੋਮਾ ਵਿਦਿਆਰਥੀਆਂ ਨੇ ਸੰਗਰੂਰ ਦੇ ਫੋਕਲ ਪੁਆਇੰਟ ਨੇੜੇ ਸਥਿਤ ਇੱਕ ਪੀਣ ਵਾਲੇ ਪਦਾਰਥ ਨਿਰਮਾਣ ਯੂਨਿਟ ਅਕੇਨ ਇੰਡੀਆ ਪ੍ਰਾਈਵੇਟ ਲਿਮਟਿਡ ਦਾ ਉਦਯੋਗਿਕ ਦੌਰਾ ਕੀਤਾ।ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਪੀਣ ਵਾਲੇ ਪਦਾਰਥਾਂ ਦੇ ਉਤਪਾਦਨ ਪ੍ਰਕਿਰਿਆ ਦੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਪ੍ਰੀਫਾਰਮ ਬਣਾਉਣ ਲਈ ਪਲਾਸਟਿਕ ਦੀਆਂ ਗੋਲੀਆਂ ਦੀ ਵਰਤੋਂ ਨੂੰ ਦੇਖਿਆ, ਜਿਨ੍ਹਾਂ ਨੂੰ ਬਾਅਦ ਵਿੱਚ ਬੋਤਲਾਂ ਵਿੱਚ ਢਾਲਿਆ ਜਾਂਦਾ ਹੈ।ਵਿਦਿਆਰਥੀਆਂ ਨੇ ਜੂਸ ਦੀ ਤਿਆਰੀ ਤੇ ਪ੍ਰੋਸੈਸਿੰਗ ਦੇ ਨਾਲ-ਨਾਲ ਆਧੁਨਿਕ ਪੈਕੇਜਿੰਗ ਤਕਨੀਕਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।ਸ੍ਰੀ ਸੁਵਿੰਦਰ ਕੁਆਲਿਟੀ ਇੰਸ਼ੋਰੈਂਸ ਸੁਪਰਵਾਈਜ਼ਰ ਤੇ ਸ਼ਾਹਰੁਖ ਖਾਨ ਪ੍ਰੋਡਕਸ਼ਨ ਸੁਪਰਵਾਈਜ਼ਰ ਨੇ ਤਕਨੀਕੀ ਕਾਰਜਾਂ ਤੇ ਗੁਣਵੱਤਾ ਭਰੋਸਾ ਅਭਿਆਸਾਂ ਬਾਰੇ ਦੱਸਿਆ।ਵਿਦਿਆਰਥੀਆਂ ਨੇ ਇਸ ਦੌਰੇ ਨੂੰ ਬਹੁਤ ਜਾਣਕਾਰੀ ਭਰਪੂਰ ਤੇ ਲਾਭਦਾਇਕ ਦੱਸਿਆ। ਇਹ ਦੌਰਾ ਵਿਭਾਗ ਮੁਖੀ ਪ੍ਰੋ. ਸੀ. ਐੱਸ. ਰਿਆੜ ਦੀ ਅਗਵਾਈ ਹੇਠ ਪ੍ਰੋ. ਸੀ. ਐੱਸ. ਸੈਣੀ ਤੇ ਡਾ. ਤੇਜਿੰਦਰ ਕੌਰ ਨਾਲ ਕੀਤਾ ਗਿਆ।ਪ੍ਰੋ. ਰਿਆੜ ਨੇ ਕੰਪਨੀ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ।

## ਮਾਤਾ ਗੁਜਰੀ ਭਲਾਈ ਕੇਂਦਰ ਨੇ ਸਕੂਲ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਬੁਢਲਾਡਾ** (ਅਸ਼ੋਕ ਲਾਕੜਾ)-ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਪਿਛਲੇ ਦਿਨੀਂ ਫੁੱਟਬਾਲ ਚੌਕ ਨੇੜੇ ਸ਼ਹੀਦ ਭਗਤ ਸਿੰਘ ਬਸਤੀ ਦੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ।ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਬਲਬੀਰ ਸਿੰਘ ਕੈਂਥ ਨੇ ਦੱਸਿਆ ਕਿ ਮਾਤਾ ਗੁਜਰੀ ਜੀ ਭਲਾਈ ਕੇਂਦਰ ਸਿਹਤ ਤੇ ਸਿੱਖਿਆ ਖ਼ੇਤਰ ਵਿੱਚ ਬਹੁਤ ਭਲਾਈ ਕਾਰਜ ਕਰ ਰਹੀ ਹੈ।ਲੋੜਵੰਦਾਂ ਬੱਚਿਆਂ ਦੀ ਲਗਭਗ 2 ਲੱਖ ਸਾਲਾਨਾ ਫੀਸ ਭਰੀ ਜਾਂਦੀ ਹੈ ਤੇ ਲਗਭਗ ਇੱਕ ਲੱਖ ਰੁਪਏ ਦੀ ਸਟੇਸ਼ਨਰੀ, ਬੂਟ, ਜੁਰਾਬਾਂ, ਕੋਟੀਆਂ ਆਦਿ ਵੰਡੀਆਂ ਜਾਂਦੀਆਂ ਹਨ।ਇਸੇ ਤਹਿਤ ਸਕੂਲ ਟੀਚਰ ਮੈਡਮ ਕਮਲਾ ਰਾਣੀ ਤੇ ਬਸਤੀ ਨਿਵਾਸੀ ਸਮਾਜ ਸੇਵੀ ਜਸਪਾਲ ਕੌਰ ਭਾਜਪਾ ਆਗੂ ਦੀ ਪ੍ਰੇਰਣਾ ਸਦਕਾ ਸਕੂਲ ਦੇ ਸਾਰੇ ਬੱਚਿਆਂ ਨੂੰ ਲਾਈਨਦਾਰ, ਅੰਗਰੇਜ਼ੀ, ਡੱਬੀਦਾਰ ਤੇ ਮਿਕਸ ਚਾਰ ਕਾਪੀਆਂ ਨਾਲ ਹੋਰ ਸਾਮਾਨ ਰਬੜ, ਫੁੱਟਾ, ਸ਼ਾਪਨਰ, ਪੈਨਸਿਲ, ਲਾਲ ਤੇ ਨੀਲਾ ਪੈੱਨ ਆਦਿ ਦਿੱਤੇ ਗਏ।ਸਕੂਲ ਸਟਾਫ਼ ਨੇ ਇਸ ਕਾਰਜ ਲਈ ਸੰਸਥਾ ਦਾ ਧੰਨਵਾਦ ਕੀਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸੰਸਥਾ ਮੈਂਬਰ ਮਨਜੀਤ ਸਿੰਘ ਕਾਨੂੰਗੋ, ਨੱਥਾ ਸਿੰਘ, ਮਹਿੰਦਰਪਾਲ ਸਿੰਘ ਤੇ ਸਕੂਲ ਸਟਾਫ਼ ਹਾਜ਼ਰ ਸੀ।

## ਝਾੜ ਸਾਹਿਬ ਕਾਲਜ ਦਾ ਬੀ ਏ ਸਮੈਸਟਰ ਪੰਜਵਾਂ ਦਾ ਨਤੀਜਾ ਸ਼ਾਨਦਾਰ



**ਸਮਰਾਲਾ** (ਸੁਰਜੀਤ ਸਿੰਘ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਬੀ. ਏ. ਸਮੈਸਟਰ ਪੰਜਵੇਂ ਦੇ ਨਤੀਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦੀਆਂ ਵਿਦਿਆਰਥਣਾਂ ਨੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਵਧੀਆ ਅੰਕ ਪ੍ਰਾਪਤ ਕਰਕੇ ਇਸ ਕਾਲਜ ਨੂੰ ਮਾਣਯੋਗ ਸੰਸਥਾਵਾਂ ਦੀ ਸ਼੍ਰੇਣੀ ਵਿਚ ਖੜ੍ਹਾ ਕੀਤਾ ਹੈ।ਕਾਲਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਅਨੁਸਾਰ ਬੀ. ਏ. ਸਮੈਸਟਰ ਪੰਜਵੇਂ ਦਾ ਸਮੁੱਚਾ ਨਤੀਜਾ ਸੌ ਫੀਸਦੀ ਰਿਹਾ ਹੈ।ਨਤੀਜੇ ਵਿੱਚ ਕਾਲਜ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 80 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।ਜਦਕਿ ਮਨਵੀਰ ਕੌਰ ਨੇ 78.57 ਫੀਸਦੀ ਤੇ ਸਹਿਜਪ੍ਰੀਤ ਕੌਰ ਨੇ 78.5 ਫੀਸਦੀ ਅੰਕ ਹਾਸਲ ਕਰਕੇ ਕਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਮੂਹ ਸਟਾਫ, ਵਿਦਿਆਰਥਣਾਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਸ਼ੁੱਭ-ਇੱਛਾਵਾਂ ਦਿੰਦਿਆਂ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਸਦਾ ਹੀ ਵਚਨਬੱਧ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਕਾਲਜ ਪੂਰਾ ਵਿਸ਼ਵਾਸ ਹੈ ਕਿ ਉਸ ਦੀਆਂ ਵਿਦਿਆਰਥਣਾਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦ੍ਰਿੜ੍ਹ ਲਗਨ ਤੇ ਮਿਹਨਤ ਨਾਲ ਸ਼ਾਨਦਾਰ ਨਤੀਜੇ ਪ੍ਰਾਪਤ ਕਰਦੀਆਂ ਰਹਿਣਗੀਆਂ।



ਐੱਸ ਐੱਸ ਪੀ ਮੋਗਾ ਅਜੈ ਗਾਂਧੀ ਤੇ ਡਿਪਟੀ ਅਨਵਰ ਅਲੀ ਅਤੇ ਐੱਸ ਐੱਚ ਓ ਪੂਰਨ ਸਿੰਘ ਧਾਲੀਵਾਲ ਦੀਆਂ ਹਦਾਇਤਾਂ ਅਨੁਸਾਰ ਨਿਹਾਲ ਸਿੰਘ ਵਾਲਾ ਦੇ ਮੇਨ ਚੌਕ ਵਿੱਚ ਵਾਹਨਾਂ ਦੀ ਚੈਕਿੰਗ ਕਰਦੇ ਹੋਏ ਏ ਐੱਸ ਆਈ ਮਲਕੀਤ ਸਿੰਘ ਤੇ ਏ ਐੱਸ ਆਈ ਮਨਜੀਤ ਸਿੰਘ ਅਤੇ ਉਨ੍ਹਾਂ ਵੱਲੋਂ ਸ਼ਰਾਰਤੀ ਅਨਸਰਾਂ ਉੱਪਰ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। (ਫੋਟੋ ਤੇ ਵੇਰਵਾ : ਲਵਲੀ ਕੁਮਾਰ)

# ਗੈਸ ਦੀ ਕਿੱਲਤ ਕਾਰਨ ਏਜੰਸੀ ਅੱਗੇ ਲੱਗੀਆਂ ਲੰਮੀਆਂ ਕਤਾਰਾਂ

## ਲੋਕਾਂ ਨੇ ਬਲੈਕ 'ਚ ਗੈਸ ਵੇਚਣ ਦੇ ਲਗਾਏ ਦੋਸ਼, ਏਜੰਸੀ ਮਾਲਕਾਂ ਨੇ ਦੋਸ਼ ਨਕਾਰੇ


ਗੈਸ ਏਜੰਸੀ ਅੱਗੇ ਪ੍ਰਦਰਸ਼ਨ ਕਰਦੇ ਖਪਤਕਾਰ।

**ਧੂਰੀ** (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਸਥਾਨਕ ਸ਼ਹਿਰ ਧੂਰੀ ਵਿੱਚ ਰਸੋਈ ਗੈਸ ਦੀ ਭਾਰੀ ਕਿੱਲਤ ਕਾਰਨ ਆਮ ਜਨਤਾ ਵਿੱਚ ਪ੍ਰਸ਼ਾਸਨ ਤੇ ਗੈਸ ਏਜੰਸੀਆਂ ਦੇ ਪ੍ਰਬੰਧਕਾਂ ਖ਼ਿਲਾਫ਼ ਤਿੱਖਾ ਰੋਸ ਪਾਇਆ ਜਾ ਰਿਹਾ ਹੈ।ਸ਼ਨੀਵਾਰ ਸਵੇਰ ਤੋਂ ਹੀ ਸ਼ਹਿਰ ਦੀ ਇੱਕ ਮੁੱਖ ਗੈਸ ਏਜੰਸੀ ਦੇ ਬਾਹਰ ਸੈਂਕੜੇ ਖਪਤਕਾਰਾਂ ਦੀਆਂ ਲੰਬੀਆਂ ਕਤਾਰਾਂ ਵੇਖਣ ਨੂੰ ਮਿਲੀਆਂ।ਲੋਕ ਸਵੇਰੇ ਤੜਕਸਾਰ ਤੋਂ ਹੀ ਆਪਣੇ ਖਾਲੀ ਸਿਲੰਡਰ ਲੈ ਕੇ ਲਾਈਨਾਂ ਵਿੱਚ ਲੱਗੇ ਹੋਏ ਸਨ, ਪਰ ਦੁਪਹਿਰ ਤੱਕ ਵੀ ਕਈਆਂ ਨੂੰ ਸਿਲੰਡਰ ਨਸੀਬ ਨਹੀਂ ਹੋਏ।ਲੋਕਾਂ ਦਾ ਕਹਿਣਾ ਹੈ ਕਿ ਘਰਾਂ ਵਿੱਚ ਚੁੱਲ੍ਹੇ ਠੰਢੇ ਪੈ ਰਹੇ ਹਨ ਤੇ ਏਜੰਸੀਆਂ ਵੱਲੋਂ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਜਾ ਰਿਹਾ।

ਮੌਕੇ 'ਤੇ ਮੌਜੂਦ ਗੁੱਸੇ ਵਿੱਚ ਆਏ ਖਪਤਕਾਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਗੰਭੀਰ ਦੋਸ਼ ਲਗਾਇਆ ਕਿ ਗੈਸ ਦੀ ਕਿੱਲਤ ਜਾਣਬੁੱਝ ਕੇ ਪੈਦਾ ਕੀਤੀ ਗਈ ਹੈ।ਲੋਕਾਂ ਅਨੁਸਾਰ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ (ਬਲੈਕ) ਜ਼ੋਰਾਂ 'ਤੇ ਚੱਲ ਰਹੀ ਹੈ ਤੇ ਜ਼ਰੂਰਤਮੰਦ ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ।ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਏਜੰਸੀਆਂ ਵਿੱਚ ਆਉਣ ਵਾਲੀਆਂ ਗੱਡੀਆਂ ਤੇ ਉਨ੍ਹਾਂ ਦੀ ਵੰਡ ਪ੍ਰਣਾਲੀ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ।ਉਨ੍ਹਾਂ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਪਲਾਈ ਨੂੰ ਤੁਰੰਤ ਸੁਚਾਰੂ ਬਣਾਇਆ ਜਾਵੇ ਤਾਂ ਜੋ ਗਰੀਬ ਵਰਗ ਨੂੰ ਰਾਹਤ ਮਿਲ ਸਕੇ।ਸ਼ਹਿਰ ਨਿਵਾਸੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਸਪਲਾਈ ਠੀਕ ਨਾ ਹੋਈ ਤਾਂ ਉਹ ਤਿੱਖਾ ਸੰਘਰਸ਼ ਕਰਨਗੇ।

ਦੂਜੇ ਪਾਸੇ, ਜਦੋਂ ਇਸ ਪੂਰੇ ਮਾਮਲੇ ਸਬੰਧੀ ਵੀਨਸ ਗੈਸ ਏਜੰਸੀ ਧੂਰੀ ਦੇ ਹਿੱਸੇਦਾਰ ਗੁਰਵਿੰਦਰ ਸਿੰਘ ਨਾਲ ਫ਼ੋਨ 'ਤੇ ਸੰਪਰਕ ਕੀਤਾ ਗਿਆ, ਤਾਂ ਉਨ੍ਹਾਂ ਬਲੈਕ ਵਿੱਚ ਗੈਸ ਵੇਚਣ ਦੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ।ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਪਿੱਛੋਂ ਹੀ ਸਪਲਾਈ ਵਿੱਚ ਕੁਝ ਕਮੀ ਆਈ ਹੈ, ਜਿਸ ਕਾਰਨ ਥੋੜ੍ਹੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਕੋਈ ਵੀ ਸਿਲੰਡਰ ਬਿਨਾਂ ਰਿਕਾਰਡ ਜਾਂ ਨਜਾਇਜ਼ ਤਰੀਕੇ ਨਾਲ ਨਹੀਂ ਵੇਚਿਆ ਜਾ ਰਿਹਾ ਤੇ ਏਜੰਸੀ ਪੂਰੀ ਪਾਰਦਰਸ਼ਤਾ ਨਾਲ ਕੰਮ ਕਰ ਰਹੀ ਹੈ।ਗੁਰਵਿੰਦਰ ਸਿੰਘ ਨੇ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਏਜੰਸੀ ਦੇ ਦਫ਼ਤਰ ਆ ਕੇ ਭੀੜ ਲਗਾਉਣ ਦੀ ਬਜਾਏ ਆਪਣੀ ਬੁਕਿੰਗ ਆਨਲਾਈਨ ਮਾਧਿਅਮ ਰਾਹੀਂ ਕਰਵਾਉਣ।ਉਨ੍ਹਾਂ ਭਰੋਸਾ ਦਿਵਾਇਆ ਕਿ ਜਿਨ੍ਹਾਂ ਲੋਕਾਂ ਦੀ ਬੁਕਿੰਗ ਵਾਰੀ ਅਨੁਸਾਰ ਆਵੇਗੀ, ਉਨ੍ਹਾਂ ਨੂੰ ਗੈਸ ਸਿਲੰਡਰਾਂ ਦੀ ਹੋਮ ਡਿਲਿਵਰੀ ਉਨ੍ਹਾਂ ਦੇ ਘਰਾਂ ਤੱਕ ਹੀ ਪਹੁੰਚਾਈ ਜਾਵੇਗੀ।ਉਨ੍ਹਾਂ ਲੋਕਾਂ ਨੂੰ ਸੰਜਮ ਬਣਾਏ ਰੱਖਣ ਦੀ ਬੇਨਤੀ ਕੀਤੀ ਤੇ ਕਿਹਾ ਕਿ ਜਲਦੀ ਹੀ ਸਪਲਾਈ ਆਮ ਵਾਂਗ ਹੋ ਜਾਵੇਗੀ।

# ਜ਼ੀਰਾ ਗੈਸ ਏਜੰਸੀ ਉੱਤਰੀ ਆਪਣੀਆਂ ਮਨਮਰਜ਼ੀਆਂ 'ਤੇ, ਦਫਤਰ ਕੀਤਾ ਬੰਦ

### ਸ਼ਹਿਰ 'ਚ ਗੈਸ ਸਿਲੰਡਰ ਦੀ ਕਾਲਾਬਜ਼ਾਰੀ ਜ਼ੋਰਾਂ 'ਤੇ



ਜ਼ੀਰਾ ਗੈਸ ਏਜੰਸੀ ਦਫਤਰ ਦੇ ਬੰਦ ਦੀ ਤਸਵੀਰ ਤੇ ਸ਼ਰੇਆਮ ਹਲਵਾਈ ਦੀ ਦੁਕਾਨ 'ਤੇ ਪਿਆ ਘਰੇਲੂ ਸਿਲੰਡਰ।

**ਜ਼ੀਰਾ** (ਨਰਿੰਦਰ ਅਨੇਜਾ)-ਅੱਜਕੱਲ੍ਹ ਜਿੱਥੇ ਲੋਕ ਗੈਸ ਸਿਲੰਡਰ ਦੀ ਕਿੱਲਤ ਨਾਲ ਜੂਝ ਰਹੇ ਹਨ ਅਤੇ ਸਵੇਰੇ ਤੜਕਸਾਰ ਹੀ ਗੈਸ ਏਜੰਸੀ ਦੇ ਬਾਹਰ ਲਾਈਨ ਲਗਾ ਕੇ ਖੜੇ ਹੋ ਜਾਂਦੇ ਹਨ, ਉੱਥੇ ਜ਼ੀਰਾ ਗੈਸ ਏਜੰਸੀ ਆਪਣੀਆਂ ਮਨਮਰਜ਼ੀਆਂ 'ਤੇ ਉੱਤਰ ਆਈ ਹੈ। ਅੱਜ ਗੈਸ ਏਜੰਸੀ ਨੇ ਆਪਣਾ ਦਫਤਰ ਹੀ ਨਹੀਂ ਖੋਲ੍ਹਿਆ, ਲੋਕ ਵਿਚਾਰੇ ਦੋ-ਦੋ, ਤਿੰਨ-ਤਿੰਨ ਘੰਟੇ ਲਾਈਨ ਵਿੱਚ ਖੜੇ ਹੋ ਗਏ ਗੈਸ ਸਿਲੰਡਰ ਤੋਂ ਬਿਨਾਂ ਹੀ ਖਾਲੀ ਹਾਥੀ ਮੁੜ ਗਏ, ਜਦਕਿ ਜ਼ੀਰਾ ਸ਼ਹਿਰ ਵਿੱਚ ਗੈਸ ਸਿਲੰਡਰਾਂ ਦੀ ਕਾਲਾ ਬਜ਼ਾਰੀ ਜ਼ੋਰਾਂ 'ਤੇ ਹੈ 1200 ਤੋਂ ਲੈ ਕੇ 1500 ਸਿਲੰਡਰ ਧੜੱਲੇ ਨਾਲ ਵਿਕ ਰਿਹਾ ਹੈ, ਜਿੱਥੇ ਕਾਪੀ ਧਾਰਕਾਂ ਨੂੰ ਸਿਲੰਡਰ ਲੈਣ ਲਈ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੋਟਲਾਂ ਵਾਲੇ ਤੇ ਫਾਸਟ ਫੂਡ ਦੁਕਾਨਦਾਰਾਂ ਨੂੰ ਬਿਨਾਂ ਗੈਸ ਧਾਰਕ ਕਾਪੀ ਤੋਂ ਬਿਨਾਂ ਹੀ ਘਰੇਲੂ ਗੈਸ ਲੈਣ ਵਿੱਚ ਕੋਈ ਦਿੱਕਤ ਨਹੀਂ ਆ ਰਹੀ। ਜਦੋਂ ਇਸ ਬਾਰੇ ਗੈਸ ਏਜੰਸੀ ਦੇ ਮਾਲਕ ਗੈਸ ਏਜੰਸੀ ਬੰਦ ਕਰਨ ਬਾਰੇ ਜਾਣਨਾ ਚਾਹਿਆ ਤਾਂ ਉਨ੍ਹਾਂ ਨੇ ਫੋਨ ਚੁੱਕਣਾ ਵੀ ਮੁਨਾਸਬ ਨਹੀਂ ਸਮਝਿਆ। ਜਦੋਂ ਇਸ ਬਾਰੇ ਐੱਸ ਡੀ ਐੱਮ ਸਾਹਿਬ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਦਾ ਫੋਨ ਹੀ ਬੰਦ ਆ ਰਿਹਾ ਸੀ। ਐੱਸ ਡੀ ਐੱਮ ਸਾਹਿਬ ਦੇ ਸੁਪਰਡੈਂਟ ਜੁਗਰਾਜ ਸਿੰਘ ਨਾਲ ਗੈਸ ਏਜੰਸੀ ਬੰਦ ਹੋਣ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ ਇਹ ਗੱਲ ਕਹਿ ਕੇ ਪੱਲਾ ਝਾੜ ਦਿੱਤਾ ਕਿ ਮੇਰੇ ਕੋਲ ਤਾਂ ਗੈਸ ਏਜੰਸੀ ਦੇ ਮਾਲਕ ਦਾ ਫੋਨ ਨੰਬਰ ਹੀ ਨਹੀਂ ਹੈ। ਜ਼ੀਰਾ ਨਿਵਾਸੀਆਂ ਤੇ ਕਾਪੀ ਧਾਰਕਾਂ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਤੋਂ ਮੰਗ ਕੀਤੀ ਹੈ ਕਿ ਆਪਣੀ ਮਰਜ਼ੀ ਨਾਲ ਗੈਸ ਏਜੰਸੀ ਬੰਦ ਕਰਨ ਤੇ ਸਿਲੰਡਰਾਂ ਦੀ ਹੋ ਰਹੀ ਕਾਲਾ ਬਜ਼ਾਰੀ ਵਿਰੁੱਧ ਗੈਸ ਏਜੰਸੀ ਦੇ ਡਿਸਟਰੀਬਿਊਟਰ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

## ਚੇਅਰਮੈਨ ਥਿੰਦ ਨੇ ਓ ਬੀ ਸੀ ਭਾਈਚਾਰੇ ਦੀਆਂ ਮੁਸ਼ਕਲਾਂ ਸੁਣੀਆਂ

**ਫਾਜ਼ਿਲਕਾ** (ਨਿਸ਼ਾ ਸ਼ਰਮਾ)-ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਜੰਡਵਾਲਾ ਮੀਰਾ ਸਾਂਗਲਾ ਦਾ ਦੌਰਾ ਕੀਤਾ, ਜਿਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਤੇ ਓਬੀਸੀ ਭਾਈਚਾਰੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ।ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਪਿਛੜੇ ਵਰਗਾਂ ਦੀ ਭਲਾਈ ਲਈ ਵੱਖ-ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤੇ ਕਮਿਸ਼ਨ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇਨ੍ਹਾਂ ਸਕੀਮਾਂ ਦਾ ਲਾਭ ਹਰ ਇੱਕ ਯੋਗ ਵਿਅਕਤੀ ਨੂੰ ਮਿਲੇ।ਉਨ੍ਹਾਂ ਕਿਹਾ ਕਿ ਉਹ ਲੜੀਵਾਰ ਜ਼ਿਲ੍ਹਿਆਂ ਦਾ ਦੌਰਾ ਕਰ ਰਹੇ ਹਨ ਤਾਂ ਜੋ ਉਹ ਪਿਛਲੇ ਵਰਗਾਂ ਦੀਆਂ ਸਮੱਸਿਆਵਾਂ ਤੋਂ ਜ਼ਮੀਨੀ ਪੱਧਰ ਤੋਂ ਜਾਣੂ ਹੋ ਸਕਣ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਹ 20 ਜ਼ਿਲ੍ਹਿਆਂ ਦਾ ਦੌਰਾ ਕਰ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਉਹ ਜਥੇਬੰਦੀਆਂ, ਸੰਸਥਾਵਾਂ ਜੋ ਪਿਛੜੇ ਵਰਗਾਂ ਦੀ ਭਲਾਈ ਨੂੰ ਅੱਗੇ ਲਿਜਾਉਣ ਲਈ ਕੰਮ ਕਰ ਰਹੀਆਂ ਹਨ, ਉਨ੍ਹਾਂ ਨੂੰ ਵੀ ਨਾਲ ਲੈ ਕੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਜੋ ਵੀ ਸਕੀਮਾਂ ਚੱਲ ਰਹੀਆਂ ਹਨ, ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਵੱਲੋਂ ਉਨ੍ਹਾਂ ਨੂੰ ਲਾਭ ਦੇਣ ਲਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।ਉਹ ਵਿਭਾਗੀ ਅਧਿਕਾਰੀਆਂ ਨੂੰ ਮਿਲ ਕੇ ਵੀ ਉਨ੍ਹਾਂ ਨੂੰ ਪੱਛੜੇ ਵਰਗ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੱਛੜੇ ਵਰਗ ਨਾਲ ਸਬੰਧਤ ਲੋਕਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹਨ।ਉਨ੍ਹਾਂ ਨੇ ਕਿਹਾ ਕਿ ਦਫਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ।

# ਸਿਮਰਤ ਖੰਗੂੜਾ ਹਲਕੇ ਦੀਆਂ ਸੈਂਕੜੇ ਔਰਤਾਂ ਸਣੇ ਸੜਕਾਂ 'ਤੇ ਉੱਤਰੇ




**ਧੂਰੀ** (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਹਲਕਾ ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਦੀ ਪਤਨੀ ਸਿਮਰਤ ਖੰਗੂੜਾ ਦੀ ਅਗਵਾਈ ਹੇਠ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਵਿਰੁੱਧ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਹਲਕੇ ਦੀਆਂ ਸੈਂਕੜੇ ਔਰਤਾਂ ਨੇ ਸੜਕਾਂ 'ਤੇ ਉੱਤਰ ਕੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਪ੍ਰਦਰਸ਼ਨਕਾਰੀਆਂ ਨੇ ਸਰਕਾਰ 'ਤੇ ਚੋਣਾਂ ਸਮੇਂ ਕੀਤੇ ਵਾਅਦਿਆਂ ਤੋਂ ਮੁੱਕਰਨ ਦੇ ਗੰਭੀਰ ਦੋਸ਼ ਲਗਾਏ ਤੇ ਆਪਣੀਆਂ ਹੱਕੀ ਮੰਗਾਂ ਲਈ ਆਵਾਜ਼ ਬੁਲੰਦ ਕੀਤੀ। ਸ਼ਹਿਰ ਦੇ ਵੱਖ ਵੱਖ ਬਜ਼ਾਰਾਂ 'ਚ ਰੋਸ ਮਾਰਚ ਕਰਨ ਤੋਂ ਬਾਅਦ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਪੁੱਜੇ ਧਰਨਾਕਾਰੀਆਂ ਨੇ ਸੱਤਾਧਾਰੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਸਿਮਰਤ ਖੰਗੂੜਾ ਨੇ ਇਸ ਰੋਸ ਮਾਰਚ ਦੌਰਾਨ 'ਧੀਆਂ ਭੈਣਾਂ ਦੀ ਸੁਣੋ ਪੁਕਾਰ-ਰਾਜਨੀਤੀ ਦਾ ਰੱਖੋ ਮਿਆਰ' ਦਾ ਹੋਕਾ ਦਿੰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਦੇਣ ਦੀ ਗਰੰਟੀ ਦਿੱਤੀ ਸੀ।ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਤੁਰੰਤ ਬਾਅਦ ਇਹ ਰਾਸ਼ੀ ਜਾਰੀ ਹੋਣੀ ਚਾਹੀਦੀ ਸੀ, ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਆਪਣੇ ਕਾਰਜਕਾਲ ਦੇ ਆਖਰੀ ਪੜਾਅ ਵਿੱਚ ਪਹੁੰਚ ਕੇ ਵੀ ਸਿਰਫ ਰਜਿਸਟਰੇਸ਼ਨਾਂ ਦੇ ਨਾਂ 'ਤੇ ਡੰਗ-ਟਪਾਊ ਨੀਤੀ ਅਪਨਾ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਪਿਛਲੇ ਚਾਰ ਸਾਲਾਂ ਦਾ ਬਣਦਾ ਬਕਾਇਆ, ਜੋ ਕਿ ਲਗਭਗ 48,000 ਰੁਪਏ ਬਣਦਾ ਹੈ, ਹਰ ਔਰਤ ਦੇ ਖਾਤੇ ਵਿੱਚ ਤੁਰੰਤ ਜਮ੍ਹਾਂ ਕਰਵਾਏ।ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪਿਛਲੀ ਅਦਾਇਗੀ ਨਾ ਕੀਤੀ ਗਈ ਤਾਂ ਇਹ ਸੰਘਰਸ਼ ਹੋਰ ਵੀ ਤਿੱਖਾ ਰੂਪ ਧਾਰਨ ਕਰੇਗਾ।

# ਸਰਕਾਰ ਦੀਆਂ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ : ਲਖਵੀਰ



**ਅਜੀਤਵਾਲ** (ਨਛੱਤਰ ਸੰਧੂ)-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਮੋਗਾ ਵਿਖੇ ਜ਼ਿਲ੍ਹਾ ਆਗੂ ਜਗਰਾਜ ਸਿੰਘ ਦੱਦਾਹੂਰ, ਰਾਜੂ ਪੱਤੋ ਤੇ ਬਲਜਿੰਦਰ ਸਿੰਘ ਕਿਸ਼ਨਪੁਰਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸੂਬਾ ਆਗੂ ਲਖਵੀਰ ਸਿੰਘ ਜੰਗ ਦੌਧਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ, ਨੇ ਸਾਂਝੇ ਬਿਆਨ ਵਿੱਚ ਪੰਜਾਬ ਸਰਕਾਰ ਦੀ ਕਿਸਾਨਾਂ, ਮਜ਼ਦੂਰਾਂ, ਮੁਲਜ਼ਮਾਂ ਤੇ ਸੰਘਰਸ਼ਸ਼ੀਲ ਲੋਕਾਂ ਪ੍ਰਤੀ ਅਪਣਾਈ ਜਾਂਦੀ ਨਾ-ਪੱਖੀ ਜ਼ੁਲਮਾਨਾ ਪਹੁੰਚ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਉਨ੍ਹਾ ਲਿਖਤੀ ਬਿਆਨ ਵਿੱਚ ਕਿਹਾ ਕਿ ਕਿਸਾਨ ਮਜ਼ਦੂਰ ਮੋਰਚੇ ਵੱਲੋਂ 16 ਫਰਵਰੀ ਮੋਗਾ ਵਿੱਚ 25 ਫਰਵਰੀ ਨੂੰ ਮੁੱਖ ਵਿੱਚ 7 ਮਾਰਚ ਨੂੰ ਤਰਨ ਤਾਰਨ ਤੇ 9 ਮਾਰਚ ਨੂੰ ਗੁਰਦਾਸਪੁਰ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਸਿੰਘ ਮਾਨ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ ਸੀ।ਵੱਡੇ ਵਿਰੋਧ ਪ੍ਰਦਰਸ਼ਨਾਂ ਨੂੰ ਦੇਖਦਿਆਂ ਸਰਕਾਰ ਨੇ ਮਸਲਿਆਂ ਦੇ ਹਾਲੇ ਲਈ 17 ਮਾਰਚ ਨੂੰ ਮੁੱਖ ਮੰਤਰੀ ਦੇ ਨਿਵਾਸ 'ਤੇ ਮੀਟਿੰਗ ਨਿਯਤ ਹੋਈ ਸੀ, ਪਰ ਸਰਕਾਰ ਪਹਿਲਾਂ ਦੀ ਤਰ੍ਹਾਂ ਮੀਟਿੰਗ ਕਰਨ ਤੋਂ ਭੱਜ ਗਈ ਹੈ।ਉਨ੍ਹਾਂ ਰੋਸ ਪ੍ਰਦਰਸ਼ਨਾਂ ਵਿੱਚ ਮੁੱਖ ਮੰਤਰੀ ਨੂੰ ਪੁੱਛਿਆ ਜਾਵੇਗਾ ਕਿ ਸ਼ੰਭੂ ਖਨੌਰੀ ਬਾਰਡਰ ਮੋਰਚਿਆਂ ਤੋਂ 3 ਕਰੋੜ 77 ਲੱਖ ਦੀਆਂ ਟਰਾਲੀਆਂ ਤੇ ਹੋਰ ਸਾਮਾਨ ਕਿਸ ਨੇ ਚੋਰੀ ਕੀਤਾ, ਉਸ ਦਾ ਮੁਆਵਜ਼ਾ, ਸ਼ਹੀਦਾਂ ਤੇ ਹੜ੍ਹਾਂ ਦਾ ਮੁਆਵਜ਼ਾ ਅਜੇ ਤੱਕ ਕਿਉਂ ਨਹੀਂ ਦਿੱਤਾ ਗਿਆ। ਉਨ੍ਹਾਂ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਕੋਲੋਂ ਕਰੋੜਾਂ ਰੁਪਏ ਦਾ ਨਸ਼ਾ ਬਰਾਮਦ ਹੋਣਾ ਸ਼ਰਮਨਾਕ ਗੱਲ ਹੈ।ਇਸ ਮੌਕੇ ਅਜਮੇਰ ਸਿੰਘ, ਨਿਰਮਲ ਸਿੰਘ ਕਿਸ਼ਨਪੁਰ, ਕਰਮਜੀਤ ਸਿੰਘ, ਅਵਤਾਰ ਸਿੰਘ ਦੌਧਰ, ਗੁਰਪ੍ਰੀਤ ਸਿੰਘ ਦੋਸਾਂਝ, ਗੁਰਦੀਪ ਸਿੰਘ ਮੀਨੀਆ ਆਦਿ ਹਾਜ਼ਰ ਸਨ।

## ਕਾਤਰਾਂ

### ਢਾਈ ਕਰੋੜ ਦੇ ਚੈੱਕ ਵੰਡੇ

**ਦੇਵੀਗੜ੍ਹ/ਪਟਿਆਲਾ** (ਰਾਜਿੰਦਰ ਸਿੰਘ ਥਿੰਦ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਦੀ ਨੁਹਾਰ ਬਦਲਣ ਦੇ ਮਕਸਦ ਨਾਲ ਸ਼ੁਰੂ ਕੀਤੀ 'ਰੰਗਲਾ ਪੰਜਾਬ' ਮੁਹਿੰਮ ਤਹਿਤ ਹਲਕਾ ਸਨੌਰ 'ਚ ਵਿਕਾਸ ਕਾਰਜਾਂ ਦੀ ਝੜੀ ਲਾ ਦਿੱਤੀ ਗਈ।ਦੇਵੀਗੜ੍ਹ ਸਥਿਤ ਤਨੇਜਾ ਮੈਰਿਜ ਪੈਲੇਸ ਵਿਖੇ ਕਰਾਏ ਗਏ ਇੱਕ ਵਿਸ਼ਾਲ ਸਮਾਗਮ ਦੌਰਾਨ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਬਲਾਕ ਸਨੌਰ ਤੇ ਬਲਾਕ ਭੁਨਰਹੇੜੀ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੀ ਰਾਸ਼ੀ ਦੇ ਚੈੱਕ ਤਕਸੀਮ ਕੀਤੇ।

### ਸੜਕ ਹਾਦਸੇ 'ਚ ਮਾਂ-ਪੁੱਤਰ ਜ਼ਖਮੀਂ, ਮਾਮਲਾ ਦਰਜ

**ਫਿਰੋਜ਼ਪੁਰ** (ਅਸ਼ੋਕ ਸ਼ਰਮਾ)-ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਪੈਂਦੇ ਪਿੰਡ ਖਾਈ ਫੇਮੇ ਕੇ ਦੇ ਕੋਲ ਹੋਏ ਸੜਕ ਹਾਦਸੇ ਵਿੱਚ ਮਾਂ-ਪੁੱਤਰ ਦੇ ਜ਼ਖ਼ਮੀਂ ਹੋਣ ਦੀ ਖਬਰ ਮਿਲੀ ਹੈ। ਜ਼ਖਮੀਆਂ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਕਾਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪਰਮਜੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਮਮਦੋਟ ਨੇ ਦੱਸਿਆ ਕਿ ਉਹ ਆਪਣੀ ਮਾਤਾ ਨਾਲ ਆਪਣੇ ਘਰ ਟਿੱਬੀ ਖੁਰਦ ਜਾ ਰਿਹਾ ਸੀ। ਜਦ ਉਹ ਖਾਈ ਪੁਲ ਕਰਾਸ ਕਰਨ ਲੱਗਾ ਤਾਂ ਇਕ ਵੋਕਸਵੈਗਨ ਕਾਰ ਚਾਲਕ, ਜਿਸ ਨੂੰ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਦਲਬੀਰ ਸਿੰਘ ਵਾਸੀ ਰੁਕਣ ਸ਼ਾਹ ਵਾਲਾ ਚਲਾ ਰਿਹਾ ਸੀ, ਜਿਸ ਨੇ ਬੜੀ ਤੇਜ਼ੀ ਤੇ ਲਾਪ੍ਰਵਾਹੀ ਨਾਲ ਗੱਡੀ ਲਿਆ ਕੇ ਉਨ੍ਹਾਂ ਵਿੱਚ ਮਾਰੀ, ਜਿਸ ਕਾਰਨ ਉਨ੍ਹਾਂ ਦੇ ਸੱਟਾਂ ਲੱਗ ਗਈਆਂ। ਪਰਮਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਤੇ ਉਸ ਦੀ ਮਾਤਾ ਦਾ ਇਲਾਜ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਕਾਰ ਚਾਲਕ ਪਰਮਜੀਤ ਸਿੰਘ ਪੰਮਾ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### 29ਵਾਂ ਕਲਾ ਕਿਤਾਬ ਮੇਲਾ ਅੱਜ ਤੋਂ

**ਮਾਨਸਾ** (ਆਤਮਾ ਸਿੰਘ ਪਮਾਰ)-ਸ਼ਹੀਦ ਭਗਤ ਸਿੰਘ ਕਲਾ ਮੰਚ ਪੰਜਾਬ ਵੱਲੋਂ ਵਿਸ਼ਵ ਰੰਗਮੰਚ ਤੇ ਸ਼ਹੀਦ ਭਗਤ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਨਾਟਕਕਾਰ ਪ੍ਰੋਫੈਸਰ ਅਜਮੇਰ ਸਿੰਘ ਔਲਖ ਦੀ ਨਿੱਘੀ ਯਾਦ ਨੂੰ ਤਾਜ਼ਾ ਕਰਨ ਲਈ 29ਵਾਂ ਕਲਾ ਕਿਤਾਬ ਮੇਲਾ 22 ਮਾਰਚ ਤੋਂ ਆਰੰਭ ਹੋ ਕੇ 24 ਮਾਰਚ ਤੱਕ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਾਨਸਾ ਵਿਖੇ ਜਾਰੀ ਰਹੇਗਾ।ਵਿਸ਼ਵ ਪੱਧਰ 'ਤੇ ਮੰਡਰਾ ਰਹੇ ਸੰਸਾਰ ਜੰਗ ਦੇ ਬੱਦਲਾਂ ਨੂੰ ਦੇਖਦਿਆਂ ਇਹ ਮੇਲਾ 'ਜੰਗ ਨਹੀਂ ਅਮਨ' ਥੀਮ ਹੇਠ ਕਰਵਾਇਆ ਜਾਵੇਗਾ।ਇਸ ਮੌਕੇ ਪੰਜਾਬ ਦੇ ਨਾਮਵਰ ਪ੍ਰਕਾਸ਼ਕਾਂ ਵੱਲੋਂ ਪੁਸਤਕ ਪ੍ਰਦਰਸ਼ਨੀਆਂ, ਜੰਗ ਨਾਲ ਸੰਬੰਧਤ ਤਸਵੀਰਾਂ ਤੇ ਕਵਿਤਾਵਾਂ ਦੀਆਂ ਹੱਥ ਲਿਖਤ ਟੂਕਾਂ ਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਤਿੰਨੇ ਦਿਨ ਪੈਨਲ ਡਿਸ਼ਕਸ਼ਨ, ਕਵੀ ਦਰਬਾਰ, ਰੂਬਰੂ, ਸਮਾਗਮਾਂ ਤੋਂ ਇਲਾਵਾ ਹਰ ਰੋਜ਼ ਸ਼ਾਮ ਨੂੰ ਨਾਟਕਾਂ ਦੀ ਪੇਸ਼ਕਾਰੀ ਹੋਵੇਗੀ।

### ਜ਼ਿਲ੍ਹਾ ਪ੍ਰੈੱਸ ਕਲੱਬ ਫ਼ਰੀਦਕੋਟ ਦੀ ਮੀਟਿੰਗ 24 ਨੂੰ

**ਫ਼ਰੀਦਕੋਟ** (ਐਲਿਗਜ਼ੈਂਡਰ ਡਿਸੂਜ਼ਾ)-ਜ਼ਿਲ੍ਹਾ ਪ੍ਰੈੱਸ ਕਲੱਬ (ਪ੍ਰਿੰਟ ਮੀਡੀਆ) ਫ਼ਰੀਦਕੋਟ ਦੀ ਇੱਕ ਵਿਸ਼ੇਸ਼ ਤੇ ਜ਼ਰੂਰੀ ਮੀਟਿੰਗ 24 ਮਾਰਚ 2026 ਨੂੰ ਬੁਲਾਈ ਗਈ ਹੈ।ਇਹ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਸਵੇਰੇ 11 ਵਜੇ ਸ਼ੁਰੂ ਹੋਵੇਗੀ।ਮੀਟਿੰਗ ਦੇ ਮੁੱਖ ਏਜੰਡੇ ਬਾਰੇ ਪ੍ਰਧਾਨ ਅਮਿਤ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਇਕੱਤਰਤਾ ਦੌਰਾਨ ਕਲੱਬ ਦੀ ਆਗਾਮੀ ਚੋਣ ਪ੍ਰਕਿਰਿਆ ਨੂੰ ਲੈ ਕੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਕਲੱਬ ਦੇ ਸਮੂਹ ਮੈਂਬਰਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਮੀਟਿੰਗ ਦੀ ਅਹਿਮੀਅਤ ਨੂੰ ਮੁੱਖ ਰੱਖਦਿਆਂ ਨਿਸ਼ਚਿਤ ਸਮੇਂ 'ਤੇ ਆਪਣੀ ਹਾਜ਼ਰੀ ਯਕੀਨੀ ਬਣਾਉਣ।

### ਕਾਰੋਬਾਰੀ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਮੁਲਜ਼ਮ ਗ੍ਰਿਫ਼ਤਾਰ, ਦੋ ਪਿਸਤੌਲ ਬਰਾਮਦ

**ਬਠਿੰਡਾ** (ਪਰਵਿੰਦਰ ਜੀਤ ਸਿੰਘ)-ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਪੰਜਾਬ ਨੇ ਬਠਿੰਡਾ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਗੈਰ-ਕਾਨੂੰਨੀ ਦੇਸੀ .32 ਬੋਰ ਪਿਸਤੌਲਾਂ ਸਮੇਤ ਮੈਗਜ਼ੀਨ ਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜੈਕੀ ਕੁਮਾਰ ਉਰਫ਼ ਜੈਕੀ ਵਾਸੀ ਪਰਸਰਾਮ ਨਗਰ, ਬਠਿੰਡਾ ਤੇ ਵਿਕਾਸ ਅਰੋੜਾ ਵਾਸੀ ਵਿਸ਼ਾਲ ਨਗਰ, ਬਠਿੰਡਾ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਬਠਿੰਡਾ ਵਿੱਚ ਇੱਕ ਵਪਾਰੀ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਸਨ।ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਹਥਿਆਰ ਦਿੱਲੀ ਤੋਂ ਖਰੀਦੇ ਗਏ ਸਨ ਤੇ ਇਸ ਸਬੰਧੀ ਹੋਰ ਸਬੰਧਾਂ ਦੀ ਪੜਤਾਲ ਕੀਤੀ ਜਾ ਰਹੀ ਹੈ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ ਪਿਛਲੇ ਸੰਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।ਇਸ ਸਬੰਧੀ ਬਠਿੰਡਾ ਦੇ ਪੁਲਸ ਸਟੇਸ਼ਨ ਕੋਤਵਾਲੀ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਪੂਰਾ ਕਰੇ ਸਰਕਾਰ : ਮੋਰਚਾ ਆਗੂ



**ਲਹਿਰਾ ਮੁਹੱਬਤ** (ਭੀਮ ਸੈਨ ਹਦਵਾਰੀਆ)

ਪੰਜਾਬ ਸਰਕਾਰ ਵੱਲੋਂ ਇਸ ਸਮੇਂ ਝੂਠੇ ਪ੍ਰਚਾਰ ਦੇ ਜ਼ੋਰ ਪੰਜਾਬ ਦੇ ਮਿਹਨਤਕਸ਼ ਲੋਕਾਂ ਅੰਦਰ ਇਹ ਭਰਮ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਦੀ ਇਹ ਪਹਿਲੀ ਸਰਕਾਰ ਹੈ, ਜਿਸ ਨੇ ਵੋਟਾਂ ਸਮੇਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕੀਤਾ ਹੈ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਆਗੂਆਂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਕਟਾਰੀਆ, ਪਵਨਦੀਪ ਸਿੰਘ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂ, ਸਿਮਰਨਜੀਤ ਸਿੰਘ ਨੀਲੋਂ, ਸ਼ੇਰ ਸਿੰਘ ਖੰਨਾ, ਜਸਪ੍ਰੀਤ ਸਿੰਘ, ਰਮਨਦੀਪ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ ਤੇ ਲਛਮਣ ਸਿੰਘ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਨਿਰਾ ਝੂਠ ਹੈ ਤੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕਰਨ ਦੀ ਇੱਕ ਸੋਚੀ ਸਮਝੀ ਸਾਜ਼ਿਸ਼ ਹੈ। ਆਗੂਆਂ ਨੇ ਕਿਹਾ ਕਿ ਚੋਣਾਂ ਮੌਕੇ ਲੋਕਾਂ ਦੀ ਸੱਥ ਵਿੱਚ ਵਾਅਦਾ ਕੀਤਾ ਸੀ ਕਿ ਜੇਕਰ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਬਣਦੀ ਹੈ ਤਾਂ ਸਮੂਹ ਸਰਕਾਰੀ ਵਿਭਾਗਾਂ ਵਿੱਚ ਕੰਮ 'ਤੇ ਤਾਇਨਾਤ ਆਊਟਸੋਰਸਡ ਇਨਲਿਸਟਮੈਂਟ ਦਿਹਾੜੀਦਾਰ ਤੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਲਿਆ ਕੇ ਰੈਗੂਲਰ ਕੀਤਾ ਜਾਵੇਗਾ। ਨਿੱਜੀ ਕੰਪਨੀਆਂ ਤੇ ਸੁਸਾਇਟੀਆਂ ਨੂੰ ਵਿਭਾਗ ਤੋਂ ਬਾਹਰ ਕੱਢਿਆ ਜਾਵੇਗਾ, ਕਿਉਂਕਿ ਇਹ ਵਿਭਾਗਾਂ ਦੀ ਲੁੱਟ ਲਈ ਜ਼ਿੰਮੇਵਾਰ ਹਨ। ਇਹ ਸਾਰੇ ਹੀ ਅਕਾਲੀ, ਕਾਂਗਰਸ ਤੇ ਭਾਜਪਾਈਆਂ ਦੇ ਰਿਸ਼ਤੇਦਾਰ ਹਨ। ਇਹ ਵੀ ਕਿਹਾ ਸੀ ਕਿ ਇਸ ਕੰਮ ਲਈ ਜੇਕਰ ਸਾਡੀ ਸਰਕਾਰ ਨੂੰ ਸੁਪਰੀਮ ਕੋਰਟ ਤੱਕ ਵੀ ਜਾਣਾ ਪਿਆ ਤਾਂ ਅਸੀਂ ਕਦਾਚਿਤ ਵੀ ਪਿੱਛੇ ਨਹੀਂ ਹਟਾਂਗੇ ਤੇ ਸਾਡੀ ਸਰਕਾਰ ਬਣਨ 'ਤੇ ਲੋਕਾਂ ਨੂੰ ਧਰਨਿਆਂ ਮੁਜ਼ਾਹਰਿਆਂ ਦੀ ਲੋੜ ਨਹੀਂ ਰਹੇਗੀ।

ਆਗੂਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਵਾਅਦੇ ਪੂਰੇ ਕਰਨੇ ਤਾਂ ਦੂਰ ਦੀ ਗੱਲ ਰਹੀ, ਠੇਕਾ ਮੁਲਾਜ਼ਮਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਵੀ ਜਾਨਣ ਦੀ ਲੋੜ ਨਹੀਂ ਸਮਝੀ ਗਈ। ਕਰੀਬ 34 ਵਾਰ ਲਿਖਤੀ ਮੀਟਿੰਗ ਦਾ ਸਮਾਂ ਦਿੱਤਾ ਗਿਆ, ਪ੍ਰੰਤੂ ਹਰ ਵਾਰ ਐਨ ਮੌਕੇ 'ਤੇ ਜਾ ਕੇ ਜ਼ਰੂਰੀ ਰੁਝੇਵਿਆਂ ਦੇ ਬਹਾਨੇ ਹੇਠ ਗੱਲਬਾਤ ਕਰਨ ਤੋਂ ਇਨਕਾਰ ਕੀਤਾ ਜਾਂਦਾ ਰਿਹਾ। ਪਹਿਲੀਆਂ ਸਰਕਾਰਾਂ ਵਾਂਗ ਵਿੱਤ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸਬ ਕਮੇਟੀ ਦਾ ਗਠਨ ਕਰਕੇ ਇਹ ਭਰੋਸਾ ਦਿੱਤਾ ਗਿਆ ਸੀ ਕਿ ਇਹ ਕਮੇਟੀ ਆਊਟਸੋਰਸਡ ਇਨਲਿਸਟਮੈਂਟ ਦਿਹਾੜੀਦਾਰ ਤੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਕਰੇਗੀ, ਪਰ ਕੀਤੇ ਵਾਅਦੇ ਤੋਂ ਉਲਟ ਇਸ ਸਬ ਕਮੇਟੀ ਵੱਲੋਂ ਵੀ ਪੂਰੇ ਚਾਰ ਸਾਲ ਝੂਠੇ ਲਾਰੇ ਲਾਉਣ, ਧੋਖੇ ਦੀਆਂ ਸਾਜ਼ਿਸ਼ਾਂ ਰਚਣ ਦੇ ਨਾਲ ਮੋਰਚੇ ਦੀ ਏਕਤਾ ਨੂੰ ਖਿੰਡਾਉਣ ਦੀਆਂ ਲਗਾਤਾਰ ਅਸਫ਼ਲ ਕੋਸ਼ਿਸ਼ਾਂ ਜਾਰੀ ਰੱਖੀਆਂ ਗਈਆਂ।

ਮੋਰਚਾ ਆਗੂਆਂ ਨੇ ਕਿਹਾ ਕਿ ਸਰਕਾਰ ਝੂਠ ਤੇ ਧੋਖੇ ਦੀਆਂ ਸਾਜ਼ਿਸ਼ਾਂ ਰਾਹੀਂ ਪੰਜਾਬ ਦੇ ਮਿਹਨਤਕਸ਼ ਲੋਕਾਂ ਨੂੰ ਬੇਵਕੂਫ਼ ਬਣਾਉਣ ਦੀ ਥਾਂ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਲਿਆ ਕੇ ਰੈਗੂਲਰ ਕਰਨ ਦੇ ਕੀਤੇ ਵਾਅਦੇ ਨੂੰ ਪੂਰਾ ਕਰੇ, ਨਹੀਂ ਤਾਂ ਠੇਕਾ ਮੁਲਾਜ਼ਮ ਦਿੜ੍ਹਬਾ ਹਲਕੇ ਦੀ ਤਰ੍ਹਾਂ ਪੰਜਾਬ ਦੇ ਪਿੰਡ-ਪਿੰਡ ਜਾ ਕੇ ਸਰਕਾਰ ਦੀ ਇਸ ਕਾਰਪੋਰੇਟ ਪੱਖੀ ਖ਼ਸਲਤ ਨੂੰ ਨੰਗਾ ਕਰਕੇ ਆਪਣੇ ਇਸ ਸੰਘਰਸ਼ ਨੂੰ ਲੋਕਾਂ ਦੇ ਸਹਿਯੋਗ ਨਾਲ ਤਿੱਖਾ ਕਰਨ ਲਈ ਮਜਬੂਰ ਹੋਣਗੇ, ਜਿਸ ਲਈ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

## ਸਰਸ ਮੇਲੇ 'ਚ ਪਹਿਰਾਵਾ ਪ੍ਰਦਰਸ਼ਨੀ ਦੇ ਮੁਕਾਬਲੇ ਕਰਵਾਏ

### ਜਸ਼ਨਦੀਪ ਸਿੰਘ 'ਮਿਸਟਰ ਮਾਨਸਾ' ਤੇ ਕਰਮਜੀਤ ਕੌਰ 'ਮਿਸ ਮਾਨਸਾ' ਚੁਣੇ

**ਸਰਦੂਲਗੜ੍ਹ** (ਅਵਤਾਰ ਜਟਾਣਾ)-ਸਰਸ ਮੇਲੇ ਦੌਰਾਨ ਪੰਜਾਬੀ ਸੱਭਿਆਚਾਰ ਤੇ ਵਿਰਾਸਤੀ ਪਹਿਰਾਵੇ ਨੂੰ ਉਤਸ਼ਾਹਤ ਕਰਨ ਦੇ ਮਕਸਦ ਨਾਲ ਕਰਵਾਏ ਗਏ 'ਪਹਿਰਾਵਾ ਪ੍ਰਦਰਸ਼ਨੀ' ਮੁਕਾਬਲਿਆਂ ਵਿੱਚੋਂ ਜਸ਼ਨਦੀਪ ਸਿੰਘ ਨੇ 'ਮਿਸਟਰ ਮਾਨਸਾ' ਤੇ ਕਰਮਜੀਤ ਕੌਰ ਨੇ 'ਮਿਸ ਮਾਨਸਾ' ਦਾ ਖ਼ਿਤਾਬ ਆਪਣੇ ਨਾਮ ਕੀਤਾ ਹੈ।ਪਿਛਲੇ ਦਿਨੀਂ ਕਰਵਾਏ ਗਏ ਇਨ੍ਹਾਂ ਦਿਲਕਸ਼ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਨੌਜਵਾਨਾਂ ਨੇ ਆਪਣੀ ਕਲਾ ਤੇ ਪੰਜਾਬੀ ਪਹਿਰਾਵੇ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ।'ਮਿਸਟਰ ਮਾਨਸਾ' ਚੁਣਿਆ ਗਿਆ ਜਸ਼ਨਦੀਪ ਸਿੰਘ ਮਾਨਸਾ ਸ਼ਹਿਰ ਦਾ ਵਾਸੀ ਹੈ ਤੇ ਨੈਸ਼ਨਲ ਕਾਲਜ ਭੀਖੀ ਦਾ ਵਿਦਿਆਰਥੀ ਹੈ। ਇਸੇ ਤਰ੍ਹਾਂ 'ਮਿਸ ਮਾਨਸਾ' ਬਣੀ ਕਰਮਜੀਤ ਕੌਰ ਸਰਦੂਲਗੜ੍ਹ ਖੇਤਰ ਦੀ ਵਾਸੀ ਹੈ ਤੇ ਐਨਲਾਈਟਡ ਕਾਲਜ ਝੁਨੀਰ ਵਿਖੇ ਸਿੱਖਿਆ ਪ੍ਰਾਪਤ ਕਰ ਰਹੀ ਹੈ।ਦੋਵਾਂ ਜੇਤੂਆਂ ਨੇ ਮੰਚ 'ਤੇ ਆਪਣੇ ਆਤਮ-ਵਿਸ਼ਵਾਸ ਤੇ ਪੰਜਾਬੀ ਪਹਿਰਾਵੇ ਦੀ ਪੇਸ਼ਕਾਰੀ ਰਾਹੀਂ ਜੱਜਾਂ ਨੂੰ ਪ੍ਰਭਾਵਿਤ ਕੀਤਾ।

ਸੂਫ਼ੀ ਗਾਇਕ ਕੰਵਰ ਗਰੇਵਾਲ ਦੀ ਮੌਜੂਦਗੀ ਵਿੱਚ ਇਨ੍ਹਾਂ ਦੋਵੇਂ ਜੇਤੂਆਂ ਨੂੰ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੇ ਸਿੰਗਲਾ, ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਤੇ ਡਿਪਟੀ ਕਮਿਸ਼ਨਰ ਮਾਨਸਾ ਸ੍ਰੀਮਤੀ ਨਵਜੋਤ ਕੌਰ, ਜ਼ਿਲ੍ਹਾ ਪੁਲਸ ਮੁਖੀ ਭਾਗੀਰਥ ਸਿੰਘ ਮੀਨਾ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਗੁਰਪ੍ਰੀਤ ਸਿੰਘ ਭੁੱਚਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਆਕਾਸ਼ ਬਾਂਸਲ, ਡਾ. ਗੁਰਲੀਨ ਕੌਰ ਆਈ.ਏ.ਐੱਸ. ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੀਲਮ ਰਾਣੀ ਆਦਿ ਵੱਲੋਂ ਸਨਮਾਨਤ ਕੀਤਾ ਗਿਆ।

## ਮਹਿਲਾ ਡਿਗਰੀ ਕਾਲਜ ਜਮਾਲ ਵਿਖੇ ਖੇਡ ਮੁਕਾਬਲੇ ਕਰਵਾਏ

### ਗਾਇਤਰੀ ਨੇ ਸਰਵੋਤਮ ਖਿਡਾਰਨ ਦਾ ਪੁਰਸਕਾਰ ਜਿੱਤਿਆ



**ਸਿਰਸਾ** (ਪੱਤਰ ਪ੍ਰੇਰਕ)-ਚੌਧਰੀ ਕੁਰੜਾ ਰਾਮ ਮੈਮੋਰੀਅਲ ਮਹਿਲਾ ਡਿਗਰੀ ਕਾਲਜ ਜਮਾਲ ਵਿਖੇ ਦੋ ਰੋਜ਼ਾ ਸਾਲਾਨਾ ਖੇਡ ਮੁਕਾਬਲੇ ਕਰਵਾਏ ਗਏ।ਮੁਕਾਬਲਿਆਂ ਦਾ ਰਸਮੀ ਉਦਘਾਟਨ ਕਾਲਜ ਪ੍ਰਿੰਸੀਪਲ ਡਾ. ਕ੍ਰਿਸ਼ਨ ਲਾਲ ਗੁਪਤਾ ਨੇ ਕੀਤਾ।ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਵਿਕਾਸ ਲਈ ਜ਼ਰੂਰੀ ਹਨ, ਸਗੋਂ ਅਨੁਸ਼ਾਸਨ, ਟੀਮ ਭਾਵਨਾ ਤੇ ਆਤਮ ਵਿਸ਼ਵਾਸ ਨੂੰ ਵੀ ਉਤਸ਼ਾਹਤ ਕਰਦੀਆਂ ਹਨ।ਐਥਲੈਟਿਕਸ ਮੁਕਾਬਲਿਆਂ ਵਿੱਚ ਕਾਲਜ ਦੀ ਵਿਦਿਆਰਥਣ ਗਾਇਤਰੀ ਦਾ ਪ੍ਰਦਰਸ਼ਨ ਸਭ ਤੋਂ ਸ਼ਾਨਦਾਰ ਰਿਹਾ, ਉਸ ਨੂੰ ਸਰਵੋਤਮ ਖਿਡਾਰਨ ਦੇ ਪੁਰਸਕਾਰ ਨਾਲ ਨਵਾਜ਼ਿਆ ਗਿਆ।ਮੁਕਾਬਲਿਆਂ ਦੌਰਾਨ ਲੰਬੀ ਛਾਲ ਵਿੱਚ ਪ੍ਰਿਆ ਪਹਿਲੇ, ਗਾਇਤਰੀ ਦੂਜੇ ਤੇ ਮੰਜੂ ਤੀਜੇ ਸਥਾਨ 'ਤੇ ਰਹੀ।ਉੱਚੀ ਛਾਲ ਵਿੱਚ ਰਵੀਨਾ ਪਹਿਲੇ, ਗਾਇਤਰੀ ਦੂਜੇ ਤੇ ਸੰਤੋਸ਼ ਤੀਜੇ ਸਥਾਨ 'ਤੇ ਰਹੀ।100 ਮੀਟਰ ਦੌੜ ਵਿੱਚ ਗਾਇਤਰੀ ਪਹਿਲੇ, ਪ੍ਰਿਆ ਦੂਜੇ ਤੇ ਮੰਜੂ ਤੀਜੇ ਸਥਾਨ 'ਤੇ ਰਹੀ।200 ਮੀਟਰ ਦੌੜ ਵਿੱਚ ਗਾਇਤਰੀ ਪਹਿਲੇ, ਰਵੀਨਾ ਦੂਜੇ ਤੇ ਪ੍ਰਿਆ ਤੀਜੇ ਸਥਾਨ ਤੇ ਰਹੀ।400 ਮੀਟਰ ਦੌੜ ਵਿੱਚ ਗਾਇਤਰੀ ਪਹਿਲੇ, ਸੰਤੋਸ਼ ਦੂਜੇ ਤੇ ਜੋਤੀ ਤੀਜੇ ਸਥਾਨ 'ਤੇ ਰਹੀ।ਟੀਮ ਖੇਡਾਂ ਦੇ ਕਬੱਡੀ ਮੁਕਾਬਲੇ ਵਿੱਚ ਪਾਇਲ, ਵਾਲੀਬਾਲ ਵਿੱਚ ਪੂਜਾ, ਡੌਜ਼ਬਾਲ ਵਿੱਚ ਰੀਨਾ, ਖੋ ਖੋ ਵਿੱਚ ਸਿਮਰਨ ਤੇ ਰੱਸਾਕਸੀ ਵਿੱਚ ਐੱਮ. ਏ. ਹਿਸਟਰੀ ਦੀ ਟੀਮ ਜੇਤੂ ਰਹੀ।ਸਮਾਪਤੀ ਸਮਾਰੋਹ ਦੌਰਾਨ ਜੇਤੂ ਖਿਡਾਰਨਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਲੈਕਚਰਾਰ ਸੁਨੀਤਾ ਨੇ 2100 ਰੁਪਏ, ਪ੍ਰਿੰਸੀਪਲ ਡਾ. ਕ੍ਰਿਸ਼ਨ ਲਾਲ ਗੁਪਤਾ ਨੇ 1100 ਤੇ ਪ੍ਰੋਫੈਸਰ ਸਵਿਤਾ ਨੇ 500 ਰੁਪਏ ਵਿਦਿਆਰਥਣਾਂ ਨੂੰ ਸਨਮਾਨ ਵਜੋਂ ਦਿੱਤੇ।ਇਸ ਦੌਰਾਨ ਕਾਲਜ ਪ੍ਰਧਾਨ ਰਾਜੇਸ਼ ਕੁਮਾਰ, ਡਾਇਰੈਕਟਰ ਵੇਦ ਪ੍ਰਕਾਸ਼ ਗੁਪਤਾ, ਕੋਚ ਡਾ. ਜਸਵੀਰ ਸਿੰਘ ਜਾਖੜ ਸਹਿਤ ਸਟਾਫ਼ ਮੈਂਬਰ ਮੌਜੂਦ ਸਨ।

## ਤਖ਼ਤ ਸਾਹਿਬ ਨੂੰ ਰੇਲਵੇ ਲਾਈਨ ਨਾਲ ਜੋੜਨ ਲਈ ਜ਼ਮੀਨ ਨਾ ਦੇਣ ਦਾ ਫੈਸਲਾ

**ਬਠਿੰਡਾ** (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)-ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਰੇਲਵੇ ਲਾਈਨ ਨਾਲ ਜੋੜਨ ਲਈ ਰੇਲਵੇ ਰਾਜ ਮੰਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਵੱਲੋਂ ਕੀਤੇ ਐਲਾਨ ਦੀ ਅਜੇ ਸਿਆਹੀ ਨਹੀਂ ਸੀ ਸੁੱਕੀ ਕਿ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਤ ਬਾਰਾਂ ਪਿੰਡਾਂ ਦੇ ਲੋਕਾਂ ਨੇ ਆਪਣੀ ਜ਼ਮੀਨ ਨਾ ਦੇਣ ਦਾ ਫੈਸਲਾ ਲੈ ਲਿਆ। ਬਠਿੰਡਾ ਪ੍ਰੈੱਸ ਕਲੱਬ ਵਿਖੇ ਭਰਵੀਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਨ੍ਹਾਂ ਪਿੰਡਾਂ ਦੇ ਲੋਕਾਂ ਕਿ ਉਹ ਤਖ਼ਤ ਸਾਹਿਬ ਨੂੰ ਰੇਲਵੇ ਲਾਈਨ ਨਾਲ ਜੋੜਨ ਦਾ ਵਿਰੋਧ ਨਹੀਂ ਕਰ ਰਹੇ, ਸਗੋਂ ਆਪਣੀਆਂ ਜ਼ਮੀਨਾਂ ਨੂੰ ਬਚਾਉਣ ਲਈ ਜੱਦੋਜਹਿਦ ਕਰਨ ਲਈ ਮਜਬੂਰ ਹਨ। ਕਿਸਾਨਾਂ ਅਨੁਸਾਰ ਪੰਜਾਬ ਦੇ ਕਿਸੇ ਵੀ ਖਿੱਤੇ ਵਿੱਚ ਜ਼ਮੀਨ ਮਿਲਣੀ ਅਸੰਭਵ ਹੈ, ਇਸ ਲਈ ਸਾਡੀਆਂ ਜ਼ਮੀਨਾਂ ਇਕੁਆਇਰ ਕਰਨ ਬਦਲੇ ਮੁਆਵਜ਼ੇ ਦੀ ਜੋ ਰਾਸ਼ੀ ਮਿਲੇਗੀ, ਉਹ ਕਿੱਥੇ ਖ਼ਰਚੀ ਜਾਵੇ, ਇਹ ਇੱਕ ਨਾ ਸੁਲਝਣਯੋਗ ਸੁਆਲ ਹੈ। ਸੰਬੰਧਤ ਕਿਸਾਨਾਂ ਅਨੁਸਾਰ ਜਦੋਂ ਇਸ ਰੇਲਵੇ ਲਾਈਨ ਦਾ ਸਰਵੇ ਹੋ ਰਿਹਾ ਸੀ, ਉਨ੍ਹਾਂ ਉਦੋਂ ਹੀ ਰੇਲਵੇ ਰਾਜ ਮੰਤਰੀ ਸ੍ਰੀ ਬਿੱਟੂ ਨਾਲ ਮਿਲ ਕੇ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ ਸੀ। ਇਹ ਕਾਰਨ ਹੈ ਕਿ ਕੱਲ੍ਹ ਬਠਿੰਡਾ ਵਿਖੇ ਇਸ ਸਬੰਧੀ ਸ੍ਰੀ ਬਿੱਟੂ ਜਦ ਐਲਾਨ ਕਰ ਰਹੇ ਸਨ, ਤਾਂ ਉਨ੍ਹਾਂ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਨੂੰ ਵਿਰੋਧ ਨਾ ਕਰਨ ਦੀ ਗੱਲ ਦਾ ਜ਼ਿਕਰ ਕੀਤਾ ਸੀ। ਕਿਸਾਨਾਂ ਅਨੁਸਾਰ ਸ਼ਰਧਾਲੂਆਂ ਨੂੰ ਸ੍ਰੀ ਦਮਦਮਾ ਸਾਹਿਬ ਆਉਣ-ਜਾਣ ਲਈ ਸਹੂਲਤਾਂ ਦੀ ਕੋਈ ਕਮੀ ਨਹੀਂ ਹੈ, ਫੇਰ ਵੀ ਜੇ ਰੇਲਵੇ ਲਾਈਨ ਨਾਲ ਜੋੜਨਾ ਹੈ ਤਾਂ ਦਰਜਨਾਂ ਪਿੰਡਾਂ ਦੀ ਜ਼ਮੀਨ ਇਕੁਆਇਰ ਕਰਨ ਦੇ ਉਲਟ ਬਠਿੰਡਾ ਸਿਰਸਾ ਲਾਈਨ 'ਤੇ ਪੈਂਦੇ ਪਿੰਡ ਬੰਗੀ ਨਿਹਾਲ ਸਿੰਘ ਵਾਲਾ ਦੇ ਰੇਲਵੇ ਸਟੇਸ਼ਨ ਨੂੰ ਸ੍ਰੀ ਤਖ਼ਤ ਦਮਦਮਾ ਸਾਹਿਬ ਦਾ ਨਾਂ ਦੇ ਕੇ ਉੱਥੋਂ ਤਲਵੰਡੀ ਸਾਬੋ ਤੱਕ ਦੇ ਅੱਠ ਕਿਲੋਮੀਟਰ ਦੇ ਪੈਂਡੇ ਨੂੰ ਤਹਿ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਾਂਗ ਮੁਫ਼ਤ ਬੱਸਾਂ ਚਲਾਈਆਂ ਜਾ ਸਕਦੀਆਂ ਹਨ। ਕਿਸਾਨਾਂ ਨੇ ਇਹ ਵੀ ਤਰਕ ਦਿੱਤਾ ਕਿ ਇਸ ਫੈਸਲੇ ਨਾਲ ਤਖ਼ਤ ਸਾਹਿਬ ਦਾ ਕਾਰਜ ਖੇਤਰ ਕਈ ਕਿਲੋਮੀਟਰ ਤੱਕ ਫੈਲਣ ਤੋਂ ਇਲਾਵਾ ਬੰਗੀ ਨਿਹਾਲ ਸਿੰਘ ਵਾਲਾ ਤੋਂ ਲੈ ਕੇ ਦਮਦਮਾ ਸਾਹਿਬ ਦੇ ਇਲਾਕੇ ਦਾ ਵਿਕਾਸ ਵੀ ਹੋਵੇਗਾ।

# ਕਿਸਾਨਾਂ-ਮਜ਼ਦੂਰਾਂ ਵੱਲੋਂ ਮੁੱਖ ਮੰਤਰੀ ਦੀ ਧਰਮਕੋਟ ਰੈਲੀ ਦਾ ਵਿਰੋਧ

## ਰੈਲੀ ਵੱਲ ਵਧ ਰਹੇ ਕਿਸਾਨਾਂ, ਮਜ਼ਦੂਰਾਂ ਦੀਆਂ ਪੁਲਸ ਨਾਲ ਕਈ ਥਾਵਾਂ 'ਤੇ ਝੜਪਾਂ



**ਮੋਗਾ** (ਇਕਬਾਲ ਸਿੰਘ ਖਹਿਰਾ)-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਸੈਂਕੜੇ ਕਿਸਾਨਾਂ ਮਜ਼ਦੂਰਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਧਰਮਕੋਟ ਰੈਲੀ ਵਿੱਚ ਆਉਣ ਦਾ ਵਿਰੋਧ ਕਰਨ 'ਤੇ ਸਵਾਲ ਪੁੱਛਣ ਲਈ ਧਰਮਕੋਟ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਲੋਹਗੜ੍ਹ ਦੇ ਗੁਰਦੁਆਰਾ ਸਾਹਿਬ ਵਿੱਚ ਇੱਕਠ ਕੀਤਾ, ਰਾਤ 12 ਵਜੇ ਤੋਂ ਹੀ ਪੁਲਸ ਬਲ ਨੇ ਗੁਰਦੁਆਰੇ ਅੱਗੇ ਨਾਕੇ ਲਾ ਦਿੱਤੇ ਤੇ ਸੁਬ੍ਹਾ 5 ਵਜੇ ਗੁਰਦੁਆਰਾ ਸਮੇਤ ਪਿੰਡ ਦੀਆਂ ਗਲੀਆਂ ਬੱਸਾਂ ਖੜਾ ਕੇ ਸੀਲ ਕਰ ਦਿੱਤੀਆਂ, ਸੈਂਕੜੇ ਕਿਸਾਨਾਂ ਵੱਲੋਂ ਕਿਸਾਨ ਆਗੂ ਸਤਨਾਮ ਸਿੰਘ ਪੰਨੂ, ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ, ਲਖਵੀਰ ਸਿੰਘ ਦੌਧਰ, ਇੰਦਰਜੀਤ ਸਿੰਘ ਕੱਲੀ ਵਾਲਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲ ਕੇ ਜਦੋਂ ਧਰਮਕੋਟ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਭਾਰੀ ਪੁਲਸ ਫੋਰਸ ਨੇ ਏ.ਡੀ.ਸੀ. ਜਰਨਲ ਮੋਗਾ ਤੇ ਐੱਸ ਪੀ ਡੀ ਬਾਲ ਕਿਸ਼ਨ ਸਿੰਗਲਾ ਦੀ ਅਗਵਾਈ ਹੇਠ ਪੁਲਸ ਨੇ ਕਿਸਾਨਾਂ ਉੱਤੇ ਲਾਠੀਚਾਰਜ ਕਰਦਿਆਂ ਧੱਕਾਮੁੱਕੀ ਤੇ ਭਾਰੀ ਖਿੱਚ-ਧੂਹ ਕੀਤੀ, ਕਿਸਾਨਾਂ ਵੱਲੋਂ ਲਗਾਤਾਰ 3 ਮੁੱਠਭੇੜਾਂ ਹੋਈਆਂ, ਕਈਆਂ ਦੀਆਂ ਪੱਗਾਂ ਲੱਥੀਆਂ ਤੇ ਸੱਟਾਂ ਵੱਜੀਆਂ ਅਤੇ ਪੁਲਸ ਨੇ ਗੱਡੀ ਦਾ ਟਾਇਰ ਪੈਂਚਰ ਕੀਤਾ ਤੇ ਸਪੀਕਰ ਤੋੜ ਦਿੱਤਾ, ਕਿਸਾਨਾਂ ਨੇ ਲਗਾਤਾਰ ਅੱਗੇ ਵਧਣ ਦੀ ਜੱਦੋਜਹਿਦ ਕੀਤੀ, ਪਰ ਤੰਗ ਗਲੀਆਂ ਵਿੱਚ ਟੇਡੀਆਂ ਕਰ ਕੇ ਖੜਾਈਆ ਬੱਸਾਂ ਕਾਰਨ ਪ੍ਰਸ਼ਾਸਨ ਨੇ ਅੱਗੇ ਜਾਣ ਤੋਂ ਰੋਕਿਆ। ਸੰਘਰਸ਼ ਕਰ ਰਹੇ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਪਿਛਲੇ 2 ਮਹੀਨਿਆਂ ਵਿੱਚ ਪੰਜ ਵਾਰ ਲਿਖਤੀ ਪੱਤਰ ਰਾਹੀਂ ਮੰਗਾ ਦਾ ਹੱਲ ਕਰਨ ਲਈ ਸਮਾਂ ਤਹਿ ਕਰਕੇ ਗੱਲਬਾਤ ਕਰਨ ਤੋਂ ਭੱਜ ਚੁੱਕੀ ਹੈ, 17 ਮਾਰਚ ਨੂੰ ਵੀ 11 ਵਜੇ ਮੁੱਖ ਮੰਤਰੀ ਨੇ ਆਪਣੀ ਰਿਹਾਇਸ਼ 'ਤੇ ਕਿਸਾਨ ਆਗੂਆਂ ਨਾਲ ਮੀਟਿੰਗ ਤਹਿ ਕੀਤਾ ਸੀ, ਉਹ ਵੀ ਨਹੀਂ ਕੀਤੀ। ਭਗਵੰਤ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਪਿੰਡਾਂ ਵਿੱਚ ਬੋਲਦਾ ਸੀ ਕਿ ਸਾਡੀ ਸਰਕਾਰ ਸੱਥਾ ਤੇ ਪਿੰਡਾਂ ਵਿੱਚੋਂ ਚੱਲੇਗੀ ਤੇ ਜਨਤਾ ਨੂੰ ਸਾਡੇ ਤੋਂ ਸਵਾਲ ਪੁੱਛਣੇ ਚਾਹੀਦੇ ਹਨ, ਪਰ ਅਸਲੀਅਤ ਇਹ ਹੈ ਕਿ ਭਗਵੰਤ ਮਾਨ ਖੁਦ ਸਵਾਲਾਂ ਦੇ ਜਵਾਬ ਦੇਣ ਤੋਂ ਭਗੌੜਾ ਹੈ ਤੇ ਸਰਕਾਰ ਪਿੰਡ ਦੀਆਂ ਸੱਥਾਂ ਤੇ ਗਲੀਆਂ ਵਿੱਚੋਂ ਚਲਾਉਣ ਦੀ ਥਾਂ ਪਿੰਡਾਂ ਵਿੱਚ ਭਾਰੀ ਪੁਲਸ ਫੋਰਸ ਰਾਹੀਂ ਗੁਰੂ ਘਰਾਂ ਤੇ ਗਲੀਆਂ ਨੂੰ ਸੀਲ ਕਰਕੇ ਪਿੰਡਾਂ ਦੇ ਲੋਕਾਂ ਨੂੰ ਘਰਾਂ ਵਿੱਚ ਤਾੜਿਆ ਤੇ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ।

ਇਸ ਮੌਕੇ ਜ਼ਿਲ੍ਹਾ ਆਗੂ ਅਵਤਾਰ ਸਿੰਘ ਧਰਮ ਸਿੰਘ ਵਾਲਾ, ਗੁਰਮੇਲ ਸਿੰਘ ਲੋਹਗੜ੍ਹ, ਹਰਮੰਦਰ ਸਿੰਘ ਡੇਮਰੂ, ਇੰਦਰਮੋਹਨ ਸਿੰਘ ਪੱਤੋਂ, ਰਣਜੀਤ ਸਿੰਘ ਬੁੱਟਰ, ਸੁਖਦੇਵ ਸਿੰਘ ਤਲਵੰਡੀ ਭੰਗੇਰੀਆ, ਗੁਰਦੇਵ ਸਿੰਘ ਸਾਹ ਵਾਲਾ, ਗੁਰਭੇਜ ਸਿੰਘ ਸਾਹ ਵਾਲਾ, ਜਗਰਾਜ ਸਿੰਘ ਦੱਦਾਹੂਰ, ਬਲਵਿੰਦਰ ਸਿੰਘ ਦੱਦਾਹੂਰ, ਨਿਰਮਲ ਸਿੰਘ ਸੰਘਾ, ਹਰਫੂਲ ਸਿੰਘ ਦੂਲੇ ਵਾਲਾ, ਅਮਨਦੀਪ ਸਿੰਘ ਕੱਚਰਭੰਨ, ਕੇਵਲ ਸਿੰਘ, ਮੱਖਣ ਸਿੰਘ, ਬਲਵਿੰਦਰ ਸਿੰਘ ਕਿਸ਼ਨਪੁਰਾ, ਸੋਹਣ ਸਿੰਘ ਰਾਮੂਵਾਲਾ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

## ਬਲਜੀਤ ਸਿੰਘ ਨੇ ਥਾਣਾ ਮੁਖੀ ਦਾ ਚਾਰਜ ਸੰਭਾਲਿਆ



**ਚੀਮਾ ਮੰਡੀ** (ਰਵਿੰਦਰ ਚੀਮਾ)-ਨਵੇਂ ਆਏ ਥਾਣਾ ਮੁਖੀ ਸ੍ਰ. ਬਲਜੀਤ ਸਿੰਘ ਨੇ ਚੀਮਾ ਥਾਣੇ ਦਾ ਚਾਰਜ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਲੌਂਗੋਵਾਲ ਵਿਖੇ ਤਾਇਨਾਤ ਸਨ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਨੂੰ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਲਈ ਕਿਹਾ। ਇਸ ਮੌਕੇ ਉਨ੍ਹਾਂ ਨੇ ਬੁਲਟ ਦੇ ਪਟਾਕੇ ਪਾਉਣ ਵਾਲੇ ਬੱਚਿਆਂ ਨੂੰ ਵੀ ਸਖਤ ਤਾੜਨਾ ਕੀਤੀ ਤੇ ਕਿਹਾ ਕਿ ਉਹ ਕਿਸੇ ਨੂੰ ਵੀ ਬਖਸ਼ਣਗੇ ਨਹੀਂ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪਤਵੰਤੇ ਸੱਜਣਾਂ ਦਾ ਥਾਣਾ ਚੀਮਾ ਵਿਖੇ ਸਤਿਕਾਰ ਕੀਤਾ ਜਾਵੇਗਾ ਤੇ ਹਰ ਇੱਕ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

## ਸਰਬ ਭਾਰਤੀ ਵੈਟਰਨ ਖੇਡਾਂ 'ਚ ਡਾ. ਹਰਨੇਕ ਢੋਟ ਨੇ ਜਿੱਤਿਆ ਗੋਲਡ ਮੈਡਲ




**ਪਟਿਆਲਾ** (ਰਾਜਿੰਦਰ ਸਿੰਘ ਥਿੰਦ)-ਪਿਛਲੇ ਦਿਨੀਂ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿਖੇ ਹੋਈ 45ਵੀਂ ਸਰਬ ਭਾਰਤੀ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਵਿੱਚ ਭਾਸ਼ਾ ਵਿਭਾਗ ਦੇ ਸਾਬਕਾ ਸਹਾਇਕ ਡਾਇਰੈਕਟਰ ਡਾ. ਹਰਨੇਕ ਸਿੰਘ ਢੋਟ ਨੇ ਆਪਣੀ ਉਮਰ ਵਰਗ ਵਿੱਚ 3 ਕਿਲੋਮੀਟਰ ਵਾਕ ਵਿੱਚ ਸੋਨੇ ਦਾ ਮੈਡਲ ਪ੍ਰਾਪਤ ਕਰਕੇ ਆਪਣੇ ਸ਼ਹਿਰ ਤੇ ਸੂਬੇ ਦਾ ਨਾਂ ਰੋਸ਼ਨ ਕੀਤਾ ਹੈ। ਡਾ. ਢੋਟ ਇਸ ਤੋਂ ਪਹਿਲਾਂ ਰਾਜ ਪੱਧਰ 'ਤੇ ਵੀ 800 ਮੀਟਰ ਤੇ 1500 ਮੀਟਰ ਰੇਸ ਵਿੱਚ ਮੈਡਲ ਪ੍ਰਾਪਤ ਕਰ ਚੁੱਕੇ ਹਨ।ਦੱਸਣਯੋਗ ਹੈ ਕਿ ਪਿਛਲੇ ਸਾਲ 2025 ਵਿੱਚ ਮੈਸੂਰ ਵਿਖੇ ਹੋਈਆਂ ਸਰਬ ਭਾਰਤੀ ਖੇਡਾਂ ਵਿੱਚ ਵੀ ਡਾ. ਢੋਟ ਵੱਲੋਂ ਸ਼ਮੂਲੀਅਤ ਕੀਤੀ ਗਈ ਸੀ।ਤਿੰਨ ਪੁਸਤਕਾਂ ਦੇ ਰਚੈਤਾ ਡਾ. ਹਰਨੇਕ ਸਿੰਘ ਢੋਟ ਭਾਸ਼ਾ ਵਿਭਾਗ ਪੰਜਾਬ ਵਿੱਚੋਂ ਤਿੰਨ ਦਹਾਕੇ ਦੀਆਂ ਸ਼ਾਨਦਾਰ ਸੇਵਾਵਾਂ ਤੋਂ ਬਾਅਦ ਰਿਟਾਇਰ ਹੋਏ ਹਨ।ਉਨ੍ਹਾਂ ਦੀਆਂ ਲਿਖਤਾਂ ਪੰਜਾਬੀ ਦੀਆਂ ਪ੍ਰਸਿੱਧ ਪੱਤਰਕਾਵਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।ਡਾ. ਢੋਟ ਆਪਣੇ ਸਕੂਲ ਕਾਲਜ ਦੇ ਦਿਨਾਂ ਵਿੱਚ ਵੀ ਐਥਲੈਟਿਕਸ ਕਰਦੇ ਰਹੇ ਹਨ।ਉਸ ਸਮੇਂ ਵੀ ਉਨ੍ਹਾਂ ਸਰਬ ਭਾਰਤੀ ਪੇਂਡੂ ਖੇਡਾਂ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਸੀ ਤੇ ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਦੀ ਐਥਲੈਟਿਕ ਮੀਟ ਵਿੱਚ ਕਾਲਜ ਦੇ ਬੈਸਟ ਐਥਲੀਟ ਵੀ ਐਲਾਨੇ ਗਏ ਸਨ।

# ਭਾਕਿਯੂ ਏਕਤਾ ਡਕੌਂਦਾ ਦੀ ਫਫੜੇ ਭਾਈ ਕੇ 'ਚ ਜ਼ਿਲ੍ਹਾ ਪੱਧਰੀ ਮੀਟਿੰਗ

## ਭਲਕੇ ਬਰਨਾਲਾ ਕਾਨਫਰੰਸ 'ਚ ਵੱਧ ਚੜ੍ਹ ਕੇ ਹੋਵਾਂਗੇ ਸ਼ਾਮਲ : ਮਨਜੀਤ ਧਨੇਰ



**ਬੁਢਲਾਡਾ** (ਅਸ਼ੋਕ ਲਾਕੜਾ)

23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਬਰਨਾਲਾ ਵਿਖੇ ਹੋ ਰਹੀ ਸਾਮਰਾਜ ਵਿਰੋਧੀ ਕਾਨਫਰੰਸ ਦੀ ਤਿਆਰੀ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਮਾਨਸਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਪ੍ਰਧਾਨਗੀ ਹੇਠ ਪਿੰਡ ਫਫੜੇ ਭਾਈ ਕੇ ਗੁਰਦੁਆਰਾ ਵਿਖੇ ਹੋਈ।ਇਸ ਵਿੱਚ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਗੁਰਦੇਵ ਸਿੰਘ ਮਾਂਗੇਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।23 ਮਾਰਚ ਦੇ ਸ਼ਹੀਦਾਂ ਨੂੰ ਸਮਰਪਤ ਇਹ ਕਾਨਫਰੰਸ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬੁੱਟਰ ਤੇ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ ਹੈ।ਇਸ ਮੌਕੇ ਬੋਲਦਿਆਂ ਸੂਬਾ ਆਗੂਆਂ ਨੇ ਦੱਸਿਆ ਕਿ ਸੰਸਾਰ ਭਰ ਵਿੱਚ ਸਾਮਰਾਜ ਵੱਲੋਂ ਆਪਣੀ ਲੁੱਟ ਨੂੰ ਤੇਜ਼ ਕਰਨ ਲਈ ਜ਼ੁਲਮ ਦਾ ਕੁਹਾੜਾ ਚਲਾਇਆ ਜਾ ਰਿਹਾ ਹੈ।ਮੌਜੂਦਾ ਸਮੇਂ ਵਿੱਚ ਇਰਾਨ ਅਮਰੀਕਾ ਤੇ ਇਜ਼ਰਾਇਲ ਦੀ ਤਿਕੋਨੀ ਲੜਾਈ ਨੂੰ ਇਸੇ ਨਜ਼ਰ ਨਾਲ ਦੇਖਿਆ ਜਾਣਾ ਚਾਹੀਦਾ ਹੈ। ਭਾਰਤ ਸਰਕਾਰ ਵੱਲੋਂ ਬੀਤੇ ਦਿਨੀ ਸਾਮਰਾਜ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੀ ਮੁਕਤ ਵਪਾਰ ਸਮਝੌਤਾ, ਬਿਜਲੀ ਸੋਧ ਬਿੱਲ ਤੇ ਬੀਜ ਬਿੱਲ ਲੋਕ ਸਭਾ ਵਿੱਚ ਪੇਸ਼ ਕਰਕੇ, ਲੋਕ ਵਿਰੋਧੀ ਕਾਨੂੰਨ ਬਣਾਉਣ ਲਈ ਚਾਲਾਂ ਚੱਲੀਆਂ ਜਾ ਰਹੀਆਂ ਹਨ।ਇਸ ਲਈ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਸਤੇ ਸਾਮਰਾਜ ਵਿਰੁੱਧ ਲੋਕਾਂ ਦੇ ਸੰਘਰਸ਼ਾਂ ਨੂੰ ਤੇਜ਼ ਕਰਨਾ ਅਣਸਰਦੀ ਲੋੜ ਹੈ।ਇਹ ਸੁਨੇਹਾ ਦੇਣ ਲਈ 23 ਮਾਰਚ ਨੂੰ ਬਰਨਾਲਾ ਦੀ ਧਰਤੀ 'ਤੇ ਕੀਤੀ ਜਾ ਰਹੀ। ਇਸ ਸਾਮਰਾਜ ਵਿਰੋਧੀ ਕਾਨਫਰੰਸ ਦੀ ਹਮਾਇਤ ਬਹੁਤ ਸਾਰੀਆਂ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਵੀ ਕਰ ਰਹੀਆਂ ਹਨ।ਬੁਲਾਰਿਆਂ ਨੇ ਸਾਰੇ ਹਾਜ਼ਰ ਕਿਸਾਨਾਂ ਨੂੰ ਇਸ ਕਾਨਫਰੰਸ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਸਕੱਤਰ ਤਾਰਾ ਚੰਦ ਬਰੇਟਾ, ਜ਼ਿਲ੍ਹਾ ਖ਼ਜ਼ਾਨਚੀ ਦੇਵੀ ਰਾਮ ਰੰਗੜਿਆਲ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੱਤਪਾਲ ਸਿੰਘ ਬਰੇ, ਜ਼ਿਲ੍ਹਾ ਮੀਤ ਪ੍ਰਧਾਨ ਬਲਕਾਰ ਸਿੰਘ ਚਹਿਲਾਂਵਾਲੀ, ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਤੇ ਜ਼ਿਲ੍ਹਾ ਕਮੇਟੀ ਮਾਨਸਾ ਦੇ ਆਗੂ ਬਲਵਿੰਦਰ ਸ਼ਰਮਾ ਖਿਆਲਾਂ ਤੋਂ ਇਲਾਵਾ ਤਰਸੇਮ ਸਿੰਘ ਚੱਕ ਅਲੀਸ਼ੇਰ, ਗੁਰਜੰਟ ਸਿੰਘ ਮਘਾਣੀਆ, ਹਰਬੰਸ ਸਿੰਘ ਟਾਡੀਆ, ਬਲਜੀਤ ਸਿੰਘ ਭੈਣੀਬਾਘਾ, ਗੁਰਚੇਤ ਸਿੰਘ ਚਕੇਰੀਆਂ, ਮਹਿੰਦਰ ਸਿੰਘ ਰਾਠੀ, ਜਗਜੀਵਨ ਸਿੰਘ ਹਸਨਪੁਰ ਮੇਲਾ ਸਿੰਘ ਦਿਆਲਪੁਰਾ ਤੇ ਹੋਰ ਕਿਸਾਨ ਆਗੂ ਹਾਜ਼ਰ ਸਨ।

# ਕਾਂਤੀ ਦੇਵੀ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ

## ਨੂੰਹਾਂ ਤੇ ਧੀਆਂ ਨੇ ਦਿੱਤਾ ਅਰਥੀ ਨੂੰ ਮੋਢਾ



**ਪਾਤੜਾਂ** (ਨਿਸ਼ਾਨ ਸਿੰਘ ਬਣਵਾਲਾ)

ਡੇਰਾ ਸੱਚਾ ਸੌਦਾ ਦੀਆਂ ਮਾਨਵਤਾ ਭਲਾਈ ਸਿੱਖਿਆਵਾਂ 'ਤੇ ਚੱਲਦਿਆਂ ਪਾਤੜਾਂ ਸ਼ਹਿਰ ਦੇ ਜ਼ੋਨ ਨੰਬਰ ਇੱਕ ਦੀ ਡੇਰਾ ਸ਼ਰਧਾਲੂ ਕਾਂਤੀ ਦੇਵੀ ਇੰਸਾਂ ਦਾ ਮ੍ਰਿਤਕ ਸਰੀਰ ਸ਼ਾਮ ਲਾਲ ਚੰਦਰ ਸ਼ੇਖਰ ਮੈਡੀਕਲ ਕਾਲਜ ਪਰਮਨੰਦਪੁਰ ਖਗਰੀਆ ਬਿਹਾਰ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ।ਇਸ ਮੌਕੇ ਸੱਚਖੰਡ ਵਾਸੀ ਕਾਂਤੀ ਦੇਵੀ ਇੰਸਾਂ ਦੀਆਂ ਧੀਆਂ ਤੇ ਨੂੰਹਾਂ ਨੇ ਉਨ੍ਹਾਂ ਦੀ ਅਰਥੀ ਨੂੰ ਮੋਢਾ ਦਿੱਤਾ।ਇਸ ਮੌਕੇ ਹਰੀ ਝੰਡੀ ਦਿਖਾ ਕੇ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਵੱਡੀ ਗਿਣਤੀ 'ਚ ਪੁੱਜੀ ਸਾਧ ਸੰਗਤ ਦੀ ਮੌਜੂਦਗੀ 'ਚ ਰਵਾਨਾ ਕੀਤਾ ਗਿਆ।

ਜਾਣਕਾਰੀ ਅਨੁਸਾਰ ਪਾਤੜਾਂ ਸ਼ਹਿਰ ਦੀ ਅਣਥੱਕ ਸੇਵਾਦਾਰ ਕਾਂਤੀ ਦੇਵੀ ਇੰਸਾਂ ਸਵਰਗ ਸਿਧਾਰ ਗਏ ਹਨ।ਉਨ੍ਹਾਂ ਦੀ ਦਿਲੀ ਇੱਛਾ ਅਨੁਸਾਰ ਪਰਿਵਾਰ ਵੱਲੋਂ ਉਨ੍ਹਾਂ ਦਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ।ਇਸ ਮੌਕੇ ਰਿਸ਼ਤੇਦਾਰਾਂ, ਪਰਿਵਾਰਕ ਮੈਂਬਰਾਂ, ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰਾਂ, ਬਲਾਕ ਪਾਤੜਾਂ ਤੇ ਬਲਾਕ ਸ਼ੁਤਰਾਣਾ ਦੀ ਸਮੂਹ ਸਾਧ ਸੰਗਤ ਨੇ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸ਼ਿੰਗਾਰੀ ਹੋਈ ਐਂਬੂਲੈਂਸ ਰਾਹੀਂ ਸ਼ਹਿਰ ਵਿੱਚ ਕਾਫਲੇ ਦੇ ਰੂਪ ਵਿੱਚ ਚੱਕਰ ਲਗਾਇਆ।ਇਸ ਮੌਕੇ ਸੇਵਾਦਾਰ ਨਿਰਭੈ ਇੰਸਾਂ, ਜਗਤਾਰ ਇੰਸਾਂ, ਸੁੱਖਾ ਇੰਸਾਂ, ਭੈਣ ਗੁਰਜੀਤ ਇੰਸਾਂ, ਭੈਣ ਕੋਮਲ ਇੰਸਾਂ ਤੋਂ ਇਲਾਵਾ ਟਰੱਕ ਯੂਨੀਅਨ ਪਾਤੜਾਂ ਦੇ ਪ੍ਰਧਾਨ ਰਣਜੀਤ ਵਿਰਕ, ਸ਼ੈਲੀ ਮੋਟਰਜ਼ ਦੇ ਐੱਮ ਡੀ ਤਰਸੇਮ ਬਾਂਸਲ ਤੇ ਵੱਡੀ ਗਿਣਤੀ ਸਾਧ ਸੰਗਤ ਹਾਜ਼ਰ ਸੀ।

# ਸ੍ਰੀ ਅਨੰਦਪੁਰ ਸਾਹਿਬ ਹਲਕੇ 'ਚ ਵਿਕਾਸ ਦੀ ਨਵੀਂ ਲਹਿਰ 'ਚ ਆਈ ਹੋਰ ਤੇਜ਼ੀ : ਬੈਂਸ

**ਨੰਗਲ, ਭਲਾਣ (ਸੁਰਜੀਤ ਸਿੰਘ, ਹਰਭਜਨ ਸਿੰਘ ਢਿੱਲੋਂ)** ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ।ਇਸ ਤਹਿਤ ਦੋ ਮਹੱਤਵਪੂਰਨ ਪੁੱਲਾਂ ਦੀ ਉਸਾਰੀ ਜਾਰੀ ਹੈ,



ਜੋ ਇਲਾਕੇ ਦੇ ਲੋਕਾਂ ਲਈ ਆਵਾਜਾਈ ਨੂੰ ਸੁਗਮ ਬਣਾਉਣ ਵਿੱਚ ਮੀਲ ਪੱਥਰ ਸਾਬਤ ਹੋਣਗੇ।ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਅੱਜ ਇਨ੍ਹਾਂ ਪੁੱਲਾਂ ਤੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਗਿਆ ਹੈ। ਪਹਿਲਾ ਪੁਲ ਕਲਿੱਤਰਾਂ ਤੋਂ ਬੇਲਾ ਧਿਆਨੀ/ਬੇਲਾ ਰਾਮਗੜ੍ਹ ਤੱਕ 20.77 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ, ਜਿਸ ਦੀ ਲੰਬਾਈ 333 ਮੀਟਰ ਹੈ। ਦੂਜਾ ਪੁੱਲ ਪਲਾਸੀ ਤੋਂ ਬੇਲਾ ਧਿਆਨੀ-ਬੇਲਾ ਰਾਮਗੜ੍ਹ ਤੱਕ ਸਤਲੁਜ ਨਦੀ 'ਤੇ 11.23 ਕਰੋੜ ਦੀ ਲਾਗਤ ਨਾਲ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਲੰਬਾਈ 179.16 ਮੀਟਰ ਹੈ। ਉਨ੍ਹਾਂ ਨੇ ਦੱਸਿਆ ਕਿ ਦੋਨੋਂ ਪੁੱਲਾਂ ਦੀ ਚੌੜਾਈ 10 ਮੀਟਰ ਰੱਖੀ ਗਈ ਹੈ, ਜਿਸ ਨਾਲ ਵਾਹਨਾਂ ਦੀ ਆਵਾਜਾਈ ਬਿਨਾ ਰੁਕਾਵਟ ਹੋਵੇਗੀ ਅਤੇ ਭਵਿੱਖ ਦੀਆਂ ਲੋੜਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ।ਇਹ ਪ੍ਰੋਜੈਕਟ ਸਿਰਫ਼ ਦੋ ਥਾਵਾਂ ਨੂੰ ਨਹੀਂ ਜੋੜਦਾ, ਸਗੋਂ ਪੂਰੇ ਕੰਡੀ ਖੇਤਰ ਨੂੰ ਇੱਕ ਮਜ਼ਬੂਤ ਸੜਕ ਜਾਲ ਨਾਲ ਜੋੜੇਗਾ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਪੁੱਲਾਂ ਦੇ ਬਣਨ ਨਾਲ ਕਲਿੱਤਰਾਂ, ਪਲਾਸੀ, ਬੇਲਾ ਧਿਆਨੀ ਅਤੇ ਬੇਲਾ ਰਾਮਗੜ੍ਹ ਤੋਂ ਇਲਾਵਾ ਦੜੌਲੀ, ਭਨੂਪਲੀ, ਭਾਲੋਵਾਲ, ਜਾਂਦਲਾ, ਬ੍ਰਹਮਪੁਰ, ਅਜੌਲੀ, ਦਿਆਪੁਰ, ਗੋਹਲਣੀ, ਸਿੰਘਪੁਰ ਅਤੇ ਨਾਂਨਗਰਾਂ ਵਰਗੇ ਲਗਭਗ 30 ਤੋਂ 40 ਪਿੰਡਾਂ ਦੇ ਵਸਨੀਕਾਂ ਨੂੰ ਵੱਡਾ ਲਾਭ ਮਿਲੇਗਾ।ਸ੍ਰੀ ਬੈਂਸ ਨੇ ਦੱਸਿਆ ਕਿ ਇਸ ਦੇ ਨਾਲ ਹੀ ਪੁੱਲਾਂ ਨੂੰ ਜੋੜਨ ਵਾਲੀਆਂ ਸੜਕਾਂ ਦੀ ਲੰਬਾਈ ਕਰੀਬ 11 ਕਿਲੋਮੀਟਰ ਹੋਵੇਗੀ ਅਤੇ ਇਨ੍ਹਾਂ ਨੂੰ ਚੌੜਾ ਕਰਨ 'ਤੇ ਲਗਭਗ 13 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਤਰ੍ਹਾਂ ਪੁੱਲਾਂ ਅਤੇ ਸੜਕਾਂ ਸਮੇਤ ਕੁੱਲ ਪ੍ਰੋਜੈਕਟ ਦੀ ਲਾਗਤ ਕਰੀਬ 45 ਕਰੋੜ ਰੁਪਏ ਹੈ। ਇਲਾਕੇ ਦੇ ਪਿੰਡ ਵਾਸੀਆਂ ਅਤੇ ਆਗੂਆਂ ਜਿਵੇਂ ਮੰਗਲ ਸੈਣੀ, ਦੀਪ ਸਿੰਘ, ਗੁਰਮੀਤ ਸਿੰਘ, ਸਰਬਣ ਸਿੰਘ ਪੰਚ, ਬਿੰਦਰ ਕਲਿਤਰਾ, ਅਮਰੀਕ ਸਿੰਘ, ਰੌਕੀ, ਮਹਿੰਗਾ ਰਾਮ, ਕਰਮ ਚੰਦ, ਕੁਲਤਾਰ ਸਿੰਘ ਅਤੇ ਹੋਰਾਂ ਨੇ ਇਸ ਵਿਕਾਸ ਕਾਰਜ ਲਈ ਸਰਕਾਰ ਦਾ ਧੰਨਵਾਦ ਕੀਤਾ ਹੈ।

# ਰੌਲੂਮਾਜਰਾ ਕੋਲ ਕਾਰ ਚਾਲਕ ਲੁਟੇਰਿਆਂ ਵੱਲੋਂ ਲੁੱਟ-ਖੋਹ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** : ਸਥਾਨਕ ਪੁਲਿਸ ਵੱਲੋਂ ਕਾਰ ਵਿੱਚ ਸਵਾਰ 4 ਨੌਜਵਾਨਾਂ ਵੱਲੋਂ ਇੱਕ ਮੋਟਰਸਾਈਕਲ ਚਾਲਕ ਦੀ ਕੁੱਟਮਾਰ ਕਰਕੇ ਲੁੱਟ ਖੋਹ ਕਰਨ ਸੰਬੰਧੀ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਰਜਿੰਦਰ ਕੁਮਾਰ ਨੇ ਦੱਸਿਆ ਕਿ ਵਿਸ਼ਾਲ ਸਿੰਘ ਪਿੰਡ ਜਜਰੀ (ਹਿਮਾਚਲ ਪ੍ਰਦੇਸ਼) ਵੱਲੋਂ ਪੁਲਿਸ ਕੋਲ ਲਿਖਵਾਏ ਬਿਆਨ ਵਿੱਚ ਦੱਸਿਆ ਕਿ ਉਹ ਆਈ ਟੀ ਐਮ ਕੰਪਨੀ ਵਿੱਚ ਬਤੌਰ ਕਸਟਮਰ ਕੇਅਰ ਐਗਜੀਕਿਊਟਿਵ ਵਜੋਂ ਕੰਮ ਕਰਦਾ ਹੈ ਅਤੇ 17 ਮਾਰਚ ਨੂੰ ਰਾਤ ਕਰੀਬ 10 ਵਜੇ ਉਹ ਆਪਣਾ ਕੰਮ ਖਤਮ ਕਰਨ ਉਪਰੰਤ ਆਪਣੇ ਮੋਟਰਸਾਈਕਲ ਉੱਪਰ ਸ੍ਰੀ ਚਮਕੌਰ ਸਾਹਿਬ ਦੀ ਸਟੇਡੀਅਮ ਕਲੋਨੀ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ ਹਰਵਿੰਦਰ ਸਿੰਘ ਨੂੰ ਮਿਲਣ ਜਾ ਰਿਹਾ ਸੀ ਅਤੇ ਜਦੋਂ ਉਹ ਪਿੰਡ ਰੌਲੂਮਾਜਰਾ ਦੇ ਨੇੜੇ ਪੁੱਜਾ ਤਾਂ ਇੱਕ ਸਿਲਵਰ ਰੰਗ ਦੀ ਕਾਰ ਦੇ ਚਾਲਕ ਨੇ ਆਪਣੀ ਕਾਰ ਉਸ ਦੇ ਮੋਟਰਸਾਈਕਲ ਅੱਗੇ ਲਗਾ ਕਿ ਰਸਤਾ ਰੋਕ ਲਿਆ, ਜਿਸ ਕਾਰਨ ਉਸ ਨੂੰ ਵੀ ਰੁਕਣਾ ਪਿਆ। ਵਿਸ਼ਾਲ ਸਿੰਘ ਨੇ ਦੱਸਿਆ ਕਿ ਇੰਨੇ ਨੂੰ ਕਾਰ ਵਿੱਚੋਂ ਤਿੰਨ ਨੌਜਵਾਨ ਬਾਹਰ ਆਏ, ਜਿਨ੍ਹਾਂ ਆਪਣੇ ਮੂੰਹ ਢਕੇ ਹੋਏ ਸਨ ਅਤੇ ਉਹ ਡੰਡਿਆਂ ਤੇ ਤੇਜਧਾਰ ਹਥਿਆਰਾਂ ਨਾਲ ਲੈੱਸ ਸਨ। ਉਕਤ ਨੌਜਵਾਨਾਂ ਵਿੱਚੋਂ ਇੱਕ ਨੌਜਵਾਨ ਨੇ ਉਸ ਦੇ ਮੋਟਰਸਾਈਕਲ ਦੀ ਚਾਬੀ ਕੱਢ ਲਈ ਅਤੇ ਤਿੰਨੋ ਨੌਜਵਾਨਾਂ ਨੇ ਉਸ ਨੂੰ ਧੱਕੇ ਨਾਲ ਕਾਰ ਵਿੱਚ ਸੁੱਟ ਕੇ ਕਾਰ ਭਜਾ ਲਈ ਜਦੋਂ ਕਿ ਇੱਕ ਨੌਜਵਾਨ ਉਸ ਦਾ ਮੋਟਰਸਾਈਕਲ ਲੈ ਕੇ ਕਾਰ ਦੇ ਪਿੱਛੇ ਚੱਲਣ ਲੱਗਾ। ਉਸ ਨੇ ਦੱਸਿਆ ਕਿ ਕਾਰ ਸਵਾਰ ਨੌਜਵਾਨਾਂ ਨੇ ਕਾਰ ਵਿੱਚ ਹੀ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਹੱਥ ਵਿੱਚ ਪਾਇਆ ਚਾਂਦੀ ਦਾ ਕੜਾ, ਗਲ ਵਿੱਚ ਪਾਈ ਚਾਂਦੀ ਦੀ ਚੇਨ, ਮੋਬਾਈਲ ਫੋਨ, ਐਚ ਐਮ ਟੀ ਦੀ ਘੜੀ, ਪਰਸ ਸਮੇਤ 2 ਹਜ਼ਾਰ ਰੁਪਏ ਖੋਹ ਲਏ ਅਤੇ ਕਿੱਟ ਵਿੱਚੋਂ ਵੀ 2 ਹਜ਼ਾਰ ਰੁਪਏ ਕੱਢ ਲਏ। ਇਸ ਤੋਂ ਇਲਾਵਾ ਉਸ ਦਾ ਹੈਲਮਟ, ਹੈਂਡਫੋਨ, ਮੋਬਾਈਲ ਚਾਰਜਰ, ਜੈਕਟ ਅਤੇ ਉਸ ਦੇ ਕੱਪੜੇ ਆਦਿ ਵੀ ਖੋਹ ਲੈਣ ਉਪਰੰਤ ਉਸ ਨੂੰ ਕਿਸੇ ਸੁੰਨਸਾਨ ਜਗਾ ਤੇ ਸੁੱਟ ਗਏ। ਉਸ ਨੇ ਦੱਸਿਆ ਕਿ ਇਸੇ ਦੌਰਾਨ ਉਸ ਵੱਲੋਂ ਹਮਲਾਵਰਾਂ ਦੀ ਹੰਡੂਈ ਏਸੰਟ ਕਾਰ ਦਾ ਨੰਬਰ ਸੀ ਐਚ-03ਐਸ-, 5762 ਨੋਟ ਕੀਤਾ ਗਿਆ।

# ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ 11 ਨਵੇਂ ਬੋਰਡ ਸਥਾਪਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਪੱਛੜੀਆਂ ਸ੍ਰੇਣੀਆਂ ਦੀ ਸਮਾਜਿਕ ਤੇ ਆਰਥਿਕ ਤਰੱਕੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਹ ਗੱਲ ਮਲਕੀਤ ਸਿੰਘ ਥਿੰਦ, ਚੇਅਰਮੈਨ, ਪੰਜਾਬ ਰਾਜ ਪੱਛੜੀਆਂ ਸ੍ਰੇਣੀਆਂ ਕਮਿਸ਼ਨ ਨੇ ਪੰਜਾਬ ਭਵਨ ਵਿਖੇ ਪੱਛੜੀਆਂ ਸ੍ਰੇਣੀਆਂ ਲਈ ਨਵ ਗਠਿਤ 11 ਬੋਰਡਾਂ ਦੇ ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰਾਂ ਨਾਲ ਮੀਟਿੰਗ ਦੌਰਾਨ ਕਹੀ।ਉਨ੍ਹਾਂ ਦੱਸਿਆ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਸਹਿਯੋਗ ਨਾਲ ਪਹਿਲਾਂ ਹੀ ਕਈ ਭਲਾਈ ਕਾਰਜ ਕੀਤੇ ਜਾ ਰਹੇ ਹਨ ਅਤੇ ਹੁਣ ਨਵੇਂ ਬੋਰਡਾਂ ਦੀ ਸਥਾਪਨਾ ਨਾਲ ਇਹ ਯਤਨ ਹੋਰ ਮਜ਼ਬੂਤ ਹੋਣਗੇ।ਮੀਟਿੰਗ ਦੌਰਾਨ ਬੈਕਫਿੰਕੋ ਦੇ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਸਵੈ-ਰੋਜ਼ਗਾਰ ਲਈ ਘੱਟ ਵਿਆਜ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾਂਦੇ ਹਨ।ਇਸ ਤਹਿਤ ਕਰਿਆਨੇ ਦੀਆਂ ਦੁਕਾਨਾਂ, ਡੇਅਰੀ ਫਾਰਮਿੰਗ ਵਰਗੀਆਂ ਗਤੀਵਿਧੀਆਂ ਲਈ 18 ਤੋਂ 55 ਸਾਲ ਦੇ ਪੰਜਾਬ ਦੇ ਵਸਨੀਕ ਯੋਗ ਹਨ।ਅਸ਼ੀਰਵਾਦ ਸਕੀਮ ਸਬੰਧੀ ਦੱਸਿਆ ਗਿਆ ਕਿ ਸਾਲ 2025-26 ਦੌਰਾਨ 89 ਕਰੋੜ ਰੁਪਏ ਜਾਰੀ ਕਰਕੇ 17,533 ਲਾਭਪਾਤਰੀਆਂ ਨੂੰ ਲਾਭ ਪਹੁੰਚਾਇਆ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਓ ਬੀ ਸੀ ਵਿਦਿਆਰਥੀਆਂ ਲਈ ਹੋਸਟਲਾਂ ਦੀ ਉਸਾਰੀ ਲਈ ਪ੍ਰਸਤਾਵ ਭਾਰਤ ਸਰਕਾਰ ਕੋਲ ਭੇਜੇ ਗਏ ਹਨ ਅਤੇ ਜਲਦੀ ਹੀ ਫੰਡ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਨਾਲ ਹੀ, ਸਰਕਾਰੀ ਨੌਕਰੀਆਂ ਅਤੇ ਦਾਖਲਿਆਂ ਵਿੱਚ ਪੱਛੜੀਆਂ ਸ੍ਰੇਣੀਆਂ ਲਈ ਰਿਜ਼ਰਵੇਸ਼ਨ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾ ਰਹੀ ਹੈ।



# ਪ੍ਰਾਪਰਟੀ ਟੈਕਸ ਨਾ ਭਰਨ ਵਾਲੇ ਵਪਾਰਕ ਅਦਾਰੇ ਹੋਣਗੇ ਸੀਲ : ਈ ਓ

**ਮਹਿਤਪੁਰ (ਰਾਜਾ)** ਨਗਰ ਪੰਚਾਇਤ ਮਹਿਤਪੁਰ ਨੇ ਸ਼ਹਿਰ ਦੇ ਪ੍ਰਾਪਰਟੀ ਟੈਕਸ ਧਾਰਕਾਂ ਨੂੰ ਬਕਾਇਆ ਟੈਕਸ ਜਮਾ ਕਰਵਾਉਣ ਦੀ ਅਪੀਲ ਕੀਤੀ ਹੈ। ਦਫ਼ਤਰ ਨਗਰ ਪੰਚਾਇਤ ਮਹਿਤਪੁਰ ਵੱਲੋਂ ਟੈਕਸ ਨਾ ਭਰਨ ਵਾਲਿਆਂ ਦੀ ਲਿਸਟ ਤਿਆਰ ਕੀਤੀ ਗਈ ਹੈ ਅਤੇ ਡਿਫਾਲਟਰ ਸੂਚੀ ਵਿਚ ਦਰਜ ਕਰ ਲਿਆ ਗਿਆ ਹੈ। ਇਹਨਾਂ ਡਿਫਾਲਟਰਾਂ ਨਾਲ ਦਫ਼ਤਰ ਵੱਲੋਂ ਲਗਾਤਾਰ ਸੰਪਰਕ ਕੀਤਾ ਗਿਆ ਹੈ ਅਤੇ ਉਹਨਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ ਤਾਂ ਜੋ ਉਹ ਜਲਦ ਤੋਂ ਜਲਦ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਮਾਂ ਕਰਵਾ ਸਕਣ। ਵਾਰ ਵਾਰ ਸੂਚਿਤ ਕਰਨ ਦੇ ਬਾਵਜੂਦ ਵੀ ਕਈ ਪ੍ਰਾਪਰਟੀ ਟੈਕਸ ਧਾਰਕਾਂ ਵੱਲੋਂ ਆਪਣੇ ਵਪਾਰਕ ਅਦਾਰੇ ਦਾ ਪਿਛਲੇ ਸਾਲਾਂ ਦਾ ਬਕਾਇਆ ਪ੍ਰਾਪਰਟੀ ਟੈਕਸ ਜਮਾਂ ਨਹੀਂ ਕਰਵਾਇਆ ਗਿਆ ਹੈ। ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਦੀ ਆਖਰੀ ਮਿਤੀ 25 ਮਾਰਚ ਤੈਅ ਕੀਤੀ ਗਈ ਹੈ। ਇਸ ਤੋਂ ਬਾਅਦ ਨਗਰ ਪੰਚਾਇਤ ਮਹਿਤਪੁਰ ਵੱਲੋਂ ਟੈਕਸ ਜਮ੍ਹਾ ਨਾ ਕਰਵਾਉਣ ਵਾਲੇ ਵਪਾਰਿਕ ਅਦਾਰਿਆਂ ਨੂੰ ਸੀਲ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਤਲਵੰਡੀ ਸਲੇਮ ਵਿਖੇ ਸਲਾਨਾ ਸ਼ਹੀਦੀ ਕਾਨਫਰੰਸ ਭਲਕੇ

**ਸ਼ਾਹਕੋਟ (ਗਿਆਨ ਸੈਦਪੁਰੀ)**- ਕੌਮੀ ਮੁਕਤੀ ਲਹਿਰ ਦੇ ਮਹਾਨ ਸ਼ਹੀਦਾਂ, ਭਗਤ ਸਿੰਘ , ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਅਤੇ ਚੋਟੀ ਦੇ ਇਨਕਲਾਬੀ ਕਵੀ ਅਵਤਾਰ ਪਾਸ਼ ਅਤੇ ਉਸ ਦੇ ਦੋਸਤ ਹੰਸਰਾਜ ਦੀ 38 ਵੀਂ ਸਲਾਨਾ ਬਰਸੀ ਨੂੰ ਸਮਰਪਿਤ ਸਲਾਨਾ ਸ਼ਹੀਦੀ ਕਾਨਫਰੰਸ 23 ਮਾਰਚ ਨੂੰ ਤਲਵੰਡੀ ਸਲੇਮ ਕੀਤੀ ਜਾ ਰਹੀ ਹੈ। ਪਾਸ਼ ਹੰਸਰਾਜ ਸ਼ਹੀਦੀ ਯਾਦਗਾਰ ਕਮੇਟੀ ਦੇ ਕਨਵੀਨਰ ਮੋਹਨ ਲਾਲ ਬੱਲ ਨੇ ਦੱਸਿਆ ਕਿ ਸਲਾਨਾ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਹਨਾਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਪਾਸ਼- ਹੰਸਰਾਜ ਯਾਦਗਾਰੀ ਕੰਪਲੈਕਸ ਤਲਵੰਡੀ ਸਲੇਮ ਵਿੱਚ ਹੋ ਰਹੇ ਸਮਾਗਮ ਮੌਕੇ ਜਿਥੇ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਆਗੂ ਇਕੱਠ ਨੂੰ ਸੰਬੋਧਨ ਕਰਨਗੇ ਉਥੇ ਬੱਬਰ ਅਕਾਲੀ ਲਹਿਰ ਦੇ ਸੌ ਸਾਲਾਂ ਸਮਾਗਮ ਨੂੰ ਸਮਰਪਿਤ ਗੁਰਸ਼ਰਨ ਭਾਅ ਜੀ ਦੇ ਲਿਖੇ ਪ੍ਰਸਿੱਧ ਨਾਟਕ ' ਸੀਸ ਤਲੀ 'ਤੇ ਅਤੇ 'ਇਨਕਲਾਬ ਜ਼ਿੰਦਾਬਾਦ' ਪੇਸ਼ ਕੀਤੇ ਜਾਣਗੇ।

# ਸੰਤ ਬਾਬਾ ਅਮਰੀਕ ਸਿੰਘ ਮੰਨਣਹਾਨਾ ਨੇ ਰਿੰਪਲ ਕੁਮਾਰ ਸਰਪੰਚ ਵਜੀਦੋਵਾਲ ਨੂੰ ਕੀਤਾ ਸਨਮਾਨਤ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- 108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਸਲਾਨਾ ਬਰਸੀ ਮੌਕੇ ਪਿੰਡ ਮੰਨਣਹਾਨਾ ਵਿਖੇ ਆਯੋਜਿਤ ਕੁਸ਼ਤੀ ਮੁਕਾਬਲੇ ਦੌਰਾਨ ਸੰਤ ਬਾਬਾ ਅਮਰੀਕ ਸਿੰਘ ਡੇਰਾ ਮੰਨਣਹਾਨਾ ਵਲੋਂ ਜਿਲ੍ਹਾ ਕਪੂਰਥਲਾ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਿੰਪਲ



ਕੁਮਾਰ ਸਰਪੰਚ ਵਜੀਦੋਵਾਲ ਅਤੇ ਉਹਨਾਂ ਦੀ ਧਰਮ ਪਤਨੀ ਸੋਨੀਆ ਰਾਣੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸੰਤ ਬਾਬਾ ਅਮਰੀਕ ਸਿੰਘ ਨੇ ਸਰਪੰਚ ਰਿੰਪਲ ਕੁਮਾਰ ਵਲੋਂ ਜਿਲ੍ਹਾ ਕਪੂਰਥਲਾ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਗੱਦੇ ਦੀ ਕੁਸ਼ਤੀ ਨੂੰ ਉਤਸ਼ਾਹਤ ਕਰਨ ਲਈ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਖਾੜੇ ਦੀ ਕੁਸ਼ਤੀ ਬੇਸ਼ਕ ਸਦੀਆਂ ਤੋਂ ਪੰਜਾਬ ਦੀ ਰਵਾਇਤੀ ਖੇਡ ਰਹੀ ਹੈ ਪਰ ਅੰਤਰਾਸ਼ਟਰੀ ਪੱਧਰ 'ਤੇ ਹੋਣ ਵਾਲੇ ਕੁਸ਼ਤੀ ਮੁਕਾਬਲੇ ਗੱਦੇ 'ਤੇ ਹੀ ਕਰਵਾਏ ਜਾਂਦੇ ਹਨ। ਇਸ ਲਈ ਪਹਿਲਵਾਨਾਂ ਨੂੰ ਗੱਦੇ ਦੀ ਕੁਸ਼ਤੀ ਦੀ ਮੁਹਾਰਤ ਹੋਣਾ ਲਾਜਮੀ ਹੈ ਤਾਂ ਹੀ ਦੇਸ਼ ਅਤੇ ਦੁਨੀਆ ਪੱਧਰ 'ਤੇ ਆਪਣਾ ਅਤੇ ਪੰਜਾਬ ਦਾ ਨਾਮ ਰੋਸ਼ਨ ਕਰ ਸਕਣਗੇ। ਸਰਪੰਚ ਰਿੰਪਲ ਕੁਮਾਰ ਨੇ ਸਨਮਾਨ ਲਈ ਸੰਤ ਬਾਬਾ ਅਮਰੀਕ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਨੇ ਦੱਸਿਆ ਕਿ ਉਹ ਖੁਦ ਵੀ ਪਹਿਲਵਾਨੀ ਕਰਦੇ ਰਹੇ ਹਨ ਅਤੇ ਹੁਣ ਸਾਬਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਪੀ.ਆਰ. ਸੌਂਧੀ ਦੀ ਦੇਖ-ਰੇਖ ਹੇਠ ਨੌਜਵਾਨਾਂ ਨੂੰ ਕੁਸ਼ਤੀ ਪ੍ਰਤੀ ਪ੍ਰੇਰਿਤ ਕਰਨ ਅਤੇ ਪਹਿਲਵਾਨਾਂ ਨੂੰ ਅੱਗੇ ਵੱਧਣ ਲਈ ਉਹਨਾਂ ਦਾ ਸਹੀ ਮਾਰਗ ਦਰਸ਼ਨ ਕਰਨਾ ਉਹਨਾਂ ਦੀ ਮੁਢਲੀ ਪ੍ਰਾਥਮਿਕਤਾ ਹੈ।ਇਸ ਮੌਕੇ ਜਿਲ੍ਹਾ ਕਪੂਰਥਲਾ ਰੈਸਲਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੀਤ ਪ੍ਰੀਤ ਪਾਲ ਸਿੰਘ, ਰਾਜਿੰਦਰ ਸਿੰਘ ਕਨੇਡਾ, ਰਸ਼ਪਾਲ ਕਲੇਰ ਸਾਬਕਾ ਸਰਪੰਚ ਮੰਨਣਹਾਨਾ, ਕੁਲਦੀਪ ਸਿੰਘ ਗਿੱਲ, ਬੁੱਧ ਸਿੰਘ ਧਲੇਤਾ, ਸੰਦੀਪ ਸੈਂਡੀ ਮੁੱਖ ਸੇਵਾਦਾਰ, ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ, ਕੋਚ ਰਵਿੰਦਰ ਨਾਥ, ਰਾਜ ਕੁਮਾਰ, ਡੀ.ਪੀ.ਈ. ਜੀਵਨ, ਬੀ.ਐਸ.ਬਾਗਲਾ ਰਿਟਾ. ਮੈਨੇਜਰ ਪੀ.ਐਨ.ਬੀ. ਆਦਿ ਹਾਜਰ ਸਨ।

# ਡਿਪਟੀ ਸਪੀਕਰ ਨੇ ਲਿਆ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਦੀਆਂ ਤਿਆਰੀਆਂ ਦਾ ਜਾਇਜ਼ਾ

**ਮਾਹਿਲਪੁਰ (ਸਫਰੀ)** : ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਕੀਤੇ ਜਾ ਰਹੇ ਵੱਖ-ਵੱਖ ਉਪਰਾਲਿਆਂ ਦੀ ਲੜੀ ਤਹਿਤ ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ 22 ਮਾਰਚ ਨੂੰ 'ਯੁੱਧ ਨਸ਼ਿਆਂ ਵਿਰੁੱਧ' ਦੇ ਬੈਨਰ ਹੇਠ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਮਹਾਨ ਸ਼ਹਾਦਤ ਨੂੰ ਸਮਰਪਿਤ ਕਰਵਾਈ ਜਾ ਰਹੀ ਮੈਰਾਥਨ ਦੀਆਂ ਤਿਆਰੀਆਂ ਦਾ ਮੌਕੇ 'ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਜਾਇਜ਼ਾ ਲੈਂਦਿਆਂ ਸਮਾਜਿਕ ਸੰਸਥਾਵਾਂ ਅਤੇ ਐਨ.ਜੀ.ਓਜ਼ ਨੂੰ ਮੈਰਾਥਨ ਵਿਚ ਭਰਵੀਂ ਸ਼ਮੂਲੀਅਤ ਦਾ ਸੱਦਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਅਧਿਕਾਰੀਆਂ, ਪੰਚਾਇਤਾਂ ਦੇ ਨੁਮਾਇੰਦਿਆਂ, ਸਮਾਜਿਕ ਅਤੇ ਐਨ.ਜੀ.ਓਜ਼ ਦੇ ਮੈਂਬਰਾਂ ਨਾਲ ਵਿਸਥਾਰ ਵਿਚ ਵਿਚਾਰ-ਵਟਾਂਦਰਾ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਜਾਗਰੂਕਤਾ ਦੇ ਨਾਲ-ਨਾਲ ਖੇਡਾਂ ਦੇ ਰੁਝਾਨ ਨੂੰ ਹੋਰ ਪ੍ਰਫੁੱਲਤ ਅਤੇ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਇਸ ਸਮਾਜਿਕ ਬੁਰਾਈ ਤੋਂ ਛੁਟਕਾਰਾ ਹਾਸਲ ਕੀਤਾ ਜਾ ਸਕੇ। ਉਨ੍ਹਾਂ ਨੇ ਪੰਚਾਇਤਾਂ ਅਤੇ ਪਿੰਡਾਂ ਦੇ ਵਸਨੀਕਾਂ ਨੂੰ ਸੱਦਾ ਦਿੱਤਾ ਕਿ ਉਹ ਮੈਰਾਥਨ ਵਿਚ ਦੌੜਨ ਵਾਲਿਆਂ ਦੀ ਹੌਸਲਾ ਅਫਜ਼ਾਈ ਲਈ ਆਪੋ-ਆਪਣੇ ਪਿੰਡਾਂ ਦੇ ਬਾਹਰ ਇਕੱਤਰ ਹੋ ਕੇ ਨਸ਼ਿਆਂ ਦੇ ਖਾਤਮੇ ਦੇ ਸੰਕਲਪ ਨੂੰ ਹੋਰ ਠੋਸ ਰੂਪ ਦੇਣ। ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਵੱਡੇ ਪੱਧਰ 'ਤੇ ਕਾਰਵਾਈਆਂ ਕਰਕੇ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਜਿਸ ਦੇ ਸਾਰਥਕ ਸਿੱਟੇ ਸਾਡੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਮਾਹਿਲਪੁਰ ਵਿਖੇ ਹੋਣ ਵਾਲੀ ਰਾਸ਼ਟਰੀ ਮੈਰਾਥਨ ਵੀ ਇਸੇ ਲੜੀ ਦਾ ਹਿੱਸਾ ਹੈ ਜੋ ਨਸ਼ਿਆਂ ਖਿਲਾਫ਼ ਸੰਦੇਸ਼ ਨੂੰ ਘਰ-ਘਰ ਪਹੁੰਚਾਵੇਗੀ। ਉਨ੍ਹਾਂ ਦੱਸਿਆ ਕਿ ਮੈਰਾਥਨ ਦੇ ਜੇਤੂਆਂ ਦੀ ਹੌਂਸਲਾਅਫ਼ਜ਼ਾਈ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਜਾਵੇਗਾ। ਡਿਪਟੀ ਸਪੀਕਰ ਨੇ ਕਿਹਾ ਕਿ ਇਸ ਮੈਰਾਥਨ ਵਿਚ ਚਾਰ ਵਰਗ ਰੱਖੇ ਗਏ ਹਨ ਜਿਨ੍ਹਾਂ ਵਿਚ 5 ਕਿਲੋਮੀਟਰ, 10 ਕਿਲੋਮੀਟਰ, 21 ਕਿਲੋਮੀਟਰ ਤੇ 42 ਕਿਲੋਮੀਟਰ ਮੈਰਾਥਨ ਵਿਚ ਲੋਕ ਦੌੜਨਗੇ ਅਤੇ 'ਨਸ਼ਿਆਂ ਨੂੰ ਨਾਂਹ' ਦਾ ਅਹਿਦ ਵੀ ਲਿਆ ਜਾਵੇਗਾ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਐਡਵੋਕੇਟ ਸ਼ੈਲੀ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ

**ਜਲੰਧਰ** - ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਐਬਟਸਫੋਰਡ ਨਿਵਾਸੀ ਐਡਵੋਕੇਟ ਬਰਿੰਦਰਜੀਤ ਸਿੰਘ ਤੇਜਾ ਉਰਫ਼ ਸ਼ੈਲੀ ਆਪਣੀ ਵਤਨ ਫੇਰੀ ਦੌਰਾਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦਫ਼ਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤਸ਼ਰੀਫ਼ ਲਿਆਏ। ਉਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਦੌਰਾਨ ਦੇਸ਼ ਭਗਤ ਯਾਦਗਾਰ ਹਾਲ ਅਤੇ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਨਾਲ ਜੁੜੀਆਂ ਆਪਣੀ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਇਸ ਮੁਕੱਦਸ ਸਥਾਨ ਅਤੇ ਏਥੋਂ ਦੀਆਂ ਮਹਾਨ ਦੇਸ਼ ਭਗਤ ਹਸਤੀਆਂ ਦਾ ਮੇਰੇ ਜੀਵਨ ਵਿੱਚ ਅਹਿਮ ਸਥਾਨ ਹੈ। ਮੈਂ ਜੀਵਨ ਵਿੱਚ ਕੰਮ ਆਉਣ ਵਾਲੇ ਅਤੇ ਬਿਹਤਰ ਇਨਸਾਨ ਬਣਨ ਵਾਲੇ ਬੇਸ਼ ਕੀਮਤੀ ਵਿਚਾਰ ਏਥੋਂ ਹੀ ਹਾਸਿਲ ਕੀਤੇ ਹਨ। ਉਨ੍ਹਾਂ ਦਾ ਸਵਾਗਤ ਤੇ ਸਨਮਾਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਡਾ. ਗੋਪਾਲ ਸਿੰਘ ਬੁੱਟਰ, ਟਰੱਸਟੀ ਕਾ. ਚਰੰਜੀਲਾਲ ਕੰਗਣੀਵਾਲ, ਪ੍ਰੋ.ਹਰਵਿੰਦਰ ਭੰਡਾਲ ਅਤੇ ਕਾ. ਸੁਰਿੰਦਰ ਕੁਮਾਰੀ ਕੋਛੜ ਨੇ ਉਨ੍ਹਾਂ ਨੂੰ ਬਾਬਾ ਬਿਲਗਾ ਦੀ ਇਤਿਹਾਸਕ ਮਹੱਤਵ ਵਾਲੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਦਾ ਅੰਗਰੇਜ਼ੀ ਰੂਪ ਭੇਟ ਕੀਤਾ। ਪ੍ਰੋ. ਬੁੱਟਰ ਨੇ ਐਡਵੋਕੇਟ ਸ਼ੈਲੀ ਦੇ ਦੇਸ਼ ਭਗਤ ਯਾਦਗਾਰ ਕਮੇਟੀ ਲਗਾਓ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਨਾਲ ਨਾਤਾ ਜੋੜੀ ਰੱਖਣ ਦੀ ਅਪੀਲ ਕੀਤੀ।



# ਹੱਡੀਆਂ, ਜੋੜਾਂ ਦੇ ਦਰਦਾਂ ਦਾ ਮੁਫਤ ਮੈਡੀਕਲ ਕੈਂਪ ਅੱਜ

**ਫਿਲੌਰ (ਨਿਰਮਲ)**- ਹੱਡੀਆਂ ਜੋੜਾਂ ਦੇ ਦਰਦਾਂ ਦਾ ਫਰੀ ਮੈਡੀਕਲ ਕੈਂਪ 22 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 3 ਵਜੇ ਤੱਕ ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਪਿੰਡ ਛੋਕਰਾਂ ਵਿਖੇ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਕਾਈਰੋਪਰੈਕਟਰ ਅਮਰਿੰਦਰਪਾਲ ਸਿੰਘ ਅਹਲੂਵਾਲੀਆ ਦੀ ਟੀਮ ਪਹੁੰਚ ਰਹੀ ਹੈ । ਇਸ ਕੈਂਪ ਦਾ ਲਾਹਾ ਲੈਣ ਲਈ ਮਰੀਜ਼ ਸਮੇਂ ਸਿਰ ਪਹੁੰਚਣ ।

# ਡੀ ਏ ਦੀਆਂ ਕਿਸ਼ਤਾਂ 'ਤੇ ਹੋਰ ਬਕਾਏ ਸੰਬੰਧੀ ਹਾਈ ਕੋਰਟ ਦੇ ਫੈਸਲੇ ਨੂੰ ਇਨ-ਬਿਨ ਲਾਗੂ ਕੀਤਾ ਜਾਵੇ : ਜਸਟਿਸ ਜ਼ੋਰਾ ਸਿੰਘ

**ਮੋਹਾਲੀ (ਗੁਰਜੀਤ ਸਿੰਘ)** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮੁਲਾਜਮ ਅਤੇ ਪੈਨਸ਼ਨਰਾਂ ਨੂੰ ਡੀ ਏ ਦੀਆਂ ਕਿਸ਼ਤਾਂ ਅਤੇ ਹੋਰ ਅਦਾਇਗੀਆਂ ਸਬੰਧੀ ਦਿਤਾ ਗਿਆ ਇਤਿਹਾਸਕ ਫੈਸਲੇ ਦਾ ਸਵਾਗਤ ਕਰਦਿਆਂ ਮਾਣਯੋਗ ਹਾਈ ਕੋਰਟ ਦੇ ਸੇਵਾ ਨਿਵਰਤ ਜਸਟਿਸ; ਜੋਰਾ ਸਿੰਘ ਵੱਲੋਂ ਪੰਜਾਬ ਸਰਕਾਰ ਅਤੇ ਬੋਰਡ ਅਤੇ ਕਾਰਪੋਰੇਸ਼ਨਾਂ



ਨੂੰ ਅਪੀਲ ਕੀਤੀ ਹੈ ਕਿ ਇਸ ਫੈਸਲੇ ਨੂੰ ਹਾਈ ਕੋਰਟ ਵੱਲੋਂ ਨਿਰਧਾਰਤ ਕੀਤੀ ਮਿਤੀ ਦੇ ਅੰਦਰ ਲਾਗੂ ਕੀਤਾ ਜਾਵੇ। ਸੇਵਾ ਮੁਕਤ ਜਸਟਿਸ ਜੋਰਾ ਸਿੰਘ ਅਤੇ ਮੁਲਾਜਮ ਆਗੂ ਰਸ਼ਭਿੰਦਰ ਸਿੰਘ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਵਿੱਚ ਕਿਹਾ ਕਿ ਮੁਲਾਜਮ ਅਤੇ ਪੈਨਸ਼ਨਰ ਲੰਬੇ ਸਮੇਂ ਤੋਂ ਧਰਨੇ ਮੁਜਾਹਰੇ ਕਰਕੇ ਇਨ੍ਹਾਂ ਕਿਸ਼ਤਾਂ ਨੂੰ ਲਾਗੂ ਕਰਨ ਅਤੇ ਰਹਿੰਦੇ ਬਕਾਇਆ ਦੀ ਅਦਾਇਗੀ ਲਈ ਧਰਨੇ ਮੁਜਾਹਰੇ ਕਰ ਰਹੇ ਹਨ। ਸਰਕਾਰ ਅਪਣੀਆਂ ਹੱਕੀ ਮੰਗਾਂ ਨੂੰ ਮਨਾਉਣ ਲਈ ਮੁਜਾਹਰਾ ਕਾਰਦਿਆਂ 'ਤੇ ਪਾਣੀ ਦੀ ਬੁਛਾੜਾਂ, ਅੱਥਰੂ ਗੈਸ ਦੇ ਗੋਲੇ ਅਤੇ ਲਾਠੀ ਚਾਰਜ ਕਰਕੇ ਤਸ਼ੱਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਨੀ ਵਿਤਕਰੇ ਵਾਲੀ ਗੱਲ ਹੈ ਕਿ ਨੌਕਰਸ਼ਾਹੀ ਇਹ ਸਾਰੀਆਂ ਕਿਸ਼ਤਾਂ ਲੈ ਕੇ ਡਕਾਰ ਮਾਰ ਗਏ ਹਨ ਪਰ ਪੰਜਾਬ ਦੇ ਵਿਕਾਸ ਦੀ ਰੀੜ ਦੀ ਹੱਡੀ ਕਹੇ ਜਾਂਦੇ ਮੁਲਾਜਮਾਂ ਨੂੰ ਸੰਘਰਸ਼ ਕਰਨਾ ਅਤੇ ਹਾਈ ਕੋਰਟ ਵਿਚ ਜਾਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੇ ਬਕਾਏ ਦੀ ਉੜੀਕ ਕਰਦੇ ਕਰਦੇ ਹਜਾਰਾਂ ਸੇਵਾ ਮੁਕਤ ਪੈਨਸ਼ਨਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਜੋਰਾ ਸਿੰਘ ਅਤੇ ਰਛਭਿੰਦਰ ਸਿੰਘ ਨੇ ਸਰਕਾਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਮਾਣਯੋਗ ਕੋਰਟ ਦੇ ਫੈਸਲੇ ਇਨ ਬਿਨ ਲਾਗੂ ਕਰਕੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਰਾਹਤ ਦਿਤੀ ਜਾਵੇ।

# ਸੁਲਤਾਨਪੁਰ ਲੋਧੀ ਦੀਆਂ ਨਗਰ ਕੌਂਸਲ ਚੋਣਾਂ 'ਚ ਕੌਣ ਮਾਰੇਗਾ ਬਾਜ਼ੀ ?

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪਵਿੱਤਰ ਧਰਤੀ ਸੁਲਤਾਨਪੁਰ ਲੋਧੀ, ਜਿੱਥੇ ਧਾਰਮਿਕ ਮਹੱਤਤਾ ਦੇ ਨਾਲ ਸਿਆਸੀ ਪੱਖੋਂ ਵੀ ਕਾਫੀ ਹਲਚਲ ਦੇਖਣ ਨੂੰ ਮਿਲ ਰਹੀ ਹੈ ਤੇ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਮੈਦਾਨ ਤਿਆਰ ਹੋ ਰਿਹਾ ਹੈ। ਇਸ ਵਾਰ ਮੁਕਾਬਲਾ ਕਾਫੀ ਰੌਚਿਕ ਬਣਦਾ ਨਜ਼ਰ ਆ ਰਿਹਾ ਹੈ, ਜਿੱਥੇ ਕਾਂਗਰਸ, ਆਮ ਆਦਮੀ ਪਾਰਟੀ, ਬੀ ਜੇ ਪੀ ਅਤੇ ਆਜ਼ਾਦ ਉਮੀਦਵਾਰਾਂ ਵਿਚ ਤਿੱਖੀ ਟੱਕਰ ਦੀ ਸੰਭਾਵਨਾ ਹੈ।ਇਲਾਕੇ ਵਿੱਚ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਵਿੱਚ ਟੁੱਟੀਆਂ ਸੜਕਾਂ, ਪਾਣੀ ਭਰਾਅ, ਨਿਕਾਸੀ ਦੀ ਘਾਟ ਅਤੇ ਬੇਰੁਜ਼ਗਾਰੀ ਸ਼ਾਮਲ ਹਨ। ਲੋਕ ਸਰਕਾਰਾਂ ਤੋਂ ਨਾਰਾਜ਼ਗੀ ਜਤਾਉਂਦੇ ਹੋਏ ਬਦਲਾਅ ਦੀ ਮੰਗ ਕਰ ਰਹੇ ਹਨ। ਹਾਲ ਹੀ ਵਿੱਚ ਬਣੀਆਂ ਸੜਕਾਂ ਦੇ ਜਲਦੀ ਖਰਾਬ ਹੋਣ ਨਾਲ ਵੀ ਲੋਕਾਂ ਵਿੱਚ ਗੁੱਸਾ ਵਧਿਆ ਹੈ।ਇਸ ਲਈ ਸਤਾਧਾਰੀ ਧਿਰ ਨੂੰ ਨੁਕਸਾਨ ਹੋ ਸਕਦਾ ਹੈ। ਕਾਂਗਰਸ ਪੁਰਾਣੇ ਵੋਟ ਬੈਂਕ 'ਤੇ ਨਿਰਭਰ ਕਰਦੀ ਨਜ਼ਰ ਆ ਰਹੀ ਹੈ। ਸਥਾਨਕ ਲੀਡਰਸ਼ਿਪ ਨੂੰ ਮਜ਼ਬੂਤ ਕਰਕੇ ਪਾਰਟੀ ਵਾਪਸੀ ਦੀ ਕੋਸ਼ਿਸ਼ ਕਰ ਰਹੀ ਹੈ।ਸੂਬੇ ਵਿੱਚ ਸਰਕਾਰ ਹੋਣ ਕਾਰਨ ਆਪ ਕੋਲ ਵੱਡਾ ਫਾਇਦਾ ਹੈ, ਪਰ ਸਥਾਨਕ ਪੱਧਰ 'ਤੇ ਲੋਕਾਂ ਦੀਆਂ ਉਮੀਦਾਂ ਪੂਰੀਆਂ ਨਾ ਹੋਣ ਕਾਰਨ ਕੁਝ ਨਾਰਾਜ਼ਗੀ ਵੀ ਸਾਹਮਣੇ ਆ ਰਹੀ ਹੈ।ਬੀ ਜੇ ਪੀ ਇਲਾਕੇ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਨਵੇਂ ਚਿਹਰੇ ਲਿਆ ਕੇ ਵੋਟਾਂ ਵਿੱਚ ਵਾਧਾ ਕਰਨ ਦੀ ਯੋਜਨਾ ਬਣਾ ਰਹੀ ਹੈ।ਉਂਝ ਸੁਲਤਾਨਪੁਰ ਲੋਧੀ ਵਿੱਚ ਆਜ਼ਾਦ ਉਮੀਦਵਾਰਾਂ ਦਾ ਅਹਿਮ ਰੋਲ ਰਹਿੰਦਾ ਹੈ। ਸਥਾਨਕ ਮਸਲਿਆਂ ਨੂੰ ਉਭਾਰ ਕੇ ਇਹ ਉਮੀਦਵਾਰ ਵੱਡੀਆਂ ਪਾਰਟੀਆਂ ਨੂੰ ਚੁਣੌਤੀ ਦੇ ਸਕਦੇ ਹਨ। ਪਰ ਲੋਕਾਂ ਦੇ ਵਿੱਚ ਇਹ ਵੀ ਗੁੱਸਾ ਹੈ ਕਿ ਕਾਂਗਰਸ ਦੀ ਟਿਕਟ ਤੋਂ ਜਿੱਤਣ ਵਾਲੇ ਆਜਾਦ ਕੌਂਸਲਰ ਹੁਣ ਸੁਲਤਾਨਪੁਰ ਲੋਧੀ ਨਗਰ ਕੌਂਸਲ ਦੇ ਮੌਜੂਦਾ ਕਾਬਜ ਦੁਬਾਰਾ ਲੋਕਾਂ ਵਿੱਚ ਆਜ਼ਾਦ ਤੌਰ 'ਤੇ ਵੋਟਾਂ ਕਿਵੇਂ ਮੰਗਣਗੇ ਅਤੇ ਆਪਣੇ ਕੀਤੇ ਹੋਏ ਕੰਮਾਂ ਨੂੰ ਕਿਵੇਂ ਲੋਕਾਂ ਸਾਹਮਣੇ ਰੱਖਣਗੇ ਇਹ ਇੱਕ ਵੱਡਾ ਸਵਾਲ ਰਹੇਗਾ । ਸੁਲਤਾਨਪੁਰ ਲੋਧੀ ਦੀ ਸਿਆਸਤ ਇਸ ਵਾਰ ਕਾਫੀ ਦਿਲਚਸਪ ਮੋੜ 'ਤੇ ਖੜੀ ਹੈ। ਹਰ ਪਾਰਟੀ ਆਪਣੀ ਪੂਰੀ ਤਾਕਤ ਨਾਲ ਮੈਦਾਨ 'ਚ ਹੈ, ਪਰ ਅਖੀਰਲਾ ਫੈਸਲਾ ਲੋਕਾਂ ਦੇ ਹੱਥ 'ਚ ਹੈ।

# ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਤਬਾਹ ਕਰ ਰਹੀ ਕੇਂਦਰ ਸਰਕਾਰ : ਧਾਲੀਵਾਲ

**ਫਗਵਾੜਾ (ਡਾ. ਰਮਨ)** ਸਾਬਕਾ ਆਈ ਏ ਐਸ ਅਧਿਕਾਰੀ ਅਤੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਜੰਗ ਦੌਰਾਨ ਘਰੇਲੂ ਗੈਸ, ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਵਧਾ ਕੇ, ਕੇਂਦਰ ਸਰਕਾਰ ਗਰੀਬਾਂ ਦੀ ਕਮਰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ।ਸਰਕਾਰ ਨੂੰ ਸੰਕਟ ਦੇ ਇਸ ਸਮੇਂ ਵਿੱਚ ਗਰੀਬਾਂ 'ਤੇ ਬੋਝ ਨਹੀਂ ਵਧਾਉਣਾ ਚਾਹੀਦਾ।ਇਸ ਨੁਕਸਾਨ ਨੂੰ ਪੂਰਾ ਕਰਨ ਲਈ, ਸਰਕਾਰ ਨੂੰ ਵੱਡੇ ਕਾਰਪੋਰੇਸ਼ਨਾਂ 'ਤੇ ਬੋਝ ਪਾਉਣਾ ਚਾਹੀਦਾ ਹੈ, ਜਿਨ੍ਹਾਂ ਨੂੰ ਚੰਗੇ ਸਮੇਂ ਦੌਰਾਨ ਸਸਤੇ ਕੱਚੇ ਤੇਲ ਦੀ ਖਰੀਦ ਤੋਂ ਫਾਇਦਾ ਹੋਇਆ। ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਹਿਲਾਂ ਘਰੇਲੂ ਗੈਸ ਸਿਲੰਡਰਾਂ ਦੀ ਕੀਮਤ 60 ਅਤੇ ਵਪਾਰਕ ਸਿਲੰਡਰਾਂ ਦੀ ਕੀਮਤ 146 ਵਧਾਈ, ਇਸ ਤਰ੍ਹਾਂ ਲੋਕਾਂ ਦੀਆਂ ਜੇਬਾਂ 'ਤੇ ਕਟੌਤੀ ਕੀਤੀ।ਉਨ੍ਹਾਂ ਨੂੰ ਸਮੇਂ ਸਿਰ ਗੈਸ ਸਿਲੰਡਰ ਦੀ ਡਿਲੀਵਰੀ ਵੀ ਨਹੀਂ ਮਿਲ ਰਹੀ।ਵਿਆਹਾਂ ਲਈ ਵੀ, ਲੋਕਾਂ ਨੂੰ ਸਿਰਫ਼ 5 ਕਿਲੋ ਦੇ ਛੇ ਸਿਲੰਡਰ ਦਿੱਤੇ ਜਾਣਗੇ, ਜਦੋਂ ਕਿ ਉਨ੍ਹਾਂ ਨੂੰ ਘੱਟੋ-ਘੱਟ ਛੇ ਪੂਰੇ ਸਿਲੰਡਰ ਦਿੱਤੇ ਜਾਣੇ ਚਾਹੀਦੇ ਹਨ।ਹੁਣ ਸਰਕਾਰ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਦੋਹਰਾ ਝਟਕਾ ਦਿੱਤਾ ਹੈ। ਸਰਕਾਰ ਨੇ ਪ੍ਰੀਮੀਅਮ ਪੈਟਰੋਲ ਦੀ ਕੀਮਤ 2.60 ਰੁਪਏ ਅਤੇ ਉਦਯੋਗਿਕ ਡੀਜ਼ਲ ਦੀ ਕੀਮਤ 22 ਰੁਪਏ ਪ੍ਰਤੀ ਲੀਟਰ ਵਧਾ ਦਿੱਤੀ ਹੈ।ਇਸ ਦਾ ਸਿੱਧਾ ਅਸਰ ਹਾਸ਼ੀਏ 'ਤੇ ਪਏ ਉਦਯੋਗਾਂ 'ਤੇ ਪਵੇਗਾ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਬਰਬਾਦ ਕਰ ਰਹੀ ਹੈ ਅਤੇ ਵੱਡੀਆਂ ਕੰਪਨੀਆਂ ਨੂੰ ਲਾਭ ਪਹੁੰਚਾ ਰਹੀ ਹੈ। ਉਨ੍ਹਾਂ ਡਾਲਰ ਦੀ ਦਰ ਵਿੱਚ ਲਗਾਤਾਰ ਵਾਧੇ ਅਤੇ ਰੁਪਏ ਵਿੱਚ ਗਿਰਾਵਟ 'ਤੇ ਵੀ ਚਿੰਤਾ ਪ੍ਰਗਟ ਕੀਤੀ।



# ਵਿਸ਼ਵ ਓਰਲ ਸਿਹਤ ਦਿਵਸ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਅੱਜ ਵਿਸ਼ਵ ਓਰਲ ਸਿਹਤ ਦਿਵਸ ਮਨਾਇਆ ਗਿਆ। ਜ਼ਿਲ੍ਹਾ ਹਸਪਤਾਲ ਮੋਹਾਲੀ ਅਤੇ ਏਮਜ਼ ਮੋਹਾਲੀ ਵਿਖੇ ਹੋਏ ਜ਼ਿਲ੍ਹਾ ਪੱਧਰੀ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਕਿਹਾ ਕਿ ਦੰਦਾਂ ਦੀ ਸਿਹਤ ਨੂੰ ਠੀਕ ਰੱਖਣ ਵਾਸਤੇ ਜਾਗਰੂਕਤਾ ਪੈਦਾ ਕਰਨ ਲਈ ਇਹ ਦਿਨ ਦੁਨੀਆਂ ਭਰ ਵਿਚ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੰਦਾਂ ਦੀ ਸਮੇਂ-ਸਮੇਂ ਸਿਰ ਜਾਂਚ ਅਤੇ ਸਾਂਭ-ਸੰਭਾਲ ਬੇਹੱਦ ਜ਼ਰੂਰੀ ਹੈ ਅਤੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਲੋਕਾਂ ਨੂੰ ਦੰਦਾਂ ਦੀ ਜਾਂਚ ਅਤੇ ਇਲਾਜ ਦੀਆਂ ਮਿਆਰੀ ਸਿਹਤ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਡਾ. ਅਮਿਤ ਅੱਗਰਵਾਲ, ਵਿਭਾਗ ਮੁਖੀ (ਡੈਂਟਿਸਟਰੀ), ਨੇ ਡੈਂਟਲ ਓਪੀਡੀ ਵਿੱਚ ਦੋ ਨਵੀਆਂ ਡੈਂਟਲ ਕੁਰਸੀਆਂ ਦੇ ਸ਼ਾਮਲ ਹੋਣ ਬਾਰੇ ਦੱਸਿਆ ਅਤੇ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਉਪਲਬਧ ਡੈਂਟਲ ਸੇਵਾਵਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜ਼ਿਲ੍ਹਾ ਡੈਂਟਲ ਹੈਲਥ ਅਫ਼ਸਰ ਡਾ. ਪਰਨੀਤ ਗਰੇਵਾਲ, ਐੱਸ ਐੱਮ ਓ. ਡਾ. ਪਰਮਿੰਦਰ ਸਿੰਘ , ਏਮਜ਼ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਨਵਦੀਪ ਸੈਣੀ, ਡਾ. ਮਨਿਸ਼ ਗੁਪਤਾ, ਡਾ. ਹਰਪ੍ਰੀਤ ਕੌਰ ਤੇ ਹੋਰ ਅਧਿਕਾਰੀ ਮੌਜੂਦ ਸਨ।



# ਦਮੜੀ ਸ਼ੋਭਾ ਯਾਤਰਾ ਕ੍ਰਾਂਤੀਕਾਰੀ ਪ੍ਰਚਾਰ ਦਾ ਅਹਿਮ ਮਾਧਿਅਮ : ਸੰਤ ਨਿਰਮਲ ਦਾਸ, ਸੰਤ ਇੰਦਰ ਦਾਸ

**ਹੁਸ਼ਿਆਰਪੁਰ (ਓ ਪੀ ਰਾਣਾ)** ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਹੋਰ ਗੁਰੂਆਂ, ਕੌਮ ਦੇ ਮਹਾਨ ਰਹਿਬਰਾਂ ਦੀ ਕ੍ਰਾਂਤੀਕਾਰੀ ਬਾਣੀ ਅਤੇ ਫਲਸਫੇ ਲਈ ਅਹਿਮ ਮਾਧਿਅਮ ਸਾਬਤ ਹੋ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੈ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਇਸ ਬਾਰ 3 ਅਪ੍ਰੈਲ ਨੂੰ ਰੇਲਵੇ ਸਟੇਸ਼ਨ ਜਲੰਧਰ ਤੋਂ ਦੁਪਹਿਰ 1 ਵਜੇ ਆਰੰਭ ਹੋਵੇਗੀ ਅਤੇ 4 ਅਪ੍ਰੈਲ ਨੂੰ ਹਰਿਦੁਆਰ ਵਿਖੇ ਨਿਰਮਲਾ ਛਾਉਣੀ ਆਸ਼ਰਮ ਤੋਂ ਹਰਿ ਕੀ ਪਾਉੜੀ ਤੱਕ ਪੈਦਲ ਸ਼ੋਭਾ ਯਾਤਰਾ ਹੋਵੇਗੀ।ਓਨਾਂ ਕਿਹਾ ਕਿ 5 ਅਪ੍ਰੈਲ ਨੂੰ ਸ੍ਰੀ ਆਖੰਡ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ, ਉਪਰੰਤ ਸੰਗਤਾਂ ਪੰਜਾਬ ਲਈ ਵਾਪਸੀ ਕਰਨਗੀਆਂ। ਸੰਤ ਮਹਾਂਪੁਰਸ਼ਾਂ ਨੇ ਕਿਹਾ ਸੰਗਤਾਂ ਆਪਣੀਆਂ ਟਿਕਟਾਂ ਵੱਖ-ਵੱਖ ਡੇਰਿਆਂ ਤੋਂ ਬੁੱਕ ਕਰਵਾ ਸਕਦੇ ਹਨ।ਉਨ੍ਹਾਂ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਅਪੀਲ ਕੀਤੀ ਕਿ ਉਹ ਸੰਗਤਾਂ ਦੀਆਂ ਲਿਸਟਾਂ ਸੂਚੀਬੱਧ ਕਰਕੇ ਮੁੱਖ ਦਫਤਰ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ, ਡੇਰਾ ਸੰਤ ਪ੍ਰੀਤਮ ਦਾਸ ਬਾਬੇ ਜੌੜੇ ਰਾਏਪੁਰ, ਡੇਰਾ ਸੰਤ ਇੰਦਰ ਦਾਸ ਸੇਖੈ ਵਿਖੇ ਪਹੁੰਚਾਉਣ ਦੀ ਕ੍ਰਿਪਾਲਤਾ ਕਰਨ।ਇਸ ਮੌਕੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਸੰਤ ਪਰਮਜੀਤ ਦਾਸ ਨਗਰ, ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਬਲਵੰਤ ਸਿੰਘ ਡਿੰਗਰੀਆਂ ਵੀ ਹਾਜਰ ਸਨ।



# ਉੱਚ-ਪੱਧਰੀ ਕੇਂਦਰੀ ਟੀਮ ਵੱਲੋਂ ਸਰਕਾਰੀ ਸਿਹਤ ਸੇਵਾਵਾਂ ਦਾ ਜਾਇਜ਼ਾ

**ਮੋਹਾਲੀ, (ਗੁਰਜੀਤ ਬਿੱਲਾ)**- ਸੈਂਟਰਲ ਬਿਊਰੋ ਆਫ਼ ਹੈਲਥ ਇੰਟੈਲੀਜੈਂਸ (ਸੀ ਬੀ ਐੱਚ ਆਈ) ਦੀ ਉੱਚ-ਪੱਧਰੀ ਟੀਮ ਨੇ ਅੱਜ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਦਿਤੀਆਂ ਜਾ ਰਹੀਆਂ ਸਿਹਤ ਸੇਵਾਵਾਂ



ਦਾ ਜਾਇਜ਼ਾ ਲਿਆ ਤੇ ਜ਼ਰੂਰੀ ਸੁਝਾਅ ਦਿਤੇ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਟੀਮ ਦਾ ਸਵਾਗਤ ਕਰਦਿਆਂ ਸਿਹਤ ਸੰਸਥਾਵਾਂ ਵਿਚਲੇ ਕੰਮ-ਕਾਰ ਬਾਰੇ ਜਾਣਕਾਰੀ ਦਿਤੀ। ਡਿਪਟੀ ਡਾਇਰੈਕਟਰ ਦਿਕਸ਼ਾ ਸੱਚਦੇਵਾ ਦੀ ਅਗਵਾਈ ਵਾਲੀ ਤਿੰਨ-ਮੈਂਬਰੀ ਟੀਮ ਨੇ ਸਰਕਾਰੀ ਸਿਹਤ ਸੰਸਥਾਵਾਂ 'ਚ ਰੀਕਾਰਡ ਪ੍ਰਬੰਧਨ ਤੇ ਵੱਖ-ਵੱਖ ਯੋਜਨਾਵਾਂ ਤੇ ਪ੍ਰੋਗਰਾਮਾਂ ਦੇ ਲਾਗੂਕਰਨ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਗ਼ੈਰ-ਸੰਚਾਰੀ ਰੋਗਾਂ, ਜਨਮ ਅਤੇ ਮੌਤ, ਆਈ ਡੀ ਐੱਸ ਪੀ ਆਦਿ ਨਾਲ ਸਬੰਧਤ ਰਿਕਾਰਡ ਦੇਖਿਆ। ਟੀਮ ਨੇ ਸਿਵਲ ਸਰਜਨ ਦਫ਼ਤਰ ਵਿਖੇ ਜ਼ਿਲ੍ਹੇ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਨਾਲ ਵਿਸਥਾਰਤ ਬੈਠਕ ਕੀਤੀ ਅਤੇ ਜ਼ਰੂਰੀ ਹਦਾਇਤਾਂ ਦਿਤੀਆਂ। ਬਾਅਦ ਵਿਚ ਟੀਮ ਨੇ ਸਬ-ਡਵੀਜ਼ਨਲ ਹਸਪਤਾਲ ਡੇਰਾਬੱਸੀ ਦਾ ਦੌਰਾ ਕੀਤਾ। ਕੇਂਦਰੀ ਟੀਮ ਨੇ ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿਚ ਦਿਤੀਆਂ ਜਾ ਰਹੀਆਂ ਸਿਹਤ ਸੇਵਾਵਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਵਾਲੀ ਸਮੁੱਚੀ ਸਿਹਤ ਟੀਮ ਦੀ ਸ਼ਲਾਘਾ ਕੀਤੀ ਤੇ ਨਾਲ ਹੀ ਸਿਹਤ ਸੇਵਾਵਾਂ ਵਿਚ ਹੋਰ ਸੁਧਾਰ ਲਈ ਜ਼ਰੂਰੀ ਸੁਝਾਅ ਵੀ ਦਿਤੇ। ਜ਼ਿਕਰਯੋਗ ਹੈ ਕਿ ਕੇਂਦਰੀ ਸਿਹਤ ਸੂਚਨਾ ਬਿਊਰੋ ਕੇਂਦਰ ਸਰਕਾਰ ਅਧੀਨ ਨੋਡਲ ਏਜੰਸੀ ਹੈ ਜੋ ਸਿਹਤ ਸਬੰਧੀ ਭਰੋਸੇਯੋਗ ਤੇ ਸਟੀਕ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਸੰਸਥਾ ਵਲੋਂ ਦੇਸ਼ ਭਰ 'ਚੋਂ ਸਿਹਤ ਸਬੰਧੀ ਅੰਕੜੇ ਇਕੱਠੇ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਹੀ ਕੇਂਦਰ ਸਰਕਾਰ ਨੂੰ ਸਿਹਤ ਸਬੰਧੀ ਨੀਤੀਆਂ ਬਣਾਉਣ 'ਚ ਮਦਦ ਮਿਲਦੀ ਹੈ।

# ਕਾਂਸ਼ੀ ਰਾਮ ਡਿਗਰੀ ਕਾਲਜ 'ਤੇ ਆਪ ਵਲੋਂ ਉਠਾਏ ਸਵਾਲਾਂ ਦਾ ਵਿਧਾਇਕ ਕੋਟਲੀ ਨੇ ਦਿੱਤਾ ਜਵਾਬ

**ਆਦਮਪੁਰ (ਪਰਮਜੀਤ ਸਿੰਘ)** - ਆਪ ਦੇ ਹਲਕਾ ਇੰਚਾਰਜ ਵਲੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਡਿਗਰੀ ਕਾਲਜ 'ਤੇ ਚੁੱਕੇ ਗਏ ਸਵਾਲਾਂ ਦਾ ਵਿਧਾਇਕ ਸੁੱਖਵਿੰਦਰ ਸਿੰਘ ਕੋਟਲੀ ਵਲੋਂ ਆਦਮਪੁਰ 'ਚ ਪ੍ਰੈਸ



ਕਾਨਫਰੰਸ ਕਰਕੇ ਜਵਾਬ ਦਿੱਤਾ ਹੈ। ਵਿਧਾਇਕ ਕੋਟਲੀ ਨੇ ਕਿਹਾ ਕਿ ਮੈਂ ਜਿਸ ਦਿਨ ਤੋਂ ਵਿਧਾਇਕ ਬਣਿਆ ਹਾਂ ਆਦਮਪੁਰ ਹਲਕੇ ਦੀਆਂ ਸਮੱਸਿਆਵਾਂ ਤੇ ਲੋਕ ਮੁੱਦਿਆਂ ਨੂੰ ਚਾਹੇ ਉਹ ਟੁੱਟੀਆਂ ਸੜਕਾਂ ਦੀ ਗੱਲ ਹੋਵੇ, ਭੋਗਪੁਰ 'ਚ ਸੀ. ਐਨ. ਜੀ. ਪਲਾਂਟ ਲਗਾਉਣ ਦਾ ਮੁੱਦਾ ਹੋਵੇ , ਚਾਹੇ ਆਦਮਪੁਰ 'ਚ ਬਣ ਰਹੇ ਪੁੱਲ ਦਾ ਮਾਮਲਾ ਹੋਵੇ ਤੇ ਹੋਰ ਮੁੱਦਿਆਂ ਨੂੰ ਵਿਧਾਨ ਸਭਾ 'ਚ ਉਠਾਉਂਦਾ ਆ ਰਿਹਾ ਹਾਂ । ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਵੇਲੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੋਲ ਆਦਮਪੁਰ 'ਚ ਇਕ ਡਿਗਰੀ ਕਾਲਜ ਬਣਾਉਣ ਦਾ ਮੁੱਦਾ ਉਠਾਇਆ ਸੀ । 16 ਮਾਰਚ ਨੂੰ ਪੰਜਾਬ ਸਰਕਾਰ ਕਾਂਸ਼ੀ ਰਾਮ ਨੂੰ ਭਾਰਤ ਰਤਨ ਦੇਣ ਦਾ ਪ੍ਰਸਤਾਵ ਲੈ ਕੇ ਆਈ ਤਾਂ ਅਸੀਂ ਸਾਰਿਆਂ ਨੇ ਉਸ ਦਾ ਸਮਰਥਨ ਕੀਤਾ ਪਰ ਜਿਹੜਾ ਕਾਲਜ ਸਾਹਿਬ ਕਾਂਸ਼ੀ ਰਾਮ ਦੇ ਨਾਮ 'ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਮਨਜੂਰ ਕਰਵਾਇਆ ਸੀ ਤੇ ਇਸ ਸੰਬੰਧੀ ਨਗਰ ਕੌਂਸਲ ਆਦਮਪੁਰ ਵਲੋਂ ਜਮੀਨ ਦੇਣ ਲਈ ਕੇਸ ਬਣਾ ਕੇ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਸੀ ਇਸ ਬਾਰੇ ਹਲਕਾ ਇੰਚਾਰਜ ਝੂਠ ਬੋਲ ਰਹੇ ਹਨ। ਕੋਟਲੀ ਨੇ ਕਿਹਾ ਕਿ ਮੈਂ ਵਿਧਾਨ ਸਭਾ 'ਚ ਸਿੱਖਿਆ ਮੰਤਰੀ ਨੂੰ ਸਵਾਲ ਪੁੱਛਿਆ ਕਿ ਕਾਂਸ਼ੀ ਰਾਮ ਦੇ ਨਾਮ 'ਤੇ ਡਿਗਰੀ ਕਾਲਜ ਬਣਾਉਣਾ ਵਿਚਾਰ ਅਧੀਨ ਹੈ ਤਾਂ ਉਨ੍ਹਾਂ ਦਾ ਜਵਾਬ ਸੀ ਹਾਂ ਆਦਮਪੁਰ ਵਿੱਚ ਕਾਂਸ਼ੀ ਰਾਮ ਡਿਗਰੀ ਕਾਲਜ ਖੋਲ੍ਹਣ ਦਾ ਮਾਮਲਾ ਵਿਚਾਰ ਅਧੀਨ ਹੈ ਜੋ ਹਲਕਾ ਇੰਚਾਰਜ ਇਸ ਮਸਲੇ 'ਤੇ ਮੇਰੇ 'ਤੇ ਸਵਾਲ ਖੜ੍ਹੇ ਕਰ ਰਹੇ ਹਨ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਕਿ ਮੇਰੇ ਕੋਲ ਇਸ ਦਾ ਵਿਧਾਨ ਸਭਾ ਦਾ ਰਿਕਾਰਡ ਮੌਜੂਦ ਹੈ । ਉਹ ਤੱਥਾਂ ਦੇ ਅਧਾਰ 'ਤੇ ਗੱਲ ਕਰਨ।

# ਪੇਪਰ ਚੌਂਕ ਦਾ ਨਾਂਅ ਮੀਰੀ-ਪੀਰੀ ਚੌਂਕ ਰੱਖਿਆ : ਬਾਬਾ ਜਸਪਾਲ ਸਿੰਘ

**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)** ਫਗਵਾੜਾ ਦੇ ਪੇਪਰ ਚੌਂਕ (ਗੋਲ ਚੌਂਕ) ਦੇ ਨਾਮਕਰਣ ਨੂੰ ਲੈ ਕੇ ਪਿਛਲੇ ਕਾਫੀ ਸਮੇਂ ਤੋਂ ਦੋ ਧਿਰਾਂ ਵਿਚਕਾਰ ਚੱਲ ਰਹੇ ਵਿਵਾਦ ਨੂੰ ਦੇਖਦੇ ਹੋਏ ਸ਼੍ਰੋਮਣੀ ਪੰਥ ਅਕਾਲੀ ਬਾਬਾ ਬੁੱਢਾ ਦਲ ਫਗਵਾੜਾ ਦੇ ਸਰਕਲ ਜੱਥੇਦਾਰ ਬਾਬਾ ਜਸਪਾਲ ਸਿੰਘ ਅਕਾਲੀ (ਚਾਚੋਕੀ) ਨੇ ਨਗਰ ਨਿਗਮ ਫਗਵਾੜਾ ਅਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਕਤ ਚੌਂਕ ਦਾ ਨਾਂਅ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਫਲਸਫੇ ਮੁਤਾਬਕ ਮੀਰੀ-ਪੀਰੀ ਚੌਂਕ ਰੱਖ ਕੇ ਵਿਵਾਦ ਦੀ ਸਮਾਪਤੀ ਕੀਤੀ ਜਾਵੇ। ਉਹਨਾਂ ਕਿਹਾ ਕਿ ਇੱਕ ਧਿਰ ਚੌਂਕ ਦਾ ਨਾਮ ਸੰਵਿਧਾਨ ਚੌਂਕ ਰੱਖਣ ਅਤੇ ਦੂਸਰੀ ਧਿਰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਮ 'ਤੇ ਚੌਂਕ ਦਾ ਨਾਮ ਰੱਖਣ ਨੂੰ ਲੈ ਕੇ ਬਜਿੱਦ ਹੈ।ਇਸੇ ਗੱਲ ਨੂੰ ਲੈ ਕੇ ਸਾਲ 2018 ਵਿੱਚ ਦੋਵੇਂ ਧਿਰਾਂ ਵਿਚਕਾਰ ਖੂਨ-ਖਰਾਬਾ ਵੀ ਹੋ ਚੁੱਕਾ ਹੈ।ਸ਼ਹਿਰ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ ਕਿ ਕਿਸੇ ਐਸੇ ਨਾਮ 'ਤੇ ਸਹਿਮਤੀ ਬਣਾਈ ਜਾਵੇ ਜੋ ਸਭ ਲਈ ਸਤਿਕਾਰਯੋਗ ਹੋਵੇ।ਉਹਨਾਂ ਅੱਗੇ ਕਿਹਾ ਕਿ ਮੀਰੀ-ਪੀਰੀ ਦਾ ਸਿਧਾਂਤ ਸਿਰਫ ਧਾਰਮਿਕ ਹੀ ਨਹੀਂ ਸਗੋਂ ਸਮਾਜਿਕ ਅਤੇ ਰਾਜਨੀਤਿਕ ਸੰਤੁਲਨ ਦਾ ਪ੍ਰਤੀਕ ਹੈ, ਜੋ ਸਮਾਜ ਵਿੱਚ ਨਿਆਂ, ਸ਼ਾਂਤੀ ਅਤੇ ਇਕਤਾ ਦਾ ਸੰਦੇਸ਼ ਦਿੰਦਾ ਹੈ। ਇਸ ਨਾਲ ਕਿਸੇ ਵੀ ਧਿਰ ਦੀ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚੇਗੀ ਅਤੇ ਸ਼ਹਿਰ ਵਿੱਚ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੋਵੇਗੀ। ਜੱਥੇਦਾਰ ਬਾਬਾ ਜਸਪਾਲ ਸਿੰਘ ਨੇ ਨਗਰ ਨਿਗਮ ਅਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਤੋਂ ਜਲਦ ਫੈਸਲਾ ਕੀਤਾ ਜਾਵੇ ਤਾਂ ਜੋ ਲੰਮੇ ਸਮੇਂ ਤੋਂ ਚੱਲ ਰਿਹਾ ਇਹ ਵਿਵਾਦ ਖਤਮ ਹੋ ਸਕੇ ਅਤੇ ਸ਼ਹਿਰ ਵਿੱਚ ਅਮਨ-ਸ਼ਾਂਤੀ ਦਾ ਮਾਹੌਲ ਬਣਿਆ ਰਹੇ।

# ਨੈਸ਼ਨਲ ਮੈਰਾਥਨ ਰੂਟ 'ਚ ਪੈਂਦੇ ਖੇਤਰਾਂ 'ਚ ਡਰੋਨ ਉਡਾਉਣ 'ਤੇ ਪਾਬੰਦੀ

**ਮਾਹਿਲਪੁਰ (ਸਫ਼ਰੀ)**- ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਾਹਿਲਪੁਰ ਤੋਂ ਸ਼ੁਰੂ ਹੋਣ ਵਾਲੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੈਸ਼ਨਲ ਮੈਰਾਥਨ ਦੇ ਰੂਟ ਵਿੱਚ ਪੈਂਦੇ ਖੇਤਰਾਂ ਅੰਦਰ ਡਰੋਨ ਕੈਮਰਾ ਚਲਾਉਣ/ਉਡਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਜਾਰੀ ਹੁਕਮਾਂ ਅਨੁਸਾਰ ਮੈਰਾਥਨ ਵਿਚ ਵੱਖ-ਵੱਖ ਕੈਬਨਿਟ ਮੰਤਰੀ, ਐਮ ਐਲ ਏਜ਼, ਵੀ ਆਈ ਪੀਜ਼ ਅਤੇ ਰਾਜ ਪੱਧਰੀ ਐਥਲੀਟ ਸ਼ਾਮਲ ਹੋ ਰਹੇ ਹਨ ਜਿਸ ਦੇ ਮੱਦੇਨਜ਼ਰ ਡਰੋਨ ਚਲਾਉਣ/ਉਡਾਉਣ 'ਤੇ ਪਾਬੰਦੀ ਰਹੇਗੀ। ਮੈਰਾਥਨ ਮਾਹਿਲਪੁਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਤੋਂ ਸ਼ੁਰੂ ਹੋ ਕੇ ਗੜ੍ਹਸ਼ੰਕਰ ਅਤੇ ਵਾਪਸ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਪਹੁੰਚ ਕੇ ਸਮਾਪਤ ਹੋਵੇਗੀ।

# ਬਾਬਾ ਰਿਖੀ ਦੇ ਅਸਥਾਨ ਖਾਨਪੁਰ ਢੱਡਾ 'ਚ ਸਲਾਨਾ ਮੇਲਾ ਭਲਕ ਤੋਂ

**ਨਕੋਦਰ (ਮਨਜੀਤ ਮਾਨ)** ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਖ਼ਾਨਪੁਰ ਢੱਡਾ ਜ਼ਿਲ੍ਹਾ ਜਲੰਧਰ ਵਿਖੇ ਬਾਬਾ ਰਿੱਖੀ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਰਿੱਖੀ ਦੇ ਅਸਥਾਨ 'ਤੇ ਸਲਾਨਾ ਮੇਲਾ 23, 24,25 ਤੇ 26 ਮਾਰਚ ਨੂੰ ਪਿੰਡ ਨਗਰ ਨਿਵਾਸੀਆਂ, ਸਮੂਹ ਗ੍ਰਾਮ ਪੰਚਾਇਤ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਇਥੇ ਪ੍ਰੈਸ ਨੂੰ ਇਹ ਜਾਣਕਾਰੀ ਸਮਾਜ ਸੇਵਕ ਤੇ ਮੇਲਾ ਮੁਖ ਪ੍ਰਬੰਧਕ ਭੁਵਨੇਸ਼ਵਰ ਕੰਡਾ ਨੇ ਦਿੰਦੇ ਹੋਏ ਦੱਸਿਆ ਕਿ ਇਸ 23 ਮਾਰਚ ਨੂੰ ਬਾਬਾ ਰਿੱਖੀ ਦੇ ਅਸਥਾਨ 'ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ 24 ਮਾਰਚ ਨੂੰ ਸਵੇਰੇ 11 ਵਜੇ ਝੰਡੇ ਦੀ ਰਸਮ ਉਪਰੰਤ ਪੰਜਾਬ ਦੇ ਨਾਮਵਰ ਗਾਇਕ ਲਾਭ ਹੀਰਾ,ਐਨ ਐਸ ਕੰਗ ਤੇ ਗੁਰਮੀਤ ਮੀਤ ਦਰਬਾਰ 'ਤੇ ਆਪਣੇ ਨਵੇਂ ਪੁਰਾਣੇ ਸੁਪਰਹਿਟ ਗੀਤਾਂ ਨਾਲ ਹਾਜ਼ਰੀ ਲਗਵਾਉਣਗੇ 25 ਮਾਰਚ ਰਾਤ ਨੂੰ ਮਾਂ ਭਗਵਤੀ ਦਾ ਜਾਗਰਣ ਹੋਵੇਗਾ 26 ਮਾਰਚ ਨੂੰ ਕਬੱਡੀ ਆਲ ਓਪਨ ਦੀਆਂ ਚਾਰ ਕਲੱਬਾ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ।

# ਡਾ. ਰਾਜਵਿੰਦਰ ਕੌਰ ਹੁੰਦਲ ਨੇ ਓ ਐੱਸ ਡੀ ਵਜੋਂ ਅਹੁਦਾ ਸੰਭਾਲਿਆ

**ਨੂਰਮਹਿਲ, ਫਿਲੌਰ (ਬਾਲ ਕ੍ਰਿਸ਼ਨ ਬਾਲੀ, ਨਿਰਮਲ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ 19 ਮਾਰਚ ਨੂੰ ਡਾ. ਰਾਜਵਿੰਦਰ ਕੌਰ ਹੁੰਦਲ ਨੇ ਜੀ.ਐਨ.ਡੀ.ਯੂ. ਕਾਲਜ ਫਿਲੌਰ ਦੇ



ਓ.ਐਸ.ਡੀ ਦਾ ਨਿਯੁਕਤੀ ਪੱਤਰ ਪ੍ਰਾਪਤ ਕੀਤਾ ਅਤੇ ਉਹਨਾਂ ਨੇ 20 ਮਾਰਚ ਨੂੰ ਕਾਲਜ ਪਹੁੰਚ ਕੇ ਆਪਣਾ ਅਹੁਦਾ ਸੰਭਾਲਿਆ।ਇਸ ਮੌਕੇ ਉਹਨਾਂ ਦੇ ਨਾਲ ਉਨ੍ਹਾਂ ਦੇ ਪਤੀ ਡਾ. ਗੁਰਮੀਤ ਸਿੰਘ ਹੁੰਦਲ ਵੀ ਸ਼ਾਮਲ ਸਨ। ਕਾਲਜ ਦੇ ਸਮੂਹ ਟੀਚਿੰਗ ਸਟਾਫ਼ ਅਤੇ ਨਾਨ-ਟੀਚਿੰਗ ਸਟਾਫ਼ ਨੇ ਗੁਲਦਸਤਾ ਭੇਟ ਕਰਕੇ ਉਹਨਾਂ ਦਾ ਨਿੱਘਾ ਸੁਆਗਤ ਕੀਤਾ।ਕਾਲਜ ਦਾ ਦੌਰਾ ਕਰਦਿਆਂ ਮੈਡਮ ਡਾ. ਰਾਜਵਿੰਦਰ ਕੌਰ ਨੇ ਕਾਲਜ ਦੇ ਬੁਨਿਆਦੀ ਢਾਂਚੇ ਦੀ ਤਾਰੀਫ ਕੀਤੀ ਅਤੇ ਟੀਚਿੰਗ ਸਟਾਫ ਨਾਲ ਚਾਹ ਦਾ ਕੱਪ ਸਾਂਝਾ ਕਰਦੇ ਹੋਏ ਕਿਹਾ ਕਿ ਅਸੀਂ ਸਾਰੇ ਇਕ ਪਰਵਾਰ ਵਾਂਗ ਰਲ਼ ਮਿਲ ਕੇ ਇਸ ਕਾਲਜ ਦੀ ਤਰੱਕੀ ਲਈ ਸਖ਼ਤ ਮਿਹਨਤ ਕਰਾਂਗੇ। ਓ.ਐੱਸ.ਡੀ ਦਾ ਅਹੁਦਾ ਸੰਭਾਲਦਿਆਂ ਉਹਨਾਂ ਕਿਹਾ ਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ 2016 ਤੋਂ ਚੱਲ ਰਹੇ ਇਸ ਕਾਲਜ ਨੂੰ ਹੋਰ ਵੀ ਬੁਲੰਦੀਆਂ 'ਤੇ ਲਿਜਾਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ।ਉਹ ਦਿਲੋਂ ਤਨ, ਮਨ, ਧਨ ਨਾਲ ਇਸ ਕਾਲਜ ਦੀ ਸੇਵਾ ਕਰਨਗੇ। ਉਹਨਾਂ ਨੂੰ ਜੀ ਆਇਆ ਆਖਣ ਅਤੇ ਨਿੱਘਾ ਸੁਆਗਤ ਕਰਨ ਵਾਲੇ ਸਾਰੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦਾ ਮੈਡਮ ਜੀ ਨੇ ਦਿਲੋਂ ਧੰਨਵਾਦ ਕੀਤਾ।

# ਐੱਨ ਸੀ ਸੀ ਫੈਸਟ-2026 'ਚ ਕੈਡਿਟਾਂ ਦਾ ਸਨਮਾਨ

**ਮੋਹਾਲੀ (ਗੁਰਜੀਤ ਬਿੱਲਾ)** ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਮੋਹਾਲੀ ਦੀ ਐੱਨ ਸੀ ਸੀ ਇਕਾਈ ਵੱਲੋਂ ਪ੍ਰਿੰਸੀਪਲ ਪ੍ਰੋ. ਜਸਪ੍ਰੀਤ ਕੌਰ ਬੈਂਸ ਦੀ ਅਗਵਾਈ ਹੇਠ ਐੱਨ ਸੀ ਸੀ ਫੈਸਟ-2026 ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤਾ ਗਿਆ। ਸਮਾਰੋਹ ਦੌਰਾਨ ਮੁੱਖ ਮਹਿਮਾਨ ਦਾ ਸਵਾਗਤ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਸਿਮਰਪ੍ਰੀਤ ਕੌਰ ਵੱਲੋਂ ਕੀਤਾ ਗਿਆ ਅਤੇ ਉਨ੍ਹਾਂ ਨੇ ਸਵਾਗਤੀ ਸ਼ਬਦਾਂ ਰਾਹੀਂ ਮਹਿਮਾਨਾਂ ਨੂੰ ਜੀ ਆਇਆ ਆਖਿਆ।ਪ੍ਰੋਗਰਾਮ ਦਾ ਸੰਚਾਲਨ ਐਨ ਸੀ ਸੀ ਅਫ਼ਸਰ ਲੈਫਟੀਨੈਂਟ ਸੁਖਵਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਐਨ ਸੀ ਸੀ ਕੈਡਿਟਾਂ ਵੱਲੋਂ ਵੱਖ-ਵੱਖ ਗਤੀਵਿਧੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਨੇ ਹਾਜ਼ਰੀਨ ਨੂੰ ਪ੍ਰਭਾਵਿਤ ਕੀਤਾ।ਸਮਾਰੋਹ ਦੌਰਾਨ ਕਾਲਜ ਦੇ ਉਹ ਕੈਡਿਟ ਜੋ ਭਾਰਤੀ ਫੌਜ ਵਿੱਚ ਭਰਤੀ ਹੋਏ ਹਨ ਅਤੇ ਹੋਰ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ, ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਨਮਾਨਿਤ ਕੈਡਿਟਾਂ ਵਿੱਚ ਦਿਲਪ੍ਰੀਤ ਸਿੰਘ, ਰਾਮ ਮੋਹਿਤ, ਜਸਪ੍ਰੀਤ ਸਿੰਘ, ਵਿਵੇਕ ਕੁਮਾਰ, ਕੁਨਾਲ, ਅਮਨਵੀਰ ਸਿੰਘ, ਵਿਸ਼ਾਲ ਕੁਮਾਰ, ਧਰਮਿੰਦਰ ਸਿੰਘ, ਕਮਲਪ੍ਰੀਤ ਸਿੰਘ, ਸਾਹਿਬਦੀਪ ਸਿੰਘ, ਹਰਪ੍ਰੀਤ ਸਿੰਘ ਅਤੇ ਰੌਸ਼ਨ ਲਾਲ ਸ਼ਾਮਲ ਸਨ।ਵਿਸ਼ੇਸ਼ ਤੌਰ 'ਤੇ ਸੀਨੀਅਰ ਅੰਡਰ ਅਫ਼ਸਰ ਅੰਮ੍ਰਿਤਪਾਲ ਸਿੰਘ, ਜੋ ਕਿ ਲੈਫਟੀਨੈਂਟ ਦੇ ਅਹੁਦੇ 'ਤੇ ਭਰਤੀ ਹੋਏ ਹਨ, ਨੂੰ ਮੁੱਖ ਮਹਿਮਾਨ ਵੱਲੋਂ 'ਰੋਲ ਆਫ ਆਨਰ' ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਇਨਾਮ ਵੰਡ ਸਮਾਰੋਹ ਦੀ ਰਸਮ ਮੁੱਖ ਮਹਿਮਾਨ ਸੀਨੀਅਰ ਅਧਿਕਾਰੀ ਸ. ਬਲਜੀਤ ਸਿੰਘ, ਡਿਪਟੀ ਲੇਬਰ ਕਮਿਸ਼ਨਰ, ਪੰਜਾਬ ਵੱਲੋਂ ਅਦਾ ਕੀਤੀ ਗਈ।ਉਨ੍ਹਾਂ ਦੇ ਨਾਲ ਪ੍ਰੋ. ਸ਼ਰਨਜੀਤ ਸਿੰਘ (ਭੂਗੋਲ ਵਿਭਾਗ), ਪ੍ਰੋ. ਹਰਚਰਨ ਸਿੰਘ (ਫਾਈਨ ਆਰਟ ਵਿਭਾਗ), ਪ੍ਰੋ. ਜਗਤਾਰ ਸਿੰਘ (ਸਰੀਰਕ ਸਿੱਖਿਆ ਵਿਭਾਗ) ਅਤੇ ਡਾ. ਸਰਬਜੀਤ ਕੌਰ (ਹਿੰਦੀ ਵਿਭਾਗ) ਵੀ ਮੌਜੂਦ ਰਹੇ।



# ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰਾਂਗਾ : ਸੰਜੀਵ ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਹੁਸ਼ਿਆਰਪੁਰ ਦੇ ਨਵ-ਨਿਯੁਕਤ ਇੰਚਾਰਜ ਸੰਜੀਵ ਤਲਵਾੜ ਨੇ ਆਪਣੇ ਨਿਵਾਸ ਸਥਾਨ 'ਤੇ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਹੇਠਲੇ ਪੱਧਰ 'ਤੇ ਜਾ ਕੇ ਜ਼ਮੀਨ ਤਿਆਰ ਕਰਨਗੇ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਅਜਿਹੀ ਪਾਰਟੀ ਹੈ, ਜਿਸ ਨੇ ਹਮੇਸ਼ਾ ਹਿੰਦੂ-ਸਿੱਖ ਏਕਤਾ 'ਤੇ ਪਹਿਰਾ ਦਿੱਤਾ ਹੈ ਅਤੇ ਪੰਜਾਬੀਆਂ ਦੇ ਅਸਲ ਦੁੱਖ-ਦਰਦ ਨੂੰ ਸਮਝਿਆ ਹੈ।ਇਸ ਮੌਕੇ ਵਰਿੰਦਰ ਸਿੰਘ ਬਾਜਵਾ (ਸਾਬਕਾ ਰਾਜ ਸਭਾ ਮੈਂਬਰ) ਨੇ ਭਰੋਸਾ ਜਤਾਇਆ ਕਿ ਅਕਾਲੀ ਦਲ ਜ਼ਿਲ੍ਹੇ ਦੀਆਂ ਸਾਰੀਆਂ ਸੀਟਾਂ 'ਤੇ ਮਿਹਨਤ ਕਰਕੇ ਵੱਡੀ ਜਿੱਤ ਹਾਸਲ ਕਰੇਗਾ।ਉਹਨਾਂ ਕਿਹਾ ਪਾਰਟੀ ਦੇ ਮਜ਼ਬੂਤ ਕੈਡਰ ਦਾ ਲਾਭ ਆਉਣ ਵਾਲੀਆਂ ਚੋਣਾਂ ਵਿੱਚ ਜ਼ਰੂਰ ਮਿਲੇਗਾ।ਲਖਵਿੰਦਰ ਸਿੰਘ ਲੱਖੀ (ਜ਼ਿਲ੍ਹਾ ਪ੍ਰਧਾਨ ਦਿਹਾਤੀ) ਨੇ ਕਿਹਾ ਕਿ ਤਲਵਾੜ ਪਰਿਵਾਰ ਦਾ ਲੰਬਾ ਸਿਆਸੀ ਤਜਰਬਾ ਅਤੇ ਕੰਮ ਕਰਨ ਦਾ ਜਜ਼ਬਾ ਹੁਸ਼ਿਆਰਪੁਰ ਸੀਟ ਜਿੱਤਣ ਵਿੱਚ ਅਹਿਮ ਸਾਬਿਤ ਹੋਵੇਗਾ। ਸਮਾਗਮ ਦੌਰਾਨ ਪਾਰਟੀ ਵੱਲੋਂ ਸੌਂਪੀਆਂ ਗਈਆਂ ਨਵੀਆਂ ਜ਼ਿੰਮੇਵਾਰੀਆਂ ਲਈ ਇਕਬਾਲ ਸਿੰਘ ਗੋਪੀ, ਬਿਕਰਮਜੀਤ ਸਿੰਘ ਕਲਸੀ, ਪ੍ਰੇਮ ਸਿੰਘ ਪੁਰਹੀਰਾ, ਸਰਬਜੀਤ ਮੋਮੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਰਜੀ ਬਾਜਵਾ, ਜਗਤਾਰ ਸਿੰਘ, ਪਰਮਜੀਤ ਸਿੰਘ (ਸਰਕਲ ਜਥੇਦਾਰ), ਸਾਬਕਾ ਕੌਂਸਲਰ ਸੰਤੋਖ ਸਿੰਘ ਔਜਲਾ, ਨੀਤੀ ਤਲਵਾਰ, ਰਣਜੀਤ ਸਿੰਘ, ਭੁਪਿੰਦਰ ਸਿੰਘ, ਰਵਿੰਦਰ ਨਿੱਕਾ, ਜਸਵਿੰਦਰ ਸਿੰਘ ਸੋਣੀ, ਸੁਖਦੇਵ ਸਿੰਘ, ਤੀਰਥ ਸਿੰਘ, ਅਤੇ ਲਵਲੀ ਪਹਿਲਵਾਨ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਮਹਿਲਾਵਾਂ ਹਾਜ਼ਰ ਸਨ।



# ਦੇਸ਼ ਫਿਰਕੂ ਤੇ ਲੋਟੂ ਤਾਕਤਾਂ ਦੇ ਹੱਥਾਂ 'ਚ : ਡਾਲਵੀ

**ਸ਼ਾਹਕੋਟ (ਗਿਆਨ ਸੈਦਪੁਰੀ)** 'ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਵਾਸਤੇ ਸਾਨੂੰ ਆਪਣੇ ਆਪਣੇ ਬੂਥਾਂ 'ਤੇ ਪਹਿਰਾ ਦੇਣਾ ਪਵੇਗਾ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਰਵਿੰਦਰ ਕੁਮਾਰ ਡਾਲਵੀ ਸਹਿ ਇੰਚਾਰਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕੀਤਾ। ਉਹ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਅਗਵਾਈ ਵਿੱਚ ਬੀ ਐਲ ਏ( ਬੂਥ ਲੈਵਲ ਏਜੰਟ) ਦੇ ਟ੍ਰੇਨਿੰਗ ਸੈਸ਼ਨ ਖਤਮ ਹੋਣ ਤੋਂ ਬਾਅਦ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਅੱਜ ਦੇਸ਼ ਉਹਨਾਂ ਲੋਟੂ ਤਾਕਤਾਂ ਦੇ ਹੱਥਾਂ ਵਿੱਚ ਹੈ, ਜੋ ਦੇਸ਼ ਨੂੰ ਧਰਮ ਅਤੇ ਰੰਗ ਦੇ ਨਾਲ ਵੱਖਰਾ ਵੱਖਰਾ ਕਰਨਾ ਚਾਹੁੰਦੀ ਹੈ। ਇਸ ਟਰੇਨਿੰਗ ਸੈਸ਼ਨ ਦੀ ਟ੍ਰੇਨਿੰਗ ਹਰਦੀਪ ਸਿੰਘ ਕਿੰਗਰਾ ਅਤੇ ਐਡਵੋਕੇਟ ਗਗਨਦੀਪ ਸਿੰਘ ਨੇ ਦਿੱਤੀ। ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ ਕਾਂਗਰਸ, ਅਸ਼ਵਿੰਦਰ ਪਾਲ ਸਿੰਘ ਖਹਿਰਾ ਸਾਬਕਾ ਚੇਅਰਮੈਨ ਸ਼ੂਗਰ ਮਿੱਲ ਮਹਿਤਪੁਰ, ਗੁਲਜ਼ਾਰ ਸਿੰਘ ਥਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਸੁਰਿੰਦਰਜੀਤ ਸਿੰਘ ਚੱਠਾ ਬਲਾਕ ਪ੍ਰਧਾਨ ਕਾਂਗਰਸ ਸ਼ਾਹਕੋਟ, ਮਹਿੰਦਰ ਪਾਲ ਸਿੰਘ ਟੁਰਨਾ ਬਲਾਕ ਪ੍ਰਧਾਨ ਕਾਂਗਰਸ ਮਹਿਤਪੁਰ, ਗੁਰਦੀਪ ਸਿੰਘ ਜੱਕੋਪੁਰ ਕਲਾਂ ਬਲਾਕ ਪ੍ਰਧਾਨ ਲੋਹੀਆਂ ਖਾਸ, ਸੁਖਦੀਪ ਸਿੰਘ ਕੰਗ ਪੀਏ, ਰਿਬਕਾ ਰਾਣੀ ਜ਼ਿਲਾ ਪਰਿਸ਼ਦ ਮੈਂਬਰ,



ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਬੰਟੀ ਬੱਠਲਾ, ਬਲਜੀਤ ਸਿੰਘ ਮੀਏਵਾਲ ਸਾਬਕਾ ਮੈਂਬਰ ਮਾਰਕੀਟ ਕਮੇਟੀ ਸ਼ਾਹਕੋਟ, ਹਰਵਿੰਦਰ ਸਿੰਘ ਸਾਬਕਾ ਸਰਪੰਚ ਰੂਪੇਵਾਲ, ਸਵਰਨ ਸਿੰਘ ਧਰਮੀਵਾਲ ਮੈਂਬਰ ਬਲਾਕ ਸੰਮਤੀ, ਭਵਨ ਅਗਰਵਾਲ ਪ੍ਰਧਾਨ ਕੱਚਾ ਆੜਤੀਆ ਐਸੋਸੀਏਸ਼ਨ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਢੰਡੋਵਾਲ, ਮੁਖਤਿਆਰ ਸਿੰਘ ਸਾਬਕਾ ਸਰਪੰਚ ਸਾਦਿਕਪੁਰ, ਬਿੱਟੂ ਬੁੱਢਣਵਾਲ, ਤਰਸੇਮ ਸਿੰਘ ਧੰਜੂ ਸਰਪੰਚ ਸੈਦਪੁਰ ਝਿੜੀ, ਅਮਨਦੀਪ ਸੈਦਪੁਰੀ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆਂ, ਸੁਰਿੰਦਰ ਸਿੰਘ ਭੱਟੀ, ਅਵਤਾਰ ਸਿੰਘ, ਜਸਵਿੰਦਰ ਗਿੱਲ ਫੁੰਮਣ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਤਾਰੀ ਗਿੱਲ ਨੰਬਰਦਾਰ, ਮੇਜਰ ਸਿੰਘ ਮੰਡ, ਜੋਗਾ ਸਿੰਘ ਸਾਬਕਾ ਸਰਪੰਚ ਚੱਕ ਚੇਲਾ, ਰਾਣਾ ਸਾਬਕਾ ਸਰਪੰਚ ਮਹਿਮੂਵਾਲ ਯੂਸਫਪੁਰ, ਬਲਦੇਵ ਸਿੰਘ ਸਾਬਕਾ ਸਰਪੰਚ ਸਲੈਚਾਂ, ਸੁਰਜੀਤ ਸਿੰਘ ਸਾਬਕਾ ਸਰਪੰਚ ਸੇਖੇਵਾਲ, ਪਰਮਜੀਤ ਸਿੰਘ ਸਾਰੰਗਵਾਲ, ਮੇਜਰ ਸਿੰਘ ਤਲਵੰਡੀ ਬੂਟਿਆਂ, ਬੰਟੀ ਕੁਮਰਾ, ਗੁਰਮੀਤ ਸਿੰਘ ਬਲਾਕ ਸੰਮਤੀ ਮੈਂਬਰ ਮੜਿਆਲਾ, ਅਜ਼ੀਜ਼ ਮਸੀਹ, ਬਲਜਿੰਦਰ ਸਿੰਘ ਕੰਗ ਵਾਲੇ, ਦਲਬੀਰ ਸਿੰਘ ਸਰਪੰਚ ਮਹਿਸਮਪੁਰ, ਕਸ਼ਮੀਰ ਸਿੰਘ ਬਾਹਮਣੀਆਂ ਸਾਬਕਾ ਬਲਾਕ ਸੰਮਤੀ ਮੈਂਬਰ, ਮਨਜਿੰਦਰ ਸਿੰਘ ਸਾਬਕਾ ਸਰਪੰਚ ਮੇਦਾ, ਮਨਜਿੰਦਰ ਸਿੰਘ ਕਾਕੜ ਕਲਾਂ, ਦਲਵਿੰਦਰ ਸਿੰਘ ਮਹਿਰਾਜ ਵਾਲਾ, ਸੰਤੋਖ ਸਿੰਘ ਸਾਬਕਾ ਸਰਪੰਚ ਨਵਾਂ ਪਿੰਡ, ਮਾਸਟਰ ਰਣਜੀਤ ਸਿੰਘ ਨਵਾਂ ਪਿੰਡ ਖਾਲੇਵਾਲ, ਤਜਿੰਦਰ ਸਿੰਘ ਸੰਧਾ ਨਵਾਂ ਪਿੰਡ ਖਾਲੇਵਾਲ, ਮੰਗੀ ਚੱਕ ਬਾਹਮਣੀਆਂ ਪਾਰ, ਚੰਨਾ ਥੰਮੂਵਾਲ, ਸੁਰਜੀਤ ਸਿੰਘ ਫਾਜਲਵਾਲ, ਕੈਪਟਨ ਗੁਰਮੇਜ ਸਿੰਘ ਭੋਏਪੁਰ, ਆਦਿ ਮੌਜੂਦ ਸਨ।

# ਦਰਗਾਹ ਵਾਲੀ ਮਸਜਿਦ ਵਿਖੇ ਈਦ-ਉਲ-ਫਿਤਰ ਮਨਾਇਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਫਗਵਾੜਾ ਦੇ ਪਲਾਹੀ ਰੋਡ 'ਤੇ ਸਥਿਤ ਦਰਗਾਹ ਵਾਲੀ ਮਸਜਿਦ ਵਿਖੇ ਈਦ-ਉਲ-ਫਿਤਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਮੌਲਾਨਾ



ਮੁਹੰਮਦ ਨਾਹਿਦ ਰਾਜਾ ਨੇ ਈਦ-ਉਲ-ਫਿਤਰ ਦੀ ਨਮਾਜ਼ ਪੜ੍ਹੀ ਅਤੇ ਸਾਰੇ ਮੁਸਲਿਮ ਭਰਾਵਾਂ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ।ਇਸ ਮੌਕੇ ਉਨ੍ਹਾਂ ਨੇ ਪੂਰੇ ਭਾਰਤ ਵਿੱਚ ਸਾਰੇ ਭਾਰਤੀਆਂ ਲਈ ਏਕਤਾ ਅਤੇ ਖੁਸ਼ਹਾਲੀ ਲਈ ਅੱਲ੍ਹਾ ਅੱਗੇ ਅਰਦਾਸ ਕੀਤੀ।ਉਨ੍ਹਾਂ ਨੇ ਪੰਜਾਬ ਦੇ ਸਾਰੇ ਨਿਵਾਸੀਆਂ ਨੂੰ ਈਦ ਦੀਆਂ ਮੁਬਾਰਕਾਂ ਵੀ ਦਿੱਤੀਆਂ।ਉਨ੍ਹਾਂ ਪ੍ਰਸ਼ਾਸਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨਮਾਜ਼ ਦੌਰਾਨ ਕੀਤੇ ਗਏ ਸ਼ਾਨਦਾਰ ਪ੍ਰਬੰਧਾਂ ਲਈ ਉਹ ਵਧਾਈ ਦੇ ਹੱਕਦਾਰ ਹਨ।ਇਸ ਮੌਕੇ ਇੰਤਜ਼ਾਮੀਆ ਕਮੇਟੀ ਦਾਵਤੇ ਇਸਲਾਮੀਆ ਕਮੇਟੀ ਦੇ ਪ੍ਰਧਾਨ ਅਯਾਤ ਮੁਹੰਮਦ, ਮੀਤ ਪ੍ਰਧਾਨ ਮੁਹੰਮਦ ਅਲਾਉਦੀਨ ਮੁਹੰਮਦ, ਇਮਾਮ ਖਤੀਬ ਨਾਹਿਦ ਰਜ਼ਾ, ਸਕੱਤਰ ਨੂਰ ਇਸਲਾਮ, ਸੰਯੁਕਤ ਸਕੱਤਰ ਮੁਹੰਮਦ ਯੂਸਫ, ਇਲਮੁਦੀਨ ਅੰਸਾਰੀ, ਆਬਿਦ ਅਲੀ, ਮੁਹੰਮਦ ਇਕਬਾਲ, ਨਿਸਾਰ ਅਹਿਮਦ, ਮੁਹੰਮਦ ਇਮਤਿਆਜ਼, ਸ਼ਾਹਨਵਾਜ਼, ਰਿਹਾਨ ਰਾਹੀ, ਸਲੋਨੀਆ, ਡਾ: ਫਿਰੋਜ਼, ਮੁਹੰਮਦ ਇਸਲਾਮ ਇਲਮੁਦੀਨ ਅੰਸਾਰੀ, ਇਮਤਿਆਜ਼, ਸ਼ਾਹਨਵਾਜ਼, ਬਬਲੂ, ਸ਼ੇਖ ਇਕਬਾਲ, ਮਾਸਟਰ ਨਿਸਾਰ, ਹੰਸਰਾਜ, ਸ਼ਿਰਾਜੁਦੀਨ, ਆਵਿਦ ਅਲੀ, ਅਜ਼ਹਰੂਦਦੀਨ, ਸ਼ਾਹਨਵਾਜ਼, ਇਮਾਮ ਮੁਹੰਮਦ, ਨਾਹਿਦ ਰਜ਼ਵਾਨ, ਯਾਸਿਰ ਇਤਸ਼ਾਮ ਰੋਹਨ ਆਦਿ ਨੇ ਇੱਕ ਦੂਜੇ ਨੂੰ ਗਲੇ ਮਿਲ ਕੇ ਈਦ ਦੀ ਵਧਾਈ ਦਿੱਤੀ।

# ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦੀ ਉਸਾਰੀ ਜਲਦ ਸ਼ੁਰੂ ਹੋਵੇਗੀ : ਚੀਮਾ

**ਜਲੰਧਰ, ਕ੍ਰਿਸ਼ਨਗੜ੍ਹ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ, ਸੁਖਜੀਤ ਕੁਮਾਰ)** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਕਿ ਜਲੰਧਰ ਜ਼ਿਲ੍ਹੇ ਦੇ ਡੇਰਾ ਸੱਚਖੰਡ ਬੱਲਾਂ ਨੇੜੇ ਬਣਨ ਵਾਲੇ ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦਾ ਨਿਰਮਾਣ



ਕਾਰਜ ਇਸ ਦਾ ਅਧਿਕਾਰਤ ਨਕਸ਼ਾ (ਲੇਆਊਟ ਪਲਾਨ) ਤਿਆਰ ਹੋਣ ਤੋਂ ਬਾਅਦ ਜਲਦ ਹੀ ਸ਼ੁਰੂ ਹੋ ਜਾਵੇਗਾ।ਇਹ ਐਲਾਨ ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਦੌਰੇ ਦੌਰਾਨ ਕੀਤਾ, ਜਿੱਥੇ ਉਨ੍ਹਾਂ ਨੇ ਖੁਦ ਪ੍ਰਸਤਾਵਿਤ ਨਕਸ਼ੇ ਦੀ ਸਮੀਖਿਆ ਕੀਤੀ ਅਤੇ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਾਣਕਾਰੀ ਦਿੱਤੀ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਨੇ ਪਿੰਡ ਨੌਗੱਜਾ ਅਤੇ ਫਰੀਦਪੁਰ ਵਿੱਚ 10.50 ਏਕੜ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਲੇਆਊਟ ਪਲਾਨ ਨੂੰ ਡੇਰੇ ਦੇ ਮੌਜੂਦਾ ਮੁਖੀ ਸੰਤ ਨਿਰੰਜਨ ਦਾਸ ਵੱਲੋਂ ਰਸਮੀ ਸਹਿਮਤੀ ਦੇ ਦਿੱਤੀ ਗਈ ਹੈ, ਜਿਸ ਨਾਲ ਵਿਕਾਸ ਦੇ ਅਗਲੇ ਪੜਾਅ ਦਾ ਰਾਹ ਪੱਧਰਾ ਹੋ ਗਿਆ ਹੈ।ਉਨ੍ਹਾਂ ਕਿਹਾ, ਟੈਂਡਰ ਪ੍ਰਕਿਰਿਆ ਜਲਦੀ ਮੁਕੰਮਲ ਕਰ ਲਈ ਜਾਵੇਗੀ ਤਾਂ ਜੋ ਪ੍ਰੋਜੈਕਟ ਦੀ ਉਸਾਰੀ ਰਸਮੀ ਤੌਰ 'ਤੇ ਸ਼ੁਰੂ ਕੀਤੀ ਜਾ ਸਕੇ। ਇਹ ਕੇਂਦਰ ਸਿੱਖਿਆ ਅਤੇ ਅਧਿਆਤਮਿਕ ਖੋਜ ਲਈ ਇੱਕ ਵਿਆਪਕ ਹੱਬ ਵਜੋਂ ਤਿਆਰ ਕੀਤਾ ਜਾਵੇਗਾ।ਵਿੱਤ ਮੰਤਰੀ ਦੇ ਨਾਲ ਇਸ ਮੌਕੇ ਵਿਧਾਇਕ ਬਲਕਾਰ ਸਿੰਘ, ਵਿਧਾਇਕਾ ਇੰਦਰਜੀਤ ਕੌਰ ਮਾਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਐੱਨ ਐੱਸ ਐੱਸ ਕੈਂਪ ਦਾ ਉਦਘਾਟਨ

**ਬਲਾਚੌਰ (ਜਸਵਿੰਦਰ ਬੈਂਸ)**- ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟਿਟੂਐਂਟ ਕਾਲਜ ਬਲਾਚੌਰ ਵਿੱਚ 7 ਦਿਨ ਤੇ ਰਾਤਾਂ ਵਾਲੇ ਐਨ.ਐਸ.ਐਸ. ਵਿਸ਼ੇਸ਼ ਕੈਂਪ (2025-26) ਦਾ ਸ਼ੁਭ ਆਰੰਭ ਬੜੇ ਉਤਸ਼ਾਹ ਤੇ ਜੋਸ਼ ਨਾਲ ਕੀਤਾ ਗਿਆ। ਇਹ ਕੈਂਪ ਵਿਕਸਿਤ ਭਾਰਤ ਤੇ ਨਸ਼ਾ ਮੁਕਤ ਸਮਾਜ ਥੀਮ ਹੇਠ ਆਯੋਜਿਤ ਕੀਤਾ ਜਾ ਰਿਹਾ ਹੈ। ਪਹਿਲੇ ਦਿਨ ਦੀ ਸ਼ੁਰੂਆਤ ਰਿਵਾਇਤੀ ਤੌਰ 'ਤੇ ਦੀਪ ਪ੍ਰਜਵਲਨ ਨਾਲ ਅਧਿਕਾਰਿਕ ਉਦਘਾਟਨ ਸਮਾਰੋਹ ਰਾਹੀਂ ਕੀਤੀ ਗਈ। ਇਸ ਸੈਸ਼ਨ ਦਾ ਆਯੋਜਨ ਡਾ. ਹਰੀ ਨਾਥ (ਸਹਾਇਕ ਪ੍ਰੋਫੈਸਰ ਤੇ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ) ਤੇ ਡਾ. ਅੰਜਲੀ ਪਾਠਕ (ਸਹਾਇਕ ਪ੍ਰੋਫੈਸਰ ਤੇ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ) ਦੀ ਰਹਿਨੁਮਾਈ ਹੇਠ ਕੀਤਾ ਗਿਆ। ਉਨ੍ਹਾਂ ਨੇ ਸੇਵਾਦਾਰਾਂ ਦਾ ਸਵਾਗਤ ਕਰਦੇ ਹੋਏ ਐੱਨ ਐੱਸ ਐੱਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਅਹਿਮ ਭੂਮਿਕਾ ਵਾਲਾ ਦੱਸਿਆ।ਦਿਨ ਭਰ ਦੀਆਂ ਗਤੀਵਿਧੀਆਂ ਦੇ ਸੁਚੱਜੇ ਆਯੋਜਨ ਵਿੱਚ ਦਾਕਸ਼ੀ ਜੈਨ



(ਸਹਾਇਕ ਪ੍ਰੋਫੈਸਰ ਤੇ ਐਨ.ਐਸ.ਐਸ. ਮੈਂਬਰ), ਰਾਘਵ ਜੈਨ (ਸਹਾਇਕ ਪ੍ਰੋਫੈਸਰ ਤੇ ਐਨ.ਐਸ.ਐਸ. ਮੈਂਬਰ), ਨੰਦਿਨੀ (ਸਹਾਇਕ ਪ੍ਰੋਫੈਸਰ ਤੇ ਰੈਡ ਰਿਬਨ ਕਲੱਬ ਕੋਆਰਡੀਨੇਟਰ) ਅਤੇ ਸ਼ਿਆਨਾ ਚੌਧਰੀ (ਰੈਡ ਰਿਬਨ ਕਲੱਬ ਮੈਂਬਰ) ਦਾ ਵਿਸ਼ੇਸ਼ ਯੋਗਦਾਨ ਰਿਹਾ। ਵਿਦਿਆਰਥੀਆਂ ਵਿੱਚ ਲੀਡਰਸ਼ਿਪ ਅਤੇ ਟੀਮ ਵਰਕ ਦੀ ਭਾਵਨਾ ਨੂੰ ਵਿਕਸਿਤ ਕਰਨ ਲਈ ਵੱਖ-ਵੱਖ ਵਿਦਿਆਰਥੀ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵਿੱਚ ਆਰਗਨਾਈਜ਼ਿੰਗ ਕਮੇਟੀ, ਸਫਾਈ ਕਮੇਟੀ, ਕਨਵੇਂਸ਼ਨ ਹਾਲ ਮੇਂਟੇਨੈਂਸ ਕਮੇਟੀ, ਰਿਸੈਪਸ਼ਨ ਕਮੇਟੀ ਅਤੇ ਫੂਡ ਪ੍ਰਿਪਰੇਸ਼ਨ ਕਮੇਟੀ ਸ਼ਾਮਲ ਸਨ। ਇਨ੍ਹਾਂ ਕਮੇਟੀਆਂ ਰਾਹੀਂ ਵਿਦਿਆਰਥੀਆਂ ਨੂੰ ਜ਼ਿੰਮੇਵਾਰੀ ਅਤੇ ਟੀਮ ਵਰਕ ਦਾ ਅਨੁਭਵ ਪ੍ਰਾਪਤ ਹੋਇਆ। ਇਸ ਮੌਕੇ ਸੁਸ਼੍ਰੀ ਸੰਦੀਪ ਕੌਰ (ਸਹਾਇਕ ਪ੍ਰੋਫੈਸਰ), ਡਾ. ਹਰਨਾਮ ਸਿੰਘ (ਸਹਾਇਕ ਪ੍ਰੋਫੈਸਰ) ਤੇ ਰਮਨਦੀਪ ਸਿੰਘ ਨਾਹਰ (ਸਹਾਇਕ ਪ੍ਰੋਫੈਸਰ ਅਤੇ ਸਹ-ਪਾਠਕ੍ਰਮ ਇੰਚਾਰਜ) ਨੇ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਐਨ.ਐਸ.ਐਸ. ਗਤੀਵਿਧੀਆਂ ਵਿੱਚ ਸਰਗਰਮ ਭਾਗ ਲੈਣ ਲਈ ਉਤਸ਼ਾਹਿਤ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਸਤੀਸ਼ ਕੁਮਾਰ ਧੀਮਾਨ ਨੇ ਆਯੋਜਨ ਟੀਮ ਦੇ ਯਤਨਾਂ ਦੀ ਸਰਾਹਨਾ ਕੀਤੀ ਤੇ ਵਿਦਿਆਰਥੀਆਂ ਨੂੰ ਇਸ ਕੈਂਪ ਦਾ ਪੂਰਾ ਲਾਭ ਲੈਣ ਲਈ ਪ੍ਰੇਰਿਤ ਕੀਤਾ।

# ਵਿਸ਼ਵ ਓਰਲ ਸਿਹਤ ਦਿਵਸ ਮਨਾਇਆ

**ਮੋਹਾਲੀ, (ਗੁਰਜੀਤ ਬਿੱਲਾ)**- ਈ ਐੱਸ ਆਈ ਹਸਪਤਾਲ ਮੋਹਾਲੀ ਵਿਖੇ ਡਾਇਰੈਕਟਰ ਡਾ. ਅਨਿਲ ਗੋਇਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਸ਼ਵ ਓਰਲ



ਹੈਲਥ ਦਿਵਸ ਮਨਾਇਆ ਗਿਆ। ਡੈਂਟਲ ਸਰਜਨ ਡਾ. ਨਿਸ਼ਾ ਕਲੇਰ ਨੇ ਹਸਪਤਾਲ ਵਿਚ ਮਰੀਜ਼ਾਂ ਨੂੰ ਦੰਦਾਂ ਦੀਆਂ ਵੱਖ-ਵੱਖ ਬੀਮਾਰੀਆਂ, ਲੱਛਣਾਂ, ਕਾਰਨਾਂ ਬਚਾਅ ਤੇ ਇਲਾਜ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਦੰਦਾਂ ਦੀ ਸਿਹਤ ਲਈ ਤੰਬਾਕੂ ਆਦਿ ਤੋਂ ਪ੍ਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਦੰਦਾਂ ਦੀ ਸਹੀ ਢੰਗ ਨਾਲ ਸਫ਼ਾਈ ਅਤੇ ਸੰਭਾਲ ਬੇਹੱਦ ਜ਼ਰੂਰੀ ਹੈ। ਕਈ ਵਾਰ ਅਸੀਂ ਦੰਦ ਪੀੜ ਨੂੰ ਮਾਮੂਲੀ ਗੱਲ ਸਮਝ ਕੇ ਅਣਡਿੱਠ ਕਰ ਦਿੰਦੇ ਹਾਂ ਪਰ ਅਜਿਹੀ ਹਾਲਤ ਵਿਚ ਤੁਰੰਤ ਡਾਕਟਰ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ ਕਿਉਂਕਿ ਦੰਦ ਪੀੜ ਦੰਦ ਦੇ ਖ਼ਰਾਬ ਹੋਣ ਦਾ ਸੰਕੇਤ ਹੋ ਸਕਦੀ ਹੈ। ਉਨ੍ਹਾਂ ਕਿਹਾ ਸਿਹਤਮੰਦ ਦੰਦਾਂ ਲਈ ਸਹੀ ਢੰਗ ਨਾਲ ਬਰੱਸ਼ ਕੀਤਾ ਜਾਵੇ। ਦੰਦਾਂ ਵਿਚ ਤੀਲੀ ਜਾਂ ਟੁੱਥਪਿੱਕ ਆਦਿ ਨਹੀਂ ਮਾਰਨੀ ਚਾਹੀਦੀ। ਬਹੁਤ ਜ਼ੋਰ ਨਾਲ ਬਰੱਸ਼ ਨਾ ਕੀਤਾ ਜਾਵੇ ਅਤੇ ਮਸੂੜਿਆਂ ਉਤੇ ਬਰੱਸ਼ ਨਾ ਕੀਤਾ ਜਾਵੇ। ਹਰ ਤਿੰਨ ਮਹੀਨੇ ਮਗਰੋਂ ਬਰੱਸ਼ ਬਦਲਿਆ ਜਾਵੇ। ਬਹੁਤ ਜ਼ਿਆਦਾ ਠੰਢਾ ਜਾਂ ਗਰਮ ਲੱਗਣ 'ਤੇ ਡਾਕਟਰ ਦੀ ਸਲਾਹ ਲਈ ਜਾਵੇ। ਇਸ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਫੇਜ਼ 2 ਅਤੇ ਫੇਜ਼ 5 ਵਿਖੇ ਡੈਂਟਲ ਜਾਂਚ ਕੈਂਪ ਲਗਾਏ ਗਏ। ਇਸ ਮੌਕੇ ਐੱਸ ਐੱਮ ਓ ਡਾ. ਹਰਪ੍ਰੀਤ ਕੌਰ, ਐੱਸ ਐੱਮ ਓ ਡਾ. ਡਿੰਪਲ ਧਾਲੀਵਾਲ, ਐੱਸ ਐੱਮਓ.ਡਾ. ਹਰਕੀਰਤ ਕੌਰ ਸੰਧੂ, ਐੱਸ ਐੱਮ ਓ ਡਾ. ਨੀਨਾ ਗੁਪਤਾ ਤੇ ਹਸਪਤਾਲ ਦਾ ਹੋਰ ਸਟਾਫ਼ ਵੀ ਮੌਜੂਦ ਸੀ।

# ਲੋੜਵੰਦ ਵਿਦਿਆਰਥੀਆਂ ਨੂੰ ਦਿੱਤੀਆਂ ਜਾਣਗੀਆਂ ਕਾਪੀਆਂ ਤੇ ਕਿਤਾਬਾਂ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਸ਼੍ਰੀਮਾਨ 108 ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲੀਏ ਸਰਬੱਤ ਦਾ ਭਲਾ ਟਰੱਸਟ ਹੁਸ਼ਿਆਰਪੁਰ ਵੱਲੋਂ ਲੋੜਵੰਦ ਦਸਵੀਂ ਕਲਾਸ ਤੋਂ ਉੱਪਰ ਕਲਾਸਾਂ ਵਾਲੇ ਬੱਚਿਆਂ ਲਈ ਕਿਤਾਬਾਂ ਕਾਪੀਆਂ ਦੇ ਲੰਗਰ 15 ਅਪ੍ਰੈਲ ਦਿਨ ਬੁੱਧਵਾਰ ਨੂੰ ਸ਼੍ਰੀਮਾਨ ਸੰਤ ਬਾਬਾ ਸ਼ੋਭਾ ਸਿੰਘ ਜੀ ਦੇ ਤਪ ਅਸਥਾਨ ਪਿੰਡ ਲੰਗੇਰੀ ਨੇੜੇ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਲਗਾਏ ਜਾ ਰਹੇ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਬਲਵੀਰ ਸਿੰਘ ਸਰਪ੍ਰਸਤ ਸੰਤ ਬਾਬਾ ਜਵਾਲਾ ਸਿੰਘ ਟਰੱਸਟ ਸਰਬੱਤ ਦਾ ਭਲਾ ਹੁਸ਼ਿਆਰਪੁਰ ਨੇ ਦੱਸਿਆ ਕਿ ਲੋੜਵੰਦ ਬੱਚੇ ਆਪਣਾ, ਆਪਣੇ ਪਿਤਾ ਦੇ ਆਧਾਰ ਕਾਰਡ ਅਤੇ ਜਿਸ ਸਕੂਲ ਵਿੱਚ ਬੱਚਾ ਪੜ੍ਹਦਾ ਹੈ ਉਸ ਸਕੂਲ ਦੇ ਪ੍ਰਿੰਸੀਪਲ ਤੋਂ ਲਿਖਵਾ ਕੇ ਮਿਤੀ 10 ਅਪ੍ਰੈਲ ਤੱਕ ਇਸ ਦੀ ਸੂਚਨਾ ਦੇਣ। ਉਹਨਾਂ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਸ਼੍ਰੀਮਾਨ 108 ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਸਰਬੱਤ ਦਾ ਭਲਾ ਟਰੱਸਟ ਹੁਸ਼ਿਆਰਪੁਰ ਸਮਾਜ ਭਲਾਈ ਦੇ ਕਾਰਜ ਕਰ ਰਿਹਾ ਹੈ।

# ਮੱਛੀ ਪਾਲਣ ਨਾਲ ਜੁੜੀਆਂ ਕਈ ਸੇਵਾਵਾਂ ਰਾਇਟ ਟੂ ਸਰਵਿਸ ਦੇ ਦਾਇਰੇ 'ਚ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਨਾਗਰਿਕਾਂ ਨੂੰ ਸਮੇਬੱਧ ਤੇ ਪਾਰਦਰਸ਼ੀ ਸੇਵਾਵਾਂ ਮੁਹੱਈਆ ਕਰਾਉਣ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਨ ਕਦਮ ਚੁੱਕਦੇ ਹੋਏ ਮੱਛੀ ਪਾਲਨ ਨਾਲ ਜੁੜੀ ਕਈ ਨਵੀਂ ਸੇਵਾਵਾਂ ਨੂੰ ਹਰਿਆਣਾ ਅਧਿਕਾਰ ਸੇਵਾ ਐਕਟ, 2014 ਤਹਿਤ ਨੋਟੀਫਾਇਡ ਕੀਤਾ ਹੈ।ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ।ਹੁਣ ਸਘਨ ਮੱਛੀ ਪਾਲਨ ਵਿਕਾਸ ਪ੍ਰੋਗਰਾਮ ਤਹਿਤ ਲੋਡਿੰਗ ਆਟੋ, ਫੋਰ ਵਹੀਲਰ, ਟ੍ਰਾਲੀ ਨਾਲ ਮਿਨੀ ਟ੍ਰੈਕਟਰ 'ਤੇ ਸਬਸਿਡੀ 40 ਦਿਨਾਂ ਦੇ ਅੰਦਰ ਮਿਲੇਗੀ।

# ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਈਦ ਉੱਲ ਫਿਤਰ ਦਾ ਤਿਉਹਾਰ ਮਨਾਇਆ

**ਬੰਗਾ (ਅਵਤਾਰ ਕਲੇਰ)** ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ, ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਈਦ ਉੱਲ ਫਿਤਰ ਦਾ ਤਿਉਹਾਰ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਮਨਾਇਆ ਗਿਆ।ਈਦ ਦੀ ਨਮਾਜ਼ ਅਦਾ ਕੀਤੀ ਗਈ। ਕੁਲ ਲੋਕਾਈ ਦੇ ਭਲੇ ਲਈ ਦੁਆ ਕੀਤੀ ਗਈ।ਸਾਈਂ ਉਮਰੇ ਸ਼ਾਹ ਕਾਦਰੀ ਵਲੋਂ ਸੰਗਤਾਂ ਨਾਲ ਪ੍ਰਵਚਨਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਈਦ ਤੋਂ ਪਹਿਲਾਂ 30 ਦਿਨ ਰੋਜ਼ੇ ਰੱਖੇ ਜਾਂਦੇ ਹਨ, ਖ਼ੁਦਾ ਦੀ ਇਬਾਦਤ ਕੀਤੀ ਜਾਂਦੀ ਹੈ ਅਤੇ ਫਿਰ



ਈਦ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦਰਬਾਰ ਤੇ ਪਹੁੰਚੀਆਂ ਹੋਈਆਂ ਸੰਗਤਾਂ ਵਲੋਂ ਗਲੇ ਲੱਗ ਕੇ ਇਕ -ਦੂਸਰੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਅਤੇ ਮੌਲਵੀ ਪਹੁੰਚੇ। ਸਾਈਂ ਉਮਰੇ ਸ਼ਾਹ ਵਲੋਂ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਬਾਬਾ ਬਿੱਲੇ ਸ਼ਾਹ ਫਗਵਾੜਾ, ਮੁਹੰਮਦ ਆਸ਼ਿਕ ਨੀਲਾ, ਬਾਬਾ ਕਰਮ ਅਲੀ ਕੁਲਥਮ,ਜੀਤ ਬਾਬਾ ,ਬਾਬਾ ਬਹਾਉਦੀਨ ਸ਼ਾਹ, ਬਾਬਾ ਕੁਲਰਾਜ ਮੁਹੰਮਦ,ਡਾ ਜਗਦੀਸ਼ ਮੁਹੰਮਦ, ਮੁਹੰਮਦ ਬਾਕਿਲ, ਸ਼ੌਕਤ ਅਲੀ ਦੋਸਾਂਝ ਕਲਾਂ, ਅਕਬਰ ਖਾਨ ਕੋਟਲੀ, ਸੁਨੀਲ ਖਾਨ, ਨੂਰ ਮੁਹੰਮਦ, ਸੋਨੂੰ ਜੱਸੋਮਜਾਰਾ, ਹਰਪ੍ਰੀਤ ਜੱਖੂ, ਮਾਸਟਰ ਵਿਜੇ ਕੁਮਾਰ, ਅੰਗਰੇਜ਼ ਸਿੰਘ, ਡਾ ਮੋਹਨ ਲਾਲ ਬੱਧਨ,ਚੰਨੀ ਖੋਥੜਾਂ,ਜੈ ਪਾਲ ਖੋਥੜਾਂ, ਸੇਵਾਦਾਰ ਬਿੱਲਾ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਵਾਰਾਨਸੀ ਲਈ ਰਵਾਨਾ



**ਫਿਲੌਰ, (ਨਿਰਮਲ)**- ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ, ਫਿਲੌਰ ਦਾ ਸਾਲਾਨਾ ਜੱਥਾ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਸਥਾਨ 'ਤੇ ਅਰਦਾਸ ਕਰਨ ਤੋਂ ਬਾਅਦ ਰਵਾਨਾ ਹੋਇਆ। ਫਿਲੌਰ ਤੋਂ ਸਮੂਹ ਸੰਗਤਾਂ ਨੂੰ ਪਹਿਲਾਂ ਬੱਸ ਰਾਹੀਂ ਲੁਧਿਆਣਾ ਸਟੇਸ਼ਨ 'ਤੇ ਪਹੁੰਚਿਆ। ਉੱਥੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਗੁਣਗਾਨ ਕਰਦੇ ਹੋਏ, ਉਹ ਅਕਾਲ ਤਖ਼ਤ ਰੇਲਗੱਡੀ 'ਤੇ ਸਵਾਰ ਹੋਏ ਅਤੇ ਕਾਸ਼ੀ, ਵਾਰਾਨਸੀ ਲਈ ਰਵਾਨਾ ਹੋਏ। ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਸੰਧੂ, ਸਕੱਤਰ ਤਾਰਾ ਚੰਦ ਅਤੇ ਮਨੋਜ ਸੰਧੂ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਦਾ ਜਨਮ ਸਥਾਨ ਵਾਰਾਨਸੀ ਦੇ ਕਾਸ਼ੀ ਦੇ ਪਿੰਡ ਸਰ ਗੋਵਰਧਨਪੁਰ ਵਿੱਚ ਹੈ। ਇਹ ਸਮੂਹ ਜੱਥਾ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਉੱਥੇ ਮੱਥਾ ਟੇਕਣ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਸਮੂਹ ਸੰਗਤਾ ਨੂੰ ਗੰਗਾ ਆਰਤੀ, ਸ੍ਰੀ ਕਾਸ਼ੀ ਵਿਸ਼ਵਨਾਥ ਮੰਦਰ ਤੇ ਵਾਰਾਨਸੀ ਦੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੋ ਦਿਨ ਲੰਗਰ ਵੀ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਗਤਾਂ ਦਾ ਜੱਥਾ 25 ਮਾਰਚ ਨੂੰ ਫਿਲੌਰ ਵਿਖੇ ਪਰਤੇਗਾ।ਇਸ ਮੌਕੇ ਰਾਜ ਕੁਮਾਰ, ਕੇਵਲ ਕ੍ਰਿਸ਼ਨ, ਪਰਮਜੀਤ ਸਿੰਘ, ਵਿੱਕੀ ਪਾਲ, ਕੁਲਦੀਪ ਲਾਡੀ, ਦਵਿੰਦਰ ਬਿੰਦੀ, ਭਜਨ ਕੌਰ, ਹਰਮੇਸ਼ ਪਾਲ ਗੋਲਾ, ਰਿੰਕਲ ਰਾਮਗੜ੍ਹ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਓਰੀਐਂਟੇਸ਼ਨ ਸਮਾਗਮ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਕਿੰਡਰ ਗਾਰਡਨ ਦੁਆਰਾ ਨਵੇਂ ਸੈਸ਼ਨ ਵਿੱਚ ਆਉਣ ਵਾਲੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਦੇ ਲਈ ਓਰੀਐਂਟੇਸ਼ਨ ਸਮਾਗਮ ਕਰਵਾਇਆ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ ) ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਕੂਲ ਦੇ ਡਾਇਰੈਕਟਰ ਇੰਜ. ਹਰਨਿਆਮਤ ਕੌਰ ਤੇ



ਪ੍ਰਸ਼ਾਸਕ ਇੰਜ. ਨਿਮਰਤਾ ਕੌਰ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨਾਂ ਦਾ ਪ੍ਰਿੰਸੀਪਲ ਡਿੰਪਲ ਸ਼ਰਮਾ ਅਤੇ ਸਟਾਫ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਨਵੇਂ ਸੈਸ਼ਨ ਵਿੱਚ ਦਾਖਲਾ ਲੈਣ ਵਾਲੇ ਨਵੇਂ ਬੱਚਿਆਂ ਤੇ ਉਨਾਂ ਦੇ ਮਾਪਿਆਂ ਨੂੰ ਸਕੂਲ ਦੇ ਨਿਯਮਾਂ, ਯੂਨੀਫਾਰਮ, ਫੋਨਿਕ ਸਾਊਂਡ ਉਚਾਰਨ ਤੇ ਸੈਸ਼ਨ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ । ਨਵਾਂ ਦਾਖਲਾ ਲੈਣ ਵਾਲੇ ਬੱਚੇ ਆਪਣੇ ਮਾਪਿਆਂ ਦੇ ਨਾਲ ਇਸ ਪ੍ਰੋਗਰਾਮ ਦਾ ਹਿੱਸਾ ਬਣੇ। ਇਸ ਦੌਰਾਨ ਪ੍ਰਿੰਸੀਪਲ ਡਿੰਪਲ ਸ਼ਰਮਾ ਨੇ ਕਿਹਾ ਕਿ ਜੋ ਸੋਚ, ਭਾਵਨਾ ਤੇ ਸੁਪਨੇ ਮਾਪਿਆਂ ਨੇ ਆਪਣੇ ਦਿਲਾਂ ਵਿੱਚ ਸਜਾਏ ਹਨ, ਅਸੀਂ ਉਹਨਾਂ ਨੂੰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਉਹਨਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਕੌਰ, ਇੰਜੀਨੀਅਰ ਸਵਰਨ ਸਿੰਘ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਦੀ ਅਗਵਾਈ ਵਿੱਚ ਅਦਾਰਾ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਸ ਦੌਰਾਨ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਸਕੂਲ ਕੈਂਪਸ ਦਾ ਦੌਰਾ ਵੀ ਕਰਵਾਇਆ ਗਿਆ।

# ਸੂਬੇ 'ਚ ਗੈਸ ਭੰਡਾਰ ਜ਼ਰੂਰਤ ਅਨੁਸਾਰ ਕਾਫੀ : ਬੇਦੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦਾ ਚਹੁੰਮੁਖੀ ਵਿਕਾਸ ਕਰਨਾ ਹੈ। ਵਿਸ਼ੇਸ਼ਕਰ ਗ੍ਰਾਮੀਣ ਅੰਚਲ ਵਿੱਚ ਬਿਹਤਰ ਸੜਕਾਂ ਦਾ ਨਿਰਮਾਣ, ਸਿਖਿਆ ਅਤੇ ਸਿਹਤ ਸੇਵਾਵਾਂ ਦਾ ਵਿਸਤਾਰ, ਪੀਣ ਦੇ ਪਾਣੀ ਅਤੇ ਬਿਜਲੀ ਦੀ ਬਿਨ੍ਹਾ ਰੁਕਾਵਟ ਸਪਲਾਈ ਵਰਗੀ ਮੁੱਢਲੀ ਜਰੂਰਤਾਂ 'ਤੇ ਲਗਾਤਾਰ ਫੋਕਸ ਕੀਤਾ ਜਾ ਰਿਹਾ ਹੈ। ਸੂਬੇ ਦੇ ਆਖੀਰੀ ਕੌਨੇ ਤੱਕ ਆਮ ਜਨਤਾ ਨੂੰ ਸਰਕਾਰ ਦੀ ਜਨਭਲਾਈਕਾਰੀ ਨੀਤੀਆਂ ਦਾ ਲਾਭ ਮਿਲੇ, ਇਹ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਵਿਜਨ ਹੈ। ਕੈਬਨਿਟ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਸ਼ੁਕਰਵਾਰ ਨੂੰ ਨਰਵਾਨਾ ਪੀਡਬਲਿਯੂਡੀ ਰੇਸਟ ਹਾਊਸ ਵਿੱਚ ਜਨਸਮਸਿਆਵਾਂ ਸੁਣ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਜਨਭਲਾਈਕਾਰੀ ਪ੍ਰੋਗਰਾਮਾਂ ਅਤੇ ਵਿਕਾਸ ਪਰਿਯੋਜਨਾਵਾਂ ਦਾ ਹਰ ਖੇਤਰ ਦੇ ਲੋਕਾਂ ਨੂੰ ਭਰਪੂਰ ਲਾਭ ਮਿਲੇ ਸਰਕਾਰ ਦਾ ਇਹ ਯਤਨ ਹੈ। ਇਸ ਲਈ ਜਨਸੇਵਾ ਨੂੰ ਟੀਚਾ ਮੰਨ ਕੇ ਲਗਾਤਾਰ ਕੰਮ ਕੀਤੇ ਜਾ ਰਹੇ ਹਨ ਅਤੇ ਇਸ ਦੇ ਲਈ ਪੂਰਾ ਰੋਡ ਮੈਪ ਵੀ ਤਿਆਰ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਸਾਫ ਤੌਰ 'ਤੇ ਕਿਹਾ ਕਿ ਐੱਲ ਪੀ ਜੀ ਗੈਸ ਦਾ ਕੋਈ ਵੀ ਅਦਾਰਾ ਜਾਂ ਨਿਜੀ ਕੰਪਨੀ, ਏਜੰਸੀ ਅਤੇ ਹੋਲਸੇਲਰ ਵੱਧ ਸਟੋਰੇਜ, ਜਮ੍ਹਾਖੋਰੀ, ਕਾਲਾਬਾਜਾਰੀ ਅਤੇ ਬਲੈਕਮੇਲਿੰਗ ਨਾ ਕਰਨ। ਇਸ ਦੇ ਲਈ ਅਧਿਕਾਰੀਆਂ ਨੂੰ ਸਖਤ ਨਿਗਰਾਨੀ ਦੇ ਆਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਵੀ ਅਜਿਹੀ ਹਰਕਤ ਕਰਦੇ ਪਾਇਆ ਜਾਂਦਾ ਹੈ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ।



# ਯੂ ਕੇ ਜੀ 'ਚੋਂ ਬਾਣੀ ਗਿੱਲ ਫਸਟ ਡਵੀਜ਼ਨ ਤੇ

**ਨਕੋਦਰ (ਮਨਜੀਤ ਮਾਨ)** ਕਾਕੜਾ ਕਲਾ ਅਕਾਲ ਅਕੈਡਮੀ ਵਿੱਚੋਂ 94 ਨੰਬਰ ਲੈ ਕੇ, ਬਾਣੀ ਗਿੱਲ ਸਾਹਕੋਟ ਨੇ ਫਸਟ ਡਵੀਜਨ ਹਾਸਲ ਕੀਤੀ ਅਤੇ ਅਕਾਲ ਅਕੈਡਮੀ ਦੇ ਪੂਰੇ ਸਟਾਫ ਨੇ ਬਾਣੀ ਗਿੱਲ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਬਾਣੀ ਗਿੱਲ ਦੇ ਮਾਤਾ ਸੁਖਵਿੰਦਰ ਕੌਰ ਗਿੱਲ ਅਤੇ ਪਿਤਾ ਅਮਨਦੀਪ ਸਿੰਘ ਗਿੱਲ ਦਾ ਅਕਾਲ ਅਕੈਡਮੀ ਦੇ ਪੂਰੇ ਸਟਾਫ ਵੱਲੋਂ ਧੰਨਵਾਦ ਕੀਤਾ।

# ਧੱਕੇਸ਼ਾਹੀ ਨੂੰ ਰੋਕਣ ਬਾਰੇ ਕਾਂਗਰਸ ਵੱਲੋਂ ਹਲਕਾ ਫਿਲੌਰ ਵਿਖੇ ਕੈਂਪ

**ਫਿਲੌਰ ( ਨਿਰਮਲ )**- ਕਾਂਗਰਸ ਹਾਈ ਕਮਾਂਡ ਵੱਲੋਂ ਪੂਰੇ ਦੇਸ਼ ਵਿਚ ਚੋਣਾਂ ਦੌਰਾਨ ਵੋਟ ਚੋਰਾਂ ਤੋਂ ਸਾਵਧਾਨ ਰਹਿਣ ਲਈ ਪਾਰਟੀ ਪ੍ਰਧਾਨ ਖੜਗੇ ਅਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸੇ ਤਹਿਤ ਇੱਕ ਕੈਂਪ ਬੀ ਐਲ ਏ ਸਿਖਲਾਈ ਕੈਂਪ ਦਵਿੰਦਰ ਦਾਲਵੀ ਅਤੇ ਹਲ਼ਕਾ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਵੱਲੋਂ ਲਗਾਇਆ ਗਿਆ। ਇਸ ਕੈਂਪ ਵਿੱਚ ਬਲਾਕ ਰੁੜਕਾ ਕਲਾ, , ਬਲਾਕ ਫਿਲੌਰ ਪ੍ਰਧਾਨ ਅਤੇ ਹੋਰ ਵਰਕਰ ਹਾਜ਼ਰ ਹੋਏ। ਜਿਨ੍ਹਾਂ ਨੂੰ ਸੰਬੋਧਨ ਕਰਦਿਆਂ ਦਵਿੰਦਰ ਦਾਲਵੀ ਨੇ ਕਿਹਾ



ਕਿ ਪੰਜਾਬ ਵਿੱਚ ਚੋਣਾ ਆ ਰਹੀਆਂ ਹਨ ਜਿਸ ਲਈ ਪਾਰਟੀ ਪ੍ਰਧਾਨ ਮਿਲਕ ਅਰਜੁਨ ਖੜਗੇ ਅਤੇ ਰਾਹੁਲ ਗਾਂਧੀ ਵੱਲੋਂ ਵੋਟਾਂ ਸਬੰਧੀ ਜਾਗਰੂਕ ਕਰਨ ਲਈ ਕੈਂਪ ਲਗਾਉਣ ਦੇ ਆਦੇਸ਼ ਦਿੱਤੇ ਗਏ ਹਨ। ਜਿਸ ਤਹਿਤ ਹਲਕਾ ਫਿਲੌਰ ਵਿਖੇ ਕੈਂਪ ਆਯੋਜਿਤ ਕਰਕੇ ਪਾਰਟੀ ਵਰਕਰਾਂ ਨੂੰ ਵੋਟ ਚੋਰਾਂ ਨੂੰ ਕਿਵੇਂ ਨੱਥ ਪਾਈ ਜਾਵੇ ਜਾਗਰੂਕ ਕੀਤਾ ਗਿਆ ਅਤੇ ਚੋਣਾਂ ਦੌਰਾਨ ਘਪਲੇਬਾਜ਼ੀ ਨੂੰ ਰੋਕਣ ਬਾਰੇ ਚਰਚਾ ਕੀਤੀ ਗਈ। ਇਸ ਮੌਕੇ ਹਲਕਾ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਵੱਲੋਂ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪ੍ਰਧਾਨਾਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮੱਖਣ ਸਿੰਘ ਖਹਿਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਬਲਾਕ ਰੁੜਕਾ ਕਲਾਂ ਪ੍ਰਧਾਨ ਰਾਕੇਸ਼ ਦੁੱਗਲ, ਦਵਿੰਦਰ ਸਿੰਘ ਲਸਾੜਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਫਿਲੌਰ, ਦਾਰਾ ਸਿੰਘ ਰਾਏ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗੁਰਾਇਆ, ਲਖਵਿੰਦਰ ਸਿੰਘ ਮੋਤੀ ਪੁਰ , ਸਰਬਜੀਤ ਸਿੰਘ ਸਰਪੰਚ ਭੱਟੀਆਂ, ਜੀਤਾ ਰੁਪੋਵਾਲ, ਪਲਵਿੰਦਰ ਸਿੰਘ ਦੁਸਾਂਝ ਅਤੇ ਹੋਰ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਸੁਨਿਆਰੇ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖ਼ਮੀ ਕਰਕੇ ਗਹਿਣਿਆਂ ਨਾਲ ਭਰਿਆ ਬੈਗ ਲੁੱਟਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਦੇ ਟਾਂਡਾ ਬਾਈਪਾਸ ਚੌਂਕ ਵਿੱਚ ਇੱਕ ਬਜ਼ੁਰਗ ਸੁਨਿਆਰੇ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਸੋਨੇ ਚਾਂਦੀ ਦੇ ਗਹਿਣਿਆਂ ਨਾਲ ਭਰਿਆ ਬੈਗ ਲੁੱਟ ਲਿਆ। ਦੱਸਿਆ ਜਾਂਦਾ ਹੈ ਕਿ ਉਕਤ ਸੁਨਿਆਰਾ ਹੁਸ਼ਿਆਰਪੁਰ ਦੇ ਇੱਕ ਪ੍ਰੈਸ ਰਿਪੋਰਟਰ ਸੰਦੀਪ ਵਰਮਾ ਦੇ ਪਿਤਾ ਹਨ ਜੋ ਹੁਸ਼ਿਆਰਪੁਰ ਟਾਂਡਾ ਰੋਡ 'ਤੇ ਅੱਡਾ ਸਰਾਂ ਵਿਖੇ ਦੇਵ ਜਿਊਲਰਜ਼ ਨਾਮਕ ਸੁਨਿਆਰ ਦੀ ਦੁਕਾਨ ਕਰਦੇ ਹਨ। ਸੰਦੀਪ ਵਰਮਾ ਪਾਸੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੇ ਪਿਤਾ ਦੇਵ ਰਾਜ ਰੋਜ਼ਾਨਾ ਵਾਂਗ ਆਪਣੀ ਦੁਕਾਨ ਤੋਂ ਸ਼ਾਮ ਨੂੰ ਬੱਸ ਰਾਹੀਂ ਵਾਪਸ ਆ ਰਹੇ ਸਨ ਅਤੇ ਟਾਂਡਾ ਚੌਂਕ ਵਿੱਚ ਬੱਸ ਤੋਂ ਉੱਤਰ ਕੇ ਪੈਦਲ ਹੀ ਭਗਵਾਨ ਵਾਲਮੀਕ ਵਾਲੇ ਚੌਂਕ ਵੱਲ ਚੱਲ ਪਏ ਉਨ੍ਹਾਂ ਕੋਲ ਹਮੇਸ਼ਾਂ ਵਾਂਗ ਸੋਨੇ ਚਾਂਦੀ ਦੇ ਰਿਪੇਅਰ ਕਰਨ ਵਾਲੇ ਗਹਿਣਿਆਂ ਅਤੇ ਨਗਦੀ ਨਾਲ ਭਰਿਆ ਬੈਗ ਵੀ ਸੀ। ਅਚਾਨਕ ਪਿਛਿਓਂ ਮੋਟਰ ਸਾਈਕਲ ਸਵਾਰ ਦੋ ਨੌਜਵਾਨ ਆਏ ਅਤੇ ਉਨ੍ਹਾਂ ਨੂੰ ਘੇਰ ਕੇ ਬੈਗ ਖੋਹਣ ਲੱਗ ਪਏ ਪਰ ਉਨ੍ਹਾਂ ਦੇ ਪਿਤਾ ਨੇ ਬੈਗ ਨਹੀਂ ਛੱਡਿਆ ਅਤੇ ਨਾਲ ਹੀ ਘੜੀਸਦੇ ਗਏ ਜਿਸ 'ਤੇ ਲੁਟੇਰਿਆਂ ਨੇ ਉਨ੍ਹਾਂ ਦੇ ਸਿਰ 'ਤੇ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤਾ ਜਿਸ ਨਾਲ ਉਹ ਸਖ਼ਤ ਜ਼ਖ਼ਮੀ ਹੋ ਗਏ ਅਤੇ ਲੁਟੇਰੇ ਬੈਗ ਲੈ ਕੇ ਫਰਾਰ ਹੋਣ ਵਿੱਚ ਸਫਲ ਹੋ ਗਏ। ਇਹ ਮੰਜ਼ਰ ਦੇਖ ਕੇ ਰਾਹਗੀਰਾਂ ਨੇ ਉਨ੍ਹਾਂ ਨੂੰ ਤੁਰੰਤ ਨਜ਼ਦੀਕੀ ਨਿੱਜੀ ਹਸਪਤਾਲ ਪੁਚਾਇਆ ਜਿੱਥੇ ਮੁੱਢਲੀ ਸਹਾਇਤਾ ਦੇਣ ਉਪਰੰਤ ਉਨ੍ਹਾਂ ਨੂੰ ਅਗਲੇਰੇ ਇਲਾਜ ਲਈ ਇੱਕ ਹੋਰ ਨਿੱਜੀ ਹਸਪਤਾਲ ਦਾਖਿਲ ਕਰਵਾਇਆ ਗਿਆ ਹੈ ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਪੁਲਸ ਨੂੰ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਤਨਾਮ ਜਲਾਲਪੁਰ ਨੇ ਸ਼ਮਸ਼ਾਨਘਾਟ ਤੇ ਪਬਲਿਕ ਬਾਥਰੂਮਾਂ ਲਈ 4 ਲੱਖ 26 ਹਜ਼ਾਰ ਦੇ ਚੈੱਕ ਦਿੱਤੇ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ /ਰਾਮ ਲਾਲ)**- ਬਲਾਚੌਰ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ



ਜਲਾਲਪੁਰ ਵੱਲੋਂ ਵਿਕਾਸ ਕਾਰਜਾਂ ਲਈ 4 ਲੱਖ 26 ਹਜ਼ਾਰ ਰੁਪਏ ਦੀ ਰਾਸ਼ੀ ਦੇ ਚੈੱਕ ਸੌਂਪੇ ਗਏ। ਇਸ ਮੌਕੇ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੇਠੀ ਤੇ ਵਾਰਡ ਨੰਬਰ 5 ਦੇ ਐੱਮ ਸੀ ਹਨੀ ਡੱਬ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਚੇਅਰਮੈਨ ਜਲਾਲਪੁਰ ਨੇ ਦੱਸਿਆ ਕਿ ਇਹ ਰਾਸ਼ੀ ਵਾਰਡ ਨੰਬਰ 5 ਦੇ ਸ਼ਮਸ਼ਾਨਘਾਟ ਦੇ ਰੱਖ-ਰਖਾਅ ਲਈ 2 ਲੱਖ ਰੁਪਏ ਅਤੇ ਕੰਗਣਾਪੁਲ ਵਿਖੇ ਰਾਹਗੀਰਾਂ ਤੇ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਬਲਿਕ ਬਾਥਰੂਮ ਬਣਾਉਣ ਵਾਸਤੇ 2 ਲੱਖ 26 ਹਜ਼ਾਰ ਰੁਪਏ ਜਾਰੀ ਕੀਤੀ ਗਈ। ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਦੇ ਹਰ ਵਾਰਡ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਵਿਕਾਸ ਕਰਵਾ ਰਹੀ ਹੈ। ਕੌਂਸਲਰ ਹਨੀ ਡੱਬ ਨੇ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਚੇਅਰਮੈਨ ਪਲੈਨਿੰਗ ਬੋਰਡ ਵਜੋਂ ਉਹਨਾਂ ਦਾ ਮੁੱਖ ਨਿਸ਼ਾਨਾ ਇਲਾਕੇ ਦਾ ਸਰਵਪੱਖੀ ਵਿਕਾਸ ਹੈ। ਭਾਵੇਂ ਉਹ ਪਿੰਡਾਂ ਦੀਆਂ ਸੜਕਾਂ ਹੋਣ, ਸਿਹਤ ਸਹੂਲਤਾਂ ਜਾਂ ਸਿੱਖਿਆ ਦਾ ਮਿਆਰ, ਉਹ ਹਰ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹਨ। ਇਸ ਮੌਕੇ ਗੁਰਚਰਨਜੀਤ ਬਜਾਜ, ਪਰਮਜੀਤ ਅਰੋੜਾ, ਦਵਿੰਦਰ ਸੈਣੀ, ਸੁਰਿੰਦਰ ਭੱਟੀ, ਅਨਿਲ ਨਾਹਰ, ਪੰਡਤ ਪ੍ਰਸ਼ੋਤਮ ਲਾਲ, ਸੰਜੂ ਰਾਣਾ, ਸ਼ੇਖਰਪਾਲ ਬੈਂਸ, ਅਸ਼ੀਸ਼ ਗੁਲਾਟੀ ਤੇ ਡਾਕਟਰ ਕੁਲਦੀਪ ਸਿੰਘ ਸੈਣੀ, ਸੁਰਿੰਦਰ ਟਰੈਕਟਰਾਂ ਵਾਲੇ ਸਮੇਤ ਵਾਰਡ ਦੇ ਪਤਵੰਤੇ ਸੱਜਣ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

# ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਵੱਲੋਂ ਵਪਾਰੀਆਂ ਤੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ

**ਕਪੂਰਥਲਾ (ਮਨਜੀਤ ਮਾਨ)** ਪੰਜਾਬ ਸਰਕਾਰ ਵੱਲੋਂ ਗਠਿਤ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ (ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਪੰਜਾਬ ਦੇ ਚੇਅਰਮੈਨ) ਕੈਬਨਿਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਪੰਜਾਬ ਦੇ ਵਾਈਸ ਚੇਅਰਮੈਨ ਅਨੀਲ ਠਾਕੁਰ ਦੀ ਯੋਗ ਅਗਵਾਈ ਹੇਠ ਚੱਲ ਰਹੀ ਕਪੂਰਥਲਾ ਇਕਾਈ ਦੇ ਜ਼ਿਲ੍ਹਾ ਚੇਅਰਮੈਨ (ਟ੍ਰੇਡਰਜ਼ ਕਮਿਸ਼ਨ, ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਕੰਵਰ ਇਕਬਾਲ ਸਿੰਘ) ਦੇ ਨਿੱਘੇ ਸੱਦੇ 'ਤੇ ਪੁਰਾਣੀ ਸਬਜ਼ੀ ਮੰਡੀ ਬਾਜ਼ਾਰ ਵਿੱਚ ਵੱਖ ਵੱਖ ਤਰ੍ਹਾਂ ਦਾ ਕਾਰੋਬਾਰ ਕਰਨ ਵਾਲੇ ਸਾਰੇ ਹੀ ਦੁਕਾਨਦਾਰਾਂ ਨੇ ਮੀਟਿੰਗ ਵਿੱਚ ਪਹੁੰਚ ਕੇ ਵਪਾਰ ਕਰਨ ਦੌਰਾਨ ਆ ਰਹੀਆਂ ਆਪੋ-ਆਪਣੀਆਂ ਤਕਲੀਫਾਂ ਤੋਂ ਚੇਅਰਮੈਨ ਸਾਹਿਬਾਨ ਅਤੇ ਅਫਸਰ ਸਾਹਿਬਾਨਾਂ ਨੂੰ ਜਾਣੂ ਕਰਵਾਇਆ। ਇਸ ਮੀਟਿੰਗ ਦੌਰਾਨ ਵੱਖ-ਵੱਖ ਤਰ੍ਹਾਂ ਦਾ ਵਪਾਰ ਕਰਨ ਵਾਲੇ ਵਪਾਰੀਆਂ ਨੇ ਵੱਖ-ਵੱਖ ਵਿਭਾਗਾਂ ਵੱਲੋਂ ਆ ਰਹੀਆਂ ਮੁਸ਼ਕਲਾਂ ਦਾ ਬਖ਼ੂਬੀ ਜ਼ਿਕਰ ਕੀਤਾ, ਉਨ੍ਹਾਂ ਮੁਸ਼ਕਲਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਿੱਚ ਸ਼ਾਮਲ, ਐਸ ਡੀ ਐਮ ਕਪੂਰਥਲਾ ਮੇਜਰ ਇਰਵਿਨ ਕੌਰ ਪੀ ਸੀ ਐਸ ਜੀ ਐਸ ਟੀ ਵਿਭਾਗ ਤੋ ਸ਼ਿਵਾਨੀ ਗਿੱਲ ਸਹਾਇਕ ਰਾਜ ਕਰ ਅਫ਼ਸਰ, ਰੋਹਿਤ




ਕੁਮਾਰ ਕਲਰਕ ਜੀ ਐਸ ਟੀ, ਹਰਕੰਵਲ ਸਿੰਘ ਪ੍ਰੋਗਰਾਮ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਤੋਂ ਸਰਬਜੀਤ ਸਿੰਘ ਇਤਿਆਦਿ ਤੋਂ ਇਲਾਵਾ, ਨਗਰ ਨਿਗਮ ਕਪੂਰਥਲਾ ਤੋਂ ਮਨੋਜ ਰੱਤੀ ਇੰਸਪੈਕਟਰ, ਤਰਲੋਚਨ ਸਿੰਘ ਜੇ ਈ, ਆਰ ਪੀ ਸ਼ਰਮਾ ਸੁਪਰਡੈਂਟ, ਡੀ.ਐਸ.ਪੀ ਡੀ ਮੇਜਰ ਡਾ. ਸ਼ੀਤਲ ਸਿੰਘ ਪੀ ਪੀ ਐਸ , ਥਾਣਾ ਸਿਟੀ ਮੁਖੀ ਅਮਨਦੀਪ ਨਾਹਰ, ਐਸਡੀਓ ਬਿਜਲੀ ਬੋਰਡ ਦਵਿੰਦਰ ਕੁਮਾਰ ਮਿਸ਼ਰਾ, ਵਿਨੀਤ ਕੁਮਾਰ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਅਫ਼ਸਰ ਕਪੂਰਥਲਾ, ਹਰਵਿੰਦਰ ਸਿੰਘ ਲੇਬਰ ਇੰਸਪੈਕਟਰ, ਦਿਲਬਾਗ ਸਿੰਘ ਏ.ਐਸ.ਆਈ ਟਰੈਫਿਕ ਆਦਿ ਅਧਿਕਾਰੀਆਂ ਨੇ ਵਪਾਰੀਆਂ ਦੇ ਸਵਾਲਾਂ ਦੇ ਤਸੱਲੀ ਬਖਸ਼ ਜਵਾਬ ਦਿੰਦੇ ਹੋਏ ਉਨ੍ਹਾਂ ਦੀ ਹਰ ਮੁਸ਼ਕਲ ਨੂੰ ਛੇਤੀ ਹੀ ਹੱਲ ਕਰਨ ਦਾ ਭਰੋਸਾ ਦਿੱਤਾ। ਹਲਕਾ ਇੰਚਾਰਜ ਕਪੂਰਥਲਾ ਕਰਮਬੀਰ ਸਿੰਘ ਚੰਦੀ, ਰਮਨ ਵਧਵਾ ਮੈਨੇਜਿੰਗ ਡਾਇਰੈਕਟਰ ਹੋਟਲ ਸਾਗਰ ਰਤਨਾ, ਅਸ਼ੀਸ਼ ਗਰੇਜਾ ਪ੍ਰੈਜੀਡੈਂਟ ਸਬਜੀ ਮੰਡੀ ਕਰਿਆਨਾ ਐਸੋਸੀਏਸ਼ਨ ਅਤੇ ਸੰਗਠਨ ਇੰਚਾਰਜ ਹੇਮੰਤ ਕੁਮਾਰ ਨੇ ਆਪਣੇਂ ਸਾਥੀਆਂ ਸਮੇਤ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਜੀ.ਐਸ.ਟੀ ਅਤੇ ਐਕਸਾਈਜ਼ ਵਿਭਾਗ ਕਪੂਰਥਲਾ ਦੇ ਜ਼ਿਲ੍ਹਾ ਚੇਅਰਮੈਨ, ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਨੇ ਸਮੂਹ ਵਪਾਰੀਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

# ਈਦ ਮੌਕੇ ਰੰਧਾਵਾ ਵੱਲੋਂ ਵੱਖ-ਵੱਖ ਮਸਜਿਦਾਂ 'ਚ ਪਹੁੰਚ ਕੇ ਲੋਕਾਂ ਨਾਲ ਖੁਸ਼ੀਆਂ ਸਾਂਝੀਆਂ

**ਡੇਰਾਬੱਸੀ, (ਵਿਨੈ ਕੁਮਾਰ ਜੈਨ)** ਈਦ-ਉਲ-ਫ਼ਿਤਰ ਦੇ ਪਵਿੱਤਰ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿੱਚ



ਪਹੁੰਚ ਕਰਕੇ ਲੋਕਾਂ ਨਾਲ ਈਦ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।ਇਸ ਦੌਰਾਨ ਉਹ ਮਸਜਿਦ ਜੰਨਤ ਉਲ ਫਿਰਦੌਸ, ਜਾਮਾ ਮਸਜਿਦ ਡੇਰਾਬੱਸੀ, ਪਿੰਡ ਅਮਲਾਲਾ, ਕਾਰਕੋਰ, ਬਰੌਲੀ ਅਤੇ ਅਮਲਾਲਾ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਨਮਾਜ਼ ਅਦਾ ਕਰਨ ਆਏ ਸਮੂਹ ਨਮਾਜ਼ੀਆਂ ਨੂੰ ਦਿਲੋਂ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਨਾਲ ਮਿਲ ਕੇ ਈਦ ਦੀ ਖੁਸ਼ੀ ਮਨਾਈ।ਇਸ ਮੌਕੇ ਮੌਜੂਦ ਲੋਕਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਈਦ ਦਾ ਇਹ ਪਵਿੱਤਰ ਤਿਉਹਾਰ ਸਾਨੂੰ ਪਿਆਰ, ਸਾਂਝ, ਸਹਿਨਸ਼ੀਲਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਸਦਾ ਤੋਂ ਹੀ ਵੱਖ-ਵੱਖ ਧਰਮਾਂ ਅਤੇ ਕੌਮਾਂ ਦੇ ਲੋਕਾਂ ਨੂੰ ਇਕੱਠੇ ਲੈ ਕੇ ਚੱਲਣ ਦੀ ਮਿਸਾਲ ਰਹੀ ਹੈ ਅਤੇ ਅਜਿਹੇ ਤਿਉਹਾਰ ਇਸ ਏਕਤਾ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ।ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਸਭ ਨੂੰ ਮਿਲਜੁਲ ਕੇ ਰਹਿਣਾ ਚਾਹੀਦਾ ਹੈ ਅਤੇ ਸਮਾਜ ਵਿੱਚ ਪਿਆਰ ਅਤੇ ਸਦਭਾਵਨਾ ਨੂੰ ਵਧਾਉਣਾ ਚਾਹੀਦਾ ਹੈ, ਤਾਂ ਜੋ ਇੱਕ ਖੁਸ਼ਹਾਲ ਅਤੇ ਤਰੱਕੀਸ਼ੀਲ ਸਮਾਜ ਦੀ ਨਿਰਮਾਣ ਹੋ ਸਕੇ।ਉਨ੍ਹਾਂ ਨੇ ਕਿਹਾ ਕਿ ਈਦ ਸਿਰਫ਼ ਖੁਸ਼ੀਆਂ ਦਾ ਤਿਉਹਾਰ ਹੀ ਨਹੀਂ, ਸਗੋਂ ਇਹ ਸਾਨੂੰ ਗਰੀਬ ਅਤੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਦਾ ਸੰਦੇਸ਼ ਵੀ ਦਿੰਦਾ ਹੈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਅਤੇ ਧਾਰਮਿਕ ਅਗੂ ਵੀ ਮੌਜੂਦ ਰਹੇ, ਜਿਨ੍ਹਾਂ ਨੇ ਵਿਧਾਇਕ ਜੀ ਦਾ ਸਵਾਗਤ ਕਰਦਿਆਂ ਉਨ੍ਹਾਂ ਨਾਲ ਈਦ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।ਲੋਕਾਂ ਵੱਲੋਂ ਵੀ ਆਪਸੀ ਭਾਈਚਾਰੇ ਅਤੇ ਸਾਂਝ ਨੂੰ ਮਜ਼ਬੂਤ ਬਣਾਉਣ ਦੀ ਪ੍ਰਤੀਬੱਧਤਾ ਜਤਾਈ ਗਈ।ਅੰਤ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਜੀ ਨੇ ਸਮੂਹ ਹਲਕਾ ਵਾਸੀਆਂ ਨੂੰ ਈਦ-ਉਲ-ਫ਼ਿਤਰ ਦੀਆਂ ਲੱਖ-ਲੱਖ ਵਧਾਈਆਂ ਦਿੰਦਿਆਂ ਸਭ ਲਈ ਸੁਖ-ਸਮ੍ਰਿੱਧੀ, ਤੰਦਰੁਸਤੀ ਅਤੇ ਖੁਸ਼ਹਾਲੀ ਦੀਆਂ ਦਿਲੋਂ ਦੁਆਵਾਂ ਕੀਤੀਆਂ।

# ਆਰ ਬੀ ਯੂ 'ਚ ਕੁਦਰਤੀ ਆਫ਼ਤ ਤਿਆਰੀ, ਅੱਗ ਸੁਰੱਖਿਆ ਤੇ ਹੁਨਰ-ਅਧਾਰਤ ਸਿਖਲਾਈ ਪ੍ਰੋਗਰਾਮ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਫਿਜ਼ੀਓਥੈਰੇਪੀ ਤੇ ਰੇਡੀਓਲੋਜੀ ਵੱਲੋਂ ਕੁਦਰਤੀ ਆਫ਼ਤ ਦੀ ਤਿਆਰੀ, ਅੱਗ ਸੁਰੱਖਿਆ ਅਤੇ ਐਮਰਜੈਂਸੀ




ਪ੍ਰਤੀਕਿਰਿਆ ਵਿਸ਼ੇ 'ਤੇ ਇਕ ਹੁਨਰ-ਅਧਾਰਤ ਸਿਖਲਾਈ ਪ੍ਰੋਗਰਾਮ ਦਾ ਸਫਲ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਭਾਗੀਦਾਰਾਂ ਨੂੰ ਆਫ਼ਤ ਅਤੇ ਐਮਰਜੈਂਸੀ ਪ੍ਰਬੰਧਨ ਨਾਲ ਸੰਬੰਧਿਤ ਜ਼ਰੂਰੀ ਗਿਆਨ ਅਤੇ ਹੁਨਰ ਪ੍ਰਦਾਨ ਕਰਨਾ ਸੀ। ਇਹ ਪ੍ਰੋਗਰਾਮ ਚਾਂਸਲਰ ਐਸ. ਗੁਰਵਿੰਦਰ ਸਿੰਘ ਬਾਹਰਾ, ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ ਵਾਈਸ ਚਾਂਸਲਰ ਪ੍ਰੋ. (ਡਾ.) ਸਤੀਸ਼ ਕੁਮਾਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਯੂਨੀਵਰਸਿਟੀ ਸਕੂਲ ਆਫ਼ ਫਿਜ਼ੀਓਥੈਰੇਪੀ ਅਤੇ ਰੇਡੀਓਲੋਜੀ ਦੇ ਡੀਨ ਪ੍ਰੋ. (ਡਾ.) ਲਲਿਤ ਕੁਮਾਰ ਗੁਪਤਾ ਨੇ ਸੈਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਇਸਦੇ ਸਫਲ ਆਯੋਜਨ ਵਿੱਚ ਅਹਿਮ ਭੂਮਿਕਾ ਨਿਭਾਈ। ਇਹ ਸਿਖਲਾਈ ਸੈਸ਼ਨ ਵਿਪਿਨ ਕੈਂਥਲ, ਸਾਬਕਾ ਮੁੱਖ ਫਾਇਰ ਅਫਸਰ ਅਤੇ ਦਿੱਲੀ ਫਾਇਰ ਸਰਵਿਸ ਦੇ ਕਾਰਜਕਾਰੀ ਡਾਇਰੈਕਟਰ, ਤੇ ਦੋ ਵਾਰ ਰਾਸ਼ਟਰਪਤੀ ਫਾਇਰ ਸਰਵਿਸ ਮੈਡਲ ਪ੍ਰਾਪਤ ਕਰਨ ਵਾਲੇ ਦੁਆਰਾ ਦਿੱਤਾ ਗਿਆ। ਉਨ੍ਹਾਂ ਨੇ ਆਪਣੇ ਵਿਆਪਕ ਤਜ਼ਰਬੇ ਦੇ ਆਧਾਰ 'ਤੇ ਕੁਦਰਤੀ ਆਫ਼ਤ ਤਿਆਰੀ ਦੀਆਂ ਰਣਨੀਤੀਆਂ, ਅੱਗ ਸੁਰੱਖਿਆ ਦੇ ਨਿਯਮਾਂ ਅਤੇ ਐਮਰਜੈਂਸੀ ਪ੍ਰਤੀਕਿਰਿਆ ਦੇ ਤਰੀਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

# ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼ 'ਚ 'ਪੁਸ਼ਪ ਮੇਲਾ 2026'

**ਜਲੰਧਰ (ਸ਼ੈਲੀ ਐਲਬਰਟ)** ਸੀਟੀ ਗਰੁੱਪ ਆਫ ਇੰਸਟੀਟਿਊਸ਼ਨਜ਼, ਸ਼ਾਹਪੁਰ ਕੈਂਪਸ ਵਿੱਚ 'ਪੁਸ਼ਪ ਮੇਲਾ 2026' ਦਾ ਸਫਲ ਆਯੋਜਨ ਕੀਤਾ ਗਿਆ।ਇਹ ਮੇਲਾ ਕੁਦਰਤ ਦੀ ਸੁੰਦਰਤਾ, ਰਚਨਾਤਮਕਤਾ ਅਤੇ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਰੰਗੀਲਾ ਜਸ਼ਨ ਬਣ



ਕੇ ਸਾਹਮਣੇ ਆਇਆ।ਵੱਖ-ਵੱਖ ਇੰਸਟੀਟਿਊਸ਼ਨਸ ਦੇ ਵਿਦਿਆਰਥੀਆਂ ਨੇ ਭਾਗ ਲੈਂਦਿਆਂ ਸੋਸ਼ਲ ਮੀਡੀਆ ਫੋਟੋਗ੍ਰਾਫੀ ਮੁਕਾਬਲੇ ਰਾਹੀਂ ਕੈਂਪਸ ਵਿੱਚ ਖਿੜੇ ਫੁੱਲਾਂ ਦੀ ਖੂਬਸੂਰਤੀ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕੀਤਾ।ਮੇਲੇ ਦਾ ਮੁੱਖ ਆਕਰਸ਼ਣ ਫੋਟੋਗ੍ਰਾਫੀ ਮੁਕਾਬਲਾ ਰਿਹਾ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾਤਮਕ ਸੋਚ ਅਤੇ ਰਚਨਾਤਮਕ ਦ੍ਰਿਸ਼ਟੀ ਦਾ ਬੇਹਤਰੀਨ ਪ੍ਰਦਰਸ਼ਨ ਕੀਤਾ। ਤਿੱਖੇ ਮੁਕਾਬਲੇ ਤੋਂ ਬਾਅਦ ਨਤੀਜੇ ਐਲਾਨੇ, ਪਹਿਲਾ ਸਥਾਨ ਜਸ਼ਨ ਸੀ ਟੀ ਇੰਸਟੀਟਿਊਟ ਆਫ ਹੋਟਲ ਮੈਨੇਜਮੈਂਟ, ਦੂਜਾ ਸਥਾਨ: ਸ਼ਾਮੀ ਅਖ਼ਤਰ ਸੀਟੀ ਇੰਸਟੀਟਿਊਟ ਆਫ ਇੰਜੀਨੀਅਰਿੰਗ, ਮੈਨੇਜਮੈਂਟ ਐਂਡ ਟੈਕਨਾਲੋਜੀ, ਤੀਜਾ ਸਥਾਨ : ਵੈਭਵ ਸੀਟੀ ਇੰਸਟੀਟਿਊਟ ਆਫ ਫਾਰਮਾਸਿਊਟੀਕਲ ਸਾਇੰਸਜ਼। ਇਸ ਮੌਕੇ ਪ੍ਰੋ. (ਡਾ.) ਮਨਬੀਰ ਸਿੰਘ, ਮੈਨੇਜਿੰਗ ਡਾਇਰੈਕਟਰ, ਡਾ. ਸ਼ਿਵ ਕੁਮਾਰ ਡਾਇਰੈਕਟਰ ਕੈਂਪਸ, ਡਾ. ਅਰਜਨ ਡੀਨ ਸਟੂਡੈਂਟ ਵੈਲਫੇਅਰ ਅਤੇ ਦਵਿੰਦਰ ਸਿੰਘ, ਡਾਇਰੈਕਟਰ ਸਟੂਡੈਂਟ ਵੈਲਫੇਅਰ ਹਾਜ਼ਰ ਸਨ।ਉਨ੍ਹਾਂ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋ. (ਡਾ.) ਮਨਬੀਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ।

# ਨਵਾਂ ਜ਼ਮਾਨਾ ਐਤਵਾਰਤਾ




ਲੋਕ ਕਲਾਕਾਰ ਤੇ ਇੱਕ ਕਮਿਊਨਿਸਟ ਨੇਤਾ ਬਲਰਾਜ ਸਾਹਨੀ


(ਆਖਰੀ ਤੋਂ ਪਹਿਲੇ ਸਫੇ 'ਤੇ)


*ਇਸ ਤਰ੍ਹਾਂ ਹੈ ਜਿਸ ਤਰ੍ਹਾਂ*
*ਦਿਨ ਰਾਤ ਵਿਚਲਾ ਫਾਸਿਲਾ*
*ਮੇਰੀਆਂ ਰੀਝਾਂ ਮੇਰੀ*
*ਔਕਾਤ ਵਿਚਲਾ ਫਾਸਿਲਾ।*
*- ਸੁਰਜੀਤ ਪਾਤਰ*


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 22 ਮਾਰਚ 2026 www.nawanzamana.in ਕੀਮਤ 5.00 ਰੁਪਏ


## ਮਾਰਕਸਵਾਦੀ ਦਰਸ਼ਨ ਦੀ ਵਿਗਿਆਨਕ ਦ੍ਰਿਸ਼ਟੀ

# ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ

ਕਿਸ਼ਤ-2

### ਜਗਰੂਪ

ਮਾਰਕਸਵਾਦ ਉਤੇ 'ਵਿਗਿਆਨ' ਦੀ ਮੋਹਰ ਲੱਗ ਜਾਣ ਪਿੱਛੋਂ, ਇਹ ਸ਼ਰਤ ਵੀ ਲਾਗੂ ਹੋ ਜਾਂਦੀ ਹੈ ਕਿ ਇਸ ਨੂੰ ਵਿਗਿਆਨ ਵਾਂਗ ਲਿਆ ਜਾਵੇ।

[ "Socialism, having become a science, demands the same treatment as any other science- it must be studied.", "- Frederick Engels."] ਭਾਵ ;

1) ਉਸ (ਅਮਲ) ਦੇ ਹਰ ਪਹਿਲੂ ਨੂੰ ਵਿਗਿਆਨਕ ਤਰਤੀਬ ਵਿੱਚ ਰੱਖਿਆ ਜਾਵੇ, ਵਰਨਾ ਨਤੀਜੇ ਸਹੀ ਨਹੀਂ ਹੋਣਗੇ।

2) ਜਮਾਤੀ ਵਿਰੋਧ ਵਾਲੇ ਸਮਾਜ ਵਿੱਚ ਲਾਗੂ ਕਰਦਿਆਂ, ਵਿਰੋਧੀ ਜਮਾਤਾਂ ਦੇ ਰੋਲ ਨੂੰ ਵੀ ਧਿਆਨ ਹੇਠ ਰੱਖਿਆ ਜਾਵੇ, ਜਿਸ ਬਗੈਰ ਸਹੀ ਮੁਲਾਂਕਣ ਔਖਾ ਹੈ।

3) ਕੁਦਰਤੀ ਵਿਗਿਆਨ/ਭੌਤਿਕ ਵਿਗਿਆਨ ਅਤੇ ਸਮਾਜਿਕ ਵਿਗਿਆਨ ਦੇ ਅੰਤਰ ਦੀਆਂ 'ਹਾਂ-ਪੱਖੀ' ਅਤੇ 'ਨਾਂਹ-ਪੱਖੀ' ਵਿਸ਼ੇਸ਼ਤਾਵਾਂ ਵੀ ਹੁੰਦੀਆਂ ਹਨ। ਇਸ ਲਈ ;

'ਨਾਚ ਨਾ ਜਾਣੇ ਵੇਹੜਾ ਵਿੰਗਾ' ਜਿਹੇ ਕਥਨਾਂ ਦੀ ਪਰਖ-ਪੜਤਾਲ ਵਾਲੀ ਯੋਗਤਾ ਵੀ ਚਾਹੀਦੀ ਹੈ।

'ਸ਼ਬਦ' ਦੀ ਮਹੱਤਤਾ ਹੁੰਦੀ ਹੈ। ਕੋਈ ਸ਼ਬਦ, ਦੂਜੇ ਸ਼ਬਦ ਦੀ ਥਾਂ ਨਹੀਂ ਮੱਲ ਸਕਦਾ। ਹਰ ਸ਼ਬਦ ਇਕ ਮੂਰਤ ਨੂੰ ਪ੍ਰਗਟਾਉਂਦਾ ਹੈ।ਇਕ ਮੂਰਤ ਦਾ, ਅਮੂਰਤ ਰੂਪ ਹੀ ਇਕ 'ਸ਼ਬਦ' ਹੁੰਦਾ ਹੈ। ਗੁਰੂ ਬਾਬਾ ਨਾਨਕ ਨੇ (16ਵੀਂ ਸਦੀ 'ਚ);

'ਘੜੀਐ ਸ਼ਬਦੁ ਸਚੀ ਟਕਸਾਲ' ਦੀ ਸਮਝਦਾਰੀ ਦਿੱਤੀ ਸੀ। ਸ਼ਬਦ ਸੱਚ ਦੀ ਪ੍ਰਤੀਨਿਧਤਾ ਕਰਦਾ ਹੈ।ਇਕ ਹਕੀਕੀ-ਚੌਖਟੇ ਵਿੱਚੋਂ ਉੱਭਰਦਾ ਹੈ ਅਤੇ ਉਚਾਰਨ ਮੁੜ ਚੌਖਟਾ ਸਿਰਜਦਾ ਹੈ। ਸੱਚ ; ਕੇਵਲ ਸਤੱਈ, 'ਸੱਚ -ਝੂਠ' ਵਾਲਾ, ਆਮ ਬੋਲਚਾਲ ਵਾਲਾ ਨਹੀਂ, ਸਗੋਂ ਇਹ ਹਕੀਕੀ-ਰੂਪ (ਪਦਾਰਥਕ-ਗਤੀ ਰੂਪ) ਨਾਲ ਸੰਬੰਧਤ ਹੁੰਦਾ ਹੈ। ਸ਼ਬਦ ਅਮੂਰਤ ਧਾਰਨਾ ਹੁੰਦਾ ਹੈ!

ਫਲਸਫਾ ; ਵਿਗਿਆਨਾਂ ਦਾ ਵਿਗਿਆਨ ਸੱਦਿਆ ਜਾਂਦਾ ਹੈ।ਇਹ ਧਾਰਨਾਵਾਂ, ਪ੍ਰਵਰਗਾਂ (Categories) ਰਾਹੀਂ ਬਿਆਨ ਹੁੰਦਾ ਹੈ।ਸਰਮਾਏਦਾਰੀ ਪੈਦਾਵਾਰ ਤੇ ਵੰਡ ਦੇ ਪ੍ਰਬੰਧ ਵਿਚ ਧਾਰਨਾਵਾਂ ਦਾ ਵਿਗਾੜ ਪੁਆੜੇ ਦੀ ਜੜ੍ਹ ਬਣਦਾ ਹੈ। ਇਹ ਦਰਸ਼ਨ, ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਨੂੰ ਹੀ ਬਦਲ ਦਿੰਦਾ ਹੈ।ਇਸ ਲਈ ਦਾਰਸ਼ਨਿਕ ਚੇਤਨਤਾ ਹੀ ਸਹਾਈ ਹੁੰਦੀ ਹੈ।

ਫਲਸਫਾ ਵਿਕਾਸ ਕਰਦਾ ਹੈ; ਇਸ ਲਈ ਧਾਰਨਾਵਾਂ ਵਿਚ ਵਿਗਾੜ ਦੀ ਥਾਂ, ਉਹਨਾਂ ਵਿਚ ਨਵੀਨੀਕਰਨ ਅਤੇ ਨਿਖਾਰ ਦੀ ਅਵੱਸ਼ਕਤਾ ਹੁੰਦੀ ਹੈ। ਨਿੱਖਰੀ ਧਾਰਨਾ ਦੀ ਪਦਾਰਥਵਾਦੀ ਪੁਸ਼ਟੀ ਨਾਲ ਸੁਮੇਲ ਵੀ ਅਟੱਲ ਹੋਣਾ ਹੁੰਦਾ ਹੈ।ਜੇ ਭੌਤਿਕ ਵਿਗਿਆਨ ਦੀ ਕਿਸੇ 'ਕਥਿਤ ਨਵੀਂ ਖੋਜ' ਦਾ ਪਦਾਰਥਵਾਦ ਨਾਲ ਸੁਮੇਲ (ਅਨੁਸਰਨ) ਨਹੀਂ ਹੁੰਦਾ ਤਾਂ ਵਿਖਿਆਣ ਬਾਰੇ ਸਾਵਧਾਨ ਹੋਣ ਦੀ ਲੋੜ ਹੁੰਦੀ ਹੈ। ਇਹ ਦਾਰਸ਼ਨਿਕ ਵਿਗਾੜ ਦੀ ਜੜ੍ਹ ਹੈ।

ਕਾਰਲ ਮਾਰਕਸ ਫਲਸਫੇ ਵਿਚ ਇਨਕਲਾਬ ਕਰਨ ਰਾਹੀਂ, ਰਾਜਨੀਤਕ ਅਰਥਸ਼ਾਸ਼ਤਰ ਵਿੱਚ ਇਨਕਲਾਬ ਕਰਨ ਦੇ ਸਮਰੱਥ ਹੋਇਆ। ਉਸ ਦੀਆਂ ਰਾਜਨੀਤਕ, ਆਰਥਿਕਤਾ ਵਿਚਲੀਆਂ ਲੱਭਤਾ ਅਤੇ ਕਾਢਾਂ, ਸਮਾਜਿਕ ਇਨਕਲਾਬ (ਸਮਾਜਵਾਦ) ਦੀ ਬੁਨਿਆਦ ਰੱਖਣ ਯੋਗ ਹੋਈਆਂ, ਜਿਸ ਦੇ ਵਿਕਸਤ ਰੂਪ ਨੂੰ 'ਸਾਂਝੀਵਾਲ-ਸਮਾਜ' ਅਤੇ 'ਵਿਗਿਆਨਕ-ਸਾਂਝੀਵਾਲਤਾ' ਦਾ ਸਮਾਜ, ਨਾਮਕਰਨ ਕੀਤਾ ਗਿਆ ਹੈ।

ਮਾਰਕਸ ਦੀਆਂ ਆਰਥਿਕ ਖੇਤਰ ਵਿਚਲੀਆਂ ਲੱਭਤਾਂ ਤੇ ਕਾਢਾਂ ਦੀ ਸਮਝਦਾਰੀ ਹਾਸਲ ਕਰਨ ਲਈ, ਹੀਗਲ ਦੇ 'ਤਰਕ ਦੇ ਵਿਗਿਆਨ'

(Science of Logic) ਨੂੰ ਪੜ੍ਹਨ ਤੇ ਸਮਝਣ ਦੀ ਲੋੜ ਪੈਂਦੀ ਹੈ, ਕਿਉਂਕਿ ਮਾਰਕਸ ਨੇ ਆਪਣੀ ਮਹਾਨ ਪੁਸਤਕ 'ਦਾਸ ਕੈਪੀਟਲ' ਵਿਚ, ਖਾਸ ਤੌਰ 'ਤੇ ਪਹਿਲੇ ਪਾਠ ਵਿਚ ਇਸ (ਤਰਕ ਦੇ ਵਿਗਿਆਨ) ਦੀ ਭਰਪੂਰ ਵਰਤੋਂ ਕੀਤੀ ਹੈ। ਉਸ ਦੀਆਂ ਖੋਜੀਆਂ, ਬੁਨਿਆਦੀ ਧਾਰਨਾਵਾਂ ਦੀ ਸਪੱਸ਼ਟਤਾ ਬਗੈਰ, ਅੱਜ ਦੇ 'ਬਣੌਟੀ ਬੌਧਿਕਤਾ ਯੰਤਰ' (Artificial Intelligence Device) ਯੁੱਗ ਵਿੱਚ, ਸਰਮਾਏਦਾਰੀ ਪ੍ਰਬੰਧ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ ਦਾ ਹੱਲ ਲੱਭਣਾ ਹੋਰ ਵੀ ਗੁੰਝਲਦਾਰ ਬਣ ਗਿਆ ਹੈ। ਗੁਰੂ ਬਾਬਾ ਨਾਨਕ ਨੇ 'ਮਤਿ ਦਿੰਦਿਆਂ' ਕਿਹਾ ਸੀ ;

ਫੇਰਿ ਕਿ ਅਗੇ ਰੱਖੀਐ ਜਿਤੁ ਦਿਸੈ ਦਰਬਾਰੁ॥

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।

ਜੇ ਮੁਸ਼ਕਲ ਦਾ (ਅੱਜ) ਹੱਲ ਨਹੀਂ ਸੁੱਝਦਾ, ਉਸ ਨੂੰ ਘੁਮਾ ਕੇ 'ਪਦਾਰਥਵਾਦੀ ਢੰਗ' ਨਾਲ ਦੇਖੋਗੇ ਤਾਂ ਹੱਲ ਚਿੱਟੇ ਦਿਨ ਵਾਂਗ ਸਾਫ ਦਿਸੇਗਾ। ਬੱਸ ਲੋਕ-ਹਿੱਤ ਦੇ ਬੋਲ ਮੂੰਹੋਂ ਕੱਢਣ ਦੀ ਦੇਰ ਹੈ, ਲੋਕ ਸੁਣ ਕੇ ਪਿਆਰ ਬਖਸ਼ਣਗੇ।

ਆਰਥਿਕ ਖੇਤਰ ਵਿੱਚ ਮਾਰਕਸ ਦੀਆਂ ਖੋਜਾਂ ਅਤੇ ਕਾਢਾਂ ਮੱਦੇਨਜ਼ਰ ਕਰਨੀਆਂ ਜ਼ਰੂਰੀ ਹਨ

\# 'ਮੁੱਲ ਦਾ ਕਿਰਤ ਸਿਧਾਂਤ'।

\# 'ਕਿਰਤ-ਸ਼ਕਤੀ ਇਕ ਜਿਣਸ ਹੈ'।

\# 'ਕਿਰਤ ਸ਼ਕਤੀ ਮੁੱਲ ਸਿਰਜਕ ਹੈ ਅਤੇ ਇਹ ਆਪਣੇ ਮੁੱਲ ਤੋਂ ਵਧੇਰੇ ਮੁੱਲ ਸਿਰਜਦੀ ਹੈ'

\# ਮੁੱਲ; 'ਵਰਤੋਂ ਮੁੱਲ' ਅਤੇ 'ਵਟਾਂਦਰਾ ਮੁੱਲ', ਭਾਵ ਇਹ ਦੋਹਰੇ ਖਾਸੇ ਦਾ ਹੈ।

\# ਕਿਰਤ ਵੀ ; 'ਠੋਸ ਕਿਰਤ' ਅਤੇ 'ਅਮੂਰਤ ਕਿਰਤ' ਦਾ ਦੋਹਰਾ ਖਾਸਾ ਰੱਖਦੀ ਹੈ।

\# ਠੋਸ-ਕਿਰਤ, 'ਵਰਤੋਂ ਮੁੱਲ' ਸਿਰਜਦੀ ਹੈ ਅਤੇ

ਅਮੂਰਤ ਕਿਰਤ (abstract labour) 'ਵਟਾਂਦਰਾ ਮੁੱਲ' ਜਮ੍ਹਾਂ ਕਰਦੀ ਹੈ।

[ਪੈਦਾਵਾਰੀ ਸੰਦ, ਔਜ਼ਾਰ, ਮਸ਼ੀਨਾਂ, ਕੰਪਿਊਟਰ, ਯੰਤਰ (AI Devices)] ਸਭ ਠੋਸ ਕਿਰਤ ਦਾ ਭਾਗ ਹਨ। ਇਹ 'ਵਰਤੋਂ-ਮੁੱਲ' ਸਿਰਜਦੀਆਂ ਹਨ।



'ਅਮੂਰਤ ਕਿਰਤ', ਕਿਰਤ-ਸ਼ਕਤੀ ਦੀ ਖਪਤ-ਮਾਤਰਾ ਹੈ, ਜੋ (ਜਿਣਸ ਵਿਚ) ਮੁੱਲ ਜੋੜਦੀ ਹੈ।

\# 'ਵਾਧੂ ਮੁੱਲ ਦਾ ਸਿਧਾਂਤ'।

\# ਕਿਰਤ ਸ਼ਕਤੀ ਦੀ ਖਪਤ ਸਮੇਂ ਵਿਚ ਹੁੰਦੀ ਹੈ, ਜਿਸ ਨੂੰ 'ਕਿਰਤ-ਸਮਾਂ' ਸੱਦਿਆ ਜਾਂਦਾ ਹੈ, ਕਿਉਂਕਿ ਕਿਰਤ- (ਸਮਾਂ) ਆਪਣੇ ਮੁੱਲ ਤੋਂ ਵਧੇਰੇ ਮੁੱਲ ਸਿਰਜਕ ਹੈ; ਇਹ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਕਿਰਤ ਦੇ ਮੁੱਲ ਨੂੰ 'ਉਜਰਤ' ਸੱਦਿਆ ਜਾਂਦਾ ਹੈ। ਕਿਰਤ ਸਮੇਂ ਦੇ ਉਸ ਭਾਗ ਨੂੰ 'ਜ਼ਰੂਰੀ ਕਿਰਤ ਸਮਾਂ' ਸੱਦਿਆ ਜਾਂਦਾ; ਜਿੰਨੇ ਸਮੇਂ ਵਿਚ ਕਿਰਤੀ, ਉਜਰਤ ਬਰਾਬਰ ਰਕਮ ਦੇ ਮੁੱਲ ਦੀ ਸਿਰਜਨਾ ਕਰਦਾ ਹੈ। ਬਾਕੀ ਮਿੱਥੇ (ਦਿਹਾੜੀ) ਸਮੇਂ ਨੂੰ 'ਵਾਧੂ ਕਿਰਤ ਸਮਾਂ' ਸੱਦਿਆ ਜਾਂਦਾ ਹੈ। ਵਾਧੂ ਕਿਰਤ ਸਮਾਂ, ਵਾਧੂ ਮੁੱਲ ਸਿਰਜਦਾ ਹੈ।

ਸਰਮਾਏਦਾਰ, ਕਿਰਤ ਉਤਪਾਦਕਤਾ ਵਧਾ ਕੇ,

ਜ਼ਰੂਰੀ ਕਿਰਤ ਸਮੇਂ ਨੂੰ ਘੱਟ ਅਤੇ 'ਵਾਧੂ ਕਿਰਤ ਸਮੇਂ' ਨੂੰ ਵੱਧ ਕਰਕੇ, ਵਾਧੂ ਮੁੱਲ ਦੀ ਸਿਰਜਨਾ ਹਥਿਆਉਂਦਾ ਹੈ, ਆਪਣਾ ਆਕਾਰ ਵੱਡਾ ਕਰਦਾ ਹੈ।ਇਹ 'ਵਾਧੂ ਮੁੱਲ ਦਾ ਸਿਧਾਂਤ' ਹੈ।

ਜਦੋਂ ਕਿਰਤੀ ਲਹਿਰ ਉੱਠੀ ਤਾਂ 'ਕਿਰਤ ਸਮਾਂ ਸੀਮਾ' (ਕੰਮ- ਦਿਹਾੜੀ) ਨਿਰਧਾਰਤ ਹੋਣੀ ਆਰੰਭ ਹੋਈ, ਜਿਸ ਵਿਚ 'ਵਾਧੂ ਮੁੱਲ ਦਾ ਸਿਧਾਂਤ' 'ਮਿੱਥੇ ਸਮੇਂ' ਵਿਚ ਲਾਗੂ ਕਰਦਿਆਂ, ਸਰਮਾਏਦਾਰਾ ਰਾਹ, ਉਤਪਾਦਕਤਾ ਵਾਧੇ ਉਤੇ ਕੇਂਦਰਤ ਹੋਇਆ, ਜਿਸ ਨਾਲ ਅਨੁਪਾਤਕ ਵਿਧੀ ਰਾਹੀਂ 'ਜ਼ਰੂਰੀ ਕਿਰਤ ਸਮਾਂ', ਨਵੇਂ ਨਾਮ; 'ਸਾਪੇਖ ਜ਼ਰੂਰੀ ਕਿਰਤ ਸਮਾਂ' ਅਤੇ 'ਵਾਧੂ ਕਿਰਤ ਸਮਾਂ', ਨਵੇਂ ਨਾਮ ; 'ਸਾਪੇਖ ਵਾਧੂ ਕਿਰਤ ਸਮਾਂ' ਨਾਲ ਪੜ੍ਹਿਆ-ਵਿਚਾਰਿਆ ਜਾਂਦਾ ਹੈ।

ਇਸ 'ਸਾਪੇਖਤਾ' ਵੱਲ ਬੇਧਿਆਨੀ (ਟਾਕਰੇ ਦੀ ਕਾਢ ਛੁੱਟ/ਛੱਡ ਜਾਣਾ) ਬਹੁਤ ਮਹਿੰਗਾ ਪਿਆ ਹੈ।

(ਇਸ ਦਾ ਜ਼ਿਕਰ ਅੱਗੇ ਕਰਾਂਗੇ)

\# ਕਿਰਤ-ਉਤਪਾਦਕਤਾ ਦਾ ਵਾਧਾ, ਪੈਦਾਵਾਰ ਦੇ ਤਕਨੀਕੀ ਇਨਕਲਾਬਾਂ ਨਾਲ ਤੇਜ਼ ਵਧਦਾ ਹੈ।

'ਵਿਗਿਆਨਕ ਤਕਨੀਕੀ ਇਨਕਲਾਬ' (STR) ਨੇ 'ਵਰਤੋਂ ਮੁੱਲ' ਦੀ ਸਿਰਜਨਾ ਨੂੰ ਕੁਦਰਤੀ ਉਪਜਾਂ [ਹਵਾ, ਧੁੱਪ, ਪਾਣੀ ਆਦਿ ਲੋੜ ਅਨੁਸਾਰ (ਮੁਫਤ) ਵਰਤੋਂ] ਦੇ ਪੱਧਰ ਨੇੜੇ ਪਹੁੰਚਾ ਦਿੱਤਾ ਹੈ।

ਮਾਰਕਸ ਦਾ ਸੂਚਕ-ਸੂਤਰ ; [CC:VC] ਹੈ।

ਇਹ ਅਨੁਪਾਤ, ਅਬਦਲ ਸਰਮਾਏ (33) ਵੱਲ ਝੁਕ (ਉਲਰ) ਗਿਆ ਹੈ।

ਕਿਰਤ ਸ਼ਕਤੀ ਦੀ ਵਰਤੋਂ, (ਜੋ ਨਵੇਂ ਮੁੱਲ ਦੀ ਸਿਰਜਕ) ਏਨੀ ਘਟ ਗਈ ਹੈ ਕਿ ਵਿਕਸਤ ਸੰਸਾਰ ਦੀ ਵਿਕਾਸ ਦਰ; ਡੇਢ, ਦੋ ਫੀਸਦੀ 'ਤੇ ਸਿਮਟ ਗਈ ਹੈ। ਉਥੇ 'ਠੋਸ-ਕਿਰਤ' ਯੰਤਰਾਂ

(A.I.Devices) ਰਾਹੀਂ 'ਵਰਤੋ ਮੁੱਲ' ਪੈਦਾ ਹੁੰਦਾ ਹੈ।

ਹੁਣ ਦੇ ਪੈਦਾਵਾਰੀ ਯੰਤਰਾਂ ਨੇ 'ਕਿਰਤ-ਸ਼ਕਤੀ' ਦੀ ਵਰਤੋਂ ਲਈ (੭3) ਸਰਮਾਇਆ (ਉਜਰਤਾਂ ਦੀ ਰਕਮ) ਘਟ ਕੇ, ਦਸ਼ਮਲਵ ਰੂਪ (0.1%) ਫੀਸਦੀ ਵੱਲ ਧੱਕਣ/ਵਧਣ ਦੀ ਘੋਸ਼ਣਾ ਸੁਣਨ ਨੂੰ ਮਿਲਦੀ ਹੈ। ਏ.ਆਈ. ਯੰਤਰਾਂ (A.I.Devices) ਦੀ ਵਰਤੋਂ ਦਾ ਪੈਦਾਵਾਰ ਤੇ ਸੇਵਾਵਾਂ ਦੇ ਖੇਤਰ ਵਿਚ ਫੈਲਾਓ, ਇਸ ਕਥਨ ਨੂੰ ਸੱਚ ਬਣਾਉਣ, ਮਨਾਉਣ ਵਿਚ ਸਹਾਈ ਹੈ।

\# ਮਾਰਕਸ ਨੇ ਪੂੰਜੀ (ਦਾਸ ਕੈਪੀਟਲ) ਵਿੱਚ ਕਿਹਾ ਸੀ; 'ਸਰਮਾਇਆ ਆਪਣੇ ਸਿਖਰ 'ਤੇ ਹੋਵੇਗਾ, ਜਦੋਂ ਕੁਲ ਸਰਮਾਇਆ ਇੱਕ ਹੱਥ ਜਾਂ ਇਕ ਕੰਪਨੀ ਹੇਠ ਜੱਥੇਬੰਦ ਹੋਵੇਗਾ।'

ਇਹ ਸਰਮਾਏ ਦੇ ਵਿਕਾਸ ਦੀ (ਇੱਕ ਪਾਸੜ) ਕਹਾਣੀ ਹੈ। ਮਾਰਕਸ ਨੇ ਦਾਸ ਕੈਪੀਟਲ ਦੀ ਭੂਮਿਕਾ ਵਿਚ ਲਿਖਿਆ ਸੀ;

\# 'ਇਹ ਤਦ ਸੰਭਵ ਹੈ, ਜਦੋਂ 'ਜਮਾਤੀ ਘੋਲ' ਸੁੱਤਾ ਹੋਵੇ'। ਇਸ ਦੀ ਸਮਝਦਾਰੀ ਦਾਰਸ਼ਨਿਕ ਪੱਧਰ 'ਤੇ ਹੋਣੀ ਜ਼ਰੂਰੀ ਹੈ।

'ਜਮਾਤੀ-ਘੋਲ' ਕੀ ਹੈ ?

ਇਸ ਦਾ 'ਮਜ਼ਦੂਰ ਘੋਲ' ਜਾਂ 'ਆਰਥਿਕ-ਘੋਲ' ਨਾਲੋਂ ਵਖਰੇਵਾਂ ਕੀ ਹੈ?

ਜੇ ਇਸ ਸਮਝਦਾਰੀ ਵਿੱਚ ਵਿਗਾੜ ਹੋਵੇ ਤਾਂ ਵਿਗਿਆਨ, ਵਿਗਿਆਨ ਨਹੀਂ ਰਹਿੰਦਾ। ਇਹ ਵਿਗੜਿਆ ਰੂਪ ਹੁੰਦਾ ਹੈ। ਇਸ ਬਾਰੇ ਗੁਰੂ ਬਾਬਾ ਨਾਨਕ ਨੇ ਬਹੁਤ ਖੂਬ ਕਿਹਾ ਹੈ ;

'ਜੇ ਕੋ ਆਖੈ ਬੋਲੁ ਵਿਗਾੜੁ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ'॥

ਜੇ ਕੋਈ ਸੱਚ ਨੂੰ (ਪਦਾਰਥਵਾਦੀ ਸੋਚ ਨੂੰ) ਵਿਗਾੜ ਕੇ ਪੇਸ਼ ਕਰੇਗਾ ਤਾਂ ਉਸ ਨੂੰ ਮੂਰਖਾਂ ਦਾ ਮੂਰਖ ਕਹਿਣਾ ਬਣਦਾ ਹੈ।

\# ਪਦਾਰਥਵਾਦ ਅਤੇ ਸੋਚ ਦਾ ਕੀ ਸੰਬੰਧ ਹੈ?

'ਸੋਚ ਪਦਾਰਥਕ ਹਾਲਤਾਂ ਦੀ ਉਪਜ ਹੈ, ਸਮਾਜਿਕ-ਸੋਚ, ਸਮਾਜਿਕ ਹਾਲਤ ਦੀ ਉਪਜ ਹੈ'।

ਸਮਾਜਿਕ ਹਾਲਤਾਂ ਪਦਾਰਥਕ ਹਨ।

ਜੇ ਸੋਚ ਪਦਾਰਥਕ ਨਹੀਂ ਰਹੇਗੀ ਤਾਂ ਉਹ ਅਧਿਆਤਮਵਾਦੀ ਜਾਂ ਵਿਚਾਰਵਾਦੀ ਹੋਵੇਗੀ। ਅਧਿਆਤਮਵਾਦੀ ਅਤੇ ਵਿਚਾਰਵਾਦੀ ਸੋਚ ਵਿੱਚੋਂ ਨਵੇਂ ਇਨਕਲਾਬੀ ਸਮਾਜ, 'ਸਮਾਜਵਾਦ' ਦਾ ਉਠਾਣ ਨਹੀਂ ਹੋਵੇਗਾ। ਇਹ 'ਖਿਆਲੀ-ਸਮਾਜਵਾਦ' ਤੱਕ ਸਿਮਟ ਜਾਵੇਗਾ। ਇਹ ਹਨੇਰੀ ਗਲੀ ਵਿੱਚ ਫਸ ਜਾਵੇਗਾ।

ਸਮਾਜਵਾਦ ਅਤੇ ਵਿਗਿਆਨਕ ਸਾਂਝੀਵਾਲਤਾ ਦੇ ਸਮਾਜ ਤੱਕ ਉਸਾਰੀ ਲਈ ਪਦਾਰਥਵਾਦ ਮੁਢਲੀ ਸ਼ਰਤ ਹੈ। ਮਾਰਕਸ ਨੇ ਜ਼ੋਰ ਦੇ ਕੇ ਕਿਹਾ ਸੀ ;

\# 'ਪਦਾਰਥਵਾਦ ਦੀ ਸਿੱਖਿਆ ਤੋਂ ਇਹ ਦੇਖਣ ਲਈ ਕੋਈ ਬਹੁਤਾ ਡੂੰਘਾ ਉਤਰਨ ਦੀ ਲੋੜ ਨਹੀਂ ਕਿ ਕਿੰਨੇ ਅਵੱਸ਼ਕ ਰੂਪ ਵਿੱਚ ਪਦਾਰਥਵਾਦ ਕਮਿਊਨਿਜ਼ਮ ਅਤੇ ਸਮਾਜਵਾਦ ਨਾਲ ਸੰਬੰਧਤ ਹੈ।'

ਪਦਾਰਥਵਾਦ-ਦਵੰਦਵਾਦੀ, ਸੂਝ ਦੀ ਸਿਖਰ (ਦਰਸ਼ਨ) ਹੈ। ਇਹ ਜੀਵਤ ਰਾਹ-ਦਸੇਰਾ ਸਿਧਾਂਤ ਹੈ। ਇਸ ਤੋਂ ਨੀਵੀਂ, ਊਣੀ, ਬੌਣੀ-ਸੋਚ

(ਪਦਾਰਥਵਾਦ-ਅਧਿਆਤਮਵਾਦੀ ਜਾਂ ਵਿਚਾਰਵਾਦ-ਅੰਤਰਮੁਖੀ ਤੇ ਬਾਹਰਮੁਖੀ) ਸਮਾਜਿਕ ਸਮੱਸਿਆਵਾਂ ਦਾ ਹੱਲ ਪੇਸ਼ ਹੀ ਨਹੀਂ ਕਰ ਸਕਦੀ, ਸਗੋਂ ਉਲਟਾ ਵਧੇਰੇ ਉਲਝਾ ਦਿੰਦੀ ਹੈ।

ਮਾਰਕਸਵਾਦੀ ਦਰਸ਼ਨ ਦਾ ਇਹ ਕਥਨ ਵੱਡੇ ਮਹੱਤਵ ਵਾਲਾ ਹੈ ; 'ਹਰ ਸਮੱਸਿਆ ਦਾ ਪਦਾਰਥਕ ਹੱਲ ਮੌਜੂਦ ਹੁੰਦਾ ਹੈ।'


ਮੋਬਾ : 94174-09216


---

*"ਹੁੰਦਾ ਇਹ ਹੈ ਕਿ ਕਹਾਣੀਕਾਰ ਕਹਾਣੀ ਵਿੱਚ ਮੌਜੂਦ ਹੁੰਦਾ ਹੈ। ਜੋ ਉਹ ਦਿੱਸਦਾ ਹੈ, ਉਹ ਮੂਲ ਰੂਪ ਵਿੱਚ ਹੁੰਦਾ ਨਹੀਂ। ਕਹਾਣੀ ਦਾ ਜਿਹੜਾ ਪਾਤਰ ਹੁੰਦਾ ਹੈ, ਉਹ ਤਾਂ ਸਾਹਿਤ ਦੀ ਕ੍ਰੀਏਸ਼ਨ ਹੁੰਦਾ ਹੈ। ਉਹ ਆਪਣੇ ਤੋਂ ਆਜ਼ਾਦ ਹੋ ਜਾਂਦਾ ਹੈ। ਅਜਿਹਾ ਆਜ਼ਾਦ ਜਿੱਥੇ ਉਹ ਕਹਾਣੀਕਾਰ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ। ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਕਈ ਇਹ ਭੁਲੇਖਾ ਖਾ ਜਾਂਦੇ ਨੇ...'ਮੈਂ' ਇਕ ਪਾਤਰ ਹੁੰਦਾ ਹੈ, ਨਾ ਕਿ ਜਿੰਦਰ।... ਮੇਰੀਆਂ ਕਹਾਣੀਆਂ ਵਿੱਚ ਬਿਨਾਂ ਸ਼ੱਕ 'ਮੈਂ' ਮੌਜੂਦ ਹੁੰਦਾ ਹਾਂ। ਇਹ ਸਥਿਤੀ ਉਦੋਂ ਤੱਕ ਹੀ ਰਹਿੰਦੀ ਹੈ ਜਦੋਂ ਤੱਕ ਮੇਰੇ ਗੱਤੇ 'ਤੇ ਕਾਗਜ਼ ਤੇ ਉਂਗਲਾਂ ਵਿੱਚ ਪੈੱਨ ਨਹੀਂ ਫੜਿਆ ਹੁੰਦਾ। ਵਿਸ਼ਾ ਅਵਚੇਤਨ ਵਿੱਚ ਹੁੰਦਾ ਹੈ। ਜਦੋਂ ਮੈਂ ਲਿਖਣਾ ਸ਼ੁਰੂ ਕਰਦਾ ਹਾਂ ਤਾਂ ਮੈਂ ਪਹਿਲਾਂ ਵਾਲਾ ਜਿੰਦਰ ਨਹੀਂ ਰਹਿੰਦਾ। ਮੈਨੂੰ ਨਹੀਂ ਪਤਾ ਹੁੰਦਾ ਕਿ ਮੈਂ ਕਹਾਣੀ ਵਿੱਚ ਕਿੰਨੇ ਪ੍ਰਤੀਸ਼ਤ ਹੁੰਦਾ ਹਾਂ, ਕਿੰਨੇ ਪ੍ਰਤੀਸਤ ਗੈਰ-ਹਾਜ਼ਰ ਹੁੰਦਾ ਹਾਂ। ਜਦੋਂ ਕਹਾਣੀ ਲਿਖ ਲੈਂਦਾ ਹਾਂ ਤਾਂ ਉੱਥੇ ਮੈਂ ਨਹੀਂ, ਮੇਰਾ ਸਿਰਜਿਆ ਪਾਤਰ ਹੁੰਦਾ ਹੈ। ਜਿੱਦਾਂ ਕਹਿੰਦੇ ਨੇ ਕਿ ਬੱਚਾ ਮਾਂ ਦੇ ਜਿਸਮ ਦਾ ਇੱਕ ਹਿੱਸਾ ਹੁੰਦਾ ਹੈ, ਠੀਕ ਉੱਦਾਂ ਦੀ ਹੀ ਸਥਿਤੀ ਪਾਤਰ ਦੀ ਹੁੰਦੀ ਹੈ। ਜਿੱਦਾਂ ਬੱਚਾ ਵੱਡਾ ਹੋ ਕੇ ਆਪਣੀ ਮਰਜ਼ੀ ਨਾਲ ਜਿਊਂਦਾ ਹੈ, ਬਹੁਤੀ ਵਾਰ ਉਹੋ ਜਿਹੀ ਸਥਿਤੀ ਪਾਤਰ ਦੀ ਹੁੰਦੀ ਹੈ।"* -ਜਿੰਦਰ

## 2025 ਦਾ ਭਾਰਤੀ ਸਾਹਿਤ ਅਕਾਦਮੀ ਐਵਾਰਡ ਮਿਲਣ 'ਤੇ

# ਇਮਾਨਦਾਰ, ਮਿਹਨਤੀ ਤੇ ਅਕੀਦੇ ਦਾ ਪੱਕਾ ਕਥਾਕਾਰ : ਜਿੰਦਰ

### ਮੱਖਣ ਮਾਨ

***ਕਥਾਕਾਰ ਜਿੰਦਰ ਦਾ ਪਹਿਲਾ ਕਹਾਣੀ ਸੰਗ੍ਰਹਿ 1990 ਵਿੱਚ 'ਮੈਂ. ਕਹਾਣੀ ਤੇ ਉਹ' ਪ੍ਰਕਾਸ਼ਤ ਹੋਇਆ। ਫਿਰ ਤੁਸੀਂ ਨਹੀਂ ਸਮਝ ਸਕਦੇ, ਨਹੀਂ, ਮੈਂ ਨਹੀਂ, ਬਿਨਾਂ ਵਜ੍ਹਾ ਤਾਂ ਨਹੀਂ, ਜ਼ਖ਼ਮ, ਆਵਾਜ਼ਾਂ, ਸਿਆਸਤ ਖੇਡ, ਸਿਆਸਤ ਤੇ 2023 ਵਿੱਚ 'ਸੇਫ਼ਟੀ ਕਿੱਟ' ਕਹਾਣੀ ਸੰਗ੍ਰਹਿ ਛਪੇ ਜਿਸ ਵਿੱਚ ਤਕਰੀਬਨ 70 ਕਹਾਣੀਆਂ ਦਰਜ ਹਨ।***

ਜਿੰਦਰ ਨਾਂਅ ਦੇ ਅੱਜ ਮਾਅਨੇ ਹੋ ਗਏ...ਬਹੁਤ ਵੱਡੇ ਮਾਅਨੇ। ਜਦੋਂ ਕੋਈ ਅਰਥ ਹੋ ਜਾਂਦਾ, ਉਸ ਦੀ ਹਰ ਕਹੀ ਗੱਲ ਵੱਡ-ਅਕਾਰੀ ਹੋ ਜਾਂਦੀ, ਉਹ ਸਿਰਜਕ ਦੀ ਉਤਾਰੀ ਗਈ ਤਸਵੀਰ ਹੈ। ਰਾਤ ਮਾਧਿਅਮ ਹੈ। ਹਨੇਰਾ ਖਾਲੀ ਹੈ। ਉਹ ਹਨੇਰਿਆਂ ਖ਼ਿਲਾਫ਼ ਦੀਵਾ ਬਾਲਦਾ ਹੈ। ਇਨ੍ਹਾਂ ਸ਼ਬਦਾਂ ਪਿੱਛੇ ਲੁਕੀ ਜਿੰਦਰ ਦੀ ਜੀਵਨ ਕਹਾਣੀ ਹੈ। ਉਹ ਛੋਟੇ ਜਿਹੇ ਪਿੰਡ ਲੱਧੜਾ, ਤਹਿਸੀਲ ਨਕੋਦਰ ਤੋਂ ਆਪਣੀ ਯਾਤਰਾ ਸ਼ੁਰੂ ਕਰਦਾ, ਤੰਗੀਆਂ ਤੁਰਸ਼ੀਆਂ ਨਾਲ ਘੁਲਦਾ, ਇਕ ਸਾਧਨ ਹੀਣ ਮੁੰਡਾ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਜਦ ਕਾਲਜ ਪਹੁੰਚਦਾ, ਕਿੰਨੀਆਂ ਦੁਸ਼ਵਾਰੀਆਂ 'ਚੋਂ ਗੁਜ਼ਰਿਆ ਹੋਵੇਗਾ, ਜਿਵੇਂ ਸ਼ਬਦਾਂ ਤੋਂ ਬਾਹਰ ਵਿਚਾਰਾਂ ਦਾ ਸ਼ੋਰ ਹੋਵੇ, ਅੱਖਰਾਂ ਤੋਂ ਸੱਖਣੇ ਅਰਥ ਅਨਾਥ ਹੋਵਣ। ਖ਼ਾਮੋਸ਼ੀ 'ਚ ਕਿਸੇ ਮੁਕਾਮ 'ਤੇ ਪਹੁੰਚਣਾ ਸੁਖਾਲਾ ਨਹੀਂ ਹੁੰਦਾ। ਸਿਰਜਣਾਂ ਦੀ ਪ੍ਰਥਮ ਤੇ ਅੰਤਿਮ ਆਇਤ ਦਾ ਕ੍ਰਿਸ਼ਮਾ ਹੁੰਦਾ, ਮੇਰਾ ਉਸ ਨਾਲ ਅਪਣੱਤ ਤੇ ਮੋਹ ਦਾ ਰਿਸ਼ਤਾ ਹੈ। ਉਹ ਮੇਰਾ ਦੋਸਤ ਵੀ ਹੈ। ਰਿਸ਼ਤੇ 'ਚੋਂ ਸਤਿਕਾਰਤ 'ਭਾਈਆ' ਵੀ। ਅੱਜ ਕੱਲ੍ਹ ਚਰਚਾ 'ਚ ਹੈ। ਮੀਡੀਆ ਉਹਦੇ ਮਗਰ ਮਗਰ ਘੁੰਮ ਰਿਹਾ ਹੈ। ਉਸ ਦੇ ਕਹਾਣੀ ਸੰਗ੍ਰਹਿ 'ਸੇਫ਼ਟੀ ਕਿੱਟ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਹੈ। ਉਹਦੇ ਆਲੇ ਦੁਆਲੇ ਵਧਾਈਆਂ ਦੇ ਢੇਰ ਲੱਗ ਰਹੇ ਹਨ।

ਜਦੋਂ ਦਾ ਐਵਾਰਡ ਮਿਲਣ ਦਾ ਐਲਾਨ ਹੋਇਆ ਤਾਂ ਜਿੰਦਰ ਦਾ ਜੀਵਨ ਇੱਕ ਛਿਣ 'ਚ ਮੇਰੀਆਂ ਅੱਖਾਂ ਮੋਹਰੋ ਗੁਜ਼ਰ ਗਿਆ। ਉਹ ਪੰਜਾਬ ਰੋਡਵੇਜ਼ ਦੇ ਜਲੰਧਰ ਵਾਲੇ ਦਫ਼ਤਰ 'ਚ ਸਰਕਾਰੀ ਨੌਕਰੀ ਕਰਦਾ, ਸਾਰੀ ਉਮਰ ਪੁਰਾਣੇ ਜੇਹੇ ਸਾਈਕਲ ਉੱਤੇ ਚੜ੍ਹ ਕੇ, ਜਲੰਧਰ ਦੀਆਂ ਭੀੜੀਆਂ-ਖੁੱਲ੍ਹੀਆਂ ਗਲੀਆਂ ਕੱਸਦਾ, ਹੈਂਡਲ ਨਾਲ ਲਟਕਾਇਆ ਝੋਲਾ, ਝੋਲੇ 'ਚ ਕਿਤਾਬਾਂ ਪਾਈ ਘੁੰਮਦਾ ਥੱਕਦਾ ਨਹੀਂ, ਵੇਖਣ ਤੋਂ ਮਾੜਕੂ ਜੇਹਾ ਲੱਗਦਾ, ਕਿਤੇ ਹਨੇਰੀ ਚੱਲੇ, ਉਹ ਵਾਵਰੋਲੇ ਦੇ ਵਰੋਲ਼ੇ 'ਚ ਉੱਡ ਜਾਵੇ। ਉਹਦੀਆਂ ਲੋੜਾਂ ਬਹੁਤ ਥੋੜ੍ਹੀਆਂ ਹਨ। ਉਹ ਕਿਤਾਬਾਂ ਉੱਤੇ ਖਰਚਾ ਕਰਨ ਲੱਗਾ ਨਾ ਅੱਗਾ ਦੇਖਦਾ ਨਾ ਪਿੱਛਾ। ਨਵੀਂ ਛਪਦੀ ਹਰ ਚੰਗੀ ਕਿਤਾਬ ਦਾ ਉਹਨੂੰ ਪਤਾ ਹੁੰਦਾ। ਹਰ ਚੰਗੀ ਛਪਦੀ ਕਹਾਣੀ ਤੋਂ ਉਹ ਜਾਣੂ ਹੁੰਦਾ।

ਉਹ ਇਮਾਨਦਾਰ, ਮਿਹਨਤੀ ਤੇ ਅਕੀਦੇ ਦਾ ਪੱਕਾ ਹੈ। ਉਸ ਦੇ ਮੂੰਹੋਂ ਨਿਕਲੀ ਗੱਲ, ਪੱਥਰ 'ਤੇ ਲਕੀਰ ਹੁੰਦੀ, ਉਹ ਫੈਸਲਾ ਲੈਣ ਲੱਗਿਆਂ, ਸਣਾਉਣ ਲੱਗਿਆਂ, ਦੇਰੀ ਨਹੀਂ ਕਰਦਾ, ਉਹ ਬਹੁਤ ਹੀ ਕਾਹਲ਼ੇ ਸੁਭਾਅ ਦਾ ਹੈ। ਜੇ ਕਿਸੇ ਨਾਲ ਗੁੱਸੇ ਹੋ ਜਾਵੇ, ਜਲਦੀ ਕਿਤੇ ਸੁਲ੍ਹਾ ਹੋਣ ਦੇ ਚਾਂਸ ਨਹੀਂ ਹੁੰਦੇ। ਉਹ ਖੁੰਦਕੀ ਵੀ ਹੈ ਤੇ ਮੁਹੱਬਤੀ ਵੀ। ਉਹ ਨਰਮ ਵੀ ਹੈ ਸਖ਼ਤ ਵੀ। ਉਸ ਦਾ ਜੀਵਨ ਸਰਲ ਤੇ ਸਪੱਸ਼ਟ ਹੈ। ਉਹ ਸ਼ਬਦ ਸਾਧਕ ਹੈ। ਕਦੇ ਕਦੇ ਪਹਿਲੀਆਂ 'ਚ ਜਲੰਧਰ ਦੇ ਬੱਸ ਅੱਡੇ ਉਸ ਦੇ ਦਫ਼ਤਰ ਮਿਲਣ ਜਾਣਾ, ਸਹਿਕਰਮੀ ਸਾਡੇ 'ਤੇ ਖੱਚਰੀ ਹਾਸੀ ਹੱਸਦੇ ਆਖਦੇ 'ਕਵੀ ਸਾਹਿਬ ਨੂੰ ਮਿਲਣ ਆਏ ਹੋ?' ਉਨ੍ਹਾਂ ਨੂੰ ਹਰ ਲਿਖਣ ਵਾਲਾ ਕਵੀ ਲੱਗਦੈ, ਜ਼ਰਾ ਸੋਚੋ, ਜਿਸ ਦਫ਼ਤਰ ਦਾ ਆਲਾ-ਦੁਆਲਾ ਏਹੋ ਜੇਹਾ ਹੋਵੇਗਾ, ਉੱਥੇ ਜਿੰਦਰ ਦਾ ਸੰਵਾਦ ਕਿਵੇਂ ਛਿੜਦਾ ਹੋਵੇਗਾ? ਕਿਹਨੂੰ ਆਪਣੀ ਲਿਖੀ ਕਹਾਣੀ ਸੁਣਾਉਂਦਾ ਹੋਵੇਗਾ? ਕਦੇ ਵੀ ਨਹੀਂ, ਖ਼ੈਰ ਇਹ ਗੱਲਾਂ ਐਵੇਂ ਹੀ ਖਿਆਲਾਂ 'ਚੋਂ ਗੁਜ਼ਰ ਗਈਆਂ। ਗੱਲਾਂ ਤਾਂ ਹੋਰ ਵੀ ਬੜੀਆਂ ਨੇ, ਫੇਰ ਕਿਤੇ ਸਹੀ, ਅੱਜ ਜਿਸ ਕਿਤਾਬ ਨੂੰ ਇਨਾਮ ਮਿਲਿਆ। ਉਹਦੇ ਪਾਤਰਾਂ ਬਾਰੇ, ਕਹਾਣੀ ਬਾਰੇ, ਵਿਧਾ ਬਾਰੇ। ਬਿਰਤਾਂਤ ਬਾਰੇ। ਸ਼ੈਲੀ ਬਾਰੇ। ਵਿਜ਼ਨ ਬਾਰੇ। ...ਗੱਲਾਂ ਕਰਦੇ ਹਾਂ। ਉਹਦੀ ਕਹਾਣੀ ਕੇਹੋ ਜਿਹੀ ਹੈ? ਪਾਠਕਾਂ ਦੇ ਹਾਣ ਦੀ ਕਿਵੇਂ ਹੈ? 'ਸੇਫ਼ਟੀ ਕਿੱਟ' ਨੂੰ ਢਾਹਾਂ ਅਵਾਰਡ ਵੀ ਮਿਲ ਚੁੱਕਾ ਅਤੇ ਭਾਰਤੀ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ ਵੀ। ਪਰ ਜਿੰਦਰ ਨੂੰ ਜਿੰਨੀ ਖ਼ੁਸ਼ੀ ਭਾਰਤੀ ਸਾਹਿਤ ਅਕਾਦਮੀ ਦੇ ਇਸ ਇਨਾਮ ਮਿਲਣ ਦੀ ਹੋਈ, ਉਨੀ ਢਾਹਾਂ ਐਵਾਰਡ ਮਿਲਣ 'ਤੇ ਨਹੀਂ ਸੀ ਹੋਈ, ਉਹ ਕਹਿੰਦਾ 'ਇਹ ਵੱਡਾ ਐਵਾਰਡ ਐ।' ਸੁਰਿੰਦਰ ਕੌਰ ਦਾ ਗਾਇਆ ਗੀਤ ਯਾਦ ਆਉਂਦਾ, "ਧਰਤੀ ਨੂੰ ਕਲੀ ਕਰਾਦੇ ਨੱਚਾਂਗੀ ਸਾਰੀ ਰਾਤ!" ਜਦੋਂ ਦਾ ਉਹਦੀ ਝੋਲੀ ਐਵਾਰਡ ਪਿਆ ਉਹ ਨੱਚ ਰਿਹਾ ਹੈ। ਅੰਦਰੋਂ-ਬਾਹਰੋਂ ਜਿੰਦਰ ਨੱਚ ਰਿਹਾ ਹੈ। ਜਿਵੇਂ ਉਸ ਦੀਆਂ ਕਹਾਣੀਆ ਨੇ ਉਸ ਨੂੰ ਕਲੀ ਕਰਾਤਾ ਹੋਵੇ, ਉਸ ਦੇ ਮੱਥੇ 'ਚ ਕਾਲੇ ਹਾਸ਼ੀਏ ਮਿਟ ਦਿੱਤੇ ਹੋਣ ਤੇ ਉਹ ਕਹਾਣੀ ਦੀ ਪਰਕਰਮਾ ਕਰ ਰਿਹਾ ਹੋਵੇ। ਉਹ ਸਾਹਿਤ ਦੇ ਸਿਖ਼ਰ ਵਾਲੇ ਡੰਡੇ 'ਤੇ ਬੈਠਾ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਹੈ।



ਉਸਦੇ ਕਹਾਣੀ ਸੰਗ੍ਰਿਹ 'ਸੇਫ਼ਟੀ ਕਿੱਟ' ਦੀ ਕਹਾਣੀ ਹੈ 'ਮੇਰਾ ਕੋਈ ਕਸੂਰ ਨਹੀਂ' ਪਤਾ ਨਹੀਂ ਇਹ ਕਿੰਨੀਆਂ ਕੁੜੀਆਂ ਦੀ ਕਹਾਣੀ ਹੈ, ਲਵਜੀਤ ਨਾਂ ਦੀ ਕੁੜੀ ਜੋ ਸਟੱਡੀ ਵੀਜ਼ੇ 'ਤੇ ਕੈਨੇਡਾ ਪੜ੍ਹਨ ਗਈ, ਪੈਸਿਆਂ ਦੀ ਥੋੜ੍ਹ ਕਾਰਣ ਪੁੱਠੇ ਰਾਹ ਪੈ ਗਈ, ਉਸ ਦੀ ਕਥਾ ਸੁਣ ਗਿਆਨ ਸਿੰਘ ਕੈਨੇਡਾ ਭੇਜੀ ਧੀ ਸਿਮਰਨ ਬਾਰੇ ਫ਼ਿਕਰ ਕਰਦਾ, ਉਹ ਆਪਣੀ ਧੀ ਦੇ ਨਕਸ਼ਾਂ 'ਚੋਂ ਹਾਂ ਪੱਖੀ ਉਮੀਦ ਲਈ ਸੋਚਦਾ, ਸਾਰੀਆਂ ਕੁੜੀਆਂ ਇੱਕੋ ਜੇਹੀਆਂ ਨਹੀਂ ਹੁੰਦੀਆਂ, ਉਸ ਪਾਤਰ ਅੰਦਰ ਮਾਨਸਿਕ ਦਵੰਦ ਹੈ, ਏਸੇ ਦਵੰਦ 'ਚੋਂ ਜ਼ਮੀਨ ਵੇਚ ਕੇ ਧੀ ਨੂੰ ਪੈਸੇ ਭੇਜਣ ਬਾਰੇ ਆਪਣੇ ਆਪ ਨਾਲ ਮਨ ਬਚਨੀਆ ਕਰਦਾ ਆਖਦਾ, 'ਮੈਂ ਆਪਣੀ ਧੀ ਸਿਮਰਨ ਨੂੰ ਪੈਸਿਆਂ ਦੀ ਤੋਟ ਨਹੀਂ ਆਉਣ ਦੇਵਾਂਗਾ।' ਇਹ ਦ੍ਰਿਸ਼ ਦੀ ਕਹਾਣੀ ਹੈ। ਕਿਵੇਂ ਪੰਜਾਬ ਤੋਂ ਕੈਨੇਡਾ ਪੜ੍ਹਨ ਗਈ ਜਵਾਨੀ ਦਰਪੇਸ਼ ਦੁਸ਼ਵਾਰੀਆਂ ਕਾਰਣ ਪੁੱਠੇ ਰਾਹ ਪੈ ਜਾਂਦੀ ਹੈ। ਇਹ ਰੇਪ ਦੀਆਂ ਘਟਨਾਵਾਂ ਤੋਂ ਪੈਦਾ ਹੋਈ ਮਾਨਸਿਕ ਸੰਤਾਪ ਦੀ ਕਹਾਣੀ ਹੈ। ਪਰ ਕਹਾਣੀ ਦੀ ਖ਼ੂਬਸੂਰਤੀ ਏਸੇ ਵਿੱਚ ਹੈ ਕਿ ਸੰਤਾਪ ਭੋਗਦੀ ਧਿਰ ਸੰਤਾਪ ਮੁਕਤ ਹੁੰਦੀ ਹੈ। ਕਿਵੇਂ ਇਸ ਤੋਂ ਮੁਕਤ ਹੋਣਾ, ਸੰਤਾਪ ਦਾ ਪ੍ਰਭਾਵ ਜਿੰਦਰ ਨੇ ਬੜੀ ਖ਼ੂਬਸੂਰਤੀ ਨਾਲ ਸਿਰਜਿਆ ਹੈ। ਇਹ ਅੱਜ ਦੇ ਸਮਿਆਂ ਨੂੰ ਪੇਸ਼ ਕਰਦੀ ਕਹਾਣੀ ਆਪਣੇ ਸਿੱਖਰ ਵੱਲ ਪੁੱਜਦੀ 'ਸੇਫ਼ਟੀ ਕਿੱਟ' ਦਾ ਸੁਨੇਹਾ ਦੇ ਜਾਂਦੀ ਹੈ, ਇਸ ਦਾ ਅੱਗੇ ਜਾ ਕੇ ਜ਼ਿਕਰ ਕਰਾਂਗਾ, ਸੇਫ਼ ਹੋਣਾ ਹੀ ਅੱਜ ਦੇ ਸਮਿਆਂ 'ਚ ਵੱਡੀ ਜਿੱਤ ਹੈ।

ਇਨਾਮ ਯਾਫ਼ਤਾ ਕਿਤਾਬ ਦੀ 'ਚਿਰਾਗ਼' ਕਹਾਣੀ ਦਾ ਪਾਤਰ ਅਰਜਨ ਵਿਗੜ ਜਾਂਦਾ, ਵਿਗੜ ਕੇ ਨਸ਼ੇ ਕਰਨ ਲੱਗਦੈ, ਉਸ ਦਾ ਪਿਉ ਵੀ ਉਸੇ ਰਾਹ ਤੁਰ ਪੈਂਦਾ। ਮਾਂ ਹਰ ਹੀਲੇ ਆਪਣੇ ਪੁੱਤ ਨੂੰ ਬਚਾਉਣਾ ਲੋਚਦੀ। ਕਿਸੇ ਦੇ ਕਹਿਣ 'ਤੇ ਕਿਸੇ ਤਰ੍ਹਾਂ ਪੁੱਤ ਲਈ ਕਿਸੇ ਕੁੜੀ ਦਾ ਜੁਗਾੜ ਲੱਗ ਜਾਵੇ। ਹੋ ਸਕਦਾ ਮੇਰਾ ਪੁੱਤ ਨਸ਼ਿਆ ਤੋਂ ਮੁਕਤ ਹੋ ਕੇ ਆਪਣਾ ਘਰ ਵਸਾ ਲਵੇ। ਘਰ ਟਿੱਕ ਕੇ ਬਹਿ ਜਾਵੇ। ਜੋਤੀ ਵੱਧ ਤੋਂ ਵੱਧ ਪੈਸੇ ਖਰਚ ਕੇ ਉਸ ਲਈ ਕੁੜੀ ਲੱਭਣ ਲਈ ਤਿਆਰ ਹੋ ਜਾਂਦੀ। ਏਸੇ ਤਰ੍ਹਾਂ ਦੀਆਂ ਜਿੰਦਰ ਦੀਆਂ ਹੋਰ ਕਹਾਣੀਆਂ 'ਬੰਦੇ ਬਿਨਾਂ', 'ਚੀਕਾਂ', ਭਾਅ ਜੀ ਉਰਫ਼ ਕਾਮਰੇਡ' ਹਨ ਜੋ ਜਿਨਸੀ ਸਬੰਧਾਂ ਦੀਆਂ ਗੁੱਝੀਆਂ ਰਮਜ਼ਾਂ ਖੋਲ੍ਹਣ ਦਾ ਯਤਨ ਕਰਦੀਆਂ ਹਨ।

'ਬੰਦੇ ਬਿਨਾਂ' ਕਹਾਣੀ ਕਹਿੰਦੀ ਹੈ ਕਿ ਜੇ ਕਿਤੇ ਔਰਤ ਨੂੰ ਮਰਦ ਦਾ ਭੁਸ ਪੈ ਜਾਵੇ, ਮਰਦ ਬਗੈਰ ਉਸਦਾ ਗੁਜ਼ਾਰਾ ਨਹੀਂ ਹੋ ਸਕਦਾ। ਉਹਦੀਆਂ ਤਨ, ਮਨ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਸਕਦੀਆਂ। ਸਿੰਮੀ ਦੇ ਨੌਕਰ ਨਾਲ ਐਨਤਿਕ ਜਿਨਸੀ ਸੰਬੰਧਾਂ ਕਹਾਣੀ 'ਚ ਉੱਘੜ ਕੇ ਸਾਹਮਣੇ ਆਉਂਦੇ। ਕਾਮ ਕਿਵੇਂ ਬਲੀ ਹੈ। ਚਾਹੇ ਔਰਤ ਹੋਵੇ ਜਾਂ ਮਰਦ। ਇਹ ਕਹਾਣੀਆਂ ਮਨੁੱਖ ਅੰਦਰ ਕਾਮ ਨਾਲ ਬੰਨ੍ਹੀਆਂ ਗੰਢਾਂ ਨੂੰ ਪੇਸ਼ ਕਰਦੀਆ ਹਨ। ਕਿਵੇਂ 'ਚੀਕਾਂ' ਵਾਲੀ ਸੁਲੇਖਾ ਨਾਬਾਲਗ ਮੁੰਡੇ ਨੂੰ ਅਸ਼ਲੀਲ ਤੇ ਨਿਊਡ ਫੋਟੋਆ ਵਿਖਾ ਕੇ ਨਾਬਾਲਗ ਤੋਂ ਬਾਲਗ ਬਣਾਉਂਦੀ, 'ਕੜਿੱਕੀ' ਕਹਾਣੀ ਦੀ ਜਸ਼ਨਪ੍ਰੀਤ ਨੂੰ ਉਸ ਦਾ ਪਤੀ ਨਿਸ਼ਾਤ ਵੱਲੋਂ ਪੂਰਾ ਟਾਈਮ ਨਾ ਦੇਣ ਕਾਰਣ, ਅਣਗੌਲਿਆ ਕਾਰਣ, ਉਸ ਨੂੰ ਘਰ ਕੈਦ ਲੱਗਦਾ, ਜਿਵੇਂ ਉਹ ਪਿੰਜਰੇ 'ਚ ਬੈਠੀ ਚੂਹੀ ਹੋਵੇ, ਉਹ ਪਤੀ ਦੀ ਬੇਰੁੱਖੀ ਕਾਰਣ ਆਪਣੇ ਪ੍ਰੇਮੀ ਰਣਜੀਤ ਵੱਲ ਉਲਾਰ ਤਾਂ ਹੋ ਜਾਂਦੀ। ਇੰਨਜਾਏ ਵੀ ਕਰਦੀ, ਜਸ਼ਨ ਵੀ ਮਨਾਉਂਦੀ, ਪਰ ਬੱਚਿਆਂ ਦਾ ਮੋਹ ਉਸ ਨੂੰ ਵਾਪਸ ਮੋੜ ਲਿਆਉਂਦਾ।

ਮੈਂ ਕਿਹਾ ਸੀ 'ਸੇਫ਼ਟੀ ਕਿੱਟ' ਬਾਰੇ ਅਜੇ ਗੱਲ ਕਰਨੀ ਹੈ। ਉਸ ਦੀ ਪਾਤਰ 'ਸਮਾਂਥਾ' ਕਿੰਨੀ ਨਿਧੜਕ ਤੇ ਬੋਲਡ ਕੁੜੀ ਹੈ। ਜੋ ਬਲਾਤਕਾਰ ਤੋਂ ਨਹੀਂ ਡਰਦੀ, ਬਲਾਤਕਾਰ 'ਚੋਂ ਜੀਵਨ ਦਾ ਆਨੰਦ ਮਾਣਦੀ, ਨਿਡਰ ਹੋ ਕੇ ਦੁਨੀਆ ਘੁੰਮਦੀ ਘੁੰਮਣਘੇਰੀ ਵਿੱਚ ਜਕੜੀ ਜਾਂਦੀ, ਪਰ ਚੇਤੰਨ ਵੀ ਬੜੀ ਹੈ ਕਿਤੇ ਬਲਾਤਕਾਰ ਤੋਂ ਪੈਦਾ ਹੋਏ ਡਰ ਤੋਂ ਬਚਣ ਲਈ ਵਿਸ਼ੇਸ਼ ਤਰ੍ਹਾਂ ਦੀ ਪੜ੍ਹਾਈ ਕਰਦੀ, ਸੇਫ਼ਟੀ ਕਿੱਟ ਦੀ ਵਰਤੋਂ ਕਰਦੀ ਹੈ।

'ਭਾਅ ਜੀ ਉਰਫ਼ ਕਾਮਰੇਡ' ਨੂੰ ਕਥਾ ਸੁਣਾਦੀ ਆਖਦੀ, ਦੇਹ ਦੇ ਰਿਸ਼ਤਿਆਂ 'ਚ ਆਦਰਸ਼ਵਾਦ ਲਈ ਕੋਈ ਥਾਂ ਨਹੀ ਹੁੰਦੀ, ਉਸ 'ਚ ਘਿਰੇ ਬੰਦਾ ਜਾਂ ਬੰਦੀ ਜਾਨਵਰਾਂ ਹੋ ਜਾਂਦੇ। 'ਸਕੈੱਚ' ਮਨੋਵਿਗਿਆਨਕ ਵਿਸ਼ੇ ਤੇ ਬੜੀ ਹੀ ਜਾਨਦਾਰ ਕਹਾਣੀ ਹੈ, 'ਸ਼ਰਤ' ਅਤੇ 'ਦੂਰੀਆਂ' ਵੱਖਰੇ ਵਿਸ਼ਿਆਂ ਵਾਲੀਆਂ ਕਹਾਣੀਆਂ ਹਨ, 'ਸ਼ਰਤ' ਵਿੱਚ 'ਅਮੀਰਾ' ਨਾਂ ਦੀ ਛੋਟੀ ਜੇਹੀ ਬੱਚੀ ਦੇ ਸਾਰੇ ਪਰਿਵਾਰ ਦੇ ਮੈਂਬਰ ਇਰਾਕ/ਅਮਰੀਕਾ ਦੇ ਯੁੱਧ 'ਚ ਮਾਰੇ ਜਾਂਦੇ, ਕੇਵਲ ਉਸ ਦੀ ਦਾਦੀ ਬਚਦੀ ਹੈ ਜੋ ਉਸ ਦਾ ਪਾਲਣ-ਪੋਸ਼ਣ ਕਰਦੀ, ਜ਼ੈਨਾ ਨਾਂ ਦੀ ਪੱਤਰਕਾਰ ਕੁੜੀ ਨੂੰ ਉਹ ਭਾਅ ਜਾਂਦੀ। ਉਹ ਉਸ ਨੂੰ ਗੋਦ ਲੈਣਾ ਚਾਹੁੰਦੀ, ਦਾਦੀ ਉਸ ਲਈ ਕੁਝ ਸ਼ਰਤਾਂ ਰੱਖਦੀ, 'ਦੂਰੀਆਂ' ਕਹਾਣੀ ਰਿਸ਼ਤਿਆਂ 'ਚ ਤਰੇੜਾਂ ਦੀ ਗੱਲ ਕਰਦੀ, ਕਿਵੇਂ ਅੱਜ ਦੇ ਸਮਿਆਂ 'ਚ ਭੈਣ ਭਰਾ ਦੇ ਰਿਸ਼ਤੇ ਦੰਭੀ ਹੋ ਗਏ ਨੇ। ਅੱਪਣਤ, ਮੁਹੱਬਤ, ਮੋਹ ਉਨ੍ਹਾਂ 'ਚ ਰਿਹਾ ਨਹੀਂ। ਸਭ ਰਿਸ਼ਤੇ ਮਾਇਆ ਦੇ ਜਾਲ਼ 'ਚ ਫਸ ਕੇ ਮਾਇਆ ਹੋ ਗਏ, ਉਨ੍ਹਾਂ ਇਕ ਦੂਜੇ ਵੱਲ ਪਿੱਠ ਕਰ ਲਈ, ਜਿੰਦਰ ਮਨੋਵਿਗਿਆਨ ਦਾ ਉਹ ਕਹਾਣੀਕਾਰ ਹੈ। ਜਿਸ ਨੇ ਆਪਣੀਆਂ ਕਹਾਣੀਆਂ 'ਚ ਔਰਤ ਮਰਦ ਦੇ ਨਾਜਾਇਜ਼ / ਜਾਇਜ਼ ਰਿਸ਼ਤਿਆਂ ਨੂੰ ਕਸ਼ੀਦਿਆ ਹੈ, ਉਸ ਦੀ ਬਾਤ ਪਾਈ ਹੈ।





ਜਿੰਦਰ ਮਨੁੱਖ ਅੰਦਰ ਬੰਨ੍ਹੀਆਂ ਗੰਢਾਂ ਨੂੰ ਮਨੋਵਿਗਿਆਨ ਨਜ਼ਰੀਏ ਤੋਂ ਵੇਖਦਾ ਕਹਾਣੀ ਕਹਿੰਦਾ ਹੈ। ਜਿੰਦਰ ਪਿੱਛਲੇ ਚਾਲ੍ਹੀ ਸਾਲ ਤੋਂ ਲਗਾਤਾਰ ਕਹਾਣੀ ਲਿਖਦਾ ਆ ਰਿਹਾ ਹੈ। ਉਹ ਬਹੁਤ ਹੀ ਮੇਹਨਤੀ ਇਨਸਾਨ ਹੈ। ਉਸ ਦੀ ਮੇਹਨਤ ਤੇ ਲਗਾਤਾਰਤ ਨੇ ਉਸ ਨੂੰ ਜਿੰਦਰ ਬਣਾਇਆ ਹੈ, ਜਿੰਦਰ ਤਾਂ ਇਸ ਧਰਤੀ ਤੇ ਬਹੁਤ ਹੋਣਗੇ, ਪਰ ਕਹਾਣੀ ਕਹਿਣ ਵਾਲਾ ਇੱਕੋ ਜਿੰਦਰ ਹੈ। ਜਿਸ ਨੇ ਬਹੁਤ ਸਾਰਾ ਸਾਹਿਤ ਅਨੁਵਾਦ ਵੀ ਕੀਤਾ, ਦੁਨੀਆ ਭਰ ਦਾ ਵਧੀਆ ਲਿਟਰੇਚਰ ਪੜ੍ਹਿਆ ਵੀ, ਖੰਘਗਾਲਿਆ ਵੀ।

ਆਪਣੀ ਜ਼ਿੰਦਗੀ ਵਿੱਚ ਉਸ ਨੇ ਲੰਮੀ ਕਿਰਤ ਕੀਤੀ। ਤਿੰਨ ਵਾਰ ਮਾਰਕੀਟ ਕਮੇਟੀ, ਨਕੋਦਰ 'ਚ ਰਿਕਾਰਡ ਸਾਂਭਣ ਤੇ ਰਿਹਾ। ਫਿਰ ਡੇਢ ਸਾਲ ਅਗਰਵਾਲ ਫਾਰਮ ਵਿੱਚ ਕੰਮ ਕੀਤਾ। ਨਕੋਦਰ ਵਿੱਚ ਮੁਨੀਮਗਿਰੀ ਵੀ ਕੀਤੀ। ਜਲੰਧਰ ਆ ਕੇ ਤਕਰੀਬਨ ਚਾਰ ਸਾਲ ਐੱਮ. ਬੀ. ਡੀ. ਪ੍ਰੈੱਸ 'ਚ ਪਰੂਫ਼ ਰੀਡਰ ਰਿਹਾ। ਫਿਰ ਪੰਜਾਬ ਸਰਕਾਰ ਦੇ ਟ੍ਰਾਂਸਪੋਰਟ ਵਿਭਾਗ ਵਿੱਚ ਆਡੀਟਰ ਲੱਗ ਤਾਂ ਉਹਦਾ ਹੱਥ ਕੁਝ ਸੌਖਾ ਹੋਇਆ। ਜਿੰਦਰ ਨੇ ਸੰਤਾਲੀ ਦੀ ਵੰਡ ਬਾਰੇ ਅਨੇਕਾਂ ਸੰਗ੍ਰਹਿ ਸੰਪਾਦਤ ਕਰਕੇ ਮਾਰਕੇ ਦਾ ਕੰਮ ਕੀਤਾ। ਲਹਿੰਦੇ ਪੰਜਾਬ ਦੇ ਕਹਾਣੀਕਾਰਾਂ ਅਸ਼ਫ਼ਾਕ ਅਹਿਮਦ, ਗੁਲਾਮ ਅੱਬਾਸ, ਇੰਤਜ਼ਾਰ ਹੁਸੈਨ, ਬਾਨੋ ਕੁਦਸੀਆਂ, ਸਲੀਮ ਖ਼ਾਨ ਗਿੰਮੀ, ਫ਼ਰਖੰਦਾ ਲੋਧੀ ਦੀਆਂ ਕਿਤਾਬਾਂ ਚੜ੍ਹਦੇ ਪੰਜਾਬ ਵਿੱਚ ਛਪਵਾ ਕੇ ਮਾਰਕੇ ਦਾ ਕੰਮ ਕੀਤਾ। ਉਸ ਦੀ ਕਹਾਣੀ ਉੱਤੇ ਆਲੋਚਨਾ ਦਾ ਢੇਰਾਂ ਦੇ ਢੇਰ ਕੰਮ ਹੋਇਆ। ਅਨੇਕਾਂ ਐੱਮ ਫਿਲ ਤੇ ਪੀਐੱਚ. ਡੀਆ ਹੋਈਆਂ। ਜਿੰਦਰ ਦੀ ਰਚਨਾ ਪੰਜਾਬ ਦੀ ਹਰ ਨੁਕਰ ਤੱਕ ਪੁੱਜੀ ਹੈ। ਉਹਦੀ ਕਹਾਣੀ ਦਾ ਬਹੁਤ ਤੱਕੜਾ ਪਾਠਕ ਵਰਗ ਉੱਠ ਪਿਆ ਹੈ।

ਉਸ ਦੀ ਪੁਸਤਕ 'ਸੇਫ਼ਟੀ ਕਿੱਟ' ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਇਨਾਮ ਦੇ ਕੇ ਨਿਵਾਜਣਾ, ਆਪਣੇ ਆਪ ਨੂੰ ਨਿਵਾਜਣਾ ਹੈ। ਜਿੰਦਰ ਕਹਾਣੀ ਅੰਦਰ ਕੰਕਰ ਸੁੱਟ ਕੇ, ਕਹਾਣੀ ਦੀ ਪਰਕਰਮਾ ਕਰਦਾ ਹੈ। ਜਿੰਦਰ ਨੇ ਪੰਜਾਬੀ ਕਹਾਣੀ ਨੂੰ ਹੋਰ ਉੱਚੀ ਥਾਂ ਪੁੱਜਦਾ ਕੀਤਾ ਹੈ। ਇਸ ਇਨਾਮ ਤੱਕ ਪੁੱਜਣ ਪਿੱਛੇ ਇਕ ਲੰਮੀ ਘਾਲ਼ਣਾ ਹੈ। ਉਸ ਦੀ ਕਹਾਣੀ ਲਿਸ਼ਕੀ ਹੈ। ਚਮਕੀ ਹੈ। ਅੱਜ 'ਸੇਫ਼ਟੀ ਕਿੱਟ' ਦੀ ਲਿਸ਼ਕੋਰ ਦੂਰ ਤੱਕ ਪੈਣ ਲੱਗ ਪਈ ਹੈ।


*ਸੰਪਰਕ 94172-07627*

# ਚੁੱਪ ਜਾਂ ਭਵਿੱਖ ਵਿੱਚੋਂ ਇੱਕ ਨੂੰ ਚੁਣਨਾ ਪਵੇਗਾ ਅਜੋਕੇ ਹਾਲਾਤ ਵਿੱਚ

ਭਾਰਤ ਦੇਸ਼ ਚੱਲ ਰਿਹਾ ਕਿਹਾ ਜਾਂਦਾ ਹੈ, ਪਰ ਚੱਲ ਕਿੱਧਰ ਨੂੰ ਰਿਹਾ ਹੈ, ਇਸ ਬਾਰੇ ਮੱਤਭੇਦ ਬਹੁਤ ਜ਼ਿਆਦਾ ਸੁਣੇ ਜਾ ਸਕਦੇ ਹਨ। ਫਿਰ ਵੀ ਚੱਲ ਰਿਹਾ ਹੈ। ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਪਾਰਟੀ, ਇਸ ਦੇ ਪਿੱਛੇ ਖੜੇ ਸਿਧਾਂਤਕ ਕਮਾਂਡ ਕਰਦੇ ਦੱਸੇ ਜਾਂਦੇ ਸੰਗਠਨ ਦੇ ਆਗੂ, ਸਰਕਾਰ ਦਾ ਵਿਸ਼ਵ ਗੁਰੂ ਬਣਨ ਦੀ ਇੱਛਾ ਚੁੱਕੀ ਫਿਰਦਾ ਮੁਖੀ ਤੇ ਉਨ੍ਹਾਂ ਦੇ ਮੀਡੀਆ ਢੰਡੋਰਚੀ ਕਹਿੰਦੇ ਹਨ ਕਿ ਦੇਸ਼ ਨਾ ਸਿਰਫ ਚੱਲ ਰਿਹਾ ਹੈ, ਸਗੋਂ ਇਹ ਦੌੜ ਰਿਹਾ ਹੈ, ਪਰ ਬਾਕੀ ਲੋਕ ਇਸ ਧਾਰਨਾ ਨਾਲ ਬਹੁਤਾ ਕਰ ਕੇ ਸਹਿਮਤ ਨਹੀਂ ਹੁੰਦੇ। ਲੋਕਾਂ ਵਿੱਚੋਂ ਹਰ ਕਿਸੇ ਦੀ ਸੋਚ ਦੀ ਦਿਸ਼ਾ ਵੀ ਤੇ ਧਾਰਨਾ ਵੀ ਵੱਖੋ-ਵੱਖ ਹੈ ਅਤੇ ਬਹੁਤਾ ਕਰ ਕੇ ਏਨੇ ਵਖਰੇਵੇਂ ਵਾਲੀ ਹੈ ਕਿ ਕੁਝ ਲੋਕ 'ਚੱਲ ਰਿਹਾ' ਨੂੰ ਮਸਾਂ ਸਰਕਦਾ ਮੰਨਦੇ ਹਨ ਤੇ ਕੁਝ ਦੌੜ ਲਾਉਂਦਾ ਕਹਿਣ ਤੱਕ ਚਲੇ ਜਾਂਦੇ ਹਨ। ਇੱਕ ਗੱਲ ਵਿੱਚ ਸਭ ਦੀ ਸੋਚ ਮਿਲਦੀ ਦਿੱਸ ਸਕਦੀ ਹੈ ਕਿ ਹੋਰ ਕਿਸੇ ਕੰਮ ਵਿੱਚ ਚੱਲ ਰਿਹਾ ਹੋਵੇ ਜਾਂ ਨਾ, ਸਿਆਸੀ ਖੇਤਰ ਵਿੱਚ ਇੱਕ-ਦੂਸਰੇ ਦੇ ਜੜ੍ਹੀਂ ਤੇਲ ਦੇਣ ਲਈ ਇਸ ਦੇਸ਼ ਵਿੱਚ ਜਿੰਦਾਂ ਦੀ ਦੌੜ ਲੱਗੀ ਰਹਿੰਦੀ ਹੈ, ਉਹਦੀ ਰਫਤਾਰ ਕਦੀ ਘੱਟ ਹੁੰਦੀ ਨਹੀਂ ਵੇਖੀ ਗਈ। ਪੰਡਤ ਜਵਾਹਰ ਲਾਲ ਨਹਿਰੂ ਦੀ ਪਹਿਲੀ ਸਰਕਾਰ ਤੋਂ ਨਰਿੰਦਰ ਮੋਦੀ ਦੀ ਅਜੋਕੀ ਕੇਂਦਰ ਸਰਕਾਰ ਤੱਕ ਇਹ ਦੌੜ ਇੱਕੋ ਤਰ੍ਹਾਂ ਦੀ ਦੇਖੀ ਜਾ ਰਹੀ ਹੈ।

ਸਾਡੇ ਭਾਰਤ ਕੋਲ ਵਸੀਲਿਆਂ ਦੀ ਕਮੀ ਨਹੀਂ, ਪਰ ਜਿਸ ਲੋਕਤੰਤਰੀ ਪ੍ਰਬੰਧ ਨੂੰ ਅਸੀਂ ਆਪਣੇ ਦੇਸ਼ ਦਾ ਗਹਿਣਾ ਮੰਨਦੇ ਰਹੇ ਹਾਂ, ਉਹ ਇਸ ਵੇਲੇ ਇਸ ਦੇ ਜੜ੍ਹੀਂ ਤੇਲ ਦੇਣ ਵਾਲਾ ਬਣਦਾ ਜਾ ਰਿਹਾ ਹੈ। ਹਰ ਪਾਰਟੀ ਆਪਣਾ ਤਾਣ ਇਸ ਗੱਲ ਲਈ ਲਾਉਂਦੀ ਜਾਪਦੀ ਹੈ ਕਿ ਉਹ ਲੋਕਾਂ ਨੂੰ ਬਾਕੀ ਸਭਨਾਂ ਤੋਂ ਵੱਧ ਛੋਟਾਂ ਦੇ ਸਕਦੀ ਹੈ ਅਤੇ ਇਸ ਮੁਕਾਬਲੇਬਾਜ਼ੀ ਵਿੱਚ ਦੇਸ਼ ਅਤੇ ਦੇਸ਼ ਦੇ ਖਜ਼ਾਨੇ ਦਾ ਕੀ ਬਣਦਾ ਹੈ, ਇਸ ਦਾ ਫਿਕਰ ਕਿਸੇ ਨੂੰ ਨਹੀਂ। ਅੰਕੜਿਆਂ ਦੇ ਲੇਖੇ-ਜੋਖੇ ਪੇਸ਼ ਕਰ ਕੇ ਆਮ ਲੋਕਾਂ ਨੂੰ ਭਰਮਾਉਣ ਲਈ ਹਰ ਕਿਸਮ ਦੇ ਪਾਪੜ ਵੇਲੇ ਜਾਂਦੇ ਹਨ ਅਤੇ ਜਿਹੜੀ ਸਰਕਾਰ ਚਲੀ ਜਾਂਦੀ ਹੈ, ਉਸ ਦੇ ਬਾਅਦ ਉਸ ਦੇ ਰਾਜ ਨੂੰ ਧੋਖੇ ਦਾ ਦੌਰ ਸਾਬਤ ਕਰਨ ਲਈ ਹਰ ਕੋਈ ਤਿਆਰ ਮਿਲਦਾ ਹੈ। ਏਦਾਂ ਦੀ ਖੇਡ ਅੱਜ ਨਹੀਂ ਚੱਲਣ ਲੱਗੀ, ਚਿਰਾਂ ਤੋਂ ਚੱਲਦੀ ਆਈ ਸੀ ਅਤੇ ਇਸ ਦੀ ਸਿਖਰ ਡਾਕਟਰ ਮਨਮੋਹਨ ਸਿੰਘ ਵਰਗੇ ਸਿਆਣੇ ਆਰਥਕ ਮਾਹਰ ਦੇ ਰਾਜ ਦੌਰਾਨ ਕੇਂਦਰੀ ਗੱਠਜੋੜ ਵਿੱਚ ਸ਼ਾਮਲ ਲਾਲੂ ਪ੍ਰਸਾਦ ਨੇ ਛੋਹੀ ਸੀ। ਲਾਲੂ ਪ੍ਰਸਾਦ ਦੇ ਰੇਲਵੇ ਮੰਤਰੀ ਹੋਣ ਸਮੇਂ ਪਹਿਲੇ ਦੋ ਸਾਲ ਲੋਕ ਇਸ ਗੱਲ ਤੋਂ ਹੈਰਾਨ ਹੁੰਦੇ ਰਹੇ ਕਿ ਉਹ ਕਿਰਾਏ ਵਧਾਉਣ ਬਗੈਰ ਵੀ ਰੇਲਵੇ ਨੂੰ ਘਾਟੇ ਦੀ ਬਜਾਏ ਮੁਨਾਫੇ ਵਿੱਚ ਜਾਂਦੀ ਵਿਖਾਈ ਜਾਂਦਾ ਹੈ। ਤੀਜੇ ਸਾਲ ਜਾ ਕੇ ਭੇਦ ਖੁੱਲ੍ਹਾ ਕਿ ਉਹ ਅੰਕੜਿਆਂ ਦੀ ਜਾਦੂਗਰੀ ਕਰਦਾ ਹੈ, ਬੈਲੈਂਸ ਸ਼ੀਟ ਬਣਾਉਣ ਵੇਲੇ ਰੇਲਵੇ ਦੀਆਂ ਜਾਇਦਾਦਾਂ ਦਾ ਹਰ ਥਾਂ ਸਾਲੋ-ਸਾਲ ਮੁੱਲ ਵਧ ਗਿਆ ਦੱਸਦਾ ਅਤੇ ਉਨ੍ਹਾਂ ਦੀ 'ਮਾਰਕੀਟ ਕੀਮਤ' ਭਰਨ ਦੇ ਬਾਅਦ ਦੇਸ਼ ਦੇ ਸਾਹਮਣੇ ਮੁਨਾਫੇ ਦਾ ਲੇਖਾ ਪੇਸ਼ ਕਰ ਦੇਂਦਾ ਹੁੰਦਾ ਸੀ।

ਕਿਸੇ ਸਾਧਾਰਨ ਵਿਅਕਤੀ ਦਾ ਪੰਜ ਮਰਲੇ ਦਾ ਘਰ ਵੀ ਅੱਜ ਤੋਂ ਤੀਹ ਸਾਲ ਪਹਿਲਾਂ ਜੇ ਕਿਸੇ ਗਰੀਬ ਮੁਹੱਲੇ ਦੀ ਭੀੜੀ ਗਲੀ ਵਿੱਚ ਵੀਹ ਹਜ਼ਾਰ ਰੁਪਏ ਪ੍ਰਤੀ ਮਰਲਾ ਹੁੰਦਾ ਸੀ, ਵਧਦੀਆਂ ਕੀਮਤਾਂ ਨਾਲ ਅੱਜ ਤੱਕ ਉਹ ਪੰਜ ਲੱਖ ਰੁਪਏ ਮਰਲਾ ਨੂੰ ਪਹੁੰਚ ਗਿਆ ਹੋਵੇਗਾ, ਪਰ ਇਸ ਨਾਲ ਉਸ ਵਿਅਕਤੀ ਦੀ ਹਾਲਤ ਤਾਂ ਨਹੀਂ ਸੁਧਰੀ। ਬੈਲੈਂਸ ਸ਼ੀਟ ਦਿਖਾਉਣੀ ਹੋਵੇ ਤਾਂ ਘਰ ਦੀ ਮਾਰਕੀਟ ਕੀਮਤ ਦੱਸ ਕੇ ਕਿਹਾ ਜਾ ਸਕਦਾ ਹੈ ਕਿ ਉਹ ਬੰਦਾ ਤੀਹ ਸਾਲ ਪਹਿਲਾਂ ਮਸਾਂ ਸੱਠ ਹਜ਼ਾਰ ਦਾ ਮਾਲਕ ਸੀ ਅਤੇ ਅੱਜ ਦਸ ਲੱਖ ਦਾ ਮਾਲਕ ਹੈ, ਪਰ ਇਹ ਸਿਰਫ ਵਿਖਾਵਾ ਹੈ, ਜ਼ਿੰਦਗੀ ਨਹੀਂ ਸੁਧਰੀ ਹੁੰਦੀ। ਬਿਹਾਰ ਵਿੱਚ ਇਨ੍ਹਾਂ ਤਿਕੜਮਾਂ ਨਾਲ ਲੋਕਾਂ ਨੂੰ ਮੂਰਖ ਬਣਾਉਂਦਾ ਆਇਆ ਲਾਲੂ ਪ੍ਰਸਾਦ ਜਦੋਂ ਕੇਂਦਰ ਦਾ ਰੇਲਵੇ ਮੰਤਰੀ ਬਣ ਕੇ ਇਹੋ ਕੁਝ ਕਰਨ ਲੱਗ ਪਿਆ ਤਾਂ ਡਾਕਟਰ ਮਨਮੋਹਨ ਸਿੰਘ ਜਾਂ ਪੀ ਚਿਦੰਬਰਮ ਵਰਗੇ ਹੋਰ ਸਾਥੀ ਮੰਤਰੀਆਂ ਦੀ ਅੱਖ ਤੋਂ ਲੁਕਿਆ ਨਹੀਂ ਰਿਹਾ ਹੋਵੇਗਾ, ਪਰ ਗੱਠਜੋੜ ਦੀ ਮਜਬੂਰੀ ਨੇ ਮੂੰਹ ਬੰਦ ਕਰ ਰੱਖੇ ਸਨ। ਬਿਹਾਰ ਤੋਂ ਉੱਠਿਆ ਲਾਲੂ ਖੁਦ ਤਾਂ ਕੇਂਦਰ ਵਿੱਚ ਆ ਗਿਆ, ਪਰ ਪਿੱਛੇ ਉਸ ਰਾਜ ਦੀ ਕਮਾਂਡ ਜਿਸ ਨਿਤੀਸ਼ ਕੁਮਾਰ ਨੇ ਸੰਭਾਲੀ, ਇਸ ਚਲਾਕੀ ਨੂੰ ਉਹ ਵੀ ਸਮਝਦਾ ਹੋਵੇਗਾ ਤੇ ਇਸ ਦੇ ਬਾਅਦ ਉਹ ਵੀ ਇਹੋ ਜਿਹੀਆਂ ਤਿਕੜਮਾਂ ਨਾਲ ਆਪਣੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਤੇ ਹਰ ਵਾਰ ਚੋਣਾਂ ਜਿੱਤਣ ਦੀ ਖੇਡ ਖੇਡਦਾ ਰਿਹਾ ਹੋਵੇਗਾ। ਨਤੀਜਾ ਅੱਜ ਸਭ ਦੇ ਸਾਹਮਣੇ ਹੈ ਕਿ ਲਾਲੂ ਪ੍ਰਸਾਦ ਵੀ ਲੰਮਾ ਸਮਾਂ ਰਾਜ ਕਰੀ ਗਿਆ, ਨਿਤੀਸ਼ ਕੁਮਾਰ ਵੀ ਕਰੀ ਗਿਆ, ਪਰ ਲੋਕ ਗਰੀਬੀ ਨਾਲ ਘੁਲਦੇ ਰਹਿ ਗਏ।

ਅੱਜ ਜਦੋਂ ਭਾਰਤ ਵਿੱਚ ਰਾਜ ਕਰਦੀ ਜਾਂ ਰਾਜ ਕਰਨ ਲਈ ਫਾਵੀ ਹੋਈ ਹਰ ਪਾਰਟੀ ਆਮ ਲੋਕਾਂ ਅੱਗੇ ਛੋਟਾਂ ਦੇ ਐਲਾਨ ਕਰਨ ਦੇ ਮੁਕਾਬਲੇ ਵਿੱਚ ਰੁੱਝੀ ਦਿੱਸਦੀ ਹੈ, ਦੋ ਗੱਲਾਂ ਨਾਲੋ-ਨਾਲ ਚੱਲ ਰਹੀਆਂ ਹਨ। ਇੱਕ ਇਹ ਕਿ ਵਿਰੋਧ ਦੀ ਹਰ ਪਾਰਟੀ ਆਪਣੇ ਮੂਹਰੇ ਖੜੀ ਕੇਂਦਰ ਜਾਂ ਸੂਬੇ ਦਾ ਰਾਜ ਚਲਾਉਂਦੀ ਪਾਰਟੀ ਉੱਤੇ ਦੋਸ਼ ਲਾਉਂਦੀ ਹੈ ਕਿ ਛੋਟਾਂ ਦੇਣ ਦੇ ਚੱਕਰ ਵਿੱਚ ਇਹ ਖਜ਼ਾਨੇ ਦਾ ਭੱਠਾ ਬਿਠਾਈ ਜਾਂਦੀ ਅਤੇ ਕਰਜ਼ੇ ਦਾ ਬੋਝ ਵਧਾਈ ਜਾਂਦੀ ਹੈ ਅਤੇ ਦੂਸਰਾ ਇਹ ਕਿ ਇਸ ਪਾਰਟੀ ਨੇ ਲੋਕਾਂ ਨੂੰ ਕੱਖ ਵੀ ਨਹੀਂ ਦਿੱਤਾ, ਜਦੋਂ ਸਾਡਾ ਰਾਜ ਹੁੰਦਾ ਸੀ, ਅਸੀਂ ਏਦੂੰ ਵੱਧ ਦੇਂਦੇ ਸੀ ਅਤੇ ਜਦੋਂ ਸਾਡਾ ਰਾਜ ਫਿਰ ਆ ਗਿਆ, ਲੋਕਾਂ ਨੂੰ ਇਹੋ ਜਿਹੀਆਂ ਛੋਟਾਂ ਦੇਵਾਂਗੇ ਕਿ ਇਸ ਵਕਤ ਰਾਜ ਕਰਨ ਵਾਲੀ ਪਾਰਟੀ ਨੂੰ ਦੇਸ਼ ਜਾਂ ਰਾਜ ਦੇ ਲੋਕ ਚੇਤੇ ਰੱਖਣ ਦੀ ਲੋੜ ਨਹੀਂ ਸਮਝਣਗੇ। ਰਾਜਾਂ ਦੀ ਅਗਵਾਈ ਕੇਂਦਰ ਸਰਕਾਰ ਨੇ ਕਰਨੀ ਹੁੰਦੀ ਤੇ ਵੇਖਣਾ ਹੁੰਦਾ ਹੈ ਕਿ ਉਹ ਕੁਝ ਗਲਤ ਨਾ ਕਰਨ, ਜਿਸ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਦਾ ਆਰਥਿਕਤਾ ਨੂੰ ਨੁਕਸਾਨ ਹੋਵੇ, ਪਰ ਜਦੋਂ ਉਹ ਖੁਦ ਇਹੀ ਕੁਝ ਕਰਦੀ ਹੋਵੇ ਤਾਂ ਦੋਸ਼ਾਂ ਤੇ ਜਵਾਬੀ ਦੋਸ਼ਾਂ ਦੀ ਝੜੀ ਲੱਗਣ ਤੋਂ ਵੱਧ ਕੁਝ ਨਹੀਂ ਹੁੰਦਾ। ਹਰ ਪਾਰਟੀ ਸਿਆਸਤ ਦੇ ਕਮਾਲ ਦੀ ਨੰਗੀ ਖੇਡ ਖੇਡਦੀ ਹੈ ਕਿ ਕਿਸੇ ਨੂੰ ਕੋਈ ਪਰਦਾ ਰੱਖਣ ਦੀ ਲੋੜ ਮਹਿਸੂਸ ਨਹੀਂ ਹੁੰਦੀ, ਸਗੋਂ ਏਦਾਂ ਦੀ ਧੂੜ ਉਡਾਈ ਰੱਖਦੀ ਹੈ ਕਿ ਲੋਕ ਕਦੇ ਕਿਸੇ ਵੱਲ ਅਤੇ ਕਦੇ ਕਿਸੇ ਵੱਲ ਵੇਖਦੇ ਇਸ ਉਲਝਣ ਵਿੱਚ ਫਸੇ ਰਹਿੰਦੇ ਹਨ ਕਿ ਆਹ ਬਹੁਤੇ ਮਾੜੇ ਹਨ ਜਾਂ ਔਹ ਬਹੁਤੇ ਮਾੜੇ ਜਾਪਦੇ ਹਨ। ਭਾਰਤੀ ਸਮਾਜ ਦੀ ਸਭ ਤੋਂ ਵੱਡੀ ਉਲਝਣ ਅੱਜ ਵੀ ਇਹੋ ਹੈ।

ਆਰਥਕ ਮਾਹਰਾਂ ਦੀ ਕਮੀ ਭਾਰਤ ਕੋਲ ਨਹੀਂ, ਸਿਰਫ ਦੇਸ਼ ਲਈ ਤਿਆਗ ਤੇ ਸਪੱਸ਼ਟ ਪੈਂਤੜੇ ਲੈਣ ਦੀ ਹਿੰਮਤ ਵਾਲੀ ਲੀਡਰਸ਼ਿਪ ਦੀ ਘਾਟ ਹੈ। ਏਦਾਂ ਫੈਸਲੇ ਲੈਣ ਲਈ ਪਹਿਲਾਂ ਇਹ ਸੋਚਣਾ ਪੈਂਦਾ ਹੈ ਕਿ ਕੁਰਸੀ ਰਹੇ ਨਾ ਰਹੇ, ਦੇਸ਼ ਜਾਂ ਰਾਜ ਦੀ ਜੜ੍ਹ ਨੂੰ ਸਿਉਂਕ ਲਾਉਣ ਵਾਲਾ ਇਹੋ ਜਿਹਾ ਕੋਈ ਫੈਸਲਾ ਕਦੇ ਨਹੀਂ ਕਰਨਾ, ਜਿਸ ਕਾਰਨ ਇਸ ਦੇ ਭਵਿੱਖ ਦੀ ਹੋਂਦ ਉੱਤੇ ਸਵਾਲੀਆ ਨਿਸ਼ਾਨ ਲੱਗ ਸਕਦੇ ਹੋਣ। ਹੁੰਦਾ ਉਲਟਾ ਇਹ ਹੈ ਕਿ ਜਿਨ੍ਹਾਂ ਨੂੰ ਬੜੇ ਤਿਆਗੀ ਮੰਨ ਕੇ ਲੋਕਾਂ ਨੇ ਅੱਗੇ ਲਿਆਂਦਾ ਸੀ, ਸੱਤਾ ਸੁੱਖ ਮਾਨਣ ਲਈ ਉਹ ਬੇਅਸੂਲੇ ਸਮਝੌਤੇ ਲਈ ਵਕਤ ਵੇਖੇ ਬਿਨਾਂ ਤਿਆਰ ਹੁੰਦੇ ਸਨ ਅਤੇ ਡਾਕਟਰ ਮਨਮੋਹਨ ਸਿੰਘ ਵਰਗਾ ਈਮਾਨਦਾਰ ਲੀਡਰ ਵੀ ਪੈਸੇ ਦੀ ਖਿੱਚ ਤੋਂ ਬਚ ਰਹਿਣ ਦੇ ਬਾਵਜੂਦ ਸੱਤਾ ਦੇ ਜਲੌਅ ਤੋਂ ਪਾਸਾ ਵੱਟ ਕੇ ਲੰਘਣ ਦੀ ਨਹੀਂ ਸੀ ਸੋਚ ਸਕਿਆ। ਜਦੋਂ ਉਸ ਦੇ ਰਾਜ ਵਿੱਚ ਪਹਿਲਾਂ ਇੱਕ ਕੇਂਦਰੀ ਮੰਤਰੀ ਟੈਲੀਕਾਮ ਦੇ ਟੂ-ਜੀ ਸਪੈਕਟਰਮ ਵਿੱਚ ਫਸਿਆ, ਫਿਰ ਕਾਮਨਵੈੱਲਥ ਖੇਡ ਘੁਟਾਲਾ ਹੋਇਆ ਤੇ ਕਈ ਵੱਡੇ ਆਗੂ ਫਸ ਗਏ, ਰਹਿੰਦੀ ਕਸਰ ਕੋਲਾ ਘੁਟਾਲੇ ਨੇ ਕੱਢ ਦਿੱਤੀ ਸੀ, ਮਨਮੋਹਨ ਸਿੰਘ ਨੂੰ ਕੁਰਸੀ ਛੱਡਣੀ ਤੇ ਘਰ ਬੈਠਣ ਦਾ ਫੈਸਲਾ ਲੈਣਾ ਚਾਹੀਦਾ ਸੀ। ਉਹ ਏਨੀ ਹਿੰਮਤ ਨਹੀਂ ਕਰ ਸਕਿਆ ਤੇ ਆਪਣਾ ਉਮਰ ਭਰ ਦਾ ਬਣਿਆ ਅਕਸ ਬਚਾ ਕੇ ਰੱਖਣ ਵਾਲੀ ਪਰਖ ਦੀ ਘੜੀ ਹੱਥੋਂ ਖਿਸਕਦੀ ਵੇਖਦਾ ਰਿਹਾ ਸੀ। ਅੱਜ ਵੀ ਲੋਕ ਉਸ ਨੂੰ ਭਾਰਤ ਦਾ ਸਭ ਤੋਂ ਈਮਾਨਦਾਰ ਪ੍ਰਧਾਨ ਮੰਤਰੀ ਮੰਨਣ ਵਾਸਤੇ ਤਿਆਰ ਹਨ, ਪਰ ਅਗਲੀ ਗੱਲ ਇਹ ਕਹਿੰਦੇ ਹਨ ਕਿ ਭਾਰਤ ਦੀ ਸਭ ਤੋਂ ਵੱਧ ਭ੍ਰਿਸ਼ਟਾਚਾਰੀ ਮੰਤਰੀਆਂ ਵਾਲੀ ਟੀਮ ਦਾ ਮੋਹਰੀ ਆਗੂ ਵੀ ਉਹੋ ਸੀ, ਉਸ ਟੀਮ ਦੇ ਮੰਤਰੀਆਂ ਦਾ, ਜਿਨ੍ਹਾਂ ਲਈ 'ਬਾਪ ਵੱਡਾ ਨਾ ਭਈਆ, ਸਭ ਤੋਂ ਵੱਡਾ ਰੁਪੱਈਆ' ਤੋਂ ਵੱਡਾ ਕੋਈ ਅਸੂਲ ਕਦੀ ਹੋਇਆ ਹੀ ਨਹੀਂ ਅਤੇ ਸ਼ਾਇਦ ਕਦੇ ਹੋਣਾ ਵੀ ਨਹੀਂ।

ਅਜੋਕੇ ਸਮੇਂ ਵਿੱਚ ਭਾਰਤ ਕੋਲ ਏਦਾਂ ਦਾ ਪ੍ਰਧਾਨ ਮੰਤਰੀ ਹੈ, ਜਿਹੜਾ ਆਪਣੇ ਆਪ ਨੂੰ ਤਿਆਗੀ ਦੱਸਦਾ ਤੇ ਇਹ ਕਹਿੰਦਾ ਹੈ ਕਿ 'ਅਪਨੇ ਆਗੇ ਨਾ ਪੀਛੇ' ਕੋਈ ਹੋਰ ਹੋਣ ਕਾਰਨ ਜਿਸ ਦਿਨ ਦਿਲ ਕੀਤਾ, ਥੈਲਾ ਉਠਾ ਕੇ ਚੱਲ ਪਵੇਗਾ ਤੇ ਉਸ ਦੀ ਇਸ ਦੀ ਗੱਲ ਨੂੰ ਹਕੀਕਤਾਂ ਤੋਂ ਪਰਖੇ ਬਿਨਾਂ ਆਮ ਲੋਕ ਤਾੜੀਆਂ ਮਾਰ ਉੱਠਦੇ ਹਨ। ਸਾਧੂਆਂ ਵਰਗੀ ਰਾਜ ਦੀ ਪਿਰਤ ਪਾਲਣੀ ਹੋਵੇ ਤਾਂ ਭਾਸ਼ਣਾਂ ਤੋਂ ਨਹੀਂ, ਅਮਲ ਤੋਂ ਨਜ਼ਰ ਪੈਣੀ ਚਾਹੀਦੀ ਹੈ। ਅਮਲ ਵਿੱਚ ਮਨਮੋਹਨ ਸਿੰਘ ਦੇ ਰਾਜ ਵੇਲੇ ਕਾਂਗਰਸ ਦੀ ਅਸਲੀ ਲੀਡਰਸ਼ਿਪ ਨੇ ਅੰਬਾਨੀਆਂ ਦੀ ਚੜ੍ਹਤ ਲਈ ਸਮੁੱਚੇ ਮੁਲਕ ਦੀ ਆਰਥਿਕਤਾ ਦਾਅ ਉੱਤੇ ਲਾ ਰੱਖੀ ਸੀ ਤੇ ਅਜੋਕੇ ਤਿਆਗੀ ਬਣਦੇ ਪ੍ਰਧਾਨ ਮੰਤਰੀ ਦੇ ਵਕਤ ਸਾਰਾ ਕੁਝ ਅਡਾਨੀ ਨਾਂਅ ਦੇ ਉਸ ਪੂੰਜੀਪਤੀ ਦੀ ਖਿਦਮਤ ਵਿੱਚ ਲਾਇਆ ਪਿਆ ਹੈ, ਜਿਸ ਦੇ ਬੇਅਸੂਲੇ ਕਾਰੋਬਾਰ ਦੀ ਭੰਡੀ ਦੁਨੀਆ ਭਰ ਵਿੱਚ ਹੈ। ਆਦਮੀ ਲਫਜ਼ਾਂ ਦੀ ਵਾਛੜ ਤੋਂ ਨਹੀਂ, ਅਮਲਾਂ ਜਾਂ ਨੇੜਲੇ ਬੰਦਿਆਂ ਦੀ ਸੰਗਤ ਤੋਂ ਪਛਾਣਿਆ ਜਾਂਦਾ ਹੈ ਅਤੇ ਮੌਜੂਦਾ ਤਿਆਗੀ ਪ੍ਰਧਾਨ ਮੰਤਰੀ ਦੀ ਟੀਮ ਕੇਂਦਰ ਵਿੱਚ ਵੀ ਅਤੇ ਜਿੱਥੇ ਕਿਸੇ ਰਾਜ ਦੀ ਸਰਕਾਰ ਚਲਾਉਣ ਦਾ ਮੌਕਾ ਮਿਲਦਾ ਹੈ, ਓਥੇ ਵੀ ਸ਼ਰਮ ਦਾ ਛਿੱਕਾ ਲਾਹੀ ਫਿਰਦੇ ਰਾਜਸੀ ਤੇ ਕਾਰੋਬਾਰੀ ਲੋਕਾਂ ਨਾਲ ਭਰੀ ਪਈ ਹੈ। ਕਦੀ ਇਸ ਦੇਸ਼ ਵਿੱਚ ਧਰਮ ਗੁਰੂਆਂ ਦੇ ਕਹੇ ਅਨੁਸਾਰ ਰਾਜ-ਧਰਮ ਕਹੇ ਜਾਂਦੇ ਅਸੂਲਾਂ ਮੁਤਾਬਕ ਰਾਜ ਚਲਾਉਣ ਦੀਆਂ ਕਹਾਣੀਆਂ ਸੁਣਦੇ ਸਾਂ, ਇੰਦਰਾ ਗਾਂਧੀ ਦੇ ਵਕਤ ਧੀਰੇਂਦਰ ਬ੍ਰਹਮਚਾਰੀ ਤੇ ਨਰਸਿਮਹਾ ਰਾਓ ਵੇਲੇ ਚੰਦਰਾ ਸਵਾਮੀ ਵਰਗੇ ਲੋਕਾਂ ਨੇ ਅਗਵਾਈ ਕਰਨ ਦਾ ਵਿਖਾਵਾ ਕਰ ਕੇ ਦੇਸ਼ ਅਤੇ ਸਰਕਾਰ ਦੀ ਬੇੜੀ ਡੋਬੀ ਸੀ। ਉਸ ਤੋਂ ਸਬਕ ਸਿੱਖਿਆ ਜਾ ਸਕਦਾ ਸੀ, ਪਰ ਜਿਨ੍ਹਾਂ ਨੂੰ ਏਦਾਂ ਦੇ ਸਬਕ ਸਿੱਖਣ ਦਾ ਮੌਕਾ ਚਾਹੀਦਾ ਸੀ, ਉਹ ਅੱਗੋਂ ਕਹਿੰਦੇ ਹਨ ਕਿ ਸਾਨੂੰ ਕਿਸੇ ਸਬਕ ਸਿੱਖਣ ਦੀ ਲੋੜ ਨਹੀਂ, ਦੂਸਰੇ ਲੋਕ ਸਾਨੂੰ ਸਿਖਾਉਣ ਜੋਗੇ ਹੁੰਦੇ ਤਾਂ ਆਪ ਇਸ ਕੁਰਸੀ ਤੱਕ ਪਹੁੰਚ ਜਾਂਦੇ! ਇਹ ਇਹੋ ਜਿਹੀ ਰਾਜ-ਹੱਠ ਵਾਲੀ ਹੱਦ ਹੈ, ਜਿੱਥੇ ਜਾ ਕੇ ਕੋਈ ਡੁੱਬਦਾ ਹੋਵੇ ਤਾਂ ਉਸ ਨੂੰ ਬਚਾਉਣ ਵਾਸਤੇ ਕੁਝ ਕਰਨ ਦੀ ਥਾਂ ਸਿਰਫ ਉਸ ਉੱਤੇ ਤਰਸ ਕੀਤਾ ਜਾ ਸਕਦਾ ਹੈ। ਦੁੱਖ ਇਸ ਗੱਲ ਬਾਰੇ ਹੈ ਕਿ ਇਹੋ ਜਿਹੀ ਆਰਥਕ ਅਤੇ ਸਮਾਜੀ ਹਾਲਤ ਵਿੱਚ ਡੁੱਬਣਾ ਵੀ ਉਨ੍ਹਾਂ ਲੀਡਰਾਂ ਇਕੱਲਿਆਂ ਨੇ ਨਹੀਂ, ਇਸ ਦੇ ਨਾਲ ਭਾਰਤ ਦੇ ਹਰ ਰਾਜ ਦੇ ਵਸਨੀਕ ਲੋਕਾਂ ਦੇ ਭਵਿੱਖ ਉੱਤੇ ਵੀ ਕਾਲੇ ਪ੍ਰਛਾਵੇਂ ਵਧਦੇ ਜਾਂਦੇ ਹਨ।

ਭਾਰਤ ਦੇ ਅਜੋਕੇ ਮੁਖੀ ਨੂੰ ਜਿਸ ਵੇਲੇ ਇੱਕ ਰਾਜ ਦਾ ਮੁਖੀ ਬਣਾਇਆ ਗਿਆ ਸੀ, ਉਹ ਉਸ ਪਾਰਟੀ ਵਿੱਚ ਵਧੀ ਜਾ ਰਹੀ ਧੜੇਬੰਦਕ ਲੜਾਈ ਹੇਠ ਉਸ ਦੀ ਲਾਟਰੀ ਨਿਕਲਣ ਵਾਂਗ ਸੀ। ਇੱਕ ਵਾਰੀ ਰਾਜ ਹੱਥ ਆਇਆ ਤਾਂ ਫਿਰ ਉਸ ਦੇ ਅੰਦਰਲੀ 'ਮੈਂ' ਏਨੀ ਵਧਦੀ ਗਈ ਕਿ ਰਾਜ ਦੇ ਮੁਖੀ ਤੋਂ ਦੇਸ਼ ਦੇ ਮੁਖੀ ਤੱਕ ਪਹੁੰਚਣ ਪਿੱਛੋਂ ਉਸ 'ਮੈਂ' ਦੀ ਸੰਤੁਸ਼ਟੀ ਨਹੀਂ ਹੋ ਸਕੀ, ਉਸ ਦੀ ਵਿਸ਼ਵ-ਗੁਰੂ ਬਣਨ ਦੀ ਲਾਲਸਾ ਸਿਖਰਾਂ ਨੂੰ ਪਹੁੰਚ ਗਈ ਹੈ। ਡੋਨਾਲਡ ਟਰੰਪ ਜਿਹੜੇ ਦੇਸ਼ ਦਾ ਰਾਸ਼ਟਰਪਤੀ ਹੈ, ਓਥੇ ਦੋ ਵਾਰੀਆਂ ਤੋਂ ਵੱਧ ਰਾਜ ਕਰਨ ਦਾ ਹੱਕ ਕਿਸੇ ਨੂੰ ਨਹੀਂ, ਉਹ ਆਪਣੇ ਵਾਸਤੇ ਇੱਕ ਵਾਰ ਹੋਰ ਰਾਜ ਕਰ ਸਕਣ ਦੇ ਜੁਗਾੜ ਤੇ ਸੰਸਾਰ ਦੇ ਸਭ ਤੋਂ ਵੱਡੇ ਅਮਨ ਇਨਾਮ ਲਈ ਖੌਰੂ ਪਾਉਂਦਾ ਫਿਰਦਾ ਹੈ। ਉਸ ਦੀ ਇਹ ਖਾਹਿਸ਼ ਖੁਦ ਉਸ ਦੀ ਤੇ ਦੁਨੀਆ ਭਰ ਦੀ ਨੀਂਦ ਉਡਾਈ ਜਾਂਦੀ ਹੈ। ਇਹ ਲਾਲਸਾ ਕਿਸੇ ਵੀ ਵਿਅਕਤੀ ਦੇ ਸਿਰ ਨੂੰ ਚੜ੍ਹ ਜਾਵੇ ਤਾਂ ਉਸ ਨੂੰ ਹੋਰ ਕੁਝ ਦਿੱਸਦਾ ਨਹੀਂ ਹੁੰਦਾ, ਸਿਰਫ 'ਮੈਂ' ਦਾ ਗੇਅਰ ਲਾਈ ਤੁਰਿਆ ਜਾਂਦਾ ਹੈ।

ਦੁਨੀਆ ਇਸ ਵਕਤ ਤਬਾਹੀ ਦੇ ਕੰਢੇ ਉੱਤੇ ਪਹੁੰਚੀ ਪਈ ਹੈ ਤੇ ਸੰਸਾਰ ਦੀਆਂ ਅਮਨ ਪਸੰਦ ਧਿਰਾਂ ਵਾਸਤੇ ਇਹ ਪਰਖ ਦੀ ਘੜੀ ਹੈ। ਉਨ੍ਹਾਂ ਨੂੰ ਚੁੱਪ ਅਤੇ ਭਵਿੱਖ ਵਿੱਚੋਂ ਇੱਕ ਨੂੰ ਚੁਣਨਾ ਪੈਣਾ ਹੈ। ਦੁਨੀਆ ਅਤੇ ਭਾਰਤ ਦੇ ਅੰਦਰ ਦੀਆਂ ਅਮਨ-ਪਸੰਦ ਅਤੇ ਇਸ ਤੋਂ ਵੱਧ ਭਵਿੱਖ ਦੀ ਮਨੁੱਖੀ ਹੋਂਦ ਨੂੰ ਜ਼ਿੰਦਾ ਰੱਖਣ ਦੀਆਂ ਚਾਹਵਾਨ ਧਿਰਾਂ ਨੂੰ ਆਪਣੀ ਚੁੱਪ ਤੋੜਨੀ ਚਾਹੀਦੀ ਅਤੇ ਛੇਤੀ ਤੋੜਨੀ ਚਾਹੀਦੀ ਹੈ, ਵਰਨਾ ਚੁੱਪ ਗੁਨਾਹ ਗਿਣੀ ਜਾਵੇਗੀ। ਇਸ ਦੀ ਲੋੜ ਸਿਰਫ ਸੰਸਾਰ ਦੇ ਅਮਨ ਅਤੇ ਵੱਸਦਾ-ਰਸਦਾ ਭਵਿੱਖ ਵੇਖਣ ਵਾਸਤੇ ਨਹੀਂ, ਭਾਰਤ ਦੇ ਉਸ ਲੋਕਤੰਤਰ ਦੇ ਭਵਿੱਖ ਲਈ ਵੀ ਜ਼ਰੂਰੀ ਹੈ, ਜਿਹੜਾ ਲੱਖ ਨੁਕਸਾਂ ਦੇ ਬਾਵਜੂਦ ਸਭ ਤੋਂ ਵੱਧ ਪਸੰਦੀਦਾ ਪ੍ਰਬੰਧ ਮੰਨਿਆ ਜਾਂਦਾ ਹੈ। ਜੇ ਇਸ ਪ੍ਰਬੰਧ ਵਾਸਤੇ ਨੀਂਹ ਗਿਣੇ ਜਾਂਦੇ ਲੋਕ ਜ਼ਿੰਦਾ ਰਹੇ ਅਤੇ ਭੁੱਖਾਂ ਕੱਟਣ ਦੀ ਥਾਂ ਕੁਝ ਕਰਨ-ਕਮਾਉਣ ਜੋਗੇ ਕਰ ਸਕਦੇ ਹੋਏ ਤਾਂ ਪ੍ਰਬੰਧ ਚੱਲੇਗਾ, ਨਹੀਂ ਤਾਂ 'ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ' ਵਾਲੀ ਕਹਾਵਤ ਇਸ ਉੱਤੇ ਵੀ ਲਾਗੂ ਹੋ ਜਾਵੇਗੀ।

# ਬੱਬਰ ਅਕਾਲੀ ਲਹਿਰ ਦੇ ਹਮਸਾਏ ਪਿੰਡ

**ਸੁਤੰਤਰਤਾ ਇਤਿਹਾਸ ਦਾ**, ਹੁਣ ਤੱਕ ਦਾ, ਇੱਕ ਦੁਖਾਂਤ ਇਹ ਵੀ ਹੈ ਕਿ ਅਸੀਂ ਸੰਬੰਧਤ ਜੰਗਿ-ਏ-ਅਜ਼ਾਦੀ ਲਹਿਰ, ਉੱਘੜਵੇਂ ਅਜ਼ਾਦੀ ਘੁਲਾਟੀਆਂ ਜਾਂ ਸ਼ਹੀਦ ਵਿਸ਼ੇਸ਼ ਦੀ ਬਾਤ ਤਾਂ ਪਾਈ, ਪਰ ਉਸ ਨਾਲ ਸੰਬੰਧਤ ਗਰਾਂ ਜਾਂ ਟੱਬਰ ਨੇ ਵਿਸ਼ੇਸ਼ ਕਰਕੇ ਤੀਵੀਆਂ ਅਤੇ ਬੱਚਿਆਂ ਨੇ ਜਿਹੜਾ ਸੰਤਾਪ ਹੰਢਾਇਆ, ਅਸੀਂ ਉਸ ਵੱਲੋਂ ਬਿਲਕੁੱਲ ਚੁੱਪ ਰਹੇ। ਅਸੀਂ ਮਾਪਿਆਂ, ਔਲਾਦ, ਲੜ-ਲੱਗੀਆਂ ਅਤੇ ਉਹਨਾਂ ਦੇ ਪਿੰਡਾਂ ਦੀ ਮੂਕ-ਕੁਰਬਾਨੀ ਨੂੰ ਬਿਲਕੁਲ ਵਿਸਾਰੀ ਰੱਖਿਆ। ਭਲਾ! ਕੌਣ ਪਾਵੇਗਾ ਉਹਨਾਂ ਦੀ ਬਾਤ? ਇਸ ਕਾਲਮ ਵਿੱਚ ਤੁਸੀਂ ਮੈਨੂੰ ਬੱਬਰ ਅਕਾਲੀ ਲਹਿਰ ਨਾਲ ਸੰਬੰਧਤ ਪਿੰਡਾਂ ਦੀ ਨਿਸ਼ਾਨਦੇਹੀ ਕਰਨ ਦੀ ਆਗਿਆ ਦਿਓ:

**ਬੱਬਰ ਅਕਾਲੀਆਂ ਦੀ ਜੰਮਣ ਭੋਇੰ** : ਪੰਜਾਬ ਦੀ ਜਲੰਧਰ ਦੋਆਬ, ਕੁੱਝ ਵਿਸ਼ੇਸ਼ ਕਾਰਨਾਂ ਕਰਕੇ ਬੱਬਰ ਅਕਾਲੀ ਲਹਿਰ ਦੀ ਮੁੱਖ ਕਰਮ-ਭੂਮੀ ਰਹੀ। ਇਸ ਲਹਿਰ ਦਾ ਪਿੜ ਬੰਨ੍ਹਣ ਵਾਲੇ ਮੁੱਖ ਕਰਮਯੋਗੀ ਵੀ ਦੋਆਬੇ ਨਾਲ ਹੀ ਸੰਬੰਧਤ ਸਨ। ਸੋ, ਕੁਦਰਤੀ ਹੈ ਕਿ ਬਹੁਤ-ਬਹੁਤੇਰੇ ਬੱਬਰ ਸੂਰਮਿਆਂ ਦੀ ਜਨਮ-ਦਾਤੀ ਹੋਣ ਦਾ ਮਾਣ ਵੀ ਇਸੇ ਧਰਤ ਨੂੰ ਪ੍ਰਾਪਤ ਹੋਇਆ:

**ਜ਼ਿਲ੍ਹਾ ਹੁਸ਼ਿਆਰਪੁਰ** : ਸਰਹਾਲਾ ਖੁਰਦ, ਸਰਹਾਲਾ ਕਲਾਂ, ਸਾਧਰਾਂ, ਸਿੰਬਲੀ, ਸਿੰਗੜੀਵਾਲ, ਹੁਸ਼ਿਆਰਪੁਰ, ਕੁਕੜ ਮਜਾਰਾ/ਕੁਕੜਾਂ, ਕੋਟਫਤੂਹੀ, ਕੋਟਲੀ ਬਾਵਾ ਦਾਸ, ਕੰਗ ਮਾਂਈ, ਕੋਠੇ ਅਧਿਕਾਰੇ, ਕੌਲਗੜ੍ਹ, ਖਾੜੌਂਦੀ, ਗੋਂਦਪੁਰ, ਚਾਂਬੂ ਜੱਟਾਂ, ਚੱਕ ਫੂਲੂ, ਚੱਬੇਵਾਲ, ਚੇਲਾ, ਜੱਸੋਵਾਲ, ਜੰਡੋਲੀ, ਧਾਮੀਆਂ, ਨੰਗਲ ਕਲਾਂ, ਪੰਡੋਰੀ ਗੰਗਾ ਸਿੰਘ, ਪੰਡੋਰੀ ਮਹਿਤਪੁਰ, ਫਤਿਹਪੁਰ ਕੋਠੀ, ਬਹਿਵਲਪੁਰ, ਬਾਹੋਵਾਲ, ਬੂੜੋਬਾੜੀ, ਬੱਕਰ/ਬਕਾਪੁਰ, ਭਾਰਟਾ ਗਣੇਸ਼ਪੁਰ, ਮਾਣਕ ਢੇਰੀ, ਮਖਸੂਸਪੁਰ, ਮੰਡਿਆਲਾ, ਮੰਨਣਹਾਨਾ, ਮੋਰਾਂਵਾਲੀ, ਮੈਹਦਆਨੀ, ਰੁੜਕੀ ਖਾਸ/ਸੈਣੀਆਂ, ਰਾਜੋਵਾਲ ਅਤੇ ਰਾਮਗੜ੍ਹ ਝੁੰਗੀਆਂ।

**ਜ਼ਿਲ੍ਹਾ ਜਲੰਧਰ/ਨਵਾਂ ਸ਼ਹਿਰ** : ਸਮਰਾਵਾਂ, ਸਰੀਂਹ, ਸੁੰਢ, ਸੂਰਾਨਸੀ, ਸਿੰਬਲੀ, ਖੁਸਰੋਪੁਰ, ਹਰੀਪੁਰ, ਹਿਆਤਪੁਰ ਰੁੜਕੀ, ਕਠਾਰ, ਕੰਦੋਲਾ, ਗੜ੍ਹੀ ਕਾਨੂੰਗੋ, ਗੋਸਲ, ਗੋਬਿੰਦਪੁਰ, ਘੁੜਿਆਲ, ਚੱਕ ਬਾਗੜੀਆਂ, ਜੌਹਲ, ਜੰਡੂ ਸਿੰਘਾ, ਝਿੰਗੜ, ਡਮੁੰਡਾ, ਦੌਲਤਪੁਰ, ਧੁੱਗਾ, ਪਤਾਰਾ, ਪਰਾਗਪੁਰ, ਪੰਡੋਰੀ ਨਿੱਜਰਾਂ, ਫਰਾਲਾ, ਬੜਿੰਗ, ਬੀਕਾ, ਬੈਂਸਾਂ, ਬਿਸਰਾਮਪੁਰ, ਭਕਰੂੰਦੀ, ਮਸਾਣੀਆਂ, ਮੁਜਾਰਾ ਕਲਾਂ, ਮੰਗੋਵਾਲ, ਮੰਡੇਰ, ਮੰਢਾਲੀ, ਮਾਂਗਟਾਂ, ਮਾਣਕੋ, ਰੰਧਾਵਾ ਮਸੰਦਾਂ, ਰਾਏਪੁਰ ਫਰਾਲਾ ਅਤੇ ਰਾਏਪੁਰ ਰਸੂਲਪੁਰ।

**ਜ਼ਿਲ੍ਹਾ/ਰਿਆਸਤ ਕਪੂਰਥਲਾ** : ਸੈਦਪੁਰ, ਸੰਗਤਪੁਰ ਕਲਾਲ, ਖੈੜਾ ਮੰਝਾ/ਸਰਾਏ ਖਾਸ, ਡੁਮੇਲੀ, ਢੰਡੋਲੀ, ਪਲਾਹੀ, ਬਬੇਲੀ, ਬੋਪਾਰਾਏ, ਮਾਣਕ ਅਤੇ ਧਾਲੀਵਾਲ।ਜ਼ਿਲ੍ਹਾ ਅੰਮ੍ਰਿਤਸਰ/ਤਰਨ ਤਾਰਨ: ਆਲੋਵਾਲ, ਅਲੀਪੁਰ ਗੁੱਡੇ, ਗੁਰੂਸਰ, ਚਿੱਟੀਵਿੰਡ, ਭੌਆਂ, ਲੋਹਕਾ ਅਤੇ ਵੇਈਂਪੁਈਂ।ਜ਼ਿਲ੍ਹਾ ਲੁਧਿਆਣਾ: ਗਿੱਲ, ਛੋਟੀ ਹਰੀਓਂ, ਜਸਪਾਲੋਂ, ਢੈਪਈ, ਅਤੇ ਦਾਖਾਂ।ਜ਼ਿਲ੍ਹਾ ਸੰਗਰੂਰ: ਸੁਨਾਮ, ਛੀਨੀਵਾਲ, ਬੜੀ ਅਤੇ ਲੋਹਾ ਖੇੜਾ।ਜ਼ਿਲਵਾ ਗੁਰਦਾਸਪੁਰ: ਲੀਹਲ।ਜ਼ਿਲ੍ਹਾ ਊਨਾ (ਹੁਣ ਹਿਮਾਚਲ): ਅਲਕੋਤਾ।ਜ਼ਿਲ੍ਹਾ ਲਾਹੌਰ (ਹੁਣ ਪਾਕਿਸਤਾਨ): ਸਭਰਾਓਂ ਅਤੇ ਜੌੜ ਸਿੰਘ ਵਾਲਾ।ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ): ਡਿੱਚਕੋਟ ਮਾਣਕੋ।ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ): ਗੋਬਿੰਦਪੁਰ।ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ): ਛਬੀਲਪੁਰ।

**ਬੱਬਰ ਦੀਵਾਨ** : ਪ੍ਰਚਾਰ-ਪਸਾਰ ਅਤੇ ਆਪਣੀ ਗੱਲ, ਬਾ-ਦਲੀਲ ਅਤੇ ਕੁਰਬਾਨੀ ਪਰੁੰਨੇ ਜਜ਼ਬੇ ਨਾਲ ਰੱਖਣ ਲਈ ਬੱਬਰਾਂ ਨੇ ਕਈ ਪਿੰਡਾਂ-ਨਗਰਾਂ, ਬਹੁਤੇ ਦੋਆਬੇ ਵਿੱਚ, ਬੱਬਰ ਦੀਵਾਨ (ਸਭਾਵਾਂ/ਕਾਨਫਰੰਸਾਂ) ਕੀਤੀਆਂ। ਗ੍ਰਿਫਤਾਰੀ/ਸ਼ਹੀਦੀ ਤੱਕ, ਇਹਨਾਂ ਸਿਆਸੀ ਇਕੱਠਾਂ ਵਿੱਚ ਸਥਾਨਕ ਆਗੂਆਂ ਅਤੇ ਕਿਤੇ-ਕਿਤੇ ਕੌਮੀ ਲਹਿਰਾਂ ਦੇ ਬੁਲਾਰਿਆਂ ਤੋਂ ਬਿਨਾਂ ਆਮ ਕਰਕੇ ਪੱਕੇ ਬੁਲਾਰੇ ਇਹ ਹੀ ਰਹੇ: ਮਾਸਟਰ ਮੋਤਾ ਸਿੰਘ ਪਤਾਰਾ, ਬੱਬਰ ਕਿਸ਼ਨ ਸਿੰਘ ਗੜ੍ਹਗੱਜ, ਐਡੀਟਰ ਕਰਮ ਸਿੰਘ ਦੌਲਤਪੁਰ, ਗ਼ਦਰੀ ਕਰਮ ਸਿੰਘ ਝਿੰਗੜ, ਆਸਾ ਸਿੰਘ ਭਕਰੂੰਦੀ, ਸੂਬੇਦਾਰ ਸੰਤਾ ਸਿੰਘ ਆਦਿ ਅਤੇ ਕਾਵਿ-ਕਵਿਤਾਵਾਂ ਅਕਸਰ ਬੱਬਰ ਸੁੰਦਰ ਸਿੰਘ ਮਖਸੂਸਪੁਰ ਅਤੇ ਹਰੀ ਸਿੰਘ ਖੰਡਾ ਪਿੰਡ ਦਾਤਾ-ਚੇਲਾ ਆਦਿ ਦੀਆਂ ਹੁੰਦੀਆਂ ਸਨ।

**ਪਿੰਡ ਵਸਿਆ-69**

**ਵਿਜੇ ਬੰਬੇਲੀ**

ਕਿੱਥੇ-ਕਿੱਥੇ ਹੋਏ ਸਨ ਇਹ ਛੋਟੇ-ਵੱਡੇ ਦੀਵਾਨ:

**ਹੁਸ਼ਿਆਰਪੁਰ ਖਿੱਤਾ** : ਅਚਲਪੁਰ, ਅੰਬਾਲਾ, ਸਰਹਾਲਾ ਕਲਾਂ, ਕੁਕੜ ਮਜਾਰਾ, ਕੋਟੀਆਂ, ਕੋਟਲੀ ਖੁਰਦ ਕਾਲੇਵਾਲ, ਗੋਂਦਪੁਰ, ਚੱਕ ਸਿੰਘਾਂ, ਜੱਸੋਵਾਲ, ਜੰਡੋਲੀ, ਜਿਐਨ, ਡੀਂਗਰੀਆਂ ਮਜਾਰਾ, ਧੰਨੋਵਾਲ, ਨੂਰਪੁਰ, ਪੱਖੋਵਾਲ, ਪੈਲਾਂ, ਬਸੀ ਕਲਾਂ, ਬੱਡੋਂ, ਬੱਧਨਾਂ, ਬੱਛੋਵਾਲੀ, ਬੁਧੈਵਾਲ, ਮੁਕੇਰੀਆਂ, ਮੱਕੋਵਾਲ, ਮਾਹਲਾਂ, ਮਾਹਿਲਪੁਰ, ਮੇਹਿਦੀਪੁਰ, ਮੇਹਤਪੁਰ ਉਲੱਦਣੀ, ਮੇਹਮੂਪੁਰ, ਮੈਂਹਦਪੁਰ/ਮੇਹਿਦੀਪੁਰ, ਰਸੂਲਪੁਰ, ਰਾਜੋਵਾਲ ਅਤੇ ਰਾਮਗੜ੍ਹ ਝੁੰਗੀਆਂ।

**ਜਲੰਧਰ/ਨਵਾਂਸ਼ਹਿਰ ਖਿੱਤਾ** : ਅੱਪਰਾ, ਸੂਰਾਪੁਰ, ਸੰਗੋਵਾਲ, ਹਿਯਾਤਪੁਰ ਰੁੜਕੀ, ਕਾਲਾ ਬੱਕਰਾ, ਕੋਟਲੀ ਥਾਨ ਸਿੰਘ, ਖੁਰਦਪੁਰ, ਖੁਸਰੋਪੁਰ, ਘੁੜਿਆਲ, ਢੀਂਗਰੀਆਂ, ਦੌਲਤਪੁਰ, ਨਵਾਂਸ਼ਹਿਰ, ਨਿੱਜਰਾਂ, ਪਰਾਗਪੁਰ, ਪੰਡੋਰੀ ਨਿੱਜਰਾਂ, ਫਕਰੂੰਦੀ, ਬਲਾਚੌਰ, ਬੋਲੀਨਾ, ਭੋਜੋਵਾਲ, ਮਾਹਲਾਂ ਗਹਿਲਾਂ, ਮਾਨਕੋ, ਮਾਨਕ ਰਾਈ, ਮਾਣਕ, ਰੁੜਕਾ ਕਲਾਂ, ਲੱਧੇਵਾਲ ਅਤੇ ਲੰਗੜੋਆ।

**ਕਪੂਰਥਲਾ ਰਿਆਸਤ ਖਿੱਤਾ** : ਈਸ਼ਰਵਾਲ, ਸਾਹਨੀ, ਸੂਨੜਾ, ਸੇਦੋਵਾਲ, ਸੰਗਤਪੁਰ, ਸ਼ਿੱਧਪੁਰ, ਹਰਦਾਸਪੁਰ, ਹਰਬੰਸਪੁਰ, ਹਾਜੀਪੁਰ, ਹੁਸੈਨਪੁਰ, ਹੋਠੀਆਂ, ਕਪੂਰਥਲਾ, ਕਾਮਲ, ਖਜੂਰਲਾ, ਖੰਨੋਵਾਲ, ਖਾਨਪੁਰ, ਗੋਬਿੰਦਪੁਰ, ਘੈਰ, ਘੈਂਕੀ, ਚਹੈੜੂ, ਜੱਬੋਵਾਲ, ਤਲਵਨ, ਨਰੂੜ, ਨਿਦੋਕੇ, ਪਲਾਹੀ, ਪਾਂਸ਼ਟਾ, ਪੰਡੋਰੀ, ਫਤੇਹਗੜ੍ਹ, ਬਾਸੀ, ਬਵੇਲੀ, ਬਤਾਲਾ, ਬਾਰੋਵਾਲ, ਬੁਹਾਨੀ, ਬਿਸ਼ਨਪੁਰ, ਭੱਬੇਆਣਾ, ਮਹੇੜੂ, ਮਾਣਕਾਂ, ਮਾਧੋਪੁਰ, ਰਾਜਪੁਰਾ, ਲਾਧੋਵਾਲ/ਲੱਧੇਵਾਲ ਅਤੇ ਲੱਖਪੁਰ।

**ਭੁਚੰਗੀਆਂ (ਟੀਨ ਏਜ਼ਰ) ਦੇ ਪਿੰਡ** : 1. ਸ਼ਹੀਦ ਦਲੀਪ ਸਿੰਘ ਧਾਮੀਆਂ ਉਰਫ ਦਲੀਪਾ ਭੁਚੰਗੀ ਪੁੱਤਰ ਸ. ਲਾਭ ਸਿੰਘ ਪਿੰਡ ਧਾਮੀਆਂ (ਸ਼ਾਮਚੁਰਾਸੀ, ਹੁਸ਼ਿਆਰਪੁਰ), ਹੈਰਤ-ਅੰਗੇਜ਼ ਕਾਰਨਾਮੇ ਕਰਨ ਵਾਲਾ ਇਹ ਸੂਰਮਾ ਮਹਿਜ਼ 18-19 ਸਾਲ ਦੀ ਗਭਰੂਟ ਉਮਰੇ ਫਾਂਸੀ ਚੜ੍ਹ ਗਿਆ।2. ਕਾਕਾ ਮੇਹਰ ਸਿੰਘ ਪੁੱਤਰ ਸ. ਨਿਹਾਲ ਸਿੰਘ ਸਾਕਨ ਹੁਸ਼ਿਆਰਪੁਰ, ਸਿਰਫ 15 ਸਾਲ ਦੀ ਅੱਲੜ੍ਹ-ਵਰੇਸੇ ਬੱਬਰ ਅਕਾਲੀ ਲਹਿਰ ਵਿੱਚ ਸਰਗਰਮ ਹੋ ਗਿਆ ਸੀ।3. ਬੱਬਰ ਮਿਲਖਾ ਸਿੰਘ ਵਾਸੀ ਪੰਡੋਰੀ ਨਿੱਜਰਾਂ (ਆਦਮਪੁਰ, ਜਲੰਧਰ), ਨੌਵੀਂ 'ਚ ਪੜ੍ਹਦਿਆਂ ਹੀ ਇਸ ਲਹਿਰ 'ਚ ਕੁੱਦਿਆ ਅਤੇ ਤੋੜ ਨਿਭਿਆ।

**ਪਰਚਾ ਬੱਬਰ ਅਕਾਲੀ ਦੋਆਬਾ ਛਪਣ ਸਥਾਨ** : 'ਉਡਾਰੂ ਪ੍ਰੈੱਸ (ਸਫਰੀ ਪ੍ਰੈੱਸ)', 'ਜੰਗਲ ਮੇਂ ਛਪਾ'; ਦੋ ਅਲਾਮਾ-ਡੁਪਲੀਕੇਟਰਾ 'ਤੇ ਬੱਬਰ ਅਕਾਲੀ ਤਨਜ਼ੀਮ ਵੱਲੋਂ ਇਹ ਅਖ਼ਬਾਰ (ਪੇਪਰ) ਛਪਦੀ ਰਹੀ। ਦਰ-ਹਕੀਕਤ; ਉਹ ਪਰਚੇ ਸਮੇਂ-ਮੁਜ਼ਬ ਨਵਾਂਸ਼ਹਿਰ ਖਿੱਤੇ ਦੇ ਪਿੰਡਾਂ: ਦੌਲਤਪੁਰ, ਭਕਰੂੰਦੀ, ਹਿਆਤਪੁਰ ਰੁੜਕੀ, ਜਿੱਥੇ ਪਹਿਲੀ ਮਸ਼ੀਨ ਮਜਬੂਰੀਵੱਸ ਟੋਭੇ 'ਚ ਦਫ਼ਨ ਕੀਤੀ ਗਈ ਸੀ ਆਦਿ। ਹੁਸ਼ਿਆਰਪੁਰ ਖਿੱਤੇ ਦੇ ਪਿੰਡਾਂ: ਕੋਟ ਫਤੂਹੀ, ਬਘੋਰਾ, ਜੱਸੋਵਾਲ, ਬਿਭੋਰ ਸਾਹਿਬ, ਫਤਿਹਪੁਰ ਕੋਠੀ, ਜਿੱਥੋਂ ਦੂਜੀ ਖ੍ਰੀਦੀ ਮਸ਼ੀਨ ਫੜੀ ਗਈ, ਵਗੈਰਾ ਅਤੇ ਜਲੰਧਰ ਖਿੱਤੇ ਦੇ ਪਿੰਡਾਂ; ਪੰਡੋਰੀ ਨਿੱਜਰਾਂ, ਗੁਰਦਵਾਰਾ ਕਿਸ਼ਨਪੁਰਾ, ਰਾਜੋਵਾਲ ਕੁਟੀਆਂ ਅਤੇ ਮਾਣਕੋ-ਘੁੜਿਆਲ, ਜਿੱਥੋਂ ਦੂਜੀ ਮਸ਼ੀਨ ਪਹਿਲਾਂ ਬਿਭੋਰ ਸਾਹਿਬ, ਫਿਰ ਫਤਿਹਪੁਰ ਕੋਠੀ ਪੁੱਜੀ ਤੇ ਮਗਰੋਂ ਫੜੀ ਗਈ ਸੀ, 'ਚ ਛਾਪੇ ਗਏ ਸਨ। ਗੁਰੀਲਾ-ਦਾਅਪੇਚ ਵਜੋਂ ਇਹ ਮਸ਼ੀਨਾਂ, ਜਿਹੜੀਆਂ ਤਕੜੇ-ਜੁੱਸੇ ਦਾ ਬੰਦਾ ਚੁੱਕ-ਖੜ੍ਹ ਰਾਤੋ-ਰਾਤ 10-20 ਮੀਲ ਜਾ ਸਕਦਾ ਸੀ, ਥਾਂ-ਦਰ-ਥਾਂ ਉਸੇ ਛਪਾਈ ਵਾਲੇ ਦਿਨ ਜਾਂ ਕਰੀਬ ਲਗਾਤਾਰ ਆਪਣਾ ਮੁਕਾਮ ਬਦਲਦੀਆਂ ਰਹੀਆਂ।

**ਹੈਰਤ-ਅੰਗੇਜ਼ ਮੁਕਾਬਲੇ ਸਥਾਨ** : 1. ਬਵੇਲੀ ਤਹਿ. ਫਗਵਾੜਾ ਜ਼ਿਲ੍ਹਾ ਕਪੂਰਥਲਾ (ਪਹਿਲੀ ਸਤੰਬਰ, 1923 ਸ਼ਹੀਦ: ਐਡੀਟਰ ਕਰਮ ਸਿੰਘ ਦੌਲਤਪੁਰ, ਬੱਬਰ ਮਹਿੰਦਰ ਸਿੰਘ ਸੈਣੀ ਪੰਡੋਰੀ ਗੰਗਾ ਸਿੰਘ, ਬਿਸ਼ਨ ਸਿੰਘ ਮਾਂਗਟ, ਉਦੇ ਸਿੰਘ ਰਾਮਗੜ੍ਹ ਝੁੰਗੀਆਂ) 2. ਮੰਨਣਹਾਨਾ ਤਹਿ. ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ (25 ਅਕਤੂਬਰ, 1923 ਸ਼ਹੀਦ ਬੱਬਰ ਧੰਨਾ ਸਿੰਘ ਬਹਿਬਲਪੁਰ) 3. ਮੰਡੇਰ ਵਰਾਸਤਾ ਆਦਮਪੁਰ ਜ਼ਿਲ੍ਹਾ ਜਲੰਧਰ (12 ਦਸੰਬਰ, 1923 ਸ਼ਹੀਦ ਬੱਬਰ ਜਵਾਲਾ ਸਿੰਘ ਫਤਿਹਪੁਰ ਕੋਠੀ ਅਤੇ ਬੰਤਾ ਸਿੰਘ ਧਾਮੀਆਂ) 4. ਚੱਕ-54, ਡੇਰਾ ਮੰਗਲ ਸਿੰਘ, ਜੜ੍ਹਾਂਵਾਲਾ, ਜ਼ਿਲ੍ਹਾ ਲਾਇਲਪੁਰ (8 ਜੂਨ, 1924 ਸ਼ਹੀਦ ਬੱਬਰ ਵਰਿਆਮ ਸਿੰਘ ਧੁੱਗਾ) 5. ਰੁੜਕੀ ਖਾਸ/ਸੈਣੀਆਂ ਤਹਿ. ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ (15 ਜੁਲਾਈ, 1932 ਸ਼ਹੀਦ ਬੱਬਰ ਰਤਨ ਸਿੰਘ ਰੱਕੜ)

**ਹੋਰ ਸਿਰਲੱਥ ਮੁਕਾਬਲੇ (ਸ਼ੱਕੀ/ਅਖੌਤੀ)** : 1. ਬੱਬਰ ਅਜੈਬ ਸਿੰਘ ਦਾਖਾਂ (ਲੁਧਿਆਣਾ), ਸ਼ਹੀਦ ਬਚਿੰਤ ਸਿੰਘ ਢੰਡੋਲੀ ਦਾ ਸਾਥੀ 1940 'ਚ ਮੁਕਾਬਲੇ 'ਚ ਮਾਰਿਆ ਗਿਆ।2. ਬੱਬਰ ਛੱਜਾ ਸਿੰਘ ਖੈਰਾ ਮੰਜਾ (ਕਪੂਰਥਲਾ) ਵੀ ਸ਼ੱਕੀ ਹਾਲਤਾਂ 'ਚ ਮਾਰ-ਮੁਕਾਇਆ ਗਿਆ।3. ਮਾਸਟਰ ਉਜਾਗਰ ਸਿੰਘ ਧਾਮੀਆਂ ਬੱਬਰਾਂ (ਹੁਸ਼ਿਆਰਪੁਰ) ਬੱਬਰ/ਯੁੱਗ ਪਲਟਾਊ ਦਲ ਸੰਨ 1942 'ਚ ਤਰਨ ਤਾਰਨ ਲਾਗੇ ਹਥਿਆਰਬੰਦ ਧਾੜਾਂ ਨੇ ਸ਼ਹੀਦ ਕਰ ਦਿੱਤਾ ਸੀ।4. ਬੱਬਰ ਕਰਮ ਸਿੰਘ ਪੁੱਤਰ ਮੇਲਾ ਪਿੰਡ ਮਾਹਲਾਂ ਵਲਟੋਹੀਆਂ (ਮਾਹਿਲਪੁਰ, ਹੁਸ਼ਿਆਰਪੁਰ) ਵੀ ਅਖੌਤੀ ਮੁਕਾਬਲੇ ਵਿੱਚ 23 ਜੁਲਾਈ 1943 ਨੂੰ ਕਪੂਰਥਲਾ ਖੇਤਰ 'ਚ ਸ਼ਹੀਦ ਹੋ ਗਿਆ ਸੀ।

**ਬੱਬਰਾਂ ਦੇ ਨਾਮਣੇ ਵਾਲੇ ਕੋਡ-ਸਥਾਨ** : 1. ਬੱਬਰਾਂ ਦੀ ਹਾਈ ਕੋਰਟ: ਜੱਸੋਵਾਲ (ਸੈਲਾ ਖੁਰਦ, ਗੜ੍ਹਸ਼ੰਕਰ, ਹੁਸ਼ਿਆਰਪੁਰ)।2. ਚੀਫ ਕੋਰਟ: ਕੋਟ ਫਤੂਹੀ (ਮਾਹਿਲਪੁਰ, ਹੁਸ਼ਿਆਰਪੁਰ) 3. ਵੱਡਾ ਹਸਪਤਾਲ: ਕਿਸ਼ਨਪੁਰਾ (ਗੁਰਦਵਾਰਾ) ਅਤੇ ਰਾਜੋਵਾਲ (ਕੁਟੀਆਂ), ਜਲੰਧਰ ਜ਼ਿਲ੍ਹਾ 4. ਮੱਕਾ (ਬੱਬਰਾਂ ਦਾ ਮੱਕਾ): ਪਤਾਰਾ ਜ਼ਿਲ੍ਹਾ ਜਲੰਧਰ। ਇਸ ਪਿੰਡ ਨੂੰ ਬੱਬਰ ਅਕਾਲੀ ਲਹਿਰ ਦੇ ਥਿੰਕ-ਟੈਂਕ ਮਾਸਟਰ ਮੋਤਾ ਸਿੰਘ ਪਤਾਰਾ, ਜਿਸ ਨੂੰ ਦੇਸ਼ ਭਗਤਾਂ ਨੇ ਪ੍ਰੋਫੈਸਰ ਦਾ ਖਿਤਾਬ ਦਿੱਤਾ ਹੋਇਆ ਸੀ, ਦੀ ਜੰਮਣ-ਭੋਇੰ ਹੋਣ ਦਾ ਮਾਣ ਪ੍ਰਾਪਤ ਹੈ।

**ਮੋਬਾ. 94634-39075**

# ਮੇਰੇ ਲੀੜੇ ਰੱਤ ਭਰੇ ਨੇ, ਤੇਰੇ ਹੱਥ ਵੀ ਸਾਫ ਤੇ ਨਈਂ ਨਾ

ਮਰੁਮ ਬਣਦੀ ਸ਼ਾਇਰੀ ਸੁਣਦਿਆਂ ਬੰਦਾ ਆਪਣੇ ਧੁਰ ਅੰਦਰ ਕਿਧਰੇ ਡੂੰਘਾ ਉਤਰਦਾ ਚਲਿਆ ਜਾਂਦਾ ਹੈ, ਬਾਸ਼ਰਤੇ ਕਿ ਉਹ ਰੂਹਦਾਰੀ ਵੀ ਹੋਵੇ ਤੇ ਪੱਛ ਲਾਉਂਦੀ ਵੀ। ਕਟਾਖ਼ਸ਼ ਇਹਦਾ ਮੀਰੀ ਗੁਣ ਹੋਵੇ। ਕਿਸੇ ਪਹੁੰਚੇ ਹੋਏ ਸ਼ਾਇਰ ਦੀ ਸ਼ਾਇਰੀ ਦੀ ਰੂਹ ਤੱਕ ਪੁੱਜਣਾ ਚਾਹੁੰਦੇ ਹੋ ਤਾਂ ਫਿਰ ਤੁਹਾਨੂੰ ਪੰਜਾਬੀ ਦੇ ਅਜ਼ੀਮ ਸ਼ਾਇਰ ਤਜੱਮਲ ਕਲੀਮ ਕੋਲ਼ ਜਾਣਾ ਪਵੇਗਾ। ਮੇਰੀ ਗੱਲ ਸੁਣ ਤੁਸੀਂ ਆਖੋਗੇ, ਅੱਛਾ ਲਹਿੰਦੀ ਪੰਜਾਬੀ ਮਾਂ ਬੋਲੀ ਦੇ ਸ਼ਾਇਰ ਤਜੱਮਲ ਕਲੀਮ ਕੋਲ਼? ਵਾਹ ! ਕਿਆ ਬਾਤ ਐ। ਕਿਆ ਸ਼ਾਇਰੀ ਐ ਉਸ ਦੀ। ਇੱਧਰੋਂ ਓਹਦੀ ਜ਼ੁਬਾਨੋਂ ਕੋਈ ਲਫ਼ਜ਼ ਫੁੱਲ ਵਾਂਗ ਝੜਿਆ ਤੇ ਓਧਰੋਂ ਅਰਥਾਂ ਦੀਆਂ ਮਹਿਕਾਂ-ਲਪਟਾਂ ਉੱਠ ਖਲੋਈਆਂ। ਬਹੁਤੀ ਵਾਰੀ ਓਹਦੇ ਲਫ਼ਜ਼ ਲਟ ਲਟ ਬਲ਼ਦੇ ਮਹਿਸੂਸ ਹੁੰਦੇ ਹਨ।

ਕੋਈ ਫਨਕਾਰ ਓਹਦਾ ਕਲਾਮ ਗਾ ਰਿਹਾ ਸੀ, 'ਪਰੀਆਂ ਹਰ ਥਾਂ ਹੁੰਦੀਆਂ ਨੇ/ ਜੰਗ ਵਿੱਚ ਤੇ ਕੋਹ-ਕਾਅਫ ਨਈਂ ਨਾ।' ਸੁਣ ਕੇ ਮੈਂ ਧੁਰ ਅੰਦਰ ਤੱਕ ਹਿੱਲ ਗਿਆਂ ਹਾਂ। ਪਤਾ ਨਹੀਂ ਕਦੋਂ ਮੇਰੇ ਮਨ ਦੀ ਕੈਨਵਸ 'ਤੇ ਜੰਗਬਾਜ਼ਾਂ ਦੇ ਮਨਾਂ ਵਿੱਚੋਂ ਉੱਠਦੇ ਕਾਲ਼ੇ-ਬੋਲ਼ੇ ਧੂੰਏਂ ਦੇ ਬੱਦਲ਼ ਬਣਨ ਲਗਦੇ ਹਨ। ਮਿਜ਼ਾਈਲਾਂ, ਟੈਂਕ, ਤੋਪਾਂ, ਡਰੋਨ ਉੱਭਰਨ ਲਗਦੇ ਹਨ। ਸਮੁੰਦਰ ਵਿੱਚ ਰੁਕੇ ਜਹਾਜ਼, ਜਲ ਤੋਪਾਂ, ਪਣਡੁੱਬੀਆਂ ਤੇ ਹੋਰ ਪਤਾ ਨਹੀਂ ਕੀ ਕੀ? ਸੋਚਣ ਲਗਦਾ ਹਾਂ, ਜੰਗ ਤਾਂ ਹਰ ਹਾਲ ਛੇੜ ਹੀ ਲੈਣੀ ਹੁੰਦੀ ਲੋਭੀ ਮਨੁੱਖ ਨੇ। ਹੋਰ ਨਹੀਂ ਤਾਂ ਉਹ ਪਰੀਆਂ ਲਈ ਜੰਗ ਛੇੜ ਲੈਂਦਾ ਹੈ। ਰਾਜੇ-ਮਹਾਰਾਜਿਆਂ ਦੇ ਹਰਮ ਉੱਭਰਨ ਲਗਦੇ ਹਨ। ਧੌਲਰਾਂ ਵਿੱਚ ਕੈਦ ਕੀਤੀਆਂ ਸੋਨ-ਪਰੀਆਂ। ਰਿਆਇਆਂ ਦੀਆਂ ਜ਼ਬਰੀ ਉਧਾਲ਼ੀਆਂ ਮਾਸੂਸ ਧੀਆਂ-ਭੈਣਾਂ-ਮਾਵਾਂ। ਬਦਲੇ ਵਿੱਚ ਉਨ੍ਹਾਂ ਦੇ ਮਾਪਿਆਂ ਨੂੰ ਅਲਾਟ ਹੋਈਆਂ ਜ਼ਮੀਨਾਂ, ਰਿਆਸਤਾਂ ਤੇ ਰੁਤਬੇ। ਕਲੀਮ ਜੀ ਦੇ ਉਕਤ ਸ਼ੇਅਰ ਵਿੱਚ 'ਝੰਗ' ਦੀ ਥਾਂ ਪਤਾ ਨਹੀਂ ਮੈਂ ਕਿਵੇਂ ਤੇ ਕਿਉਂ 'ਜੰਗ' ਸ਼ਬਦ ਪੜ੍ਹ ਲੈਂਦਾ ਹਾਂ। ਇਸ ਸ਼ਬਦ ਦੀ ਪੜ੍ਹਤ ਨਾਲ਼ ਹੀ ਮੇਰੇ ਆਲ਼ੇ-ਦੁਆਲ਼ੇ ਦਹਿਸ਼ਤ ਤੇ ਸਹਿਮ ਦਾ ਵਾਤਾਵਰਨ ਉਸਰ ਜਾਂਦਾ ਹੈ। ਮੇਰਾ ਸਿਰ ਚਕਰਾਉਣ ਲਗਦਾ ਹੈ। ਮੇਰੇ ਜ਼ਿਹਨ ਵਿੱਚ ਲੂਣਾ, ਹੀਰ, ਸਾਹਿਬਾਂ, ਸੱਸ ਤੇ ਲੈਲਾਂ ਦੀਆਂ ਦੀ ਅਕ੍ਰਿਤੀਆਂ ਫੈਲ ਜਾਂਦੀਆਂ ਹਨ। ਮੂੰਹੋਂ ਸ਼ਿਵ ਦੇ ਬੋਲ ਕਿਰਨ ਲਗਦੇ ਹਨ, 'ਮੈਂ ਪੂਰਨ ਦੀ ਮਾਂ/ ਪੂਰਨ ਦੇ ਹਾਣ ਦੀ।' ਮੌਜੂਦਾ ਸਮਿਆਂ ਦੀਆਂ ਐਪਸਟਨ ਫਾਈਲਜ਼ ਵਿੱਚਲੀਆਂ ਮਾਸੂਮ ਬਾਲੜੀਆਂ ਦੀਆਂ ਚੀਕਾਂ ਤੇ ਸਿਸਕੀਆਂ ਸੁਣਾਈ ਦੇਣ ਲਗਦੀਆਂ ਹਨ।

ਸੋਚਦਾ ਹਾਂ, ਕੀ ਜੰਗ ਛੇੜਦੇ ਰਹਿਣਾ ਈ ਸਨਕੀ ਬੰਦੇ ਦੀ ਫਿਤਰਤ ਹੁੰਦੀ ਹੈ? ਹੂਰਾਂ-ਪਰੀਆਂ ਦੇ ਦਿਲ 'ਤੇ ਰਾਜ ਕਰਨ ਦੀ ਬਜਾਇ ਉਹ ਉਨ੍ਹਾਂ ਦੀ ਸੁੰਦਰਤਾ ਨੂੰ ਕਬਜ਼ਾ ਲੈਣਾ ਚਾਹੁੰਦੇ ਜਾਂ ਕੁਝ ਹੋਰ? ਕੀ ਆਪਣੇ ਅੰਦਰਲੇ ਦਾਨਵ ਦੇ ਆਖੇ ਲੱਗ ਕਾਦਰ ਦੀ ਇਸ ਖ਼ੂਬਸੂਰਤੀ ਨੂੰ ਮਸਲ ਦੇਣਾ ਚਾਹੁੰਦਾ ਹੈ? ਮੈਨੂੰ ਲਗਦੈ ਕੁਝ ਹੋਰ ਵੀ ਹੈ ਜੋ ਬੰਦੇ ਨੂੰ ਟਿਕਣ ਨਈਂ ਦਿੰਦਾ। ਕੀ ਉਹ ਸਾੜਾ ਹੈ ਜਾਂ ਆਪਣੇ ਆਪ ਨੂੰ ਦੂਜਿਆਂ ਤੋਂ ਵੱਡਾ ਸਾਬਤ ਕਰਨ ਦਾ ਝੱਲ? ਕੁਝ ਤਾਂ ਹੈ। ਜਦੋਂ ਮਨੁੱਖ ਅੰਦਰ ਅਜਿਹੀ ਪ੍ਰਵਿਰਤੀ ਜਾਗਰਿਤ ਹੁੰਦੀ ਹੈ, ਉਦੋਂ ਉਹ ਸਮੁੱਚੀ ਕਾਇਨਾਤ ਨੂੰ ਆਪਣੀ ਮੁੱਠੀ ਵਿੱਚ ਬੰਦ ਕਰਨ ਦੀ ਲੋਚਾ ਪਾਲ਼ਣ ਲਗਦਾ ਹੈ। ਇੱਛਾਵਾਂ ਭਾਅ ਜੀ ਇੱਛਾਵਾਂ ! ਅੱਖੜ ਇੱਛਾਵਾਂ ਦਾ ਨਾ ਕੋਈ ਮੁੱਢ ਹੁੰਦੈ ਤੇ ਨਾ ਕੋਈ ਅਖ਼ੀਰ। ਦੂਜਿਆਂ ਨੂੰ ਦਬਾਅ ਕੇ ਰੱਖਣਾ ਤੇ ਆਪਣੇ ਆਪ ਨੂੰ ਪਾਕਿ-ਸਾਫ ਤੇ ਉੱਚਾ-ਸੁੱਚਾ ਮੰਨਣਾ ਹੀ ਇਸ ਲੜਾਈ ਦੀ, ਜੰਗ ਦੀ ਜੜ੍ਹ ਹੈ। ਜੇਕਰ ਤੁਸੀਂ ਆਪਣੇ ਆਪ ਨੂੰ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-58**

**ਸੁਰਜੀਤ ਸੁਮਨ**

ਦੂਜਿਆਂ ਤੋਂ ਉੱਚਾ-ਸੁੱਚਾ ਮਨਵਾ ਲਓਗੇ, ਫਿਰ ਆਲ਼ੇ-ਦੁਆਲ਼ੇ ਨੂੰ ਵੀ ਤੁਸੀਂ ਆਪਣੇ ਅਧੀਨ ਕਰਨ ਦੀ ਲੋਚਾ ਪਾਲ਼ੋਗੇ। ਅਜਿਹੀ ਲੋਚਾ ਹੀ ਤੁਹਾਡੇ ਹੱਥਾਂ ਨੂੰ ਪਾਕਿ-ਸਾਫ ਨਹੀਂ ਰਹਿਣ ਦਿੰਦੀ। ਤੁਸੀ ਦੂਜਿਆਂ ਦੇ ਲੀੜੇ ਰੱਤ ਨਾਲ਼ ਭਰਨ ਲੱਗੇ ਰਤਾ ਵੀ ਰਹਿਮ ਨਹੀਂ ਦਿਖਾਉਂਦੇ। ਇਸੇ ਲਈ ਉਸ ਇਹ ਸ਼ੇਅਰ ਕਹੇ ਹੋਣਗੇ, 'ਬੱਦਲ਼ਾਂ ਵਾਂਗ ਨੇ ਗੱਜਦੇ ਬੰਦੇ/ ਵੱਸਣ ਕਿਸਰਾ ਅੱਜ ਦੇ ਬੰਦੇ' ਜਾਂ 'ਕੱਚੀ ਬਸਤੀ ਲੰਘਣ ਲੱਗਿਆਂ/ ਰਾਤੀਂ ਬੱਦਲ਼ ਟੁੱਟ ਕੇ ਰੋਇਆ।'

ਸੋਚਾਂ ਦੇ ਗਹਿਗੱਚ ਸਮੁੰਦਰ ਵਿੱਚ ਡੁੱਬਦਾ-ਫਹਿੰਦਾ ਮੈਂ ਸਾਉਣ ਬਣੇ ਚੇਤ ਮਹੀਨੇ ਦੇ ਪਹਿਲੇ ਹਫ਼ਤੇ ਵਰ੍ਹ ਰਹੇ ਬੱਦਲ਼ਾਂ ਦਾ ਅਨੰਦ ਮਾਣਨ ਲਗਦਾ ਹਾਂ। ਸਾਂਭੇ ਗਏ ਗਰਮ ਕੱਪੜੇ ਮੁੜ ਨਿਕਲ਼ਣੇ ਸ਼ੁਰੂ ਹੋਏ ਹਨ। ਦਰੱਖ਼ਤਾਂ ਦੇ ਹਰੇ-ਕਚੂਰ ਪੱਤੇ ਨਾਤ੍ਹੇ-ਧੋਤੇ ਗਏ ਹਨ। ਸ੍ਰਿਸ਼ਟੀ ਦੀ ਗੋਦ ਵਿੱਚ ਇਨ੍ਹਾਂ ਹਰੇ ਰੰਗ ਦਾ ਛੱਟਾ ਦਿੱਤਾ ਹੋਇਆ ਹੈ। ਖੇਤਾਂ ਵਿੱਚ ਖੜ੍ਹੀਆਂ ਜੁਆਨ ਕਣਕਾਂ ਨ੍ਰਿਤ ਵਿੱਚ ਲੀਨ ਹਨ। ਅਜਿਹੇ ਸਮਿਆਂ ਵਿੱਚ ਹੀ ਗੁਲ ਚੌਹਾਨ ਦੇ ਕਵੀ ਮਨ ਨੇ 'ਹਰੇ ਰੰਗ ਦੀ ਕਵਿਤਾ' ਕਹੀ ਹੋਣੀ ਏ ਜਾਂ ਪਤਾ ਨਹੀਂ ਉਸ ਦੇ ਹੋਰ ਕਿੰਨੇ ਕੁ ਗੁੱਝੇ ਭੇਦ ਹੋਣ। ਮੇਰਾ ਮਨ ਇੱਕ ਵੱਖਰੀ ਤਰ੍ਹਾਂ ਦੇ ਵਿਸ਼ਮਾਦ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਨੂੰ ਫੋਨ ਵੱਜੀ ਘੰਟੀ ਤੋੜ ਕੇ ਰੱਖ ਦਿੰਦੀ ਹੈ। ਬਾਈ ਦਲੇਰ ਸਿੰਘ ਨਾਲ਼ ਗੱਲ ਕਰਨ ਲਗਦਾ ਹਾਂ। 'ਛੋਟੇ ਭਾਈ ਭਲਾਮਾਣਸ ਬੰਦਾ ਅਮਨ ਭਾਲ਼ਦੈ ਤੇ ਲੜਾਕਾ ਜੰਗ। ਮੈਂ ਇੱਕ ਵੀਡੀਓ ਦੇਖ ਰਿਹਾ ਸੀ। ਇੱਕ ਲੰਮੀ ਕਤਾਰ ਵਿੱਚ ਫੌਜੀ ਸੈਨਿਕ ਖੜ੍ਹੇ ਹਨ। ਤੁਰੀ ਆ ਰਹੀ ਇੱਕ ਨਿੱਕੀ ਜਿਹੀ ਬੱਚੀ ਇੱਕ ਸੈਨਿਕ ਅੱਗੇ ਰੁਕਦੀ ਹੈ। ਉਸ ਨੂੰ ਪਛਾਣਨ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਉਹ ਸੈਨਿਕ ਸਿਰੋਂ ਆਪਣੀ ਟੋਪੀ ਲਾਹ ਲੈਂਦਾ ਹੈ ਤਾਂ ਉਹ ਪਿਆਰੀ ਜਿਹੀ ਬੱਚੀ 'ਡੈਡੀ ਡੈਡੀ' ਪੁਕਾਰਦੀ ਉਸ ਦੇ ਗਲ਼ ਨਾਲ਼ ਚਿੰਬੜ ਜਾਂਦੀ ਹੈ। ਆਮ ਲੋਕਾਂ ਦੇ ਨਾਲ਼ ਨਾਲ਼ ਜੰਗ ਲੜ ਰਹੇ ਸੈਨਿਕਾਂ ਦੇ ਪਰਿਵਾਰਾਂ ਉੱਤੇ ਵੀ ਇਸ ਤਰ੍ਹਾਂ ਦਾ ਮਾਰੂ ਅਸਰ ਪੈਂਦਾ ਹੈ। ਸੋਚਦਾ ਹਾਂ, ਇੰਝ ਹੀ ਜੰਗਾਂ-ਯੁੱਧਾਂ ਵਿੱਚ ਕੀਤੇ ਜਾ ਰਹੇ ਵਿਨਾਸ਼ ਦੀ ਕਹਾਣੀ ਦੁਹਰਾਈ ਜਾਂਦੀ ਰਹਿੰਦੀ ਹੈ। ਇਸ ਦਾ ਕੋਈ ਆਦਿ ਨਹੀਂ ਤੇ ਕੋਈ ਅੰਤ ਨਹੀਂ।

ਤੂੰ ਉਹ ਖ਼ਬਰ ਪੜ੍ਹੀ, ਜੀਹਦੇ 'ਚ ਸਰਕਾਰ ਨੇ ਕਰਜ਼ਈ ਕਿਸਾਨਾਂ ਦੀ ਜ਼ਮੀਨ ਦੀ ਨਿਲਾਮੀ ਕਰਨ ਵਾਲ਼ੇ ਮੁੱਦੇ ਨੂੰ ਛੋਹਿਆ ਹੈ। ਕਹਿੰਦੇ ਵੀਹ ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਵਾਲ਼ੇ ਸੌ ਤੋਂ ਉੱਤੇ ਕਿਸਾਨਾਂ ਦੀ ਸ਼ਨਾਖਤ ਹੋਈ ਹੈ, ਜਿਨ੍ਹਾਂ ਖੇਤੀ ਵਿਕਾਸ ਬੈਂਕਾਂ ਦਾ ਕਰੋੜਾਂ ਦਾ ਕਰਜ਼ਾ ਦੇਣਾ ਹੈ। ਕਹਿੰਦੇ ਸਿਆਸੀ ਆਗੂ ਇਨ੍ਹਾਂ ਬੈਂਕਾਂ ਦੇ ਵੱਡੇ ਡਿਫਾਲਟਰ ਨਿਕਲ਼ੇ ਹਨ। ਸਮਝ ਨਹੀਂ ਆਉਂਦੀ ਲੋਕ ਜਿਸ ਕੰਮ ਲਈ ਕਰਜ਼ ਲੈਂਦੇ ਹੈ, ਓਸੇ 'ਤੇ ਵਰਤਦੇ ਕਿਉਂ ਨਹੀਂ? ਇਨ੍ਹਾਂ ਵੱਡੇ ਡਿਫਾਲਟਰ ਲੋਕਾਂ ਨੇ ਪਹਿਲਾਂ ਹੀ ਪੰਜਾਬ ਦੀ ਮਿਆਰੀ ਸਹਿਕਾਰਤਾ ਲਹਿਰ ਨੂੰ ਰੋਲ਼ ਕੇ ਰੱਖ ਦਿੱਤਾ ਹੋਇਆ ਹੈ। ਲੋਕ ਵੀ ਭਰਾਵਾ ਸਰਕਾਰਾਂ ਵਰਗੇ ਹੋਈ ਜਾਂਦੇ ਨੇ। ਮੇਰੇ ਵਰਗਾ ਛੋਟਾ ਕਿਸਾਨ-ਮਜ਼ਦੂਰ ਉਦੋਂ ਤੱਕ ਚੈਨ ਦਾ ਸਾਹ ਨਹੀਂ ਲੈਂਦਾ, ਜਦੋਂ ਤੱਕ ਬੈਂਕਾਂ ਦੀਆਂ ਕਿਸ਼ਤਾਂ ਮੋੜ ਨਈਂ ਦਿੰਦਾ। ਫਿਰ ਵੀ ਘਰੇਲੂ ਲੋੜਾਂ ਬੰਦੇ ਨੂੰ ਤੋੜ ਕੇ ਰੱਖ ਦਿੰਦੀਆਂ ਹਨ। ਦਿਨ-ਰਾਤ ਦੇ ਫਰਕ ਨਾਲ਼ ਛੜੱਪੇ ਮਾਰਦੀ ਮਹਿੰਗਾਈ ਨੇ ਲੋਕਾਂ ਦੇ ਸਾਹ ਸੂਤੇ ਪਏ ਹਨ। ਖੁਦਕੁਸ਼ੀ ਦੀ ਕੋਈ ਨਾ ਕੋਈ ਖ਼ਬਰ ਰੋਜ਼ ਪੜ੍ਹ ਲੈਂਦੇ ਆਂ। 'ਪੱਕੀ ਖੇਤੀ ਵੇਖ ਕੇ ਗਰਵ ਕਰੇ ਕਿਰਸਾਨ, ਝੱਖੜ ਝੋਲਾ ਬਹੁਤ ਹੈ ਘਰ ਆਵੇ ਤਾਂ ਜਾਣ।' ਦੇਖਿਆ ਜਾਵੇ ਤਾਂ ਸਮੇਂ ਨੇ ਬਹੁਤ ਵੱਡੀ ਕਰਵਟ ਬਦਲੀ ਹੈ। ਮਹਿੰਗਾਈ ਤੇ ਬੇਰੁਜ਼ਗਾਰੀ ਦਾ ਦੈਂਤ ਪੈਰ ਪਸਾਰੀ ਖੜ੍ਹੈ। ਲੋੜਾਂ ਦੀ ਬਜਾਇ ਐਸ਼ੋ-ਇਸ਼ਰਤ ਲਈ ਲਏ ਬੇਲੋੜੇ ਭਾਰੀ ਕਰਜ਼, ਬੰਦੇ ਦੀ ਦਸ਼ਾ ਤੇ ਦਿਸ਼ਾ ਬਦਲ ਕੇ ਰੱਖ ਦਿੰਦੇ ਹਨ। ਇਹ ਵੀ ਸੱਚ ਹੈ ਕਿ ਲੋੜਾਂ ਤਾਂ ਨਿੱਤ ਦਿਨ ਮੂੰਹ ਅੱਡੀ ਖੜ੍ਹੀਆਂ ਰਹਿੰਦੀਆਂ ਹਨ। ਹੁਣ ਤੂੰ ਆਪਣੀ ਸਰਕਾਰ ਨੂੰ ਈ ਦੇਖ ਲੈ। ਆਏ ਸਾਲ ਕਰਜ਼ ਲੈ ਕੇ ਡੰਗ ਟਪਾਉਣਾ ਪੈ ਰਿਹੈ। ਸਰਕਾਰ ਵਾਂਗੂੰ ਹਰ ਬੰਦਾ ਆਮਦਨ ਤੇ ਖਰਚ ਦਾ ਸਮਤੋਲ ਬਣਾਉਂਦਿਆਂ ਸਾਰਾ ਦਿਨ ਊਰੀ ਵਾਂਗ ਘੁੰਮੀ ਜਾਂਦੈ।

ਹੋਰ ਸੁਣ ਪੰਜਾਬ ਦੀ ਅਰਥ-ਵਿਵਸਥਾ ਨੂੰ ਜੇਕਰ ਗਹੁ ਨਾਲ਼ ਵਾਚਿਆ ਜਾਵੇ ਤਾਂ ਇਹ ਖੇਤੀ ਦੁਆਲ਼ੇ ਹੀ ਘੁੰਮਦੀ ਹੈ। ਹਾਲੇ ਉਦਯੋਗੀਕਰਨ ਨਹੀਂ ਹੋਇਆ। ਸਰਕਾਰ ਖੇਤੀ ਨੀਤੀ ਬਣਾਉਣਾ ਚਾਹੁੰਦੀ ਹੈ ਪਰ ਕੇਂਦਰ ਦੀਆਂ ਖੇਤੀ ਪ੍ਰਤੀ ਬਦਲੀਆਂ ਨੀਅਤਾਂ ਤੇ ਨੀਤੀਆਂ ਨਾਲ਼ ਇਸ ਨੂੰ ਮੁੜ ਬਰੇਕਾਂ ਲੱਗਣੀਆਂ ਯਕੀਨੀ ਹਨ। ਕਹਿੰਦੇ ਇਹਦਾ ਕਾਰਨ ਭਾਰਤ-ਅਮਰੀਕਾ ਕਰ ਮੁਕਤ ਵਪਾਰ ਸਮਝੌਤਾ ਬਣ ਰਿਹੈ। ਵਿਰੋਧੀ ਧਿਰ ਨੇ ਸੰਸਦ ਵਿੱਚ ਸਵਾਲ ਖੜ੍ਹੇ ਕੀਤੇ ਹਨ ਕਿ ਇਹ ਸਮਝੌਤਾ ਕਿਸਾਨਾਂ ਲਈ ਵੱਡਾ ਝਟਕਾ ਹੋਵੇਗਾ ਤੇ ਅਰਥਵਿਵਸਥਾ ਡੋਲੇਗੀ ਹੀ। ਬੇਸ਼ੱਕ ਕਿਸਾਨਾਂ ਦਾ ਯੁੱਧ ਜਾਰੀ ਹੈ ਪਰ ਆਉਣ ਵਾਲ਼ੇ ਸਮਿਆਂ ਵਿੱਚ ਇਹ ਕਦੋਂ ਹੋਰ ਰੂਪ ਲੈ ਲਵੇ ਕੀ ਪਤੈ? ਹਾਲੇ ਤਾਂ ਛੱਬੀ ਨੂੰ ਇਲੈਕਸ਼ਨ ਵਰ੍ਹੇ ਵਜੋਂ ਹੀ ਸੈਲੀਬਰੇਟ ਕੀਤਾ ਜਾ ਰਿਹਾ ਹੈ। ਜੰਗ ਦੇ ਮਾਹੌਲ ਕਾਰਨ ਖਾੜੀ ਮੁਲਕਾਂ ਤੋਂ ਲੱਖਾਂ ਲੋਕ ਵਤਨ ਪਰਤ ਰਹੇ ਹਨ।' ਮੇਰੇ ਮਨ-ਮਸਤਕ ਵਿੱਚ ਤਜੱਮਲ ਕਲੀਮ ਦੇ ਦੁੱਖਾਂ ਭੰਨੇ ਮੁੱਖ ਚੋਂ ਕਿਰ ਰਹੇ ਸ਼ੇਅਰ ਆ ਬਹਿੰਦੇ ਹਨ, 'ਦਿਲ ਦਾ ਸ਼ੀਸ਼ਾ ਸਾਫ ਤੇ ਨਈਂ ਨਾ/ ਤੂੰ ਫਿਰ ਕੀਤਾ ਮਾਫ ਤੇ ਨਈਂ ਨਾ/ ਮੇਰੇ ਲੀੜੇ ਰੱਤ ਭਰੇ ਨੇ/ ਤੇਰੇ ਹੱਥ ਵੀ ਸਾਫ ਤੇ ਨਈਂ ਨਾ।'

***ਮੋਬਾ. 98144-30874***

# ਓਹ ਵੇਲ਼ਾ ਯਾਦ ਕਰ

ਕਿਹਾ ਲਿਬਾਸ ਪਾ ਲਿਆ ਅੱਜ ਦੀ ਤਹਿਜ਼ੀਬ ਨੇ,
ਰੂਹਾਂ ਨਕਾਬਪੋਸ਼ ਤੇ ਬੇ-ਪਰਦ ਹੋਈਆਂ ਇੰਦਰੀਆਂ।
ਸੂਰਤ ਉਸ ਦੀ ਭੋਲ਼ੀ ਭਾਲ਼ੀ ਪੂਰੀ ਮੋਮੋਠਗਣੀ ਹੈ,
ਸੀਰਤ ਅੱਗੇ ਗੋਡੇ ਟੇਕਣ ਬਾਦਲੀਆਂ ਅਮਰਿੰਦਰੀਆਂ।
(ਬਖ਼ਸ਼ਿੰਦਰ)

ਲੰਘੇ ਸਾਲ ਮੈਂ ਕੈਲੀਫੋਰਨੀਆ ਕਿਸੇ ਦੇ ਘਰ ਗਈ। ਉਹ ਆਪਣੇ ਲੜਕੇ ਲਈ ਲੜਕੀ ਦੀ ਤਲਾਸ਼ ਕਰ ਰਹੇ ਸਨ। ਮੈਂ ਪੁੱਛਿਆ-ਕੋਈ ਖਾਸ ਸ਼ਰਤ ਹੈ। ਉਨ੍ਹਾਂ ਨੇ ਸ਼ਰਤ ਦੱਸੀ ਕਿ ਪੜ੍ਹੀ-ਲਿਖੀ ਪਰ ਸ਼ਰਾਬ ਨਾ ਪੀਣ ਵਾਲੀ ਕੁੜੀ ਚਾਹੀਦੀ ਹੈ। ਮੈਨੂੰ ਲੱਗਿਆ ਉਹ ਵਧਾ-ਚੜ੍ਹਾ ਕੇ ਮੁੰਡੇ ਦੀ ਸਿਫ਼ਤ ਪਰੋਸ ਰਹੇ ਹਨ। ਕੁਝ ਸਮੇਂ ਪਿੱਛੋਂ ਮੈਂ ਕਿਸੇ ਸਰਦੇ-ਪੁਜਦੇ ਸ਼ਰੀਫ਼ ਘਰ ਦੀ ਕੁੜੀ ਦੀ ਦੱਸ ਪਾਈ। ਮੁੰਡੇ ਨੇ ਉਸ ਕੁੜੀ ਦੀ ਸ਼ਰਾਬ ਨਾਲ ਫੋਟੋ ਭੇਜ ਕੇ ਮੈਨੂੰ ਹੈਰਾਨ ਕਰ ਦਿੱਤਾ। ਸਭ ਮਾਪੇ ਆਪਣੇ ਵਿੱਤ ਤੋਂ ਉੱਚੀ ਛਾਲ ਮਾਰਨਾ ਚਾਹ ਰਹੇ ਹੁੰਦੇ ਹਨ, ਪਰ ਦੁਆਲੇ ਦੀਆਂ ਘਟਨਾਵਾਂ ਤੋਂ ਲਗਦਾ ਹੈ ਵਿਆਹ ਸੰਸਥਾ ਦੀਆਂ ਧੱਜੀਆਂ ਉੱਡ ਰਹੀਆਂ ਹਨ। ਬਚਪਨ ਵਿਚ ਸਾਨੂੰ ਸਹੁਰਿਆਂ ਦਾ ਜਮਦੂਤਾਂ ਵਰਗਾ ਡਰ ਪਾਇਆ ਜਾਂਦਾ ਸੀ। ਹੁਣ ਮੁੰਡੇ ਡਰਨ ਲੱਗੇ ਹਨ, ਆਖਦੇ ਹਨ, 'ਮੁੰਡਾ ਬਚਾਓ, ਨਾ ਹੀ ਵਿਆਹੋ। ਮਾਪੇ ਵੀ ਸੋਚਦੇ ਹੋਣੇ ਧੀਆਂ ਨੂੰ ਪੁੱਤਾਂ ਵਾਂਗ ਪਾਲ ਕੇ ਪੰਗਾ ਹੀ ਲੈ ਲਿਆ। ਇਨ੍ਹਾਂ ਧੀਆਂ ਨੇ ਆਪਣੇ ਗੁਣ ਤਜ ਕੇ ਪੁੱਤਾਂ ਦੇ ਸਭ ਔਗੁਣ ਅਪਣਾ ਲੈਣ ਨੂੰ ਹੀ ਬਰਾਬਰੀ ਮੰਨ ਧਰਿਆ। ਸ਼ਰਾਬ, ਨਸ਼ਾ, ਗੰਦੀਆਂ ਗਾਲ਼ਾਂ ਕੱਢਣਾ ਤਾਂ ਪਾਸੇ ਰਿਹਾ, ਲੋਕ-ਲਾਜ ਜਾਂ ਸੰਗ-ਸ਼ਰਮ ਨੂੰ ਕਿੱਲੇ ਟੰਗ ਕੇ ਅਪਰਾਧ ਵਿਚ ਵੀ ਬਰਾਬਰੀ ਕਰਨ ਦੀ ਠਾਣ ਰੱਖੀ ਹੈ। ਇਨ੍ਹਾਂ ਨੂੰ ਵੈਡਿੰਗ ਜਾਂ ਪ੍ਰੀ-ਵੈਡਿੰਗ ਤੋਂ ਅਗਲਾ ਸਫ਼ਰ ਚੇਤੇ ਨਹੀਂ ਹੈ। ਜਿਵੇਂ ਮੀਂਹ ਪੈਣ ਪਿੱਛੋਂ ਰੁੱਖ ਦੇ ਪੱਤਿਆਂ ਦੀ ਤਿੱਪ-ਤਿੱਪ ਸਾਨੂੰ ਭਿਉਂ ਦਿੰਦੀ ਹੈ। ਆਸ਼ਕ ਨਾਲ ਰਲ ਕੇ ਪਤੀ ਨੂੰ ਕਤਲ ਕਰਨ ਜਾਂ ਕਰਵਾਉਣ ਜਿਹੀ ਵਾਰਦਾਤ ਨੇ ਸਭ ਦਾ ਕਾਲਜਾ ਵਲੂੰਧਰਿਆ ਹੈ। ਮਾਪਿਆਂ ਦੇ ਸੀਨੇ ਪੁੱਤ ਦਾ ਸਿਵਾ ਹਮੇਸ਼ਾ ਹੀ ਸੁਲਗਦਾ ਰਹੇਗਾ। ਮੈਨੂੰ ਪਤਾ ਹੈ ਮੇਰੇ ਇਹ ਅੱਖਰ ਕਈਆਂ ਨੂੰ ਘਟੀਆ, ਪਿਛਾਂਹ-ਖਿੱਚੂ ਜਾਂ ਪੁਰਾਣੇ ਲੱਗਣਗੇ, ਪਰ ਵਿਆਹ ਹੁਣ ਇਕ ਦੂਜੇ ਦੀ ਮਨ-ਮਿੱਟੀ ਵਿਚ ਉੱਗ ਪੈਣ ਦੀ ਥਾਂ ਧੰਦਾ, ਸੌਦਾ ਜਾਂ ਵਕਤੀ ਝਰਨਾਹਟ ਬਣ ਗਿਆ ਹੈ। ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਬਾਰੇ ਵੀ ਸੁਣਿਆ ਸੀ। ਸਹੁਰਿਆਂ ਨੇ ਵੀ ਪੂਰੇ ਹਥੇਲੀ ਫੋੜੇ ਵਾਂਗ ਰੱਖੀ ਸੀ, ਪਰ ਇਸ ਨੂੰ ਲਾਡ ਪਚਿਆ ਨਹੀਂ। ਬਹੁਤਾ ਖਾਂਦੀ ਥੋੜ੍ਹੇ ਤੋਂ ਵੀ ਗਈ। ਕਿਸੇ ਦੀ ਬਲ਼ਦੀ ਚਿਖਾ 'ਤੇ ਰੋਟੀ ਸੇਕ ਕੇ ਕਿਵੇਂ ਰੱਜਿਆ ਜਾ ਸਕਦਾ ਹੈ। ਕੋਰੇਪਣ ਦੇ ਇਸ ਦੌਰ ਦੇ ਬੇ-ਕਿਰਕ ਲੋਕ ਸੈਂਟਾਂ ਛਿੜਕੇ ਲਿਬਾਸ ਪਾ ਕੇ ਛੱਪੜ ਦੇ ਹੁਮਕੇ ਪਾਣੀ ਜਿਹੇ ਰਿਸ਼ਤੇ ਪਾਲਦੇ ਹਨ, ਜਿੱਥੇ ਸਾਂਝ ਛਾਤੀ ਵਿੱਚੋਂ ਕੱਢ ਕੇ ਬੋਝੇ ਪਾ ਤੁਰਨ ਦੀ ਲਾਲਸਾ, ਹਵਸ, ਲਾਲਚ, ਨਿੱਜੀ ਲਾਹਾ, ਆਪਹੁਦਰਾਪਣ ਅੰਦਰਲਾ ਖਲਲ ਸਿਰਜਦੀ ਹੈ। ਬਿਨਾਂ ਕਿਸੇ ਫ਼ਰਜ਼ ਤੋਂ ਹੀ ਪੂਰੇ ਹੱਕ ਪਾ ਲੈਣ ਦਾ ਅਜਿਹਾ ਸਵਾਰਥੀ ਰਵੱਈਆ ਇਨ੍ਹਾਂ ਦਾ ਖਾਸਾ ਹੈ।ਇਕ ਨੁਕਤਾ ਇਸ ਪਨੀਰੀ ਦੀ ਸਿੱਖਿਆ ਵਿਚ ਕਦਰਾਂ-ਕੀਮਤਾਂ ਜਾਂ ਨੈਤਿਕਤਾ ਦਾ ਮਨਫ਼ੀ ਹੋਣਾ ਵੀ ਹੈ। ਇਹ ਸਭ ਆਲਮੀ ਮੰਡੀ ਦੇ ਸਿੱਕੇ ਵਾਂਗ ਤਿਆਰ ਕੀਤੇ ਜਾ ਰਹੇ ਹਨ। ਦੁਨੀਆ ਵੇਖਣਯੋਗ ਵਸਤਾਂ ਤੱਕ ਹੀ ਸਿਮਟੀ ਹੈ। ਭਾਵੁਕਤਾ ਤੋਂ ਸੱਖਣਾ ਮਨ ਕਿਸੇ ਹੋਰ ਦੀ ਥਾਂ ਖੜ੍ਹ ਕੇ ਸੋਚਣ ਦੀ ਲੋੜ ਨਹੀਂ ਮੰਨਦਾ। ਦੁਆਲੇ ਵਸਦੇ ਲੋਕ ਸਭ ਲਗਾਂ-ਮਾਤਰਾਂ ਹੀ ਜਾਪਦੇ ਹਨ। ਇਨ੍ਹਾਂ ਲਈ ਸੰਗ, ਸ਼ਰਮ, ਮਾਪੇ, ਲੋਕ-ਲਾਜ ਸਭ ਜੁੱਤੀ ਦੀਆਂ ਨੋਕਾਂ 'ਤੇ ਨਜ਼ਰੀਂ ਆਉਂਦੇ ਹਨ। ਔਰਤ-ਮਰਦ ਦੇ ਆਪਸੀ ਸੰਬੰਧ 'ਯਾਰਾ ਤੇਰਾ ਘੁੱਟ ਭਰ ਲਾਂ' ਵਰਗੇ ਤਾਂ ਘਟ ਹੀ ਰਹੇ ਹਨ। ਟੇਢਾਂ ਪਹਿਲਾਂ ਵੀ ਗਰਜਾਂ ਅਨੁਸਾਰੀ ਸਨ, ਪਰ ਹੁਣ ਦੋਹਾਂ ਨੇ ਰਲ ਕੇ ਬਖੀਏ ਉਧੇੜ ਧਰੇ ਹਨ। ਵਸਤ ਪ੍ਰਾਪਤੀ ਦੇ ਆਤੰਕ ਨੇ ਜਿਉਣਾ ਦੁੱਭਰ ਕਰ ਰੱਖਿਆ ਹੈ। ਵਿਆਹ ਜ਼ਿੰਦਗੀ ਦਾ ਅਜਿਹਾ ਮੌਕਾ ਮੇਲ ਹੈ, ਜਿੱਥੇ ਭਵਿੱਖੀ ਸੁਪਨੇ ਸੈਨਤਾਂ ਮਾਰਦੇ ਹਨ। ਉਮਰ ਦੀ ਸਰਦਲ ਤੋਂ ਸਾਹਾਂ ਦੀ ਮਹਿਕ ਰੁਮਕਦੀ ਹੈ, ਮਨ ਵਿਚ ਕਾਸ਼ਨੀ ਧੁੱਪ ਪਸਰਨ ਦੀ ਆਹਟ ਸੁਣਦੀ ਹੈ, ਪਰ ਮਨਾਂ ਵਿਚ ਕੜਕਦੀਆਂ ਧੁੱਪਾਂ ਲੈ ਕੇ ਕਿਸੇ ਪਲਕਾਂ ਦੀ ਛਾਂ ਸਕੂਨ ਨਹੀਂ ਦੇ ਸਕਦੀ। ਦੋ ਪਿੰਡਾਂ ਦੀਆਂ ਪੰਚਾਇਤਾਂ ਦੋ ਪਰਵਾਰਾਂ ਦੀਆਂ ਸਾਂਝਾਂ ਲਈ ਕਿਸੇ ਇਸ਼ਟ ਮੂਹਰੇ ਸਾਕਸ਼ੀ ਹੋ ਕੇ ਦੋਵਾਂ ਦੇ ਸਾਹਾਂ ਜਿਹਾ ਸਹੁੰ ਚੁੱਕਦੇ ਆਪਸੀ ਸਮਰਪਣ ਜ਼ਿੰਮੇਵਾਰੀ, ਸਾਂਝ ਦੀ ਸ਼ਨਾਖ਼ਤ ਬਦਲਦੇ ਹਨ। ਖਾਸ ਕਰਕੇ ਔਰਤ ਮਨ ਤੋਂ ਇਨ੍ਹਾਂ ਪਲਾਂ ਵਿਚ ਮੋਹ, ਮਮਤਾ, ਪਿਆਰ ਵਿਚ ਪਿਘਲ ਜਾਣ ਜਿਹੀ ਰੁਚੀ ਮੰਗਦੇ ਹਾਂ, ਜਿੱਥੇ ਉਸ ਦੀ ਜ਼ਿੰਦਗੀ ਦਾ ਨਵਾਂ ਵਰਕਾ ਉਲੀਕਿਆ ਜਾਂਦਾ ਹੈ, ਪਰ ਇਸ ਵੇਲ਼ੇ ਨੂੰ ਦਗਾ ਦੇ ਕੇ, ਧੋਖਾ ਕਰਕੇ, ਹਰ ਰਸਮ ਵੱਲ ਪਿੱਠ ਕਰਕੇ, ਬਦਮਾਸ਼ੀਆਂ ਲੈ ਕੇ ਕਿਹੜੀ ਖ਼ੁਸ਼ੀ ਵਿਹਾਜੀ ਜਾਂਦੀ ਹੈ। ਸਿਆਣੇ ਆਖਦੇ ਹਨ, 'ਤੱਕੀਏ ਪਰ ਨੂੰ ਤਾਂ ਆਉਂਦੀ ਐ ਘਰ ਨੂੰ।' ਹੁਣ ਤੱਕ ਔਰਤ ਕੁਰਬਾਨੀ ਦੀ ਮੂਰਤ ਰਹੀ ਹੈ। ਉਸ ਕੋਲ ਮਰਦ ਨਾਲੋਂ ਵੱਧ ਗੁਣ ਹਨ। ਇਨ੍ਹਾਂ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੈ। ਇਹ ਗੁਣ ਮਰਦਾਂ ਵਿਚ ਵੀ ਪੈਦਾ ਕਰੋ ਤਾਂ ਬਰਾਬਰ ਹੋਵਾਂਗੇ।

ਔਰਤ ਧਰਤੀ ਹੈ ਜਰ ਜਾਂਦੀ ਹੈ
ਮਰਦ ਬੱਦਲ ਹੈ ਵਰ੍ਹ ਜਾਂਦਾ ਹੈ। (ਕਵਿੰਦਰ ਚਾਂਦ)

**ਪ੍ਰਸੰਗ**

**ਡਾ. ਬਲਵਿੰਦਰ ਕੌਰ ਬਰਾੜ**



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਜ਼ਮੀਨ ਨਾਲ ਜੁੜੇ ਸਿਰੜੀ ਸਿਰਜਕਾਂ ਦਾ ਬਿਰਤਾਂਤ

## ਜਾਦੂਨਗਰੀ ਦੇ ਜਾਦੂਗਰ

**ਅਜੈ ਤਨਵੀਰ**
**ਪੰਨੇ-143, ਮੁੱਲ-395 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




**ਫੋਕਸ**



**ਚਰਚਾ ਇਕ ਪੁਸਤਕ ਦੀ**

**ਡਾ. ਜਸਵਿੰਦਰ ਕੌਰ ਬਿੰਦਰਾ**

ਪੰਜਾਬੀ ਸਾਹਿਤ ਵਿੱਚ ਵਾਰਤਕ ਵੰਨਗੀ ਦੀ ਲੰਮੀ ਪਰੰਪਰਾ ਰਹੀ ਹੈ, ਜਿਸ ਵਿੱਚ ਲੇਖ, ਨਿਬੰਧ, ਜੀਵਨੀਆਂ, ਸਵੈਜੀਵਨੀਆਂ, ਸਫ਼ਰਨਾਮੇ, ਸ਼ਬਦ ਚਿੱਤਰ, ਸੰਸਮਰਣ ਤੇ ਮੁਲਾਕਾਤਾਂ ਆਦਿ ਨੇ ਸਾਡੇ ਸਾਹਿਤ ਨੂੰ ਸਮਰਿੱਧ ਕੀਤਾ। ਪ੍ਰਿੰ. ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਕਪੂਰ ਸਿੰਘ, ਲਾਲ ਸਿੰਘ ਕਮਲਾ ਅਕਾਲੀ ਤੇ ਹੋਰ ਬਹੁਤ ਸਾਰੇ ਸਾਡੇ ਵੱਡੇ ਲੇਖਕਾਂ ਦੇ ਨਾਂਅ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਨੇ ਆਪਣੀਆਂ ਵਾਰਤਕ ਰਚਨਾਵਾਂ ਨਾਲ ਇਸ ਵੰਨਗੀ ਨੂੰ ਬਹੁਤ ਅਮੀਰ ਬਣਾਇਆ। ਵਿਦਵਾਨਾਂ ਦਾ ਮੰਨਣਾ ਹੈ ਕਿ ਵਾਰਤਕ ਲਿਖਣਾ ਬਾਕੀ ਸਾਹਿਤਕ ਵੰਨਗੀਆਂ ਤੋਂ ਜ਼ਿਆਦਾ ਔਖਾ ਹੁੰਦਾ ਹੈ। ਇਹ ਨਾ ਨਾਵਲ, ਨਾ ਕਹਾਣੀ, ਨਾ ਨਾਟਕ ਤੇ ਨਾ ਕਵਿਤਾ ਹੁੰਦੀ ਹੈ। ਇਸ ਵਿੱਚ ਲੇਖਕ ਦੇ ਕਲਾ-ਕੌਸ਼ਲ ਨਾਲੋਂ ਜ਼ਿਆਦਾ ਜ਼ਰੂਰੀ ਹੁੰਦਾ ਹੈ ਬਿਰਤਾਂਤਕ ਪੱਖ। ਇਸ ਪੱਖ ਵਿੱਚ ਵਿਚਾਰ, ਦਰਸ਼ਨ ਦੇ ਨਾਲ ਤੱਥ, ਤੱਤ, ਨਜ਼ਰੀਆ ਤੇ ਸੱਚਾਈ ਵਧੇਰੇ ਮਹੱਤਵ ਰੱਖਦੇ ਹਨ। ਇਹ ਵੰਨਗੀ ਜਾਣਕਾਰੀ ਭਰਪੂਰ ਹੁੰਦੀ ਹੈ। ਸੂਚਨਾ ਦੀ ਭਰਮਾਰ ਵਾਲੇ ਆਭਾਸੀ ਯੁੱਗ ਵਿੱਚ ਕੋਈ ਵੀ ਸੂਚਨਾ ਤੇ ਜਾਣਕਾਰੀ ਸਿਰਫ਼ ਇਕ ਕਲਿੱਕ ’ਤੇ ਜਾਂ ਮੋਬਾਇਲ ਉਤੇ ਉਂਗਲ ਫਿਰਾਉਣ ’ਤੇ ਮੌਜੂਦ ਹੈ। ਉਥੇ ਸਾਹਿਤ ਵਿੱਚ ਵੀ ਵਾਰਤਕ ਰਚਨਾਵਾਂ ਦੀ ਆਮਦ ਕੁਝ ਘੱਟ ਹੋਣ ਲੱਗ ਪਈ ਹੈ।

ਵਾਰਤਕ ਸਿਰਜਨਾ ਵਧੇਰੇ ਸੁਚੇਤ ਤੇ ਵਿਚਾਰਸ਼ੀਲ ਹੋਣ ਦੀ ਮੰਗ ਕਰਦੀ ਹੈ। ਜੇ ਜੀਵਨੀ ਜਾਂ ਸ਼ਬਦ ਚਿੱਤਰ ਰਚਿਆ ਜਾ ਰਿਹਾ ਹੋਵੇ ਤਾਂ ਉਸ ਵਿੱਚ ਲੇਖਕ ਦੀ ਸੋਚ ਤੇ ਨਜ਼ਰੀਆ ਬਹੁਤ ਮਹੱਤਵ ਰੱਖਦਾ ਹੈ। ਜਿਸ ਸ਼ਖਸੀਅਤ ਜਾਂ ਵਿਅਕਤੀ ਨੂੰ ਲਿਖਤ ਅਧੀਨ ਲਿਆਉਂਦਾ ਜਾਂਦਾ ਹੈ, ਆਮ ਤੌਰ ’ਤੇ ਉਹ ਨਾਮਚੀਨ ਜਾਂ ਬਹੁਤਾ ਜਾਣਿਆ-ਪਛਾਣਿਆ ਹੁੰਦਾ ਹੈ। ਅਜਿਹੇ ਵੇਲੇ ਪ੍ਰਸਿੱਧ ਵਿਅਕਤੀਆਂ ਬਾਰੇ ਲਿਖਣਾ ਸੌਖਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਬਾਰੇ ਪਾਠਕਾਂ ਨੂੰ ਬਹੁਤ ਕੁਝ ਪਤਾ ਹੀ ਹੁੰਦਾ ਹੈ। ਕਿਸੇ ਅਨਜਾਣੇ ਬੰਦੇ ਦਾ ਪਰਿਚੈ ਕਿਸੇ ਨੂੰ ਕਰਵਾਉਣਾ ਆਸਾਨ ਹੈ, ਪਰ ਜਾਣੇ-ਪਛਾਣੇ ਤੇ ਪ੍ਰਸਿੱਧ ਵਿਅਕਤੀ ਬਾਰੇ ਪਾਠਕਾਂ ਨਾਲ ਗੱਲ ਕਰਨਾ ਸਰਲ ਨਹੀਂ, ਪਰ ਸਾਹਿਤ ਦਾ ਮਤਲਬ ਹੀ ਹੈ, ਜਾਣੀ-ਪਛਾਣੀ ਜ਼ਿੰਦਗੀ ਤੇ ਸਮਾਜਿਕ ਖੇਤਰ ਵਿੱਚੋਂ ਹੀ ਘਟਨਾਵਾਂ ਤੇ ਚਰਿੱਤਰਾਂ ਨੂੰ ਲੈ ਕੇ ਉਸ ਨੂੰ ਆਪਣੀ ਲੇਖਣੀ ਰਾਹੀਂ ਸਾਹਿਤਕ ਰਚਨਾ ਵਿੱਚ ਢਾਲ ਕੇ ਪੇਸ਼ ਕਰਨਾ। ਸਾਹਿਤ ਵਿੱਚ ਜੋ ਵੀ ਦਰਸਾਇਆ ਜਾਂਦਾ ਹੈ, ਉਸ ਦੀ ਮੂਲ ਸਮੱਗਰੀ ਸਾਡੇ ਆਲੇ-ਦੁਆਲੇ ਤੋਂ ਹੀ ਲਈ ਜਾਂਦੀ ਹੈ, ਪਰ ਉਸ ਘਟਨਾ ਨੂੰ ਕਹਾਣੀ, ਨਾਵਲ ਜਾਂ ਕਿਸੇ ਹੋਰ ਰਚਨਾ ਵਿੱਚ ਢਾਲਣ ਦਾ ਹੁਨਰ ਲੇਖਕ ਦੀ ਆਪਣੀ ਕਲਮ ਵਿੱਚ ਹੁੰਦਾ ਹੈ।

ਅਜਿਹਾ ਹੀ ਕੁਝ ਅਜੈ ਤਨਵੀਰ ਦੀ ‘ਜਾਦੂਨਗਰੀ ਦੇ ਜਾਦੂਗਰ’ ਨਾਮਕ ਨਵੀਨ ਪੁਸਤਕ ਵਿੱਚ ਦੇਖਣ ਨੂੰ ਮਿਲਿਆ। ਫਿਲਮਾਂ ਸਾਡੇ ਜੀਵਨ ਦਾ ਇਕ ਹਿੱਸਾ ਹਨ। ਹਰ ਬੰਦਾ ਫਿਲਮਾਂ ਦੇਖਣ ਦਾ ਸ਼ੌਕੀਨ ਹੁੰਦਾ ਹੈ। ਇਹ ਗੱਲ ਵੱਖਰੀ ਹੈ ਕਿ ਫਿਲਮਾਂ ਤੇ ਐਕਟਰਾਂ ਪ੍ਰਤੀ ਸਭ ਦੀ ਪਸੰਦ-ਨਾਪਸੰਦ ਆਪੋ-ਆਪਣੀ ਹੁੰਦੀ ਹੈ। ਕਿਸੇ ਜ਼ਮਾਨੇ ਵਿੱਚ ਸਿਨੇਮਾ ਤੋਂ ਇਲਾਵਾ ਦੂਰਦਰਸ਼ਨ ਫਿਲਮਾਂ ਦੇਖਣ ਦਾ ਵੱਡਾ ਮਾਧਿਅਮ ਹੁੰਦਾ ਸੀ। ਹੁਣ ਤਾਂ ਹੱਥ ਵਿੱਚ ਚੁੱਕੇ ਛੋਟੇ ਜਿਹੇ ਮੋਬਾਇਲ ਵਿੱਚ ਵੀ ਲੋਕ ਆਪਣੀ-ਆਪਣੀ ਪਸੰਦ ਦੀ ਫਿਲਮ ਰਾਹ ਜਾਂਦਿਆਂ, ਕਾਰਾਂ ਵਿੱਚ, ਬੱਸਾਂ ਤੇ ਮੈਟਰੋ ਵਿੱਚ ਦੇਖਦੇ ਹੋਏ ਆਮ ਹੀ ਮਿਲ ਜਾਂਦੇ ਹਨ। ਹੁਣ ਫਿਲਮਾਂ ਤੇ ਸੀਰੀਅਲ ਘਰ-ਪਰਵਾਰ ਨਾਲ ਦੇਖਣ ਵਾਲੇ ਮਨੋਰੰਜਨ ਦਾ ਸਾਧਨ ਨਹੀਂ ਰਹੇ, ਸਗੋਂ ਸਭ ਕੁਝ ਨਿੱਜੀ ਪੱਧਰ ਉਤੇ ਆਪਣੀ ਪਸੰਦ ਨਾਲ ਜੁੜ ਗਿਆ ਹੈ।

ਫਿਲਮਾਂ ਦੀ ਗੱਲ ਮੈਂ ਇਸ ਲਈ ਕੀਤੀ, ਕਿਉਂਕਿ ਅਜੈ ਤਨਵੀਰ ਦੇ ਜਾਦੂਨਗਰੀ ਦੇ ਜਾਦੂਗਰ ਫਿਲਮੀ ਦੁਨੀਆ ਦੇ ਹਨ। ਉਸ ਨੇ ਫਿਲਮੀ ਜਗਤ ਨੂੰ ਹੀ ਜਾਦੂਨਗਰੀ ਕਿਹਾ ਹੈ ਤੇ ‘ਗੁਲਜ਼ਾਰ, ਜਾਵੇਦ ਅਖ਼ਤਰ ਤੇ ਸਾਗਰ ਸਰਹੱਦੀ’ ਜਿਹੀਆਂ ਸ਼ਖਸੀਅਤਾਂ ਨੂੰ ਜਾਦੂਗਰ ਕਿਹਾ ਹੈ। ਉਸ ਨੇ ਆਪਣੀ ਇਸ ਪੁਸਤਕ ਵਿੱਚ ਇਨ੍ਹਾਂ ਜਾਣੇ-ਪਛਾਣੇ ਤੇ ਬੇਹੱਦ ਪ੍ਰਸਿੱਧ, ਸੰਸਾਰ ਪੱਧਰ ਉਤੇ ਨਾਮਣਾ ਖੱਟ ਚੁੱਕੀਆਂ ਸ਼ਖਸੀਅਤਾਂ ਨਾਲ ਜਾਣ-ਪਛਾਣ ਕਰਵਾਈ। ਫਿਲਮ-ਪ੍ਰੇਮੀ ਤੇ ਚੰਗੀ ਸ਼ਾਇਰੀ ਦੇ ਮੁਰੀਦਾਂ ਵਿੱਚ ਗੁਲਜ਼ਾਰ ਤੇ ਜਾਵੇਦ ਅਖ਼ਤਰ ਪ੍ਰਤੀ ਬਹੁਤ ਮਾਣ-ਸਤਿਕਾਰ ਰਿਹਾ ਹੈ।

‘ਬੰਦਿਨੀ’ ਫਿਲਮ ਦੇ ‘ਮੋਰਾ ਗੋਰਾ ਰੰਗ ਲਈਲੇ..’ ਜਿਹੇ ਗੀਤ ਤੋਂ ਸ਼ੁਰੂਆਤ ਕਰਨ ਵਾਲਾ ਗੁਲਜ਼ਾਰ ਕਿਸੇ ਪਰਿਚੈ ਦਾ ਮੁਹਤਾਜ ਨਹੀਂ। ਲੇਖਕ ਨੇ ਆਪਣੇ ਇਸ ਲੇਖ ‘ਅੱਗ ਦੀ ਲਾਟ ਚਿਮੜੇ ਨਾਲ ਫੜਨ ਵਾਲਾ ਗੁਲਜ਼ਾਰ’ ਵਿੱਚ ਗੁਲਜ਼ਾਰ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਨੂੰ ਬਿਆਨ ਕੀਤਾ ਤੇ ਉਸ ਦੇ ਫਿਲਮੀ ਸਫ਼ਰ ਉਤੇ ਝਾਤ ਪੁਆਈ। ਸੰਪੂਰਨ ਸਿੰਘ ਦਾ ਗੁਲਜ਼ਾਰ ਵਿੱਚ ਤਬਦੀਲ ਹੋਣਾ ਤੇ ਵੰਡ ਦੀ ਤ੍ਰਾਸਦੀ ਨੂੰ ਆਪਣੇ ਪਿੰਡੇ ਉਤੇ ਹੰਢਾਉਣ ਵਾਲੇ ਗੁਲਜ਼ਾਰ ਨੂੰ ਇਹ ਸ਼ੋਹਰਤ ਰਾਤੋ-ਰਾਤ ਨਹੀਂ ਮਿਲੀ। ਆਪਣੇ ਫਿਲਮੀ ਜੀਵਨ ਵਿੱਚ ਲੰਮਾ ਅਰਸਾ ਬਿਤਾਉਣ ਵਾਲੇ ਗੁਲਜ਼ਾਰ ਨੂੰ ਮੌਕੇ ਮਿਲਦੇ ਚਲੇ ਗਏ ਤੇ ਉਸ ਨੇ ਵੀ ਸਾਹਮਣੇ ਆਏ ਹਰ ਕੰਮ ਨੂੰ ਸਿਰ ਮੱਥੇ ਲਿਆ। ਭਾਵੇਂ ਡਾਇਲਾਗ ਲਿਖਣਾ, ਕਦੇ ਸਕਰੀਨ ਪਲੇ, ਕਦੇ ਕਹਾਣੀ ਤੇ ਗੀਤ ਲਿਖਦੇ-ਲਿਖਦੇ ਪਤਾ ਨਹੀਂ ਕਦੋਂ ਉਹ ਫਿਲਮਾਂ ਦਾ ਨਿਰਦੇਸ਼ਕ ਬਣ ਗਿਆ।

ਨਿਰਦੇਸ਼ਕ ਰੂਪ ਵਿੱਚ ਉਸ ਨੇ ਆਮ ਲੀਕ ਤੋਂ ਹਟ ਕੇ ਫਿਲਮਾਂ ਬਣਾਈਆਂ ਤੇ ਹਰ ਫਿਲਮ ਨਾਲ ਉੱਚਾਈ ’ਤੇ ਸ਼ੁਹਰਤ ਦੇ ਉਤਲੇ ਪੜਾਅ ਉਤੇ ਚੜ੍ਹਦਾ ਗਿਆ। ਉਸ ਨੇ ‘ਕੋਸ਼ਿਸ਼, ਪਰਿਚੈ, ਖੁਸ਼ਬੂ, ਮਾਚਿਸ’ ਜਿਹੀਆਂ ਬਿਹਤਰੀਨ ਫਿਲਮਾਂ ਫਿਲਮੀ ਜਗਤ ਨੂੰ ਦਿੱਤੀਆਂ, ਅਨੰਦ ਵਰਗੀ ਕਾਲਜਾਈ ਫਿਲਮ ਦੇ ਸੰਵਾਦ ਰਚੇ ਤੇ ‘ਲੱਕੜੀ ਕੀ ਕਾਠੀ’, ‘ਮੇਰਾ ਕੁਝ ਸਾਮਾਨ ਲੌਟਾ ਦੋ’ ਜਿਹੇ ਕਾਲਜਾਈ ਗੀਤ ਦਿੱਤੇ। ਉਸ ਨੇ ਫਿਲਮਾਂ ਦੇ ਨਾਲ ਆਪਣੀ ਸ਼ਾਇਰੀ ਤੇ ਨਜ਼ਮਾਂ ਨਾਲ ਵੀ ਨਾਤਾ ਜੋੜੀ ਰੱਖਿਆ। ਉਸ ਦਾ ਦੂਰਦਰਸ਼ਨ ਲਈ ਬਣਾਇਆ ਗਿਆ ‘ਮਿਰਜ਼ਾ ਗਾਲਿਬ’ ਸੀਰੀਅਲ ਅੱਜ ਵੀ ਬੇਮਿਸਾਲ ਮੰਨਿਆ ਜਾਂਦਾ ਹੈ। ਉਸ ਨੇ ਰਵਿੰਦਰ ਨਾਥ ਟੈਗੋਰ ਦੀ ਗੀਤਾਂਜਲੀ ਦਾ ਅਨੁਵਾਦ ਕੀਤਾ। ਉਹ ਅਜੇ ਵੀ ਸਰਗਰਮ ਹੈ। ਜਸ਼ਨ-ਏ-ਰੇਖ਼ਤਾ ਤੇ ਜੈਪੁਰ ਲਿਟਰੇਚਰ ਜਿਹੇ ਸਾਹਿਤਕ ਸਮਾਗਮਾਂ ਵਿੱਚ ਵੀ ਉਸ ਦੀ ਹਾਜ਼ਰੀ ਲਗਾਤਾਰ ਦੇਖਣ ਨੂੰ ਮਿਲਦੀ ਹੈ। ਗੁਲਜ਼ਾਰ ਇਕ ਚੰਗਾ ਫਿਲਮਕਾਰ ਤੇ ਨਿਰਦੇਸ਼ਕ, ਗੀਤਕਾਰ ਹੀ ਨਹੀਂ, ਉਹ ਚੰਗਾ ਸਾਹਿਤਕਾਰ ਵੀ ਹੈ। ਇਸ ਸਭ ਤੋਂ ਵਧ ਕਿ ਉਹ ਇਕ ਸ਼ਾਂਤ, ਸਹਿਜ ਤੇ ਸੁਹਿਰਦ ਇਨਸਾਨ ਹੈ, ਜੋ ਬਾਕੀ ਸਭ ਤੋਂ ਵੀ ਵੱਡੀ ਗੱਲ ਹੈ।

ਅਜੈ ਨੇ ਜਾਵੇਦ ਅਖ਼ਤਰ ਨੂੰ ‘ਜਾਦੂਨਗਰੀ ਦਾ ਜਾਦੂਗਰ’ ਕਹਿੰਦੇ ਹੋਏ ਉਸ ਦੀ ਜਾਣ-ਪਛਾਣ ਉਸ ਦੇ ਬਚਪਨ ਤੋਂ ਕਰਵਾਈ। ਉਸ ਦੇ ਪਿਤਾ ਜਾਂ ਨਿਸਾਰ ਅਖ਼ਤਰ ਬਹੁਤ ਵੱਡੇ ਸ਼ਾਇਰ ਹੋਏ। ਉਸ ਦੇ ਨਾਨਕਿਆਂ ਵਿੱਚ ਸਾਰੇ ਹੀ ਬਹੁਤ ਪੜ੍ਹੇ-ਲਿਖੇ ਸਨ। ਛੋਟੀ ਉਮਰ ਵਿੱਚ ਹੀ ਮਾਂ ਦੀ ਮੌਤ ਹੋ ਜਾਣ ਤੇ ਬਾਪ ਦੇ ਆਜ਼ਾਦੀ ਵੇਲੇ ਜੇਲ੍ਹ ਵਿੱਚ ਹੋਣ ਕਰਕੇ, ਉਸ ਦਾ ਬਚਪਨ ਕੁਝ ਰੁਲਿਆ-ਗੁਲਿਆ ਰਿਹਾ, ਪਰ ਮਾਸੀ ਨੇ ਉਸ ਨੂੰ ਪਾਲਿਆ-ਪੋਸਿਆ। ਠੋਕਰਾਂ ਖਾ-ਖਾ ਕੇ, ਸਕੂਲ ਤੋਂ ਕਾਲਜ ਪਹੁੰਚ, ਉਹ ਫਿਲਮੀ ਦੁਨੀਆ ਨਾਲ ਜੁੜ ਗਿਆ। ਜਿੱਥੇ ਉਸ ਦੀ ਜੋੜੀ ਸਲੀਮ ਨਾਲ ਬਣੀ ਤੇ ਉਨ੍ਹਾਂ ਦੋਵਾਂ ਨੇ ਰਲ ਕੇ 17 ਫਿਲਮਾਂ ਲਿਖੀਆਂ। ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹਿੱਟ ਰਹੀਆਂ। ਫਿਲਮ ‘ਜ਼ੰਜੀਰ’ ਤੋਂ ਸ਼ੁਰੂ ਹੋਇਆ ਇਹ ਸਫ਼ਰ ‘ਹਾਥੀ ਮੇਰੇ ਸਾਥੀ’, ‘ਸੀਤਾ ਔਰ ਗੀਤਾ’, ‘ਦੀਵਾਰ ਤੇ ਸ਼ੋਲੇ’ ਜਿਹੀਆਂ ਫਿਲਮਾਂ ਤੱਕ ਪੁੱਜਾ। ਫਿਰ ਜਾਵੇਦ ਅਖ਼ਤਰ ਦੀ ਵੱਡੀ ਪਛਾਣ ਉਸ ਦੇ ਗੀਤਕਾਰ ਹੋਣ ਨਾਲ ਬਣੀ। ਸਿਲਸਿਲਾ ਦੇ ਗਾਣਿਆਂ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਅਜੇ ਤੱਕ ਜਾਰੀ ਹੈ। ਜਾਵੇਦ ਦੀ ਜ਼ਿੰਦਗੀ ਵਿੱਚ ਆਈ ਹਨੀ ਈਰਾਨੀ ਵੀ ਬਹੁਤ ਵੱਡੀ ਲੇਖਿਕਾ ਰਹੀ ਤੇ ਸ਼ਬਾਨਾ ਆਜ਼ਮੀ ਵੀ ਫਿਲਮਾਂ ਦੀ ਜ਼ਬਰਦਸਤ ਐਕਟ੍ਰੈਸ ਰਹੀ।

ਜਾਵੇਦ ਨੇ ਆਪਣੇ ਜ਼ਿੰਦਗੀ ਵਿੱਚ ਆਏ ਜਿਨ੍ਹਾਂ ਪ੍ਰਮੁੱਖ ਬੰਦਿਆਂ ਦੀ ਗੱਲ ਕੀਤੀ, ਉਨ੍ਹਾਂ ਵਿੱਚੋਂ ਉਸ ਦਾ ਇਕ ਦੋਸਤ ਮੁਸ਼ਤਾਕ ਸਿੰਘ ਹੈ। ਕਾਲਜ ਪੜ੍ਹਦਿਆਂ ਉਸ ਨੇ ਜਾਵੇਦ ਦੀ ਹਰ ਪੱਖੋਂ ਮਦਦ ਕੀਤੀ। ਜਾਵੇਦ ਨੇ ਉਸ ਦੇ ਕਾਲਜ ਤੋਂ ਜਾਣ ਵੇਲੇ ਉਸ ਦਾ ਕੜਾ ਆਪਣੇ ਗੁੱਟ ਵਿੱਚ ਨਿਸ਼ਾਨੀ ਦੇ ਤੌਰ ’ਤੇ ਪਾ ਲਿਆ, ਜੋ ਅਜੇ ਤੱਕ ਉਸ ਨੇ ਉਤਾਰਿਆ ਨਹੀਂ। ਉਹ ਹੱਸ ਕੇ ਇਹ ਵੀ ਕਹਿੰਦਾ ਹੈ ਕਿ ‘ਮੈਂ ਪਿਛਲੇ ਜਨਮ ਵਿੱਚ ਜ਼ਰੂਰ ਸਿੱਖ ਰਿਹਾ ਹੋਵਾਂਗਾ।’ ਉਸ ਨੇ ਆਪਣਾ ਦਾਦਾ ਮੁਜ਼ਤਰ ਖ਼ੈਰਾਬਾਦੀ ਦੇ ਸਾਰੇ ਕਾਵਿ ਨੂੰ ਆਪਣੇ ਦੋ ਦੋਸਤਾਂ ਦੀ ਮਦਦ ਨਾਲ ਇਕੱਠਾ ਕੀਤਾ ਤੇ 10 ਸਾਲਾਂ ਦੀ ਮਿਹਨਤ ਬਾਅਦ ਉਹ ਸਾਰਾ ਦੀਵਾਨ ਪੰਜ ਜਿਲਦਾਂ ਵਿੱਚ ਛਪਿਆ, ਜਿਸ ਤੋਂ ਇਹ ਸਪੱਸ਼ਟ ਹੋ ਗਿਆ ਕਿ ‘ਨ ਕਿਸੀ ਕੀ ਆਂਖ ਕਾ ਨੂਰ ਹੂੰ....’ ਜਿਹਾ ਪ੍ਰਸਿੱਧ ਸ਼ੇਅਰ ਉਸ ਦੇ ਦਾਦੇ ਦੀ ਲਿਖਤ ਹੈ ਨਾ ਕਿ ਬਹਾਦੁਰ ਸ਼ਾਹ ਜ਼ਫ਼ਰ ਦੀ। ਉਸ ਨੇ ਆਪਣੀ ਜ਼ਿੰਦਗੀ ਵਿੱਚ ਇਕ ਵੱਡਾ ਕੰਮ ਗੀਤਕਾਰਾਂ ਨੂੰ ਉਨ੍ਹਾਂ ਦੇ ਗਾਣਿਆਂ ਦੀ ਰਾਇਲਟੀ ਦਿਵਾਉਣ ਦਾ ਕੀਤਾ, ਜਿਸ ਦਾ ਉਸ ਨੂੰ ਭਾਰੀ ਨੁਕਸਾਨ ਵੀ ਚੁੱਕਣਾ ਪਿਆ, ਜਿਸ ਦਾ ਉਸ ਨੂੰ ਕੋਈ ਮਲਾਲ ਨਹੀਂ।

ਤੀਜਾ ਜਾਦੂਗਰ ਅਜੈ ਦੀ ਨਜ਼ਰ ਵਿੱਚ ‘ਕੰਧ ’ਤੇ ਲਿਖਿਆ ਦਸਤਾਵੇਜ਼’ ਸਾਗਰ ਸਰਹੱਦੀ ਹੈ, ਜਿਸ ਦਾ ਅਸਲ ਨਾਂਅ ਗੰਗਾ ਸਾਗਰ ਤਲਵਾਰ ਸੀ। ਜਿਸ ਨੇ ਯਸ਼ ਚੋਪੜਾ ਲਈ ‘ਕਭੀ-ਕਭੀ, ਚਾਂਦਨੀ, ਸਿਲਸਿਲਾ, ਨੂਰੀ’ ਜਿਹੀਆਂ ਇਕ ਤੋਂ ਇਕ ਵਧੀਆ ਫਿਲ਼ਮਾਂ ਲਿਖੀਆਂ। ਆਪ ਉਸ ਨੇ ‘ਬਜ਼ਾਰ’ ਜਿਹੀ ਛੋਟੇ ਬਜਟ ਦੀ ਪਰ ਭਾਵਪੂਰਤ ਕਲਾਤਮਿਕ ਫਿਲਮ ਬਣਾਈ, ਜਿਸ ਵਿੱਚ ਪਹਿਲੀ ਵਾਰ ਸੁਪ੍ਰਿਆ ਪਾਠਕ ਨੂੰ ਰੋਲ ਦਿੱਤਾ, ਪਰ ਅਸਲ ਵਿੱਚ ਉਹ ਇਕ ਨਾਟਕਕਾਰ ਸੀ। ਉਸ ਨੇ ਬਹੁਤ ਵਧੀਆ ਡਰਾਮੇ ਲਿਖੇ, ਜੋ ਉਸ ਦੇ ਭਤੀਜੇ ਰਮੇਸ਼ ਤਲਵਾਰ ਦੀ ਸੰਪਾਦਨਾ ਹੇਠ ਹਿੰਦੀ ਵਿੱਚ ਛਪ ਚੁੱਕੇ ਹਨ। ਉਸ ਨੇ ਆਪਣੇ ਜੀਵਨ ਵਿੱਚ ’47 ਦੀ ਵੰਡ ਦੇਖੀ ਤੇ ਫਿਰ ’84 ਦੇਖਿਆ। ਇਹ ਸੰਤਾਪ ਉਸ ਦੇ ਧੁਰ ਅੰਦਰੋਂ ਕਦੇ ਨਾ ਨਿਕਲਿਆ। ਉਸ ਦਾ ਵੱਡਾ ਭਰਾ ਡਰਾਮੇ ਖੇਡਦਾ ਸੀ, ਜਿਸ ਕਾਰਨ ਉਹ ਡਰਾਮਿਆਂ ਵਾਲੇ ਪਾਸੇ ਆ ਗਿਆ। ਉਸ ਨੇ ‘ਮੇਰੇ ਦੇਸ਼ ਦੇ ਪਿੰਡ, ਜ਼ਮਾਨਾ, ਦਾਇਰਾ, ਖ਼ਿਆਲ ਦੀ ਦਸਤਕ, ਭਗਤ ਸਿੰਘ ਦੀ ਵਾਪਸੀ’ ਜਿਹੇ ਕਈ ਡਰਾਮੇ ਲਿਖੇ ਤੇ ਖੇਡੇ। ਉਹ ਡਰਾਮੇ ਦੇਖਣ ਲਈ ਕੋਈ ਟਿਕਟ ਲਗਾਉਣ ਦੇ ਹੱਕ ਵਿੱਚ ਨਹੀਂ ਸੀ। ਕੈਫ਼ੀ ਆਜ਼ਮੀ, ਗੁਲਜ਼ਾਰ, ਸੰਗੀਤਕਾਰ ਖ਼ੱਯਾਮ ਤੇ ਯਸ਼ ਚੋਪੜਾ ਉਸ ਦੇ ਯਾਰ ਸਨ। ਸਾਗਰ ਸਰਹੱਦੀ ਨੇ ਵਿਆਹ ਨਹੀਂ ਕੀਤਾ। ਬਹੁਤ ਸ਼ਰਾਬ ਪੀਣਾ ਉਸ ਦੀ ਮਾੜੀ ਆਦਤ ਰਹੀ। ਉਸ ਦੀਆਂ ਬਣਾਈਆਂ ‘ਚੌਸਰ ਤੇ ਅਜ਼ੀਜ਼ਨ ਬਾਈ’ ਜਿਹੀਆਂ ਫਿਲਮਾਂ ਕਦੇ ਰਿਲੀਜ਼ ਨਹੀਂ ਹੋ ਸਕੀਆਂ।

ਅਜੈ ਤਨਵੀਰ ਦੀ ਵਾਰਤਕ ਪਾਠਕ ਨੂੰ ਆਪਣੇ ਨਾਲ ਲੈ ਤੁਰਦੀ ਹੈ। ਉਸ ਨੇ ਇਸ ਪੁਸਤਕ ਵਿੱਚ ਵਾਰਤਕ ਰਾਹੀਂ ਫਿਲਮੀ ਦੁਨੀਆ ਦੇ ਤਿੰਨ ਦਿੱਗਜ਼ ਸ਼ਖਸੀਅਤਾਂ ਨੂੰ ਪ੍ਰਸਤੁਤ ਕੀਤਾ। ਇਸ ਪੁਸਤਕ ਦੀ ਭੂਮਿਕਾ ਜੰਗ ਬਹਾਦਰ ਗੋਇਲ ਤੇ ਸੁਕੀਰਤ ਨੇ ਲਿਖੀ, ਜਿਨ੍ਹਾਂ ਨੇ ਅਜੈ ਤਨਵੀਰ ਦੀ ਕੁਸ਼ਲ ਲੇਖਣੀ ਨੂੰ ਸਲਾਹਿਆ। ਇਹ ਇਕ ਨਵੀਂ ਸ਼ੁਰੂਆਤ ਵੀ ਕਹੀ ਜਾ ਸਕਦੀ ਹੈ, ਜਿੱਥੇ ਫਿਲਮੀ ਹਸਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਅਜੈ ਦੀ ਚੋਣ ਇਸ ਕਰਕੇ ਵੀ ਪ੍ਰਸੰਸਾਯੋਗ ਹੈ, ਕਿਉਂਕਿ ਉਸ ਨੇ ਉਨ੍ਹਾਂ ਹਸਤੀਆਂ ਦੀ ਚੋਣ ਕੀਤੀ, ਜੋ ਇਕੋ ਹੀ ਸਮੇਂ ਵਿੱਚ ਸ਼ਾਇਰ, ਗੀਤਕਾਰ, ਸਕਰੀਨ ਪਲੇ, ਡਾਇਲੌਗ ਦੇ ਨਾਲ ਨਿਰਦੇਸ਼ਕ, ਲੇਖਕ ਤੇ ਨਿਰਮਾਤਾ ਵੀ ਰਹੇ। ਇਨ੍ਹਾਂ ਤਿੰਨਾਂ ਦੇ ਬਚਪਨ ਤੇ ਜੀਵਨ ਸੁਖਾਲੇ ਨਹੀਂ ਰਹੇ। ਇਨ੍ਹਾਂ ਨੇ ਉਸ ਖੇਤਰ ਵਿੱਚ ਆਪਣੀ ਪਛਾਣ ਆਪ ਬਣਾਈ, ਜੋ ਸ਼ੁਰੂ ਤੋਂ ਆਮ ਲੋਕਾਂ ਦੀ ਪਹੁੰਚ ਤੋਂ ਗਿੱਠ ਭਰ ਉੱਚਾ ਹੀ ਰਿਹਾ। ਇਹ ਸੁਪਨਮਈ ਤੇ ਗਲੈਮਰ ਭਰਿਆ ਸੰਸਾਰ ਅਜਿਹਾ ਹੈ, ਜਿਹੜਾ ਕਈ ਲੋਕਾਂ ਨੂੰ ਰਾਸ ਵੀ ਨਹੀਂ ਆਉਂਦਾ ਤੇ ਸਾਰੀ ਉਮਰ ਮਿਹਨਤ ਕਰਨ ਦੇ ਬਾਵਜੂਦ ਕਈ ਵਾਰ ਪਛਾਣ ਵੀ ਨਹੀਂ ਦੇਂਦਾ। ਇਨ੍ਹਾਂ ਨੇ ਬਿਨਾਂ ਕਿਸੇ ਜਾਣ-ਪਛਾਣ ਦੇ ਇੱਥੇ ਨਾ ਸਿਰਫ਼ ਆਪਣਾ ਨਾਂਅ ਬਣਾਇਆ, ਪਛਾਣ ਬਣਾਈ, ਸਗੋਂ ਵੱਡੇ-ਵੱਡੇ ਐਵਾਰਡ ਤੇ ਮਾਨ-ਸਨਮਾਨ ਵੀ ਜਿੱਤੇ। ਇਹ ਸਭ ਇਨ੍ਹਾਂ ਦੀ ਅੰਦਰਲੀ ਸਿਰਜਨਾ ਸ਼ਕਤੀ ਤੇ ਜ਼ਮੀਨੀ ਪੱਧਰ ਨਾਲ ਜੁੜੇ ਰਹਿਣ ਕਾਰਨ ਹੋਇਆ। ਚੰਗੇ ਇਨਸਾਨ ਹੋਣ ਕਾਰਨ ਪ੍ਰਸਿੱਧੀ ਨੇ ਇਨ੍ਹਾਂ ਉਤੇ ਹਾਵੀ ਹੋ ਕੇ, ਇਨ੍ਹਾਂ ਦਾ ਦਿਮਾਗ਼ ਖ਼ਰਾਬ ਨਹੀਂ ਹੋਣ ਦਿੱਤਾ। ਨਿੰਦਾ-ਚੁਗਲੀ ਕਰਨ ਦੀ ਬਜਾਏ ਜੋ ਬਣਿਆ-ਸਰਿਆ, ਦੂਜਿਆਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਇਹ ਨਰਮ ਦਿਲ ਸ਼ਾਇਰ ਤੇ ਲੇਖਕ ਅਸਲ ਵਿੱਚ ਜ਼ਿੰਦਗੀ ਦੇ ਬਿਖੜੇ ਤੇ ਔਖੇ ਪੈਂਡਿਆਂ ਦੇ ਰਾਹੀ ਹੋਣ ਕਾਰਨ ਅੰਦਰੋਂ ਬਹੁਤ ਹੀ ਮਜ਼ਬੂਤ ਰਹੇ। ਸੰਘਰਸ਼ਾਂ ਨੇ ਇਨ੍ਹਾਂ ਨੂੰ ਜੀਣ ਦੇ ਰਾਹ ਉਤੇ ਅੱਗੇ ਵਧਾਇਆ।

ਅਜੈ ਤਨਵੀਰ ਦੀ ਵਾਰਤਕ ਦੀ ਪਹਿਲੀ ਵਾਰਤਕ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ। ਆਸ ਹੈ, ਸਮੇਂ ਦੇ ਨਾਲ ਉਸ ਦੀ ਲੇਖਣੀ ਵਿੱਚ ਹੋਰ ਗਹਿਰਾਈ ਤੇ ਸੂਖ਼ਮਤਾ ਆਉਂਦੀ ਜਾਏਗੀ।

**ਮੋਬਾ. 98681-82835**

# ਨੈਤਿਕ ਕਦਰਾਂ-ਕੀਮਤਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ

## ਗਬਨ

(ਨਾਵਲ)
**ਮੁਨਸ਼ੀ ਪ੍ਰੇਮ ਚੰਦ**
**ਪੰਜਾਬੀ ਅਨੁਵਾਦ-ਬਲਦੇਵ ਸਿੰਘ ਬਦਨ**
**ਪੰਨੇ-304, ਮੁੱਲ-495 ਰੁਪਏ**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**

**ਸਾਹਿਤ ਚਿੰਤਨ**

**ਨਿਰੰਜਣ ਬੋਹਾ**

ਮੁਨਸ਼ੀ ਪ੍ਰੇਮ ਚੰਦ ਉਰਦੂ ਤੇ ਹਿੰਦੀ ਸਾਹਿਤ ਵਿਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਨਾਵਲਕਾਰਾਂ ਵਿੱਚੋਂ ਇੱਕ ਹਨ। ਹਿੰਦੀ ਨਾਵਲ ਨੂੰ ਆਦਰਸ਼ਵਾਦ ਤੇ ਰੁਮਾਂਸਵਾਦ ਵਿੱਚੋਂ ਕੱਢ ਕੇ ਯਥਾਰਥਵਾਦੀ ਦਿਸ਼ਾ ਦੇਣ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਅਹਿਮ ਰਹੀ ਹੈ। ਉਨ੍ਹਾਂ ਦੇ ਨਾਵਲਾਂ ਵਿੱਚ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਦੀ ਦੁਰਦਸ਼ਾ, ਸਮਾਜਿਕ ਬੁਰਾਈਆਂ ਤੇ ਮਨੁੱਖੀ ਮਨੋਵਿਗਿਆਨ ਦਾ ਡੂੰਘਾ ਚਿਤਰਣ ਮਿਲਦਾ ਹੈ। ਸੰਨ 1931 ਵਿਚ ਪ੍ਰਕਾਸ਼ਿਤ ਹੋਇਆ ਉਨ੍ਹਾਂ ਦਾ ਨਾਵਲ ‘ਗਬਨ’ ਉਸ ਵੇਲੇ ਦੇ ਮੱਧ ਵਰਗੀ ਪਰਵਾਰਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਨੂੰ ਬਹੁਤ ਬਾਰੀਕੀ ਨਾਲ ਪੇਸ਼ ਕਰਦਾ ਹੈ । ਨਾਵਲ ਵਿਚ ਮੱਧ ਵਰਗੀ ਔਰਤਾਂ ਦੀ ਗਹਿਣਿਆਂ ਪ੍ਰਤੀ ਤੀਬਰ ਖਿੱਚ ਤੇ ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੇ ਪਰਵਾਰਕ ਸੰਕਟ ਦਾ ਬਿਆਨ ਏਨੀ ਸਜੀਵਤਾ ਨਾਲ ਕਰਦਾ ਹੈ ਕਿ ਪਾਠਕਾਂ ਅੰਦਰ ਇਸ ਮੱਧ ਵਰਗੀ ਰੁਚੀ ਪ੍ਰਤੀ ਮੋਹ ਭੰਗਤਾ ਦੇ ਅਹਿਸਾਸ ਪੈਦਾ ਹੋਣ ਲੱਗਦੇ ਹਨ। ਨਾਵਲ ਦੇ ਵਿਸ਼ਲੇਸ਼ਣੀ ਸਿੱਟੇ ਇਹ ਵੀ ਦੱਸਦੇ ਹਨ ਕਿ ਆਪਣੇ-ਆਪ ਨੂੰ ਅਮੀਰ ਵਿਖਾਉਣ ਦੀ ਲਾਲਸਾ ਤੇ ਫੋਕੇ ਵਿਖਾਵੇ ਦੀ ਪ੍ਰਵਿਰਤੀ ਕਿਵੇਂ ਇਸ ਵਰਗ ਨੂੰ ਗੁਨਾਹਾਂ ਦੇ ਰਾਹ ’ਤੇ ਤੋਰ ਦਿੰਦੀ ਹੈ ਤਾਂ ਇਸ ਦਲਦਲ ਵਿੱਚੋਂ ਨਿਕਲਣ ਲਈ ਉਨ੍ਹਾਂ ਨੂੰ ਮਾਨਸਿਕ ਤੌਰ ’ਤੇ ਕਿੰਨੇ ਕਸ਼ਟ ਉਠਾਉਣੇ ਪੈਂਦੇ ਹਨ।

ਨਾਵਲ ਦੀ ਕਹਾਣੀ ਅਨੁਸਾਰ ਮੱਧ ਵਰਗ ਨਾਲ ਸੰਬੰਧਤ ਮੁੱਖ ਪਾਤਰ ਰਮਾਨਾਥ ਅੰਦਰਲੀ ਆਪਣੇ ਆਪ ਨੂੰ ਅਮੀਰ ਦਰਸਾਉਣ ਦੀ ਲਾਲਸਾ ਪਹਿਲਾਂ ਉਸ ਨੂੰ ਕਰਜ਼ੇ ਦੇ ਜਾਲ ਵਿਚ ਫਸਾਉਂਦੀ ਹੈ, ਫਿਰ ਸਰਕਾਰੀ ਪੈਸੇ ਦਾ ਗਬਨ ਕਰਨ ਦਾ ਦੋਸ਼ੀ ਬਣਾ ਦਿੰਦੀ ਹੈ। ਉਸ ਦਾ ਵਿਆਹ ਖਾਂਦੇ-ਪੀਂਦੇ ਪਰਵਾਰ ਦੀ ਕੁੜੀ ਜਾਲਪਾ ਨਾਲ ਹੋਣਾ ਨਿਸਚਿਤ ਹੁੰਦਾ ਹੈ ਤਾਂ ਉਸ ਵੱਲੋਂ ਆਪਣੇ ਪਿਤਾ ’ਤੇ ਦਬਾਅ ਬਣਾਇਆ ਜਾਂਦਾ ਹੈ ਕਿ ਉਸ ਦਾ ਵਿਆਹ ਪੂਰੀ ਸ਼ਾਨੋ-ਸ਼ੌਕਤ ਨਾਲ ਕੀਤਾ ਜਾਵੇ। ਭਾਵੇਂ ਉਸ ਦਾ ਵਿਆਹ ਕਰਜ਼ਾ ਚੁੱਕ ਕੇ ਕੀਤਾ ਗਿਆ ਹੈ, ਪਰ ਆਪਣੀ ਪਤਨੀ ’ਤੇ ਆਪਣੇ ਪਰਵਾਰ ਦੀ ਅਮੀਰੀ ਦਾ ਰੋਹਬ ਪਾਉਣ ਲਈ ਉਸ ਵੱਲੋਂ ਕਈ ਤਰ੍ਹਾਂ ਦੇ ਝੂਠ ਬੋਲੇ ਜਾਂਦੇ ਹਨ। ਜਦੋਂ ਲੈਣਦਾਰਾਂ ਵੱਲੋਂ ਤਕਾਜ਼ਾ ਕੀਤੇ ਜਾਣ ’ਤੇ ਉਸ ਨੂੰ ਆਪਣੀ ਪਤਨੀ ਦੇ ਗਹਿਣੇ ਚੋਰੀ ਕਰਨੇ ਪੈਂਦੇ ਹਨ ਤਾਂ ਉਸ ਨੂੰ ਇਸ ਗੱਲ ਦਾ ਤੀਬਰ ਅਹਿਸਾਸ ਹੁੰਦਾ ਹੈ ਕਿ ਉਹ ਪਤਨੀ ਕੋਲ ਝੂਠ ਬੋਲ ਕੇ ਕਿੱਡੀ ਵੱਡੀ ਗਲਤੀ ਕਰ ਬੈਠਾ ਹੈ। ਆਪਣੇ ਬੋਲੇ ਝੂਠ ’ਤੇ ਪਰਦਾ ਪਾਉਣ ਲਈ ਉਹ ਆਪਣੇ ਪਿਤਾ ਦੇ ਅਸੂਲਾਂ ਤੋਂ ਉਲਟ ਜਾ ਕੇ ਆਪਣੀ ਸਰਕਾਰੀ ਨੌਕਰੀ ਦੌਰਾਨ ਰਿਸ਼ਵਤ ਵੀ ਲੈਂਦਾ ਹੈ ਤੇ ਪਤਨੀ ਦੀ ਗਹਿਣਿਆਂ ਦੀ ਲਾਲਸਾ ਪੂਰੀ ਕਰਨ ਲਈ ਫਿਰ ਤੋਂ ਬੇਹਿਸਾਬਾ ਤੇ ਬੇਲੋੜਾ ਕਰਜ਼ਾ ਵੀ ਚੁੱਕਦਾ ਹੈ। ਆਪਣੇ ਬੁਣੇ ਜਾਲ ਆਪ ਹੀ ਫਸ ਕੇ ਭਾਵੇਂ ਉਹ ਡੂੰਘਾ ਮਾਨਸਿਕ ਸੰਤਾਪ ਭੋਗਦਾ ਹੈ, ਪਰ ਫਿਰ ਵੀ ਆਪਣੀ ਕਮਜ਼ੋਰ ਮਾਨਸਿਕਤਾ ਕਾਰਨ ਆਪਣੀ ਪਤਨੀ ਨੂੰ ਆਪਣੀ ਅਸਲੀਅਤ ਨਹੀਂ ਦੱਸ ਸਕਦਾ।




ਭਾਵੇਂ ਰਮਾਨਾਥ ਨੂੰ ਗਬਨ ਦਾ ਦੋਸ਼ੀ ਬਣਾਉਣ ਅਤੇ ਉਸ ਨੂੰ ਘਰੋਂ ਭਜਾਉਣ ਲਈ ਜਾਲਪਾ ਦਾ ਗਹਿਣਿਆਂ ਪ੍ਰਤੀ ਪ੍ਰੇਮ ਹੀ ਮੁੱਖ ਤੌਰ ’ਤੇ ਜ਼ਿੰਮੇਵਾਰ ਹੈ, ਪਰ ਰਮਾਨਾਥ ਦੇ ਘਰੋਂ ਭੱਜਣ ਤੋਂ ਬਾਅਦ ਜਦੋਂ ਉਸ ਨੂੰ ਆਪਣੇ ਸਹੁਰੇ ਪਰਵਾਰ ਦੀ ਅਸਲ ਆਰਥਿਕ ਸਥਿਤੀ ਦਾ ਪਤਾ ਚੱਲਦਾ ਹੈ ਤਾਂ ਉਸ ਅੰਦਰ ਵੱਡਾ ਵਿਚਾਰਧਾਰਕ ਬਦਲਾਅ ਆਉਂਦਾ ਹੈ। ਇਸ ਸਥਿਤੀ ਵਿੱਚ ਉਹ ਆਪਣੇ ਹਾਰ-ਸ਼ਿੰਗਾਰ ਦੇ ਸ਼ੌਕ ਨੂੰ ਗੰਗਾ ਦੇ ਹਵਾਲੇ ਕਰਕੇ ਲਾਲਸਾਵਾਂ ਰਹਿਤ ਸਾਤਵਿਕ ਜੀਵਨ ਜਿਉਣ ਦਾ ਫੈਸਲਾ ਕਰ ਲੈਂਦੀ ਹੈ। ਆਪਣੀ ਗਲਤੀ ਦੇ ਪਸਚਾਤਾਪ ਵਜੋਂ ਉਹ ਆਪਣਾ ਚੰਦਰਹਾਰ ਵੇਚ ਕੇ ਰਮਾਨਾਥ ਨੂੰ ਕਰਜ਼ਾ ਮੁਕਤ ਕਰਦੀ ਹੈ ਤੇ ਫਿਰ ਕਲਕੱਤਾ ਪਹੁੰਚ ਕੇ ਉਸ ਦੇ ਥਾਂ-ਟਿਕਾਣੇ ਦੀ ਖੋਜ ਕਰਦੀ ਹੈ। ਜਦੋਂ ਰਮਾਨਾਥ ਕਲਕੱਤਾ ਪੁਲਸ ਦੇ ਬਹਿਕਾਵੇ ਵਿਚ ਆ ਕੇ ਡਾਕੇ ਦੇ ਇਕ ਝੂਠੇ ਕੇਸ ਵਿਚ ਗਵਾਹੀ ਦੇਣ ਲਈ ਤਿਆਰ ਹੋ ਜਾਂਦਾ ਹੈ ਤਾਂ ਉਹ ਉਸ ਦੀ ਗੈਰਤ ਨੂੰ ਝੰਜੋੜ ਕੇ ਉਸ ਨੂੰ ਸਿੱਧੇ ਰਾਹ ’ਤੇ ਇਹ ਨਾਵਲ ਆਪਣੇ ਅੰਤ ਤੱਕ ਪਹੁੰਦਿਆਂ ਭਾਰਤੀ ਔਰਤ ਦਾ ਇਕ ਸ਼ਕਤੀਸ਼ਾਲੀ ਤੇ ਸਾਰਥਿਕ ਬਿੰਬ ਉਭਾਰਨ ਵਿਚ ਸਫਲ ਹੋ ਜਾਂਦਾ ਹੈ, ਜੋ ਆਪਣੇ ਕਮਜ਼ੋਰ ਸੁਭਾਅ ਦੇ ਪਤੀ ਅੰਦਰ ਆਤਮ-ਵਿਸ਼ਵਾਸ ਪੈਦਾ ਕਰਨ ਦੇ ਸਮਰੱਥ ਹੈ।

ਦੇਵੀ ਦੀਨ, ਜੱਗੋਂ ਤੇ ਜੌਹਰਾਂ ਨਾਵਲ ਦੇ ਉਹ ਪਾਤਰ ਹਨ, ਜੋ ਜਾਲਪਾ ਨਾਲ ਕੋਈ ਰਿਸ਼ਤਾ ਨਾ ਹੋਣ ’ਤੇ ਵੀ ਇਨਸਾਨੀਅਤ ਦੇ ਨਾਂਅ ’ਤੇ ਉਸ ਦਾ ਤਨੋਂ-ਮਨੋ ਸਾਥ ਦਿੰਦੇ ਹਨ। ਜੌਹਰਾਂ ਭਾਵੇਂ ਵੇਸ਼ਵਾਗਿਰੀ ਦੇ ਕਿੱਤੇ ਨਾਲ ਜੁੜੀ ਹੋਈ ਹੈ ਪਰ ਨਾਵਲ ਉਸ ਦਾ ਮਨੁੱਖੀ ਕੱਦ ਤੇ ਕਿਰਦਾਰ ਨੂੰ ਏਨਾ ਉੱਚਾ ਵਿਖਾਉਂਦਾ ਹੈ ਕਿ ਪਾਠਕੀ ਮਨਾਂ ਵਿਚ ਉਸ ਦੀ ਗਹਿਰੀ ਛਾਪ ਛਪ ਜਾਂਦੀ ਹੈ। ਭਾਵੇਂ ਇਹ ਪਾਤਰ ਵੱਖ-ਵੱਖ ਜਾਤਾਂ ਤੇ ਵੱਖ-ਵੱਖ ਧਰਮਾਂ ਨਾਲ ਜੁੜੇ ਹੋਏ ਹਨ, ਪਰ ਨਾਵਲ ਮਾਨਵਤਾਵਾਦ ਨੂੰ ਸਭ ਤੋਂ ਉੱਚਾ ਤੇ ਸੁੱਚਾ ਧਰਮ ਐਲਾਨ ਕੇ ਇਨ੍ਹਾਂ ਸਾਰੇ ਪਾਤਰਾਂ ਨੂੰ ਇਕ ਸੂਤਰ ਵਿਚ ਪਰੋ ਦਿੰਦਾ ਹੈ।

ਇਹ ਨਾਵਲ ਸਿਰਫ਼ ਤਿੰਨ ਸੌ ਰੁਪਏ ਦੇ ਸਰਕਾਰੀ ਗਬਨ ਦੀ ਕਹਾਣੀ ਨਹੀਂ ਹੈ, ਸਗੋਂ ਮਨੁੱਖੀ ਸੁਭਾਅ, ਨੈਤਿਕ ਕਦਰਾਂ-ਕੀਮਤਾਂ ਤੇ ਸਮਾਜਿਕ ਦਬਾਵਾਂ ਦਾ ਡੂੰਘਾ ਵਿਸ਼ਲੇਸ਼ਣ ਵੀ ਹੈ। ਨਾਵਲ ਇਸ ਸਮਾਜਿਕ ਧਾਰਨਾ ਦੀ ਸਥਾਪਨਾ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਹੈ ਕਿ ਝੂਠੀ ਸ਼ਾਨੋ-ਸ਼ੌਕਤ ਦਾ ਅੰਤ ਹਮੇਸ਼ਾ ਮਾੜਾ ਹੁੰਦਾ ਹੈ। ਇਸ ਨਾਵਲ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਸਭ ਤੋਂ ਮਹੱਤਵਪੂਰਨ ਸਮਾਜਿਕ ਤੇ ਮਨੋਵਿਗਿਆਨਕ ਨਾਵਲਾਂ ਵਿੱਚੋਂ ਇੱਕ ਮੰਨਿਆ ਗਿਆ ਹੈ, ਇਸ ਲਈ ਇਸ ਦਾ ਲੱਗਭੱਗ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਨਾਵਲ ਵਿਚ ਕਹਾਣੀ ਰਸ ਕਮਾਲ ਦਾ ਹੈ। ਨਾਵਲ ਦੀ ਮੁਹਾਵਰਿਆਂ ਨਾਲ ਸ਼ਿੰਗਾਰੀ ਅਲੰਕਾਰਕ ਭਾਸ਼ਾ ਸ਼ੁਰੂ ਤੋਂ ਲੈ ਕੇ ਅੰਤ ਤੱਕ ਇਸ ਦੇ ਪਾਠ ਵਿੱਚ ਪਾਠਕੀ ਦਿਲਚਸਪੀ ਨੂੰ ਬਣਾਈ ਰੱਖਦੀ ਹੈ। ਬਲਦੇਵ ਸਿੰਘ ਬਦਨ ਵਰਗੇ ਪਰਪੱਕ ਅਨੁਵਾਦਕ ਵੱਲੋਂ ਕੀਤਾ ਇਸ ਨਾਵਲ ਦਾ ਪੰਜਾਬੀ ਅਨੁਵਾਦ ਬਹੁਤ ਏਨਾ ਸੁਚੱਜਾ ਹੈ ਕਿ ਪਾਠਕ ਨੂੰ ਲੱਗਦਾ ਹੀ ਨਹੀਂ ਕਿ ਉਹ ਹਿੰਦੀ ਭਾਸ਼ਾ ਵਿੱਚੋਂ ਅਨੁਵਾਦ ਹੋਇਆ ਨਾਵਲ ਪੜ੍ਹ ਰਿਹਾ ਹੈ।

***ਮੋਬਾਈਲ-89682-82700***

## ਆਈ ਏ ਐੱਸ ਬਣਨ ਲਈ ਪਹਿਲੀ ਕਿਤਾਬ

**ਡਾ. ਵਿਜੈ ਅਗਰਵਾਲ**
**ਸਫੇ-104, ਕੀਮਤ-199 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

1983 ਵਿੱਚ ਆਈ ਏ ਐੱਸ ਬਣੇ ਡਾ. ਵਿਜੈ ਅਗਰਵਾਲ ਸਾਬਕਾ ਰਾਸ਼ਟਰਪਤੀ ਡਾ. ਸ਼ੰਕਰ ਦਿਆਲ ਸ਼ਰਮਾ ਦੇ ਨਿੱਜੀ ਸਹਾਇਕ ਰਹੇ। ਉਨ੍ਹਾਂ ਨੇ ਇਸ ਉੱਚੇ ਟੈਸਟ ਨੂੰ ਪਾਸ ਕਰਕੇ ਆਈ.ਏ.ਐੱਸ ਬਣਨ ਅਤੇ ਹੋਰ ਅਹੁਦਿਆਂ ਲਈ ਪ੍ਰੀਖਿਆ ਦੀ ਤਿਆਰੀ ਸੰਬੰਧੀ ਬਹੁਤ ਸਾਰੀਆਂ ਅਗਵਾਈ ਪੁਸਤਕਾਂ ਲਿਖੀਆਂ ਹਨ। ਉਹ ਲੱਗਭੱਗ 30 ਸਾਲ ਤੋਂ ਇਸ ਖੇਤਰ ਦੇ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕਰ ਰਹੇ ਹਨ।




ਹਥਲੀ ਪੁਸਤਕ ਆਈ.ਏ.ਐੱਸ. ਬਣਨ ਲਈ ਪਹਿਲੀ ਕਿਤਾਬ ਡਾ. ਵਿਜੈ ਅਗਰਵਾਲ ਦੀ ਪੁਸਤਕ ਦਾ ਹਿੰਦੀ, ਪੰਜਾਬੀ ਵਿੱਚ ਐੱਮ.ਏ. ਅਨੂ ਸ਼ਰਮਾ ਵੱਲੋਂ ਕੀਤਾ ਪੰਜਾਬੀ ਅਨੁਵਾਦ ਹੈ। ਇਸ ਵਿੱਚ ਪੰਜਾਬੀ ਭਾਸ਼ਾਈ ਵਿਦਿਆਰਥੀਆਂ ਲਈ ਆਈ.ਏ.ਐੱਸ. ਦੀ ਮੁਕਾਬਲਾ ਪ੍ਰੀਖਿਆ ਪਾਸ ਕਰਨ ਦੇ 14 ਪਾਠ ਦੱਸੇ ਗਏ ਹਨ।

ਆਈ.ਏ.ਐੱਸ. ਬਣਨ ਦਾ ਵਿਚਾਰ, ਯੋਗਤਾ, ਈਗੋ (ਉੱਤਮਤਾ) ਇੱਕ ਸੱਚੀ ਕਹਾਣੀ (ਲੇਖਕ ਦੀ), ਤਿੰਨ ਦੁਸ਼ਮਣਾਂ ਵਰਗੇ ਦੋਸਤ (ਬੋਰੀਅਤ, ਇਕੱਲਾਪਣ, ਤਣਾਅ), ਭਾਵਨਾਵਾਂ ਤੇ ਨਿਯੰਤਰਣ (ਪਿਆਰ), ਊਰਜਾ ਦੇ 4 ਚੈਨਲ (ਸਰੀਰਕ, ਮਾਨਸਿਕ, ਭਾਵਨਾਤਮਕ, ਅਧਿਆਤਮਕ), ਤਿਆਰੀ ਦਾ ਤਰੀਕਾ, ਸਫ਼ਲਤਾ ਦੀਆਂ ਕਹਾਣੀਆਂ ਦਾ ਸੱਚ, ਸਮੱਸਿਆਵਾਂ : ਬੈਸਟ ਕੋਚਿੰਗ ਇੰਸਟੀਚਿਊਟ, ਸਿਵਲ ਸੇਵਾਵਾਂ, ਨਵੇਂ ਦ੍ਰਿਸ਼ਟੀਕੋਣ ਦੀ ਜ਼ਰੂਰਤ, ਤਿਆਰੀ ਤੋਂ ਪਹਿਲਾਂ ਅਤੇ ਸ਼ੁਰੂਆਤ ਇਸ ਪੁਸਤਕ ਦੇ ਅਧਿਆਏ ਹਨ। ਲੇਖਕ ਨੇ ਬੜੇ ਸਰਲ ਅਤੇ ਰੌਚਿਕ ਤਰੀਕੇ ਨਾਲ ਸਮਝਾਇਆ ਹੈ।

ਸਮੁੱਚੇ ਰੂਪ ਵਿੱਚ ਪੁਸਤਕ ਉਤਸ਼ਾਹੀ ਅਤੇ ਪ੍ਰੇਰਕ ਹੈ। ਪ੍ਰੀਖਿਆਵਾਂ ਦੀ ਤਿਆਰੀ ਕਰਨ ਜਾ ਰਹੇ ਵਿਦਿਆਰਥੀਆਂ ਲਈ ਬੇਹੱਦ ਫ਼ਾਇਦੇਮੰਦ ਹੈ। ਇਸ ਨੂੰ ਪੜ੍ਹ ਕੇ ਅਮਲ ਕਰਨ ਵਾਲਾ ਅਵੱਸ਼ ਸਫ਼ਲ ਹੋਏਗਾ। ਪੁਸਤਕ ਮਾਪਿਆਂ ਲਈ ਅਧਿਆਪਕਾਂ ਲਈ ਵੀ ਲਾਹੇਵੰਦ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉੱਚ-ਅਹੁਦੇ ਪ੍ਰਾਪਤ ਕਰਕੇ ਜੀਵਨ ਦਾ ਸੁੱਖ ਮਾਣ ਸਕਣ ਤੇ ਸਮਾਜ ਨੂੰ ਚੰਗੇਰਾ ਬਣਾਉਣ ਵਿੱਚ ਹਿੱਸਾ ਪਾ ਸਕਣ। ਦੋਵੇਂ ਭਾਸ਼ਾਵਾਂ ਵਿੱਚ ਨਿਪੁੰਨ ਅਨੁਵਾਦਕ ਅਨੂ ਸ਼ਰਮਾ ਨੇ ਸੋਹਣਾ ਅਨੁਵਾਦ ਕੀਤਾ ਹੈ ਤੇ ਤਰਕ ਭਾਰਤੀ, ਬਰਨਾਲਾ ਨੇ ਪੁਸਤਕ ਸੁੰਦਰ ਛਾਪੀ ਹੈ।

-0-

## ਸਿੱਖ ਸਿਆਸਤ ਨੂੰ ਸਿਉਂਕ

**ਕਮਲਜੀਤ ਸਿੰਘ ਬਨਵੈਤ**
**ਸਫ਼ੇ-164, ਮੁੱਲ-240 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੱਤਰਕਾਰ ਸਨਮਾਨ ਪ੍ਰਾਪਤ ਪੰਜਾਬੀ ਟ੍ਰਿਬਿਊਨ ਵਿੱਚੋਂ ਸੇਵਾ-ਮੁਕਤ ਕਮਲਜੀਤ ਸਿੰਘ ਬਨਵੈਤ ਲੰਮੇ ਸਮੇਂ ਤੋਂ ਪੱਤਰਕਾਰੀ ਕਰ ਰਿਹਾ ਅਨੁਭਵੀ ਪੱਤਰਕਾਰ ਹੈ। ਇਸ ਦੇ ਨਾਲ-ਨਾਲ ਉਹ ਵਾਰਤਕ ਅਤੇ ਗਲਪ ਦਾ ਲੇਖਕ ਵੀ ਹੈ। ਉਸ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਛਪ ਚੁੱਕੀਆਂ ਹਨ। ਉਸ ਦੀਆਂ ਦੋ ਪੁਸਤਕਾਂ ‘ਪੰਜਾਬ ਮੜ੍ਹਕ ਨਾ ਬੜ੍ਹਕ’ ਅਤੇ ‘ਢਾਈ ਆਬ’ ਸਿੱਖ ਅਕਾਲੀ ਸਿਆਸਤ ਦੁਆਲੇ ਘੁੰਮਦੀਆਂ ਹਨ।




‘ਸਿੱਖ ਸਿਆਸਤ ਨੂੰ ਸਿਉਂਕ’ ਬਨਵੈਤ ਦੀ ਨਵੀਂ ਨਿਬੰਧ ਪੁਸਤਕ ਹੈ। ਇਸ ਦੇ ਸਾਰੇ 39 ਲੇਖ ਅਖ਼ਬਾਰੀ ਲੇਖ ਹਨ। ਇਹਨਾਂ ਵਿੱਚ ਚਾਰ ਨੂੰ ਛੱਡ ਕੇ ਬਾਕੀ ਸਾਰੇ ਲੇਖ ‘ਬਾਦਲ ਅਕਾਲੀ ਦਲ’ ਦੇ ਰਸਾਤਲ ਵੱਲ ਜਾ ਰਹੇ ਕਦਮਾਂ ਦਾ ਲੇਖਾ-ਜੋਖਾ ਹਨ। ਲੇਖਕ ਬਾਦਲ ਦਲ ਦੇ ਦੁਫਾੜ ਹੋਣ ਦੀਆਂ ਘਟਨਾਵਾਂ ਦੀ ਨਾਂਹਵਾਦੀ ਚਰਚਾ ਕਰਦਾ ਹੈ, ਜਦੋਂ ਕਿ ਸਿੱਖ ਸਿਆਸਤ ਇੱਕ ਵਡੇਰੇ ਖੇਤਰ ਦਾ ਨਾਂਅ ਹੈ ਅਤੇ ਅਕਾਲੀ ਦਲ ਵੀ ਸਿਮਰਨਜੀਤ ਸਿੰਘ ਮਾਨ, ਵਾਰਸ ਪੰਜਾਬ ਦੇ ਅਤੇ ਸਰਬਜੀਤ ਸਿੰਘ ਐੱਮ.ਪੀ. ਤੇ ਕਈ ਹੋਰਾਂ ਵੱਲੋਂ ਬਣੇ ਹੋਏ ਹਨ।

ਕਮਲਜੀਤ ਸਿੰਘ ਬਨਵੈਤ ਨੂੰ ਇਹ ਤਾਂ ਦੁੱਖ ਹੈ ਕਿ ਪੰਜਾਬ ਵਿੱਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਅਕਾਲੀ ਦਲ ਦੀ ਏਕੇ ਤੇ ਚੜ੍ਹਦੀਕਲਾ ਨੂੰ ਕਿਉਂ ਢਾਹ ਲੱਗ ਰਹੀ ਹੈ। ਲੇਖਕ ਸੁਖਬੀਰ ਸਿੰਘ ਬਾਦਲ ’ਤੇ ਹੋਏ ਦਰਬਾਰ ਸਾਹਿਬ ਸਮੂਹ ਨੇੜੇ ਸਿੰਘ ਸਾਹਿਬਾਨ ਵੱਲੋਂ ਲਾਈ ਤਨਖਾਹ ਇੱਕ ਨਿਮਾਣੇ ਸਿੱਖ ਵਜੋਂ ਪੂਰੀ ਕਰਨ ਸਮੇਂ ਕੀਤੇ ਹਮਲੇ ਨੂੰ ਵੀ ਗਲਤ ਮੰਨਦਾ ਹੈ, ਪਰ ਉਹ ਇੱਕ ਸਿੰਘ ਸਾਹਿਬ ਵੱਲੋਂ ਹੰਕਾਰੀ ਭਾਵਨਾ ਨਾਲ ਇਕ ਹੋਰ ‘ਨਵਾਂ ਦਲ’ ਸਾਜ ਲੈਣ ਦਾ ਪੱਖ ਲੈਂਦਾ ਹੈ। ਉਂਜ ਅਕਾਲੀ ਰਾਜਨੀਤੀ ਬਾਰੇ ਸੁਹਿਰਦਤਾ ਨਾਲ ਲਿਖਣ ਵਾਲੇ ਗਿਣਤੀ ਦੇ ਹੀ ਪੱਤਰਕਾਰ ਹਨ, ਇਸ ਲਈ ਬਨਵੈਤ ਦੇ ਲੇਖਾਂ ਨੂੰ ਅਕਾਲੀ ਤੇ ਪੰਜਾਬ ਦੀ ਰਾਜਨੀਤੀ ਨਾਲ ਜੁੜੇ ਲੋਕਾਂ ਨੂੰ ਗਹੁ ਨਾਲ ਵਾਚਣਾ ਚਾਹੀਦਾ ਹੈ ਤਾਂ ਜੋ ਪੰਜਾਬ ਦਾ ਭਲਾ ਹੋ ਸਕੇ। ਸਰਬੱਤ ਦਾ ਭਲਾ ਮੰਗਦੀ ਕੌਮ ਦੀ ਚੜ੍ਹਦੀਕਲਾ ਰਹੇ। ਲੇਖਕ ਵੱਲੋਂ ਸਮੇਂ-ਸਮੇਂ ਲਿਖੇ ਹੋਣ ਕਰਕੇ ਕਾਫ਼ੀ ਦੁਹਰਾਓ ਵੀ ਆ ਗਏ ਹਨ, ਪਰ ਵਿਸ਼ੇ ਦੀ ਰੌਚਿਕਤਾ ਕਾਰਨ ਉਹ ਰੜਕਦੇ ਨਹੀਂ ਹਨ। ਪੁਸਤਕ ਪੜ੍ਹਨ ਅਤੇ ਸਾਂਭਣ ਵਾਲੀ ਹੈ। ਲੇਖਕ ਬਨਵੈਤ ਦੀ ਕਲਮ ਨੂੰ ਮੁਬਾਰਕਾਂ।

**- ਤੇਜਾ ਸਿੰਘ ਤਿਲਕ, ਬਰਨਾਲਾ**
**ਸੰਪਰਕ : 98766-36159**

# ਪੁਸਤਕ ਰੀਵਿਊ

## ਉਲਟੇ ਵਗਣ ਦਰਿਆ

(ਨਾਟਕ)
**ਤਰਲੋਚਨ ਸਿੰਘ**
**ਸਫ਼ੇ-119, ਕੀਮਤ-200 ਰੁਪਏ**
**ਪੰਜਾਬੀ ਭਵਨ, ਲੁਧਿਆਣਾ**

ਸੰਚਾਰ, ਸਿਰਜਣਸ਼ੀਲਤਾ ਦਾ ਬੁਨਿਆਦੀ ਪਛਾਣ ਬਿੰਦੂ ਹੈ। ਸਿਰਜਕ ਦੀ ਸਿਰਜਣਾਤਮਕ ਸਮਰੱਥਾ ਸੰਚਾਰ ਦੇ ਘੇਰੇ ਨੂੰ ਵੱਡਾ-ਛੋਟਾ ਕਰਦੀ ਹੈ/ਕਰ ਸਕਦੀ ਹੈ।ਹਰੇਕ ਵਿਧਾ ਦੀਆਂ ਆਪਣੀਆਂ ਰੀਤੀਆਂ ਹੁੰਦੀਆਂ ਹਨ, ਜਿਸ ਵਿਚ ਸੰਚਾਰ ਪ੍ਰਗਟਾਵੇ ਦੇ ਨੇਮ-ਪ੍ਰਬੰਧ ਹੁੰਦੇ ਹਨ। ਜ਼ਾਹਿਰਾ ਜਾਂ ਲੁਪਤ।ਨਾਟਕ ਸੰਵਾਦਮੁਖ ਕਲਾ ਹੈ; ਪਰ ਨਾਟਕਕਾਰ ਦੀ ਗੈਰਹਾਜ਼ਰੀ ਸਮੇਤ। ਚੁਣੌਤੀ ਭਰਪੂਰ ਸਿਰਜਣਾਤਮਕ ਕਾਰਜ। ਪਾਠਕ, ਦਰਸ਼ਕ, ਅਦਾਕਾਰ, ਨਿਰਦੇਸ਼ਕ ਆਦਿ ਦੀ ਜੋਟੀ ਨਾਲ ਵੀ ਨਿਭਣ ਦਾ ਖ਼ਿਆਲ ਚੇਤੇ ਰੱਖਣਾ ਪੈਂਦਾ ਹੈ। ਨਾਟਕ ਦੀ ਨਿਕਾਸ-ਵਿਕਾਸ ਪ੍ਰਕਿਰਿਆ ਵਿਚ ਬੜਾ ਕੁਝ ਬਦਲਿਆ ਹੈ। ਨਾਟ-ਸ਼ਾਸਤਰ ’ਚ ‘ਦਸ ਰੂਪਕ’ ਮੰਨੇ ਜਾਂਦੇ ਹਨ। ਪੰਜਾਬੀ ਨਾਟਕ ਸਹੂਲਤ/ਬੰਦਿਸ਼ ਅਨੁਕੂਲ ਨਵੇਂ ਰੂਪ ਵੀ ਘੜਦਾ ਹੈ।ਮੰਚ ਓਹਲੇ ਗੁਰੂ ਨਾਇਕ ਦੀ ਲੋੜ ਵਿੱਚੋਂ ‘ਸ਼ਤਾਬਦੀ ਨਾਟਕ’ ਉਦੈ ਹੋਏ। ਸਮਕਾਲੀ ਦੌਰ ਨੇ ‘ਇਕ ਪਾਤਰੀ’, ‘ਦੋ ਪਾਤਰੀ’, ‘ਰੂਪਾਂਤਰਨ ਨਾਟਕਾਂ’ ਆਦਿ ਨੂੰ ਤਰਜੀਹ ਦਿੱਤੀ ਹੋਈ ਹੈ। ਤਰਲੋਚਨ ਦੇ ਨਾਟ-ਸੰਗ੍ਰਹਿ ‘ਉਲਟੇ ਵਗਣ ਦਰਿਆ’ ਦਾ ਸੰਬੰਧ ਵੀ ‘ਕਹਾਣੀਆਂ ਦੇ ਰੰਗਮੰਚ’ ਨਾਲ ਹੈ।




ਨਾਟ-ਕਿਤਾਬ ਦੇ ਸਿਰਲੇਖ ਵਾਲੀ ਰਚਨਾ ਨੂੰ ਤਰਸੇਮ ਦਿਓਗਣ ਦੀ ਕਹਾਣੀ ‘ਨਸ਼ੇੜੀ’ ਤੋਂ ਆਧਾਰ ਸਰੋਤ ਬਣਾਇਆ ਗਿਆ ਹੈ।ਦਰਜਨ ਤੋਂ ਵੱਧ ਪਾਤਰਾਂ ਅਤੇ ਪੰਦਰਾਂ ਦ੍ਰਿਸ਼ ਵਾਲੀ ਇਹ ਨਾਟ-ਕਿਰਤ ਜਵਾਨੀ ਦੇ ਭਟਕਦੇ ਜੀਵਨ ਦੀ ਵਿਉਂਤਬੰਦੀ ਨੂੰ ਮੰਚ ਪ੍ਰਦਾਨ ਕਰਦੀ ਹੈ। ਭ੍ਰਿਸ਼ਟ ਪ੍ਰਬੰਧ ਦੇ ਵਿਹਾਰ ਨੂੰ ਵੀ ਜ਼ਿੰਮੇਵਾਰ ਕਾਰਕ ਮੰਨਦਿਆਂ ਪੁਲਸ ਪ੍ਰਸ਼ਾਸਨ ਨੂੰ ਸਵਾਲ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਥਾਣੇਦਾਰ ਦੇ ਪੁੱਤ ਦੀ ਨਸ਼ਈ ਆਦਤ ਅਤੇ ਮੌਤ ਕੇਂਦਰ ’ਚ ਰਹਿੰਦੀ ਹੈ। ਨਸ਼ਾ ਰੋਕੂ ਅਭਿਆਨ ਦੀ ਅਸਲੀਅਤ ਭੰਡਣਯੋਗ ਹੈ। ਹੈਪੀ, ਪਿੰਦਰ, ਸ਼ੈਲੀ, ਪੁਲਸ ਵਾਲੇ ਆਦਿ ਆਦਿ ਪਾਤਰਾਂ ਦੀ ਮਨੋਬਿਰਤੀ ਸਮਝਣਯੋਗ ਹੈ।

ਗੁਰਸੇਵਕ ਪ੍ਰੀਤ ਦੀ ਚਰਚਿੱਤ ਕਹਾਣੀ ‘ਜੀਣ ਜੋਗਾ’ ਨੇ ‘ਪਰਛਾਵੇਂ ਭਾਲੇ ਰੌਸ਼ਨੀ’ ਦਾ ਰੂਪ ਧਾਰਿਆ ਹੈ। ਤੀਸਰੇ ਲਿੰਗ ਨੂੰ ਲੈ ਕੇ ਗਲਪ ਸਿਰਜਣਾ ਵਿਚ ਚੋਖਾ ਕੰਮ ਹੋਇਆ ਹੈ। ਇੱਥੇ ਇੰਦਰ ਦੇ ਪੁੱਤ ਸ਼ਿੰਦੇ ਦੀ ਦਰਦਨਾਕ ਮੌਤ ਨੂੰ ‘ਸੁਖਦ ਅਹਿਸਾਸ’ ਵਿਚ ਢਾਲਿਆ ਗਿਆ ਹੈ। ਬਾਪ ਪੁੱਤ ਨੂੰ ਨਿਰਦੇਸ਼ ਦਿੰਦਾ ਹੈ : ਵੇਖ ਪੁੱਤ ਕਿਸੇ ਮੂਹਰੇ ਕੱਛੀ (ਨਿੱਕਰ) ਨਹੀਂ ਲਾਹੁਣੀ, ਕਿਸੇ ਸਾਹਮਣੇ ਪਿਸ਼ਾਬ ਨਹੀਂ ਕਰਨਾ, ਨਾ ਕਿਸੇ ਨਾਲ ਐਹੋ ਜਿਹੀ ਗੱਲ ਕਰਨੀ ਐ, ਨਹੀਂ ਤਾਂ ਭੂਤ ਖਾ ਜੂ (ਸਫ਼ਾ/76)। ਪੁੱਤ ਆਗਿਆ ਦਾ ਪਾਲਣ ਕਰਦੇ ਹੋਏ ਭੇਦ ਛੁਪਾ ਕੇ ਰੱਖਦਾ ਹੈ। ਦੋਸਤਾਂ ਖਾਤਰ ਲਿੰਗ ਪਛਾਣ ਕਰਵਾਉਣ ਤੋਂ ਕਿਨਾਰਾ ਕਰ ਸਜ਼ਾ ਭੋਗਦਾ ਹੈ।ਉੱਚ ਦਰਜੇ ਬਾਪ ਦੀ ਧੀ ਦੇ ਇਸ਼ਕ ਨੂੰ ਸਿਰੇ ਚਾੜ੍ਹਨ ਤੋਂ ਅਸਮਰੱਥ ਹੋਣਾ ਮੌਤ ਦਾ ਕਾਰਨ ਬਣਦਾ ਹੈ। ਪਾਣੀ ਵਿੱਚੋਂ ਮਿਲੀ ਲਾਸ਼ ਬਾਪ ਨੂੰ ‘ਜੀਣ ਜੋਗਾ’ ਕਰ ਦਿੰਦੀ ਹੈ। ਪੁੱਤ ਦੇ ਖੁਸਰੇਪਣ ਦਾ ਲੁਕਾਅ ਬਣਿਆ ਰਹਿੰਦਾ ਹੈ।ਵੀਹ ਪਾਤਰਾਂ ਦੀ ਨਾਟ-ਕਥਾ ਵਿਚ ਵਕਤ ਅਤੇ ਗੀਤ, ਸੂਤਰਧਾਰ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ।

ਤੇਈ ਪਾਤਰਾਂ, ਪੰਜ ਸੀਨ ਵਾਲਾ ਨਾਟਕ ‘ਜਬੈ ਬਾਣ ਲਾਗਿਓ’ ਧਰਮ ਕੱਟੜਤਾ ਨੂੰ ਨਕਾਰਦਾ ਹੋਇਆ ਪੰਜਾਬ ਵੰਡ ’ਚ ਛੁਪੀ ਕਤਲੇਆਮ ਸੋਚ ਨੂੰ ਮੁਖਾਤਿਬ ਹੁੰਦਾ ਹੈ।ਸਿੱਖ ਮੁਸਲਮਾਨ ਸੰਬੰਧਕਾਰੀ ਨੂੰ ਢਾਹ ਲਾਉਣ ਵਾਲੀਆਂ ਰੁਚੀਆਂ ਅਤੇ ਬਚਾਅ ਦੋਵੇਂ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਨੂਰਦੀਨ, ਰਸ਼ੀਦ, ਬਖਸ਼ਦੀਨ, ਦਰਿਆ ਸਿੰਘ, ਤਕਦੀਰ ਆਦਿ ਕਥਾ ਨੂੰ ਅੱਗੇ ਤੋਰਦੇ ਹਨ। ਇਉਂ ਇਹ ਨਾਟਕ ਗੁਰਦਿਆਲ ਦਲਾਲ ਦੀ ਕਹਾਣੀ ‘ਸੂਰੈ’ ਆਧਾਰਤ ਹੈ।

ਕਹਾਣੀਆਂ ਤੋਂ ਰੰਗਮੰਚ ਵੱਲ ਆਈਆਂ ਨਾਟ-ਰਚਨਾਵਾਂ ’ਚ ਪਾਤਰਾਂ ਦੀ ਬਹੁਤਾਤ, ਨਾਟ-ਤਣਾਅ ਦੀ ਕਮੀ, ਲਮਕਾਅ ਵਾਲੇ ਪਾਸੇ ਧਿਆਨ ਦੇਣ ਦੀ ਲੋੜ ਹੈ। ‘ਉਲਟੇ ਵਗਣ ਦਰਿਆ’ ਦਾ ਮੰਚਨ ‘ਹਾਥ ਪਛੋੜੈ ਸਿਰ ਧੁਣੇ’ ਗੁਰਬਾਣੀ ਤੁਕ ਆਧਾਰਤ ਵੀ ਰਿਹਾ ਹੈ।ਇਸ ਸੰਗ੍ਰਹਿ ਵਿਚ ਸ਼ਾਮਲ ਦੋ ਨਾਟਕ ‘ਉਲਟੇ ਵਗਣ ਦਰਿਆ’ ਅਤੇ ‘ਪਰਛਾਵੇਂ ਭਾਲੇ ਰੌਸ਼ਨੀ’ ਪਹਿਲਾਂ ‘ਪਰਛਾਵੇਂ ਭਾਲੇ ਰੌਸ਼ਨੀ’ ਸੰਗ੍ਰਹਿ ਦਾ ਵੀ ਹਿੱਸਾ ਬਣੇ ਹਨ। ਸੰਗ੍ਰਹਿ ਸਿਰਲੇਖ ਦੇ ਨਾਮਕਰਨ ਦਾ ਇਹ ਬਦਲਾਓ ਨਾਟ-ਇਤਿਹਾਸਕਾਰੀ ਅਤੇ ਮੁਲਾਂਕਣ ਸਮੇਂ ਗੁੰਝਲਦਾਰ ਸਮੱਸਿਆ ਬਣ ਸਕਦਾ ਹੈ।ਪੂਰਵ ਨਿਰਧਾਰਤ ਯੋਜਨਾ ਤਹਿਤ ਸਮਾਜ-ਸੇਧ ਦੇਣ ਵਾਲੀਆਂ ਨਾਟ-ਰਚਨਾਵਾਂ ਦੇ ਠੋਸ ਵਿਧਾਗਤ ਵਜ਼ਨ ਨਾਲ ‘ਰੂਪਾਂਤਰਨ ਨਾਟਕਾਂ ਦੀ ਸਿਧਾਂਤਕਾਰੀ’ ਨੂੰ ਹੋਰ ਹੁਲਾਰਾ ਮਿਲੇਗਾ।

**— ਡਾ. ਚੰਦਰ ਪ੍ਰਕਾਸ਼**

## ਚਿੜੀਆਂ ਬੋਲ ਪਈਆਂ

(ਬਾਲ ਕਹਾਣੀ ਸੰਗ੍ਰਹਿ)
**ਡਾ. ਸਾਧੂ ਰਾਮ ਲੰਗੇਆਣਾ**
**ਸ.ਫ਼ੇ-80**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਡਾ. ਸਾਧੂ ਰਾਮ ਲੰਗੇਆਣਾ ਦੀਆਂ ਰਚਨਾਵਾਂ ਅਕਸਰ ਵੱਖੋ- ਵੱਖਰੇ ਅਖ਼ਬਾਰਾਂ ਅਤੇ ਮੈਗਜ਼ੀਨਾਂ ’ਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਪੰਜ ਤੋਂ ਬਾਰਾਂ ਸਾਲ ਆਯੂ ਗੁੱਟ ਲਈ ਸਿਰਜੀ ਗਈ ਇਸ ਹੱਥਲੀ ਪੁਸਤਕ ‘ਚਿੜੀਆਂ ਬੋਲ ਪਈਆਂ’ ’ਚ 22 ਬਾਲ ਕਹਾਣੀਆਂ ਦੀ ਸਾਂਝ ਹੈ। ਡਾ. ਸਾਧੂ ਰਾਮ ਲੰਗੇਆਣਾ ਦੀ ਇਹ ਦਸਵੀਂ ਮੌਲਿਕ ਪੁਸਤਕ ਹੈ। ਬਾਲ ਸਾਹਿਤ ਦੀ ਸਿਰਜਣਾ ਕਰਨਾ ਬਹੁਤ ਹੀ ਮਿਹਨਤ ਅਤੇ ਸੂਝ-ਬੂਝ ਭਰਭੂਰ ਕਾਰਜ ਹੈ। ਇਸ ਪੁਸਤਕ ’ਚ ਸ਼ਾਮਲ ਕਹਾਣੀਆਂ ਕਿਸੇ ਨਾ ਕਿਸੇ ਸੰਦੇਸ਼ ਨੂੰ ਮੁੱਖ ਰੱਖ ਕੇ ਸਿਰਜੀਆਂ ਗਈਆਂ ਹਨ, ਜਿਹੜੀਆਂ ਕਿਸੇ ਨਾ ਕਿਸੇ ਸਮੱਸਿਆ ਨੂੰ ਉਭਾਰਦੀਆਂ ਹੋਈਆਂ ਉਹਨਾਂ ਨੂੰ ਹੱਲ ਕਰਨ ਵੱਲ ਸੰਕੇਤ ਕਰਦੀਆਂ ਹਨ। ਕਹਾਣੀ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਵੰਨ-ਸੁਵੰਨੇ ਜਨੌਰਾਂ ਨੂੰ ਆਧਾਰ ਬਣਾ ਕੇ ਸਿਰਜੀਆਂ ਗਈਆਂ ਹਨ। ਹਰ ਕਹਾਣੀ ਕੋਈ ਨਾ ਕੋਈ ਸਿੱਖਿਆ ਪ੍ਰਦਾਨ ਕਰਦੀ ਹੋਈ ਬਾਲਾਂ ਨੂੰ ਆਪਣੇ ਨਾਲ-ਨਾਲ ਤੋਰਦੀ ਹੈ। ਜਿਵੇਂ ਕਿ ‘ਅੱਪੂ ਅੰਕਲ ਤੇ ਜੰਗਲੀ ਚੂਹਾ’ ਕਹਾਣੀ ਆਪਸੀ ਸਹਿਯੋਗ ਅਤੇ ਮਿਲਵਰਤਨ ਨੂੰ ਪ੍ਰੇਰਦੀ ਹੋਈ ਘੁਮੰਡ ਤੋਂ ਦੂਰ ਰਹਿਣ ਲਈ ਉਤਸ਼ਾਹਿਤ ਕਰਦੀ ਹੈ। ਇਸ ਪੁਸਤਕ ਦੀ ਮੁੱਖ ਕਹਾਣੀ ‘ਚਿੜੀਆਂ ਬੋਲ ਪਈਆਂ’ ਬਾਲਾਂ ਦੇ ਨਾਲ-ਨਾਲ ਵੱਡਿਆਂ ਦੇ ਮਨਾਂ ਵਿੱਚ ਪੰਛੀਆਂ ਪ੍ਰਤੀ ਸਨੇਹ ਜਗਾਉਣ ਦੇ ਨਾਲ-ਨਾਲ ਗਰਮੀਆਂ ਦੇ ਦਿਨਾਂ ਵਿੱਚ ਉਹਨਾਂ ਲਈ ਪਾਣੀ-ਦਾਣੇ ਦੇ ਪ੍ਰਬੰਧ ਲਈ ਸੇਧ ਦਿੰਦੀ ਹੈ।

‘ਕਰਮਾਂ ਵਾਲੀ ਮਾਂ’, ‘ਮਿੰਟੂ ਦੀ ਪਤੰਗਬਾਜ਼ੀ’ ਅਜੋਕੇ ਸਮੇਂ ’ਚ ਮਨਫ਼ੀ ਹੋ ਰਹੇ ਰਿਸ਼ਤਿਆਂ ਦੇ ਨਿੱਘ ਵੱਲ ਇਸ਼ਾਰਾ ਕਰਦੀਆਂ ਹੋਈਆਂ, ਰਿਸ਼ਤਿਆਂ ਲਈ ਇੱਜ਼ਤ ਅਤੇ ਮੋਹ ਨੂੰ ਤਰਜੀਹ ਦਿੰਦੀਆਂ ਹੋਈਆਂ, ਮਨਾਂ ਨੂੰ ਆਪਸੀ ਸਾਂਝਾਂ ’ਚ ਬੰਨ੍ਹਣ ਦਾ ਯਤਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਬਾਲ ਕਹਾਣੀਆਂ ‘ਕੁਦਰਤੀ ਰਿਸ਼ਤਿਆਂ ਦੀ ਚੀਸ’, ‘ਪਾਣੀ ਦੀ ਅਹਿਮੀਅਤ’, ‘ਕੁਦਰਤ ਦੇ ਅਜਬ ਨਜ਼ਾਰੇ’ ਬੱਚਿਆਂ ਨੂੰ ਕੁਦਰਤ ਨਾਲ ਜੋੜਦੀਆਂ ਹੋਈਆਂ ਕੁਦਰਤ ਪ੍ਰਤੀ ਸਨੇਹ ਪੈਦਾ ਕਰਦੀਆਂ ਹੋਈਆਂ, ਵਾਤਾਵਰਨ ਦੀ ਸਾਂਭ-ਸੰਭਾਲ ਕਰਨ ਬਾਰੇ ਸੁਚੇਤ ਕਰਦੀਆਂ ਹਨ।




ਪੁਸਤਕ ਵਿਚਲੀਆਂ ਕਹਾਣੀਆਂ ਬੱਚਿਆਂ ’ਚ ਸੰਜਮ, ਮਿਹਨਤ, ਸੋਚ-ਵਿਚਾਰ ਨਾਲ ਕੰਮ ਕਰਨ, ਹਰ ਕਿਸੇ ਦਾ ਭਲਾ ਸੋਚਣਾ, ਝੂਠ ਅਤੇ ਚੋਰੀ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਆਦਿ ਸਿੱਖਿਆਵਾਂ ਨਾਲ ਭਰਪੂਰ ਹਨ। ਕਹਾਣੀਆਂ ਦੀ ਸ਼ਬਦਾਵਲੀ ਵਧੀਆ ਅਤੇ ਦਿਲਚਸਪ ਹੈ ਪਰ ਪਰੂਫ਼ ਰੀਡਿੰਗ ਦੀ ਘਾਟ ਰੜਕਦੀ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਪੁਸਤਕ ਲਈ ਡਾ. ਸਾਧੂ ਰਾਮ ਲੰਗੇਆਣਾ ਨੂੰ ਬਹੁਤ-ਬਹੁਤ ਮੁਬਾਰਕ।

**—ਮਨਦੀਪ ਰਿੰਪੀ, ਰੋਪੜ**

# ਕੈਨੇਡਾ ਦੀ ਤਰਕਸ਼ੀਲ ਲਹਿਰ ਦੇ ਮੋਢੀ ਅਵਤਾਰ ਨੂੰ ਸ਼ਰਧਾਂਜਲੀ

**ਸਰੀ** : ਬੀਤੇ ਦਿਨੀਂ ਕੈਨੇਡਾ ਦੀ ਤਰਕਸ਼ੀਲ ਲਹਿਰ ਦੇ ਮੋਢੀ ਅਵਤਾਰ ਬਾਈ ਜੀ ਦੇ ਸਦੀਵੀ ਵਿਛੋੜਾ ਦੇ ਜਾਣ ਕਾਰਨ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਦੀ ਹੰਗਾਮੀ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੀ ਸੋਚ ਨੂੰ ਸਮਰਪਿਤ ਹੋਰ ਭਰਾਤਰੀ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਵੀ ਆਪਣੀ ਹਾਜ਼ਰੀ ਲਵਾਈ। ਅਵਤਾਰ ਬਾਈ 20 ਫਰਵਰੀ ਨੂੰ ਆਪਣੇ ਪੁਰਾਣੇ ਸਾਥੀਆਂ ਨੂੰ ਮਿਲਣ ਪੰਜਾਬ ਗਏ ਸਨ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਉਹ ਆਪਣੇ ਜਿਉਂਦੇ ਜੀਅ ਆਪਣੇ ਪੁਰਾਣੇ ਸਾਥੀਆਂ ਨੂੰ ਮਿਲਣ। ਤਰਕਸ਼ੀਲ ਸੁਸਾਇਟੀ ਪੰਜਾਬ, ਪ੍ਰਮੁੱਖ ਕਿਸਾਨ ਜਥੇਬੰਦੀਆਂ, ਟੈਕਨੀਕਲ ਸਰਵਿਸਿਜ਼ ਯੂਨੀਅਨ ਆਦਿ ਵੀ ਇਸ ਸਮਾਗਮ ਵਿੱਚ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਘਾਲਣਾ ਦੇ ਸਤਿਕਾਰ ਵਜੋਂ ਉਹਨਾਂ ਦਾ ਸਨਮਾਨ ਕਰਨਾ ਚਾਹੁੰਦੀਆਂ ਸਨ, ਪਰ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ। 13 ਮਾਰਚ ਨੂੰ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਮ੍ਰਿਤਕ ਸਰੀਰ ਲੁਧਿਆਣਾ ਦੇ ਈ ਐੱਸ ਆਈ ਹਸਪਤਾਲ ਨੂੰ ਦਾਨ ਕਰ ਦਿੱਤਾ ਗਿਆ। ਅੱਜ ਪ੍ਰੋਗਰੈਸਿਵ ਕਲਚਰਲ ਸੈਂਟਰ (ਲਾਇਬ੍ਰੇਰੀ) ਸਰੀ (ਕੈਨੇਡਾ) ਵਿਖੇ ਉਨ੍ਹਾਂ ਦੀ ਯਾਦ ਵਿੱਚ ਸਮਾਗਮ ਕੀਤਾ ਗਿਆ, ਜਿਸ ਵਿੱਚ ਜਸਵਿੰਦਰ ਹੇਅਰ ਦੀ ਪ੍ਰਧਾਨਗੀ ਵਿਚ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿਚ ਪਰਮਿੰਦਰ ਸਵੈਚ, ਜਿੰਮੀ ਸਿਮਸਨ, ਸੁਖਵੰਤ ਹੁੰਦਲ, ਸਾਧੂ ਸਿੰਘ ਬਿਨਿੰਗ, ਡਾਕਟਰ ਸਾਧੂ ਸਿੰਘ, ਅਮਰਜੀਤ ਭੁੱਲਰ, ਕੁਲਵੰਤ ਢੇਸੀ, ਸੁਰਿੰਦਰ ਸੰਘਾ, ਮੱਖਣ ਟੁੱਟ, ਹਰਿੰਦਰਜੀਤ ਸਿੰਘ, ਗੁਰਤੇਜ ਸਿੰਘ, ਕੁਲਵੀਰ ਮੰਗੂਵਾਲ, ਅਮਰਜੀਤ ਬਰਾੜ, ਜਗਜੀਤ ਸਿੰਘ ਸਿੱਧੂ ਅਤੇ ਹੋਰ ਸਾਥੀਆਂ ਨੇ ਉਨ੍ਹਾਂ ਦੇ ਜੀਵਨ ਦੀਆਂ ਪ੍ਰਾਪਤੀਆਂ ਅਤੇ ਸੰਘਰਸ਼ ਬਾਰੇ ਚਾਨਣਾ ਪਾਇਆ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੂਬਾਈ ਆਗੂ ਸੁਖਦੇਵ ਧੂਰੀ ਨੇ ਬਾਈ ਅਵਤਾਰ ਵੱਲੋਂ ਤਰਕਸ਼ੀਲ ਵਿਚਾਰਾਂ ਦੀ ਪ੍ਰਫੁੱਲਤਾ ਲਈ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉਹਨਾਂ ਨੂੰ ਸਿਦਕਵਾਨ ਅਤੇ ਦ੍ਰਿੜ੍ਹ ਇਰਾਦੇ ਵਾਲੇ ਆਗੂ ਵਜੋਂ ਯਾਦ ਕੀਤਾ।ਇਸ ਮੌਕੇ ਪਰਮਜੀਤ ਸਿੰਘ, ਸੁਰਿੰਦਰ ਚਾਹਲ, ਸੁਖਦੇਵ ਸਿੰਘ ਮਾਨ, ਨਿਰਮਲ ਸਿੰਘ ਕਿੰਗਰਾ, ਜਗਰੂਪ ਧਾਲੀਵਾਲ, ਪਰਮਜੀਤ ਸਿੰਘ ਸਿੱਧੂ, ਠਾਣਾ ਸਿੰਘ ਨੇ ਵੀ ਤਰਕਸ਼ੀਲ ਸੁਸਾਇਟੀ ਵੱਲੋਂ ਉਹਨਾਂ ਨੂੰ ਸੰਗਰਾਮੀ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਹਰਪਾਲ ਗਰੇਵਾਲ, ਗੁਰਦੇਵ ਸਿੰਘ, ਗੁਰਮੇਲ ਸਿੰਘ, ਹਰਭਜਨ ਚੀਮਾ, ਜਗਰੂਪ ਸਿੰਘ ਦਿਓਲ, ਅਮਰਦੀਪ ਸਿੰਘ, ਰਾਮਜੀਤ, ਆਰਤੀ, ਮਨਜੀਤ ਸਿੰਘ ਮੱਲ, ਗੁਰਬਖਸ਼ ਕੌਰ, ਰਵੀ ਲੰਗਾਹ, ਜਗਜੀਤ ਸਿੰਘ, ਸੁਰਿੰਦਰ ਸਿੰਘ ਢੇਸੀ, ਨਰਿੰਦਰ ਸਿੰਘ, ਬਚਿੱਤਰ ਸਿੰਘ, ਜੀਤ ਸੁਮਨ, ਗੁਰਤੇਜ ਸਿੰਘ ਗਿੱਲ ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।



# 'ਹਨੇਰੇ ਵਿਚਲਾ ਚਾਨਣ' ਲੋਕ ਅਰਪਣ



**ਅੰਮ੍ਰਿਤਸਰ** : ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਨਿਵਾਸ ਅਸਥਾਨ ਅੰਮ੍ਰਿਤਸਰ ਵਿਖੇ ਕਸ਼ਮੀਰ ਵਿੱਚ ਵੱਸਦੇ ਸਾਹਿਤਕਾਰ ਰਤਨ ਸਿੰਘ ਕੰਵਲ ਦੀ ਕਥਾ ਪੁਸਤਕ 'ਹਨੇਰੇ ਵਿਚਲਾ ਚਾਨਣ' ਨੂੰ ਲੋਕ ਅਰਪਣ ਕੀਤਾ ਗਿਆ । ਲੋਕ ਅਰਪਣ ਦੇ ਨਾਲ ਹੀ ਇਸ ਕਿਤਾਬ 'ਤੇ ਭਰਵੀਂ ਵਿਚਾਰ ਚਰਚਾ ਵੀ ਹੋਈ।ਸਭ ਤੋਂ ਪਹਿਲਾਂ ਡਾ. ਸੁਖਬੀਰ ਕੌਰ ਮਾਹਲ ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਫਾਰ ਵੂਮੈਨ ਨੇ ਕਿਤਾਬ ਬਾਰੇ ਵਿਸਤ੍ਰਿਤ ਪੇਪਰ ਪੜ੍ਹਿਆ। ਉਹਨਾਂ ਨੇ ਕਿਹਾ ਕਿ ਕੰਵਲ ਇੱਕ ਜ਼ਹੀਨ ਕਥਾਕਾਰ ਹੈ ਤੇ ਉਸ ਦੀਆਂ ਕਹਾਣੀਆਂ ਵਿੱਚ ਮਨੁੱਖੀ ਸੰਵੇਦਨਾਵਾਂ ਨੂੰ ਬਹੁਤ ਗਹਿਰਾਈ ਨਾਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਿੱਛੋਂ ਮਲਕੀਤ ਰਾਸੀ ਨੇ ਇਹਨਾ ਕਹਾਣੀਆਂ ਦੀ ਭਾਵਨਾਤਮਕ ਪਹੁੰਚ ਬਾਰੇ ਗੱਲ ਕੀਤੀ। ਵਿਜੇਤਾ ਰਾਜ ਨੇ ਇਹਨਾਂ ਕਹਾਣੀਆਂ ਦੀ ਕਥਾਕਾਰੀ ਤਕਨੀਕ ਦੀ ਭਰਪੂਰ ਸਿਫਤ ਕੀਤੀ।ਸ਼ੁਭ ਕਿਰਨ ਨੇ ਕੰਵਲ ਦੀਆਂ ਕਹਾਣੀਆਂ ਦੇ ਪਾਠਕ ਨੂੰ ਆਪਣੇ ਨਾਲ ਤੋਰ ਲੈਣ ਦੀ ਖਾਸੀਅਤ ਬਾਰੇ ਚਾਨਣਾ ਪਾਇਆ । ਸਰਬਜੀਤ ਸਿੰਘ ਸੰਧੂ ਨੇ ਇਸ ਕਿਤਾਬ ਦੀਆਂ ਕਹਾਣੀਆਂ ਵਿੱਚ ਕਸ਼ਮੀਰੀ ਰਹਿਤਲ ਦੇ ਪੱਖ ਨੂੰ ਉਭਾਰ ਕੇ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦੇ ਪੱਖ ਦੀ ਸਮਰੱਥਾ ਦੀ ਤਾਰੀਫ਼ ਕੀਤੀ। ਕੰਵਲ ਦੇ ਪਰਵਾਰ ਦੇ ਮੈਂਬਰ ਤੇ ਸੁਰਿੰਦਰ ਸੀਰਤ ਵੀ ਸਮਾਗਮ ਵਿੱਚ ਪੁੱਜੇ। ਮੰਚ ਸੰਚਾਲਨ ਅਰਤਿੰਦਰ ਸੰਧੂ ਵੱਲੋਂ ਕੀਤਾ ਗਿਆ।

ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਰਾਜਖੁਸ਼ਵੰਤ ਸਿੰਘ ਸੰਧੂ, ਜਸਪਾਲ ਕੌਰ, ਪ੍ਰਭਜੋਤ ਕੌਰ, ਭੁਪਿੰਦਰ ਸੰਧੂ, ਸੁਨੀਤਾ ਸ਼ਰਮਾ, ਕੰਵਲਪ੍ਰੀਤ ਕੌਰ, ਰਿਤੂ ਵਾਸਦੇਵ, ਕੁਲਦੀਪ ਕੌਰ, ਜਸਵੰਤ ਧਾਪ, ਧਰਵਿੰਦਰ ਔਲਖ, ਪਰਗਟ ਸਿੰਘ ਸਿੱਧੂ, ਮੋਹਨ ਬੇਗੋਵਾਲ, ਹਰਜੀਤ ਸੰਧੂ, ਸਤਿੰਦਰ ਓਠੀ, ਐੱਸ. ਪ੍ਰਸ਼ੋਤਮ, ਹਰਜੀਤ ਕੌਰ ਬਮਰ੍ਹਾ, ਨਵਦੀਪ ਸਿੰਘ, ਬਰਕਤ ਸਿੰਘ ਵੋਹਰਾ, ਹਰਪ੍ਰੀਤ ਸਿੰਘ, ਸਤਬੀਰ ਕੌਰ, ਮਲਵਿੰਦਰ, ਸਰਬਜੀਤ ਸੰਧੂ, ਨਰਿੰਦਰ ਸੱਤੀ, ਬਲਜਿੰਦਰ ਮਾਂਗਟ, ਵਿਸ਼ਾਲ ਬਿਆਸ, ਧਰਮਪਾਲ, ਰਾਜਿੰਦਰ ਸੰਧੂ, ਰਾਜਦੀਪ ਕੌਰ ਹੇਰ, ਕੁਲਦੀਪ ਦਰਾਜਕੇ, ਜਗਤਾਰ ਗਿੱਲ, ਨਵਦੀਪ ਸਿੰਘ, ਗੁਰਜੀਤ ਅਜਨਾਲਾ, ਜਸਪਾਲ ਕੌਰ, ਬਲਦੇਵ ਰਾਜ, ਸਦਾਜੀਤ ਸਿੰਘ, ਜਸਵਿੰਦਰ ਕੌਰ, ਅਨੀਸ਼ਾ ਅੰਗਿਰਾ, ਹਰਪਾਲ, ਰਾਜੇਸ਼ ਤਿਲਕ ਰਾਜ ਤੇ ਭੁਪਿੰਦਰ ਸਿੰਘ ਇਸ ਸਮਾਗਮ ਵਿੱਚ ਸ਼ਾਮਲ ਰਹੇ।

# ਸਮਕਾਲ

---- ਭਗਵੰਤ ਰਸੂਲਪੁਰੀ----

## ਵਿਗਿਆਨ ਦੇ ਨਕਸ਼ : ਨਵੀਆਂ ਖੋਜਾਂ ਨਵਾਂ ਗਿਆਨ

'ਵਿਗਿਆਨ ਦੇ ਨਕਸ਼' ਪਤ੍ਰਿਕਾ ਪੰਜਾਬੀ ਯੂਨੀ. ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਪ੍ਰਕਾਸ਼ਤ ਕੀਤੀ ਜਾਂਦੀ ਹੈ। ਪਤ੍ਰਿਕਾ ਵਿੱਚ ਵਿਗਿਆਨ ਨਾਲ ਸਬੰਧਤ ਲੇਖ ਪ੍ਰਕਾਸ਼ਤ ਕੀਤੇ ਜਾਂਦੇ ਹਨ। ਉਪਕੁਲਪਤੀ ਦੇ 'ਦੋ ਸ਼ਬਦ' ਉਪਰੰਤ ਡਾ. ਗੁਰਸੇਵਕ ਸਿੰਘ ਲੰਬੀ ਦੀ ਸੰਪਾਦਕੀ ਵਿੱਚ ਉਨ੍ਹਾਂ ਇਸ ਪਤ੍ਰਿਕਾ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਹੈ। ਗਿਆਨ-ਵਿਗਿਆਨ ਨਾਲ ਸੰਬੰਧਤ 17 ਲੇਖ ਹਨ। ਸੁਹਾਂਜਣਾ-ਇੱਕ ਉੱਤਮ ਆਹਾਰ (ਡਾ. ਮਨਜੀਤ ਸਿੰਘ ਬੱਲ), ਵਿਗਿਆਨੀ ਵੀ ਮਨੁੱਖ ਹਨ, ਰਦਰਫੋਰਡ ਖੋਜ ਐਟਮ ਦੀ ਨਾਭੀ ਦੀ (ਡਾ. ਕੁਲਦੀਪ ਸਿੰਘ ਧੀਰ), ਬੁਢਾਪਾ ਤੇ ਮਾਨਸਿਕ ਰੋਗ, ਨਸ਼ੇ ਦੀਆਂ ਦਵਾਈਆਂ (ਡਾ. ਆਗਿਆਜੀਤ ਸਿੰਘ), ਨੀਐਂਡਰਥਲ ਅਤੇ ਦਿਨੀਸੇਵ ਮਨੁੱਖੀ ਪ੍ਰਜਾਤੀਆਂ (ਡਾ. ਐੱਸ ਪੀ ਸਿੰਘ), ਪੰਜਾਬ ਦੇ ਬਜ਼ੁਰਗ ਮਰਦਾਂ ....(ਪ੍ਰੋ. ਕੁਲਵੀਰ ਸਿੰਘ, ਡਾ. ਐੱਸ ਪੀ ਸਿੰਘ, ਡਾ. ਗਿਨਜਿੰਦਰ ਕੌਰ), ਭੌਤਿਕ ਵਿਗਿਆਨ ਦੀ ਸਿਧਾਂਤਿਕ ਤੇ ਵਿਹਾਰਿਕ ਪ੍ਰਸੰਗਿਕਤਾ (ਡਾ. ਵਿਦਵਾਨ ਸਿੰਘ ਸੋਨੀ), ਪੁਰਾਤਤਵ ਵਿਗਿਆਨ...(ਡਾ. ਅਨੁਜੋਤ ਸਿੰਘ ਸੋਨੀ), ਵੱਖ-ਵੱਖ ਜੀਨ ਤਬਦੀਲੀ ਵਿਧੀ...(ਡਾ. ਅਜਿੰਦਰ ਕੌਰ), ਫਿੱਟਨੈੱਸ ਦਾ ਫੰਡਾ (ਡਾ. ਅਸ਼ੋਕ ਕੁਮਾਰ, ਡਾ. ਰਿਪੁਦਮਨ ਸਿੰਘ), ਨਾਂ ਵਿੱਚ ਕੀ ਪਿਆ (ਡਾ. ਹਰਸ਼ਿੰਦਰ ਕੌਰ), ਸਿਹਤ ਤੰਦਰੁਸਤੀ ਲਈ ਪ੍ਰਾਣਾਯਾਮ (ਡਾ. ਪਰਮਿੰਦਰ ਕੌਰ), ਪਰਾਲੀ ਸਾੜਨਾ (ਡਾ. ਨਿੰਮੀ), ਮੁੱਖ ਸੜਕਾਂ ਦੇ ਨੇੜੇ ਘਰ, ਫ਼ਲੈਟ ਜਾਂ ਦੁਕਾਨ ਲੈਣ ਤੋਂ ਬਚਣਾ ਜ਼ਰੂਰੀ (ਡਾ. ਸੁਰਿੰਦਰ ਕੁਮਾਰ ਜਿੰਦਲ), ਪੁਲਾੜ ਵਿਚਲੀ ਪ੍ਰਯੋਗਸ਼ਾਲਾ (ਡਾ. ਕਰਮਜੀਤ ਸਿੰਘ ਧਾਲੀਵਾਲ), ਸੁੰਦਰਤਾ ਦਾ ਭੰਡਾਰ ਤਿਤਲੀਆਂ (ਡਾ. ਮਨਪ੍ਰੀਤ ਕੌਰ) ਆਦਿ ਮਹੱਤਵਪੂਰਨ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਹ ਲੇਖ ਮਨੁੱਖੀ ਗਿਆਨ ਵਿੱਚ ਵਾਧਾ ਕਰਦੇ ਹਨ।



ਵਿਗਿਆਨ ਦੇ ਨਕਸ਼: ਸੰਪਾਦਕ ਡਾ. ਗੁਰਸੇਵਕ ਸਿੰਘ ਲੰਬੀ (99141-50353), ਮੁੱਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੁੱਲ : 100 ਰੁਪਏ, ਪੰਨੇ : 81, ਅੰਕ: 49, 2017.

## ਪ੍ਰਾਇਮਰੀ ਸਿੱਖਿਆ : ਮਾਰਚ, 2026



ਹੱਥਲੇ ਅੰਕ ਦੇ ਟਾਇਟਲ ਉੱਤੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀਆਂ ਤਸਵੀਰਾਂ ਹਨ। ਸੰਪਾਦਕੀ ਵਿੱਚ ਪਰਮਿੰਦਰ ਕੌਰ ਨੇ ਮਹਾਨ ਸੂਰਵੀਰ ਯੋਧਿਆਂ ਦਾ ਜ਼ਿਕਰ ਕੀਤਾ ਹੈ। ਉਪਰੰਤ ਗੁਰਪ੍ਰੀਤ ਸਿੰਘ, ਪ੍ਰਿੰਸੀਪਲ ਵਿਜੈ ਕੁਮਾਰ, ਉਮਕਾਰ ਸੂਦ ਬਹੋਨਾ, ਮਹਿੰਗਾ ਸਿੰਘ ਕਲਸੀ, ਡਾ. ਸੋਨੀਆ ਚਹਿਲ ਦੀਆਂ ਬਾਲ ਕਹਾਣੀਆਂ ਸਮੇਤ ਕਾਫੀ ਮਾਤਰਾ ਵਿੱਚ ਬਾਲ ਕਵਿਤਾਵਾਂ ਅਤੇ ਕੁਝ ਬਾਲ ਮਾਨਸਿਕਤਾ ਬਾਰੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਪਰਚਾ ਰੰਗੀਨ ਤਸਵੀਰਾਂ ਨਾਲ ਛਪਦਾ ਹੈ। ਬੋਰਡ ਦਾ ਇਹ ਸ਼ਲਾਘਾਯੋਗ ਉਦਮ ਹੈ। ਇਸ ਅੰਕ ਦੇ ਸਫ਼ੇ : 36, ਮੁੱਲ: 20 ਰੁਪਏ ਹੈ। 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395, ਪਤਾ-ਪ੍ਰਾਇਮਰੀ ਸਿੱਖਿਆ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ-160062, ਰਚਨਾਵਾਂ ਭੇਜਣ ਲਈ email: pankhrianpseb@gmail.com

## ਪੰਖੜੀਆਂ : ਮਾਰਚ, 2026

ਭਗਤ ਸਿੰਘ ਦੀ ਤਸਵੀਰ ਵਾਲਾ 'ਪੰਖੜੀਆਂ' ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਸੰਪਾਦਕੀ ਵਿੱਚ ਪਰਮਿੰਦਰ ਕੌਰ ਹੁਰਾਂ ਨੇ ਬੱਚਿਆਂ ਨੂੰ ਨਕਲ ਨਾ ਕਰਨ ਦੀ ਸਲਾਹ ਦਿੱਤੀ ਹੈ। ਸੰਜੀਵ ਧਰਮਾਨੀ ਦਾ ਭਗਤ ਸਿੰਘ ਬਾਰੇ ਲੇਖ ਹੈ। ਇਸ ਤੋਂ ਇਲਾਵਾ ਜਸਵਿੰਦਰ ਪਾਲ ਸ਼ਰਮਾ, ਨਵ ਸੰਗੀਤ ਸਿੰਘ, ਮੰਜੂ ਗਰਗ, ਸੁਖਦੇਵ ਮਾਦਪੁਰੀ, ਦਵਿੰਦਰ ਕੌਰ ਖੁਸ਼, ਗੁਰਵਿੰਦਰ ਕੌਰ, ਪਰਮਿੰਦਰ ਕੌਰ ਮੁੱਲਾਂਪੁਰ, ਗੁਰਸ਼ਰਨ ਸਿੰਘ ਕੁਮਾਰ, ਅਮਰੀਕ ਸਿੰਘ ਦਿਆਲ ਆਦਿ ਦੇ ਜਾਣਕਾਰੀ ਭਰਪੂਰ ਲੇਖ ਛਪੇ ਹਨ। ਪਰਚਾ ਬੱਚਿਆਂ ਨੂੰ ਭਰਪੂਰ ਗਿਆਨ ਪ੍ਰਦਾਨ ਕਰਨ ਵਾਲਾ ਹੈ।



ਇਸ ਅੰਕ ਦੇ ਸਫ਼ੇ : 40 ਅਤੇ ਮੁੱਲ : 20 ਰੁਪਏ ਹੈ। ਸੰਪਰਕ : ਸੰਪਾਦਕ ਪੰਖੜੀਆਂ , ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੁਹਾਲੀ-2, ਪਰਚੇ ਦੇ ਮੁੱਖ ਸੰਪਦਕ : ਉਪ ਸਕੱਤਰ ਅਕਾਦਮਿਕ, ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395, ਰਚਨਾਵਾਂ ਭੇਜਣ ਲਈ email: pankhrianpseb@gmail.com

## ਉਡਾਣ : ਵਿਗਿਆਨ ਗਲਪ ਮੈ.ਗਜ਼ੀਨ

ਉਡਾਣ ਦਾ ਜਨਵਰੀ-ਮਾਰਚ, 26 ਅੰਕ ਵਿਗਿਆਨ ਨਾਲ ਸੰਬੰਧਤ ਸਮੱਗਰੀ ਨਾਲ ਹਾਜ਼ਰ ਹੋਇਆ ਹੈ। ਅਮਨਦੀਪ ਸਿੰਘ ਨੇ ਸੰਪਾਦਕੀ ਪੰਨੇ ਉੱਤੇ ਪਰਚੇ ਦੀਆਂ ਰਚਨਾਵਾਂ ਬਾਰੇ ਤਬਸਰਾ ਕੀਤਾ ਹੈ। ਅੱਗੇ ਸੂਰਜੀ ਗੜਬੜ (ਡਾ. ਦੇਵਿੰਦਰ ਪਾਲ ਸਿੰਘ), ਸਹਾਰਾ (ਰੂਪ ਢਿੱਲੋਂ), ਚੰਦਰਯਾਨ ਤਿਸ਼ਕਿਨ (ਗੁਰਚਰਨ ਕੌਰ ਥਿੰਦ), ਸਿਤਾਰਿਆਂ ਤੋਂ ਅੱਗੇ (ਅਮਨਦੀਪ ਸਿੰਘ) ਕਹਾਣੀਆਂ ਤੇ ਨਾਵਲ ਅੰਸ਼ ਪ੍ਰਕਾਸ਼ਤ ਕੀਤੇ ਗਏ ਹਨ। ਜਸਵਿੰਦਰ ਸਿੰਘ ਰੁਪਾਲ ਦਾ ਗੁਰੂ ਗ੍ਰੰਥ ਸਾਹਿਬ 'ਤੇ ਲੇਖ, ਅਜਮੇਰ ਸਿੱਧੂ ਨੇ ਆਪਣੀਆਂ ਵਿਗਿਆਨ ਨਾਲ ਸਬੰਧਤ ਕਹਾਣੀਆਂ ਦੀ ਸਿਰਜਣਾ ਬਾਰੇ ਗੱਲਾਂ ਕੀਤੀਆਂ ਹਨ। ਹਰੀ ਕ੍ਰਿਸ਼ਨ ਮਾਇਰ ਦੀ ਬਾਲ ਕਹਾਣੀ 'ਮਨੁੱਖ ਫੇਰ ਸ਼ੈਤਾਨ ਹੋ ਗਿਆ' ਛਪੀ ਹੈ। ਡਾ. ਕਰਮਜੀਤ ਸਿੰਘ ਧਾਲੀਵਾਲ ਦਾ ਸੀ. ਵੀ. ਰਮਨ ਬਾਰੇ ਲੇਖ ਹੈ। ਅੰਤ ਵਿੱਚ ਕੁਝ ਵਿਗਿਆਨ ਨਾਲ ਸਬੰਧਤ ਖੋਜਾਂ ਬਾਰੇ ਤੇ ਕਿਤਾਬਾਂ ਬਾਰੇ ਜਾਣਕਾਰੀ ਛਪੀ ਹੈ। ਪਰਚਾ ਵਿਗਿਆਨ ਤੇ ਸਾਇੰਸ ਦੀ ਤਰਕ ਨਾਲ ਗੱਲ ਕਰਦਾ ਹੈ। ਬੱਚਿਆਂ ਲਈ ਇਹ ਪਰਚਾ ਬੜਾ ਮਹੱਤਵਪੂਰਨ ਹੈ।



ਇਸ ਅੰਕ ਦੇ ਸਫ਼ੇ 53, ਸੰਪਾਦਕ ਅਮਨਦੀਪ ਸਿੰਘ, ਰਚਨਾਵਾਂ ਭੇਜਣ ਲਈ email: punjabiscifi@gmail.com

## ਸੰਗਰਾਮੀ ਲਹਿਰ : ਮਾਰਚ, 2026

ਹੱਥਲੇ ਅੰਕ 'ਚ ਮੰਗਤ ਰਾਮ ਪਾਸਲਾ ਨੇ ਸੰਪਾਦਕੀ ਵਿੱਚ ਮੋਦੀ ਰਾਜ ਦੇ ਤਬਾਹਕੁੰਨ ਬਾਰਾਂ ਸਾਲ 'ਤੇ ਤਿੱਖੀ ਟਿੱਪਣੀ ਕੀਤੀ ਹੈ। ਪ੍ਰੋ. ਜੈਪਾਲ ਸਿੰਘ ਦਾ 'ਉੱਠ ਜਗਾ ਦੇ ਮੋਮਬੱਤੀਆਂ' ਸਮਕਾਲ ਬਾਰੇ ਮਹੱਤਵਪੂਰਨ ਲੇਖ ਹੈ। ਆਦਿੱਤਿਆ ਨਿਗਮ (ਆਰ ਐੱਸ ਐੱਸ ਬਾਰੇ), ਡਾ. ਅਨੁਪਮਾ ਉੱਪਲ, ਅਮਨਦੀਪ ਕੌਰ (ਭਾਰਤੀ ਔਰਤਾਂ ਦੀ ਕਿਰਤ ਬਜ਼ਾਰ 'ਚ ਭਾਗੀਦਾਰੀ), ਸ਼ਮਸੇਰ ਸਿੰਘ (ਸਿੰਘਾਪੁਰ ਦੀ ਗ਼ਦਰੀ ਬਗਾਵਤ), ਰਵੀ ਕੰਵਰ (ਔਕਸਫਾਮ ਰਿਪੋਰਟ) ਦੀਆਂ ਲਿਖਤਾਂ ਛਪੀਆਂ ਹਨ। ਗੁਰਦੇਵ ਰੁਪਾਣਾ ਦੀ ਕਹਾਣੀ 'ਹਵਾ' ਛਪੀ ਹੈ। ਕੌਮਾਂਤਰੀ ਪਿੜ 'ਚ ਬੋਲੀਵੀਆ, ਪੁਰਤਗਾਲ, ਅਮਰੀਕਾ, ਬੰਗਲਾ ਦੇਸ਼ ਤੇ ਪਾਕਿਸਤਾਨ ਦੇ ਸਮਕਾਲੀ ਮਸਲਿਆਂ ਉੱਤੇ ਟਿੱਪਣੀ ਹੈ। ਸੰਗਰਾਮੀ ਲਹਿਰ, ਸੰਪਾਦਕ : ਮੰਗਤ ਰਾਮ ਪਾਸਲਾ, ਰਚਨਾਵਾਂ ਭੇਜਣ ਲਈ email: mahipalsathi806@gmail.com (99153-12806)



## ਲਾਲ ਪਰਚਮ : ਮਾਰਚ,2026



ਮੁੱਢਲੇ ਪੰਜ ਸੱਤ ਲੇਖਾਂ ਵਿੱਚ ਪਰਚੇ ਨੇ ਕਾਮਰੇਡ ਰਣਜੀਤ ਲਹਿਰਾ ਨੂੰ ਚੇਤੇ ਕੀਤਾ ਹੈ। ਅੱਗੇ ਰਣਜੀਤ ਲਹਿਰਾ ਦੀ ਕਲਮ ਤੋਂ ਲੇਖ ਤੇ ਸਿਆਸੀ ਟਿੱਪਣੀਆਂ ਦਰਜ ਕੀਤੀਆਂ ਹਨ। ਟਰੰਪ, ਮੋਦੀ, ਰਾਹੁਲ ਗਾਂਧੀ, ਨਿਆਂ ਪਾਲਿਕਾ, ਪ੍ਰੈੱਸ ਦੀ ਆਜ਼ਾਦੀ, ਬਾਰੇ ਪਰਚੇ ਨੇ ਲਿਖਤਾਂ ਪ੍ਰਕਾਸ਼ਤ ਕੀਤੀਆਂ ਹਨ। '2025-26 ਦਾ ਆਰਥਕ ਸਰਵੇਖਣ' ਕਈ ਪਹਿਲੂਆਂ ਤੋਂ ਮਹੱਤਵ ਪੂਰਨ ਲਿਖਤ ਹੈ। ਅੱਗੇ ਕੇਂਦਰੀ ਬਜਟ, ਬੀਮਾ ਸਕੀਮਾਂ, ਐਪਸਟੀਨ ਫਾਈਲਾਂ, ਕਿਊਬਾ ਦੀ ਆਰਥਕ ਨਾਕਾਬੰਦੀ, ਇਰਾਨ ਅਮਰੀਕਾ ਜੰਗ, ਭਾਰਤ ਅਮਰੀਕਾ ਵਪਾਰ ਸਮਝੌਤਾ ਤੇ ਹੋਰ ਲਿਖਤਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪਰਚੇ ਦੇ ਪੰਨੇ : 60, ਮੁੱਲ : 30 ਰੁਪਏ, ਸੰਪਰਕ : ਸੰਪਾਦਕ : ਮੁਖਤਿਆਰ ਪੂਹਲਾ, ਪੋਸਟ ਬਾਕਸ ਨੰ. 27, ਰਾਮਪੁਰਫੂਲ, (ਮੁਬਾਇਲ : 99883-83608)

## ਰਾਜ਼ ਗੁਰਦਾਸਪੁਰੀ ਦਾ ਗ਼ਜ਼ਲ ਸੰਗ੍ਰਹਿ 'ਕੁਝ ਤਾਂ ਕਮਾਲ ਕਰੀਏ' ਲੋਕ ਅਰਪਣ



**ਪਠਾਨਕੋਟ** : ਪਿਛਲੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ ਪਠਾਨਕੋਟ ਸ਼ਾਖਾ ਵੱਲੋਂ ਪ੍ਰੋ. ਬਲਦੇਵ ਬੱਲੀ ਅਤੇ ਨਵਤੇਜ ਗੜ੍ਹਦੀਵਾਲਾ ਦੇ ਪਠਾਨਕੋਟ ਆਗਮਨ 'ਤੇ ਡਲਹੌਜ਼ੀ ਰੋਡ ਪਠਾਨਕੋਟ ਪਾਲ ਟੈਂਕ ਜ਼ੋਨ ਵਿਖੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਵੱਲੋਂ ਇਕ ਸਾਹਿਤਕ ਮਿਲਣੀ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਸ਼ੈਲੀ ਬਲਜੀਤ ਮਸ਼ਹੂਰ ਕਹਾਣੀ ਲੇਖਕ ਨੇ ਕੀਤੀ। ਕਵੀ ਦਰਬਾਰ ਤੋਂ ਪਹਿਲਾਂ ਪ੍ਰੋ. ਬਲਦੇਵ ਸਿੰਘ ਬੱਲੀ, ਨਵਤੇਜ ਗੜ੍ਹਦੀਵਾਲ ਅਤੇ ਹਾਜ਼ਰ ਕਵੀਆਂ ਦੁਆਰਾ ਰਾਜ਼ ਗੁਰਦਾਸਪੁਰੀ ਦਾ ਸੱਤਵਾਂ ਗ਼ਜ਼ਲ ਸੰਗ੍ਰਹਿ 'ਕੁਝ ਤਾਂ ਕਮਾਲ ਕਰੀਏ' ਲੋਕ ਅਰਪਣ ਕੀਤਾ ਗਿਆ ਅਤੇ ਰਾਜ਼ ਗੁਰਦਾਸਪੁਰੀ ਨੂੰ ਸਾਰਿਆਂ ਨੇ ਵਧਾਈਆਂ ਦਿੱਤੀਆਂ। ਕਵਿਤਾਵਾਂ ਦੇ ਦੌਰ ਵਿੱਚ ਨਰੇਸ਼ ਦੀਨਾਨਗਰੀ ਨੇ ਆਪਣੀ ਬਾਕਮਾਲ ਗ਼ਜ਼ਲ ਪੇਸ਼ ਕੀਤੀ । ਪੰਜਾਬੀ ਦੇ ਚਰਚਿੱਤ ਗ਼ਜ਼ਲਗੋ ਰਾਜ਼ ਗੁਰਦਾਸਪੁਰੀ ਨੇ ਬਹੁਤ ਖੂਬਸੂਰਤ ਅੰਦਾਜ਼ ਵਿਚ ਗ਼ਜ਼ਲ ਕਹਿ ਕੇ ਬਹੁਤ ਵਾਹਵਾ ਖੱਟੀ। ਗਾਇਕ ਸਤੀਸ਼ ਵਸ਼ਿਸ਼ਟ, ਸ਼ੈਲੀ ਬਲਜੀਤ, ਡਾ. ਸੁਖਵਿੰਦਰ, ਮਨਮੋਹਨ ਧਕਾਲਵੀ ਨੇ ਕਵਿਤਾਵਾਂ ਪੜ੍ਹੀਆਂ। ਅੰਤ ਵਿੱਚ ਪ੍ਰੋ. ਬਲਦੇਵ ਬੱਲੀ ਨੇ ਇਕ ਖੁੱਲ੍ਹੀ ਕਵਿਤਾ ਸੁਣਾ ਕੇ ਕਵੀ ਦਰਬਾਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਅੰਤ 'ਚ ਪਾਲ ਗੁਰਦਾਸਪੁਰੀ ਨੇ ਸਭ ਦਾ ਧੰਨਵਾਦ ਕੀਤਾ।

## ਰਜਿੰਦਰ ਸਿੰਘ ਰਾਜਨ ਦੀ ਸਰਬਸੰਮਤੀ ਨਾਲ ਚੋਣ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਜਨਰਲ ਸਕੱਤਰ ਰਜਿੰਦਰ ਸਿੰਘ ਰਾਜਨ ਦੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ ਚੋਣਾਂ ਵਿੱਚ ਸਰਬਸੰਮਤੀ ਨਾਲ ਪ੍ਰਬੰਧਕੀ ਬੋਰਡ ਦਾ ਮੈਂਬਰ ਚੁਣੇ ਜਾਣ 'ਤੇ ਸੰਗਰੂਰ ਸ਼ਹਿਰ ਦੇ ਸਮੂਹ ਲੇਖਕ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਦਿਖਾਈ ਦਿੱਤਾ, ਜਿਸ ਦਾ ਪ੍ਰਗਟਾਵਾ ਅੱਜ ਲੇਖਕ ਭਵਨ ਸੰਗਰੂਰ ਵਿਖੇ ਹੋਈ ਵਿਸ਼ੇਸ਼ ਇਕੱਤਰਤਾ ਵਿੱਚ ਸ਼ਾਮਲ ਹੋਏ ਲੇਖਕਾਂ ਵੱਲੋਂ ਕੀਤਾ ਗਿਆ। ਹਾਜ਼ਰ ਸਾਹਿਤਕਾਰਾਂ ਨੇ ਰਜਿੰਦਰ ਸਿੰਘ ਰਾਜਨ ਨੂੰ ਵਧਾਈ ਦਿੰਦਿਆਂ ਪ੍ਰਧਾਨ ਪਵਨ ਹਰਚੰਦਪੁਰੀ ਦੇ ਨਿੱਗਰ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

## ਛੰਦ-ਵਿਹੂਣੀ ਬੇਤਰਤੀਬੀ ਰਚਨਾ ਕਵਿਤਾ ਨਹੀਂ ਹੋ ਸਕਦੀ : ਬਿੰਦਰ ਸਿੰਘ ਖੁੱਡੀ ਕਲਾਂ



**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਕਰਮ ਸਿੰਘ ਜ਼ਖ਼ਮੀ ਦੀ ਕੁੰਡਲੀਏ ਛੰਦ ਦੀ ਪੁਸਤਕ 'ਕਦਮਾਂ ਵਿੱਚ ਅਸਮਾਨ' ਲੋਕ ਅਰਪਣ ਪਵਨ ਹਰਚੰਦਪੁਰੀ ਤੇ ਬਿੰਦ ਸਿੰਘ ਖੁੱਡੀ ਕਲਾਂ ਤੇ ਹੋਰਨਾਂ ਵੱਲੋਂ ਕੀਤੀ ਗਈ। ਪਵਨ ਹਰਚੰਦਪੁਰੀ ਨੇ ਕਿਹਾ ਕਿ ਕਰਮ ਸਿੰਘ ਜ਼ਖ਼ਮੀ ਨੇ ਇਹ ਪੁਸਤਕ ਲਿਖ ਕੇ ਭਾਰਤੀ ਛੰਦ-ਪਰੰਪਰਾ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਦਾ ਜ਼ਿਕਰਯੋਗ ਕਾਰਜ ਕੀਤਾ ਹੈ। ਬਿੰਦਰ ਸਿੰਘ ਖੁੱਡੀ ਕਲਾਂ ਨੇ ਕਿਹਾ ਕਿ ਛੰਦ-ਵਿਹੂਣੀ ਬੇਤਰਤੀਬੀ ਰਚਨਾ ਵਿੱਚ ਵਧੀਆ ਸੁਨੇਹਾ ਤਾਂ ਹੋ ਸਕਦਾ ਹੈ ਪਰ ਉਹ ਕਵਿਤਾ ਨਹੀਂ ਹੋ ਸਕਦੀ। ਪੜ੍ਹੇ ਗਏ ਖੋਜਪੂਰਨ ਪਰਚੇ 'ਕਦਮਾਂ ਵਿੱਚ ਅਸਮਾਨ: ਇੱਕ ਵਿਸ਼ਲੇਸ਼ਣ' ਵਿੱਚ ਡਾ. ਜਗਦੀਪ ਕੌਰ ਆਹੂਜਾ ਨੇ ਕਿਹਾ ਕਿ ਕਰਮ ਸਿੰਘ ਜ਼ਖ਼ਮੀ ਦੀ ਇਹ ਪੁਸਤਕ ਰੂਪਕ ਅਤੇ ਵਿਚਾਰਕ ਦੋਵੇਂ ਪੱਖਾਂ ਤੋਂ ਤਸੱਲੀਬਖ਼ਸ਼ ਹੈ। ਉਪਰੰਤ ਵਿਸ਼ਾਲ ਕਵੀ ਦਰਬਾਰ ਵੀ ਹੋਇਆ। ਜਿਸ ਵਿੱਚ ਦੋ ਦਰਜਨ ਦੇ ਕਰੀਬ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖੂਬੀ ਨਿਭਾਈ।

## 'ਜਿਨ੍ਹਾਂ ਸੰਨ ਸੰਤਾਲੀ ਡਿੱਠੀ' ਤਹਿਤ ਲੇਖਕਾ ਜਸਬੀਰ ਕੌਰ ਨਾਲ ਮੁਲਾਕਾਤ



**ਅੰਮ੍ਰਿਤਸਰ**-ਸਾਹਿਤਕ ਸੰਸਥਾ ਜਨਵਾਦੀ ਲੇਖਕ ਸੰਘ ਵੱਲੋਂ 'ਜਿਨ੍ਹਾਂ ਸੰਨ ਸੰਤਾਲੀ ਡਿੱਠੀ' ਸਿਲਸਿਲੇ ਤਹਿਤ ਆਰੰਭੀ ਬਜ਼ੁਰਗ ਸਾਹਿਤਕਾਰਾਂ ਨਾਲ ਮੁਲਾਕਾਤਾਂ ਦੀ ਲੜੀ ਦੇ ਅੰਤਰਗਤ ਬਜ਼ੁਰਗ ਸਾਹਿਤਕਾਰਾ ਜਸਬੀਰ ਕੌਰ ਨਾਲ ਗੁਫ਼ਤਗੂ ਕੀਤੀ ਗਈ। ਇਸ ਸਿਲਸਿਲੇ ਦੇ ਕਨਵੀਨਰ ਕਹਾਣੀਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਸਾਡਾ ਮਨੋਰਥ ਸੰਤਾਲੀ ਦੇ ਉਜਾੜਿਆਂ ਵੇਲੇ ਵਾਪਰੇ ਗੈਰ ਮਨੁੱਖੀ ਵਰਤਾਰਿਆਂ ਦੀ ਹਕੀਕਤ ਨੂੰ ਨੇੜਿਉਂ ਸਮਝਣ ਅਤੇ ਸੰਭਾਲਣ ਲਈ ਹੈ, ਕਿਉਂਕਿ ਜਿਸ ਪੀੜ੍ਹੀ ਨੇ ਕਾਫਲਿਆਂ ਨੂੰ ਆਉਂਦੇ-ਜਾਂਦੇ ਤੇ ਲੁਟੀਂਦੇ ਵੇਖਿਆ, ਉਹ ਪੀੜ੍ਹੀ ਸਾਡੇ ਕੋਲੋਂ ਹੌਲੀ-ਹੌਲੀ ਖੁਰਦੀ ਜਾ ਰਹੀ ਹੈ।ਡੇਢ ਦਰਜਨ ਪੁਸਤਕਾਂ ਦੀ ਲੇਖਕਾ ਜਸਬੀਰ ਕੌਰ ਹੁਰਾਂ ਸੰਤਾਲੀ ਦੇ ਖੌਫ਼ਨਾਕ ਮੰਜ਼ਰ ਨੂੰ ਚੇਤੇ ਕਰਦਿਆਂ ਦੱਸਿਆ ਕਿ ਗੁਰੂ ਪੀਰਾਂ ਦੀ ਇਸ ਧਰਤੀ 'ਤੇ ਜਿਵੇਂ ਧੀਆਂ-ਧਿਆਣੀਆਂ ਦੀਆਂ ਅਸਮਤਾਂ ਲੀਰੋ-ਲੀਰ ਹੋਈਆਂ, ਸਰਹੱਦ ਦੇ ਉਰਵਾਰ-ਪਾਰ ਹਜ਼ਾਰਾਂ ਔਰਤਾਂ ਨੂੰ ਧਰਮ, ਪਰਵਾਰ ਅਤੇ ਬੱਚਿਆਂ ਤੋਂ ਦੂਰ ਕਰਕੇ ਉਮਰ ਭਰ ਮਾਨਸਿਕ ਅਤੇ ਸਰੀਰਕ ਸੰਤਾਪ ਭੋਗਿਆ, ਸੋਚ ਕੇ ਰੂਹ ਕੰਬਦੀ ਹੈ। ਲੇਖਕਾ ਦੇ ਹਮਸਫਰ ਪ੍ਰੋ. ਮੋਹਣ ਸਿੰਘ ਨੇ ਦੱਸਿਆ ਕਿ ਜਸਬੀਰ ਕੌਰ ਹੁਰਾਂ ਦਾਜ ਵਿਚ ਸ਼ਗਨ ਵਜੋਂ ਕੇਵਲ ਬਹੁ-ਮੁੱਲੀਆਂ ਗਿਆਰਾਂ ਕਿਤਾਬਾਂ ਦਾ ਸੈੱਟ ਲੈ ਕੇ ਆਏ ਸਨ।

# ਰਘਬੀਰ ਸਿੰਘ ਮਹਿਮੀ ਨੂੰ 'ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ'



**ਪਟਿਆਲਾ** : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਨਾਰੀ ਦਿਵਸ ਅਤੇ ਸਭਾ ਦੇ ਸਰਪ੍ਰਸਤ ਡਾ. ਗੁਰਬਚਨ ਸਿੰਘ ਰਾਹੀ ਦੀ ਨਿੱਘੀ ਯਾਦ ਨੂੰ ਸਮਰਪਿਤ ਯਾਦਗਾਰੀ ਅਤੇ ਵਿਸ਼ਾਲ ਸਾਹਿਤਕ ਸਮਾਗਮ ਭਾਸ਼ਾ ਵਿਭਾਗ, ਪਟਿਆਲਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਕੀਤੀ। ਮੁੱਖ ਮਹਿਮਾਨ ਬੀਰ ਇੰਦਰ ਸਿੰਘ ਬਨਭੌਰੀ ਸਨ। ਇਸ ਦੌਰਾਨ ਮਿੰਨੀ ਕਹਾਣੀ ਲੇਖਕ ਰਘਬੀਰ ਸਿੰਘ ਮਹਿਮੀ ਨੂੰ 26ਵੇਂ 'ਮਾਤਾ ਮਾਨ ਕੌਰ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਸੁਖਦੇਵ ਸਿੰਘ ਸ਼ਾਂਤ ਨੇ ਭਾਵਪੂਰਤ ਪਰਚਾ ਪੜ੍ਹਿਆ। ਉਨ੍ਹਾਂ ਬਾਰੇ ਸਨਮਾਨ ਪੱਤਰ ਬਲਬੀਰ ਸਿੰਘ ਦਿਲਦਾਰ ਨੇ ਪ੍ਰਸਤੁਤ ਕੀਤਾ, ਜਦੋਂ ਕਿ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਇਸ ਸਨਮਾਨ ਬਾਰੇ ਚਰਚਾ ਕੀਤੀ।

ਸਮਾਗਮ ਦੇ ਆਰੰਭ ਵਿਚ ਡਾ. ਦਰਸ਼ਨ ਸਿੰਘ ਆਸ਼ਟ ਨੇ ਪੁੱਜੇ ਲੇਖਕਾਂ ਦਾ ਸੁਆਗਤ ਕੀਤਾ। ਉਪਰੰਤ ਡਾ. ਰਾਜਵੰਤ ਕੌਰ ਪੰਜਾਬੀ ਨੇ ਕਿਹਾ ਕਿ ਵਰਤਮਾਨ ਦੌਰ ਵਿਚ ਯੂਨੀਵਰਸਿਟੀਆਂ ਵਰਗੇ ਅਦਾਰਿਆਂ ਵਿਚ ਮੌਲਿਕ ਅਤੇ ਖੋਜ ਖੇਤਰ ਦੇ ਹਵਾਲੇ ਨਾਲ ਮਿੰਨੀ ਕਹਾਣੀ ਦੇ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਮੌਜੂਦ ਹਨ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਕਿਹਾ ਕਿ ਉਹਨਾਂ ਵੱਲੋਂ ਆਪਣੀ ਮਾਤਾ ਜੀ ਦੀ ਨਿੱਘੀ ਯਾਦ ਵਿਚ ਪਿਛਲੇ 26 ਸਾਲਾਂ ਤੋਂ ਮਿੰਨੀ ਕਹਾਣੀ ਲੇਖਕਾਂ ਨੂੰ ਪੁਰਸਕਾਰ ਪ੍ਰਦਾਨ ਕਰਨ ਦੀ ਰਵਾਇਤ ਮੱਠੀ ਨਹੀਂ ਪਵੇਗੀ। ਬੀਰ ਇੰਦਰ ਸਿੰਘ ਬਨਭੌਰੀ ਦਾ ਕਹਿਣਾ ਸੀ ਕਿ ਸਾਹਿਤ ਸਭਾ ਅਤੇ ਮਿੰਨੀ ਕਹਾਣੀ ਲੇਖਕ ਮੰਚ ਦੇ ਅਜਿਹੇ ਸਾਂਝੇ ਉਪਰਾਲੇ ਪੰਜਾਬੀ ਮਾਂ ਬੋਲੀ ਦੀ ਤਰੱਕੀ ਦੇ ਨਿਰੰਤਰ ਵਿਕਾਸ ਦਾ ਸੂਚਕ ਹਨ। ਮੰਚ ਸੰਚਾਲਨ ਦਵਿੰਦਰ ਪਟਿਆਲਵੀ ਨੇ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਸਪੱਸ਼ਟੀਕਰਨ ਅਤੇ ਸੰਵਾਦ

ਐਤਵਾਰਤਾ ਦੇ ਪਿਛਲੇ ਅੰਕ ਵਿੱਚ ਸਤਨਾਮ ਚਾਨਾ ਦੀ ਨਵੀਂ ਪੁਸਤਕ 'ਸੰਵੇਦਨਾ ਤੋਂ ਗੁੰਗੇ ਵਾਰਤਾਲਾਪ ਤੱਕ' ਉੱਤੇ ਡਾ. ਮਨਮੋਹਨ ਨੇ ਬੜਾ ਗਹਿਰ- ਗੰਭੀਰ ਤਬਸਰਾ ਕੀਤਾ ਹੈ।ਚਾਨਾ ਨੇ ਜਿੰਨੀ ਖੋਜੀ ਬਿਰਤੀ ਨਾਲ ਗਿਆਨ ਦੇ ਉਧਾਲੇ ਦੀ ਇਤਿਹਾਸ- ਰੇਖਾ ਨੂੰ ਗੂੜ੍ਹ ਗਿਆਨ ਲਬਰੇਜ਼ ਰੰਗਾਂ ਵਿੱਚ ਉਲੀਕਿਆ ਹੈ, ਚਾਨਾ ਦੀਆਂ ਸਥਾਪਤ ਧਾਰਨਾਵਾਂ ਨੂੰ ਓਨੀ ਹੀ ਸ਼ਿੱਦਤ ਨਾਲ ਤਬਸਰਾਕਾਰ ਨੇ ਤਾਰਕਿਕ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਪੁਸਤਕ ਦੇ ਚਰਚਾਕਾਰ ਦਾ ਕਹਿਣਾ ਹੈ ਕਿ ਲੇਖਕ ਨੇ ਦੁਵੰਦਾਤਮਕ ਇਤਿਹਾਸਵਾਦ ਤੋਂ ਪ੍ਰਭਾਵਿਤ ਆਪਣੇ ਦ੍ਰਿਸ਼ਟੀਕੋਣ 'ਚੋਂ ਬਣੀ ਸਮਝ ਮੁਤਾਬਕ ਇਸ ਖੋਜ ਨੂੰ ਅੰਜਾਮ ਦਿੱਤਾ ਹੈ।ਇਸ ਟਿੱਪਣੀ ਤੋਂ ਮੁਤਾਸਰ ਹੋ ਕੇ ਹੀ ਇਹ ਪੁਸਤਕ ਅਤੇ ਇਸ ਉੱਤੇ ਲਿਖੇ ਆਰਟੀਕਲ ਨੂੰ ਪੜ੍ਹਨ ਦੀ ਜੁਸਤਜੂ ਪੈਦਾ ਹੁੰਦੀ ਹੈ। ਆਲਮੀ ਪੱਧਰ 'ਤੇ ਪ੍ਰਸਿੱਧ ਵਿਦਵਾਨਾਂ ਦੇ ਹਵਾਲਿਆਂ ਨਾਲ ਡਾ. ਸਾਹਿਬ ਨੇ ਇਸ ਪੁਸਤਕ ਦੇ ਖੋਜ- ਕਾਰਜ ਨੂੰ ਉਭਾਰਿਆ ਤੇ ਪਸਾਰਿਆ ਹੈ। ਖੋਜ-ਕਾਰਜ ਵਿੱਚ ਪੇਸ਼ ਸਥਾਪਨਾਵਾਂ ਤੇ ਸਿੱਟੇ ਨਵੀਂ ਤੇ ਨਵੇਕਲੀ ਅੰਤਰ- ਦ੍ਰਿਸ਼ਟੀ ਉਜਾਗਰ ਕਰਦੇ ਹਨ।ਪਰ ਕਿਧਰੇ-ਕਿਧਰੇ ਸਪਸ਼ਟੀਕਰਨ ਤੇ ਸੰਵਾਦ ਦੀ ਜ਼ਰੂਰਤ ਵੀ ਖੜ੍ਹੀ ਕਰਦੇ ਹਨ।

ਮਨੁੱਖ ਦੀ ਹੋਂਦ ਤੋਂ ਪਹਿਲਾਂ ਜੀਵ-ਜਗਤ ਵਿੱਚ ਵਿਕਸਿਤ ਪ੍ਰਵਿਰਤੀਆਂ ਅਰਥਾਤ ਨੱਚਣਾ, ਖੇਡਣਾ, ਪਿਆਰ ਕਰਨਾ ਆਦਿ ਤਾਂ ਸਮਝ ਲੱਗਦੀਆਂ ਹਨ ਪਰ ਵਿਆਹ ਕਰਨਾ ਸਮਝੋਂ ਬਾਹਰਾ ਹੈ।ਦੂਸਰਾ, ਜੀਵ -ਜਗਤ ਵਿੱਚ ਰਲਕੇ ਵੰਡਣਾ ਤੇ ਸਰਹੱਦਾਂ ਮਿੱਥਣਾ ਦੋ ਵਿਰੋਧੀ ਪ੍ਰਵਰਤੀਆਂ ਹਨ।ਜੇਕਰ ਰਲਕੇ ਵੰਡਣਾ ਹੀ ਹੋਵੇ ਤਾਂ ਫਿਰ ਸਰਹੱਦਾਂ ਮਿੱਥਣ ਦੀ ਕੀ ਲੋੜ ? ਨਾ ਜੀਵ- ਜਗਤ ਵਿੱਚ ਤੇ ਨਾ ਹੀ ਮਨੁੱਖੀ ਜਗਤ ਵਿੱਚ।

'ਇਹ ਕਿਤਾਬ ਦੱਸਦੀ ਹੈ ਕਿ ਕਿਵੇਂ ਕਲਪਨਾ ਦੇ ਕਲਪਤ ਪ੍ਰਯੋਗਾਂ ਨਾਲ ਪਏ ਵਿਗਾੜਾਂ ਨੂੰ ਸੋਧਣ ਲਈ ਕੀਤੇ ਜਾਂਦੇ ਇੱਕ ਤੋਂ ਬਾਅਦ ਇੱਕ ਪ੍ਰਯੋਗ ਨੂੰ ਵਿਕਾਸ ਦਾ ਨਾਂਅ ਦੇ ਦਿੱਤਾ ਗਿਆ, ਜੋ ਅਸਲ ਵਿੱਚ ਕਲਪਨਾ ਦੇ ਪ੍ਰਯੋਗ ਦਾ ਹੀ ਵਿਕਾਸ ਹੈ। ਪ੍ਰਸਥਿਤੀਆਂ ਦੀ ਬਿਹਤਰੀ ਦਾ ਵਿਕਾਸ ਨਹੀਂ।' ਕੀ ਕਲਪਨਾ ਦੀ ਉਤਪੱਤੀ ਵਿੱਚੋਂ ਵਿਕਾਸ ਪੈਦਾ ਹੁੰਦਾ ਹੈ ਕਿ ਬਾਹਰੀ ਪ੍ਰਸਥਿਤੀਆਂ ਦੀਆਂ ਹਾਲਤਾਂ ਵਿੱਚੋਂ।

**-ਡਾ. ਲਾਭ ਸਿੰਘ ਖੀਵਾ**

## ਆਨੰਦ ਜੋੜੀ ਪੁਰਸਕਾਰ

15 ਮਾਰਚ ਦੇ 'ਨਵਾਂ ਜ਼ਮਾਨਾ' ਵਿੱਚ ਗਿਆਨ ਸੈਦਪੁਰੀ ਦੀ ਆਨੰਦ ਜੋੜੀ ਪੁਰਸਕਾਰ 2026 ਦੀ ਰਿਪੋਰਟ ਪੜ੍ਹ ਕੇ ਬਹੁਤ ਖੁਸ਼ੀ ਹੋਈ।ਕਹਾਣੀ ਪੁਰਸਕਾਰ ਲਈ ਅਜਮੇਰ ਰੋਡੇ ਦੀ ਚੋਣ ਕਰਨੀ ਤੇ ਉਸਦੀ ਕਹਾਣੀ ਹਜ਼ਾਰ ਮੀਲ ਲੰਮੀ ਬਾਂਹ ਨੂੰ ਪੁਰਸਕਾਰ ਦੇ ਕੇ ਨਿਵਾਜਣਾ ਬਹੁਤ ਚੰਗਾ ਲੱਗਾ।ਕਹਾਣੀ ਦੀ ਸਹੀ ਚੋਣ ਹੈ।ਅਜਮੇਰ ਰੋਡੇ ਪੰਜਾਬੀ ਦਾ ਸਥਾਪਿਤ ਕਹਾਣੀਕਾਰ ਹੈ।ਉਹ ਤਰਕਵਾਦੀ ਵਿਚਾਰਾ ਦਾ ਕਹਾਣੀਕਾਰ ਹੈ।ਖੁਸ਼ੀ ਹੈ ਕਿ ਇਸ ਸਾਹਿਤਕ ਸਮਾਗਮ ਦਾ ਆਨੰਦ ਬਹੁਤ ਸਾਰੇ ਸਾਹਿਤਕਾਰਾਂ ਨੇ ਮਾਣਿਆ।ਡਾ. ਸਰਬਜੀਤ ਸਿੰਘ ਸਾਹਿਤ ਅਕੈਡਮੀ ਚੋਣ ਵਿੱਚੋਂ ਪ੍ਰਧਾਨ ਵਜੋਂ ਚੁਣੇ ਜਾਣਾ ਬਹੁਤ ਮੁਬਾਰਕ।ਇਸ ਲਈ 'ਨਵਾਂ ਜ਼ਮਾਨਾ' ਦੇ ਸੰਡੇ ਅੰਕ ਵਿੱਚ ਬਹੁਤ ਅਦੀਬਾਂ ਨੇ ਡਾ. ਸਰਬਜੀਤ ਸਿੰਘ ਦੀ ਖੁੱਲ੍ਹ ਕੇ ਹਿਮਾਇਤ ਕੀਤੀ ਸੀ।ਚੰਗੇ ਕੰਮਾ ਦੀ ਹਿਮਾਇਤ ਕਰਨੀ ਜ਼ਰੂਰੀ ਹੈ ।ਆਸ ਹੈ ਕਿ ਅਕੈਡਮੀ ਭਵਿੱਖ ਵਿੱਚ ਹੋਰ ਵੀ ਵਧੇਰੇ ਕਾਰਜ ਕਰੇਗੀ।ਇਸ ਅੰਕ 'ਚ ਗੁਰਚਰਨ ਸਿੰਘ ਨੂਰਪੁਰ ਨੇ ਕਿਤਾਬਾਂ ਦੀ ਕਰਾਮਾਤ ਦਾ ਕਈ ਵਿਦੇਸੀ ਵਿਦਵਾਨਾ ਦੇ ਹਵਾਲੇ ਦੇ ਕੇ ਜ਼ਿਕਰ ਕੀਤਾ ਹੈ। ਇਹ ਸਟੀਕ ਵਿਚਾਰ ਹਨ।ਜ਼ਿੰਦਗੀ 'ਚ ਕਿਤਾਬਾਂ ਨਾਲ ਜੁੜਨਾ ਸਫ਼ਲਤਾ ਦਾ ਇਕੋ ਇਕ ਸਹੀ ਮਾਰਗ ਹੈ।ਕਿਤਾਬਾਂ ਵਿੱਚ ਲੇਖਕ ਦਾ ਆਪਣਾ ਨਿੱਜੀ ਤਜ਼ਰਬਾ ਹੁੰਦਾ ਹੈ।ਬੰਦਾ ਇਕ ਜੀਵਨ ਵਿੱਚ ਕਈ ਜੀਵਨ ਜੀਓ ਸਕਦਾ ਹੈ ਕਿਤਾਬਾਂ ਪੜ੍ਹ ਕੇ ਸਾਡੀਆਂ ਲਾਇਬਰੇਰੀਆ 'ਚ ਬੇਸ਼ੁਮਾਰ ਕਿਤਾਬਾ ਹਨ ਜੋ ਪਾਠਕਾ ਦੀ ਛੋਹ ਨੂੰ ਤਰਸਦੀਆ ਹਨ।ਅਸਲ ਵਿੱਚ ਸਾਰੇ ਸਕੂਲਾਂ ਵਿੱਚ ਬੱਚਿਆ ਦਾ ਇਕ ਪੀਰੀਅਡ ਲਾਇਬਰੇਰੀ ਦਾ ਹੋਣਾ ਚਾਹੀਦਾ ਹੈ।ਅਧਿਆਪਕ ਵੀ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨ ਲਈ ਬਣਦੀ ਭੂਮਿਕਾ ਨਿਭਾ ਸਕਦਾ ਹੈ ਅਧਿਆਪਕ ਦਾ ਰੋਲ ਮਾਡਲ ਕਿਤਾਬਾਂ ਦੇ ਚਹੇਤੇ ਵਾਲਾ ਚਾਹੀਦਾ ਹੈ। ਯਸ਼ਪਾਲ ਨੇ ਕੇਂਦਰੀ ਬੋਰਡ ਦੇ ਸਕੂਲਾਂ ਦੀਆ ਕਿਤਾਬਾਂ ਵਿੱਚ ਅਦਲਾ-ਬਦਲੀ ਦੀ ਗੱਲ ਕੀਤੀ ਹੈ। ਕੇਂਦਰੀ ਬੋਰਡ ਉਹੀ ਕੁਝ ਕਰਦਾ ਹੈ ਜੋ ਕੇਂਦਰੀ ਹਾਕਮ ਚਾਹੁੰਦੇ ਹਨ।ਉਨ੍ਹਾ ਦੀ ਇੱਛਾ ਹੈ ਕਿ ਕਿਤਾਬਾਂ ਦਾ ਸਾਰਾ ਰੰਗ ਭਗਵਾ ਕਰ ਦਿੱਤਾ ਜਾਵੇ ।ਵਿਗਿਆਨਕ ਖੋਜਾਂ ਦੀ ਥਾਂ ਅੰਧਵਿਸ਼ਵਾਸ਼ ਦਾ ਪਸਾਰਾ ਹੋਵੇ, ਪਰ ਯਾਦ ਰੱਖੋ ਕਬੂਤਰ ਦੇ ਅੱਖਾ ਮੀਚਣ ਨਾਲ ਬਿੱਲੀ ਦਾ ਖਤਰਾ ਟਲ ਨਹੀਂ ਸਕਦਾ।ਭਾਰਤ ਬਹੁਕੌਮੀ ਦੇਸ਼ ਹੈ।

ਵੰਨ ਸੁਵੰਨਾ ਸੱਭਿਆਚਾਰ ਹੈ।ਇਸ ਦੀ ਝੱਲਕ ਸਾਡੀਆ ਕਿਤਾਬਾਂ ਵਿੱਚੋਂ ਖਤਮ ਨਹੀ ਕੀਤੀ ਜਾ ਸਕਦੀ।ਸੁਰਜੀਤ ਸੁਮਨ ਦੇ ਕਾਲਮ ਵਿੱਚ ਲੇਖਕ ਨੂੰ ਉਸ ਗੀਤ ਦੀ ਤਲਾਸ਼ ਹੈ ਜਿਸ ਦੇ ਗਾਉਣ ਨਾਲ ਸ਼ਾਂਤੀ ਪਸਰ ਜਾਵੇ।ਅਮਨ ਸ਼ਾਤੀ ਦੇ ਗੀਤ ਦੀ ਵਿਸ਼ਵ ਪੱਧਰ 'ਤੇ ਲੋੜ ਹੈ।ਦ੍ਰਿਸ਼ਟੀਕੋਣ ਵਿੱਚ ਭਾਰਤ ਦੀ ਵਿਦੇਸ਼ ਨੀਤੀ ਬਾਰੇ ਸਾਰਥਿਕ ਚਰਚਾ ਹੈ।ਨਹੀਂ ਤਾਂ ਸੱਤੀ ਵੀਹੀ ਸੌ ਵਾਲੀ ਗੱਲ ਬਣੀ ਪਈ ਹੈ।ਭਾਰਤ ਨੂੰ ਈਰਾਨ-ਅਮਰੀਕਾ ਜੰਗ ਲਈ ਡੱਟ ਕੇ ਸਹੀ ਕਦਮ ਚੁੱਕਣ ਦੀ ਲੋੜ ਹੈ।ਨਰਿੰਦਰ ਸਿੰਘ ਕਪੂਰ ਦੀ ਕਿਤਾਬ ਜਿੱਤ ਦਾ ਭਰੋਸਾ ਦਾ ਰਿਵਿਊ ਕਰਦੇ ਡਾ. ਤੇਜਿੰਦਰ ਵਿਰਲੀ ਨੇ ਕਪੂਰ ਸਾਹਿਬ ਦੀ ਵਾਰਤਕ ਦੇ ਹਰਮਨ ਪਿਆਰੇ ਹੋਣ ਦੀ ਗੱਲ ਕੀਤੀ। ਸਾਹਿਤਕ ਸਰਗਰਮੀਆਂ ਦੀਆਂ ਸਾਰੀਆਂ ਰਿਪੋਰਟਾਂ ਰੀਝ ਨਾਲ ਪੜ੍ਹੀਆਂ ਆਨੰਦ ਆ ਗਿਆ।

**- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

### ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

# ਸ਼ਬਦ ਚਿੰਤਨ ਦਾ ਪ੍ਰਤੀਕ ਅੰਮ੍ਰਿਤਸਰ ਸਾਹਿਤ ਉਤਸਵ



**ਅੰਮ੍ਰਿਤਸਰ**-ਸਾਲ 2010 ਤੋਂ 'ਚੜ੍ਹਿਆ ਬਸੰਤ' ਸਾਲਾਨਾ ਕਵੀ ਦਰਬਾਰ ਦੇ ਰੂਪ ਵਿੱਚ ਆਰੰਭ ਹੋਣ ਵਾਲਾ 'ਅੰਮ੍ਰਿਤਸਰ ਸਾਹਿਤ ਉਤਸਵ' ਪੰਜਾਬ ਦੇ ਅਕਾਦਮਿਕ ਅਤੇ ਸਾਹਿਤਕ ਖੇਤਰ ਵਿੱਚ ਇੱਕ ਗੰਭੀਰ ਦਖਲ ਵਜੋਂ ਸਥਾਪਤ ਹੋ ਚੁੱਕਾ ਹੈ। ਖੋਜਾਰਥੀਆਂ/ਵਿਦਿਆਰਥੀਆਂ ਦੁਆਰਾ ਸੰਚਾਲਿਤ ਸੰਸਥਾ ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਵੱਲੋਂ ਖ਼ਾਲਸਾ ਕਾਲਜ ਫਾਰ ਵਿਮੈਨ ਵਿੱਚ 11ਵੇਂ ਅੰਮ੍ਰਿਤਸਰ ਸਾਹਿਤ ਉਤਸਵ ਦਾ ਆਰੰਭ ਹੋਇਆ। ਉਤਸਵ ਸੁਖਵਿੰਦਰ ਪਾਲ ਸਿੰਘ ਸੁੱਖੀ ਨੂੰ ਸਮਰਪਿਤ ਸੀ। ਉਦਘਾਟਨੀ ਸਮਾਰੋਹ ਦੌਰਾਨ ਕੁੰਜੀਵਤ ਭਾਸ਼ਣ ਦਿੰਦਿਆਂ ਪ੍ਰੋ. ਅਕਸ਼ੈ ਕੁਮਾਰ ਨੇ ਕਿਹਾ ਕਿ ਪਾਪੂਲਰ ਸਾਹਿਤ ਆਪਣੇ-ਆਪ ਪੈਦਾ ਨਹੀਂ ਹੁੰਦਾ, ਬਲਕਿ ਅਕਾਦਮਿਕ ਜ਼ਿੰਮੇਵਾਰੀ ਅਤੇ ਸਾਹਿਤ ਦੀ ਸਮਝ ਨਾ ਰੱਖਣ ਵਾਲੇ ਲੇਖਕਾਂ ਦੁਆਰਾ ਪੈਦਾ ਕੀਤਾ ਜਾਂਦਾ ਹੈ। ਇਸ ਮੌਕੇ ਉਹਨਾਂ ਨੇ ਕਿਸੇ ਪ੍ਰਮੁੱਖ ਸਿਧਾਂਤ ਨੂੰ ਅੰਤਿਮ ਮੰਨ ਕੇ ਖੋਜ ਕਰਨ ਦੀ ਧਾਰਨਾ ਨੂੰ ਵੀ ਗਲਤ ਦੱਸਿਆ। ਪ੍ਰੋ. ਰਾਜੇਸ਼ ਸ਼ਰਮਾ ਨੇ ਕਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਨੂੰ ਪ੍ਰਚਲਿਤ ਰੁਝਾਨਾਂ ਅਤੇ ਸੌਖ ਤੋਂ ਬਾਹਰ ਆ ਕੇ ਅਕਾਦਮਿਕ ਖੋਜ ਦਾ ਪੱਧਰ ਉੱਚਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਦਿਨ ਦੇ ਦੂਸਰੇ ਸਮਾਗਮ ਵਿੱਚ ਦਰਸ਼ਨ-ਸ਼ਾਸਤਰ ਦੇ ਮੂਲ-ਭੂਤ ਪ੍ਰਸ਼ਨਾਂ 'ਤੇ ਅਧਾਰਤ ਇੱਕ ਸੈਮੀਨਾਰ ਦਾ ਆਯੋਜਿਤ ਕੀਤਾ ਗਿਆ, ਜਿਸ ਵਿਚ ਤਿੰਨ ਖੋਜ-ਪਰਚੇ ਡਾ. ਉਦੈ ਰਤਨ, ਜੇ.ਐੱਨ.ਯੂ. ਵੱਲੋਂ ਹੈਬਰਮਾਸ ਅਤੇ ਅੰਬੇਡਕਰ ਚਿੰਤਨ ਬਾਬਤ, ਡਾ. ਰੋਨਾਲਡ, ਹੰਸਰਾਜ ਕਾਲਜ ਦਿੱਲੀ ਵੱਲੋਂ 'ਗਰਾਉਂਡਲੈਸ ਗਰਾਉਂਡ' ਦੀ ਸੰਕਲਪਨਾ ਉੱਪਰ ਅਤੇ ਡਾ. ਲਖਵੀਰ ਸਿੰਘ ਹੰਸਰਾਜ ਕਾਲਜ ਦਿੱਲੀ ਵੱਲੋਂ ਮਿਸ਼ੇਲ ਫੂਕੋ ਦੇ ਚਿੰਤਨ 'ਤੇ ਪੜ੍ਹਿਆ ਗਿਆ। ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਬਾਬੂ ਥਲਾਇਥ, ਸੈਂਟਰ ਫਾਰ ਜਰਮਨ ਸਟੱਡੀਜ਼, ਜੇ.ਐੱਨ.ਯੂ. ਨਵੀਂ ਦਿੱਲੀ ਵੱਲੋਂ ਕੀਤੀ ਗਈ। ਉਨ੍ਹਾ ਕਿਹਾ ਕਿ ਡੋਕਸਾ ਅਤੇ ਲੋਗੋਸ ਦੀ ਦਵੰਦ ਵਜੋਂ ਦਾਰਸ਼ਨਿਕ ਸਮੱਸਿਆ ਆਧੁਨਿਕ ਪੱਛਮੀ ਫਲਸਫੇ ਦੀ ਹੈ। ਤੀਜਾ ਸਮਾਗਮ ਸਾਹਿਤ ਦੀ ਤੱਤਮੀਮਾਂਸਿਕ ਸਥਿਤੀ ਉੱਪਰ ਵਿਚਾਰ ਚਰਚਾ ਸੀ, ਜਿਸ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੇ ਭਾਗ ਲਿਆ। ਇਸ ਸਮਾਗਮ ਦੇ ਪ੍ਰਧਾਨਗੀ ਸ਼ਬਦ ਬੋਲਦਿਆਂ ਡਾ. ਦੀਪਿੰਦਰਜੀਤ ਰੰਧਾਵਾ ਨੇ ਕਿਹਾ ਕਿ ਸਮਕਾਲ ਦੌਰਾਨ ਕਿਸੇ ਵੀ ਤਰ੍ਹਾਂ ਦੀ ਸਿਧਾਂਤਕ ਸਥਿਤੀ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ, ਸਗੋਂ ਸਭ ਤਰ੍ਹਾਂ ਦੇ ਦ੍ਰਿਸ਼ਟੀਕੋਣ ਬਰਾਬਰ ਮਾਨਤਾ ਰੱਖਦੇ ਹਨ। ਇਸ ਵਿਚਾਰ ਚਰਚਾ ਵਿੱਚ ਸੰਦੀਪ ਸ਼ਰਮਾ, ਕੁਲਵਿੰਦਰ ਸਿੰਘ, ਡਾ. ਜੈਸਮੀਨ ਆਨੰਦ ਤੇ ਡਾ. ਅੰਕਿਤਾ ਸੇਠੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਦੂਜੇ ਦਿਨ ਦਾ ਪਹਿਲਾ ਸਮਾਗਮ ਧਰਮ ਅਧਿਐਨ ਦੇ ਵਿਸ਼ੇ ਨਾਲ ਸੰਬੰਧਤ ਵਿਚਾਰ ਚਰਚਾ 'ਤੇ ਅਧਾਰਤ ਸੀ, ਜਿਸ ਵਿੱਚ ਅਜ਼ਮੀਨਾ ਅਖ਼ਤਰ, ਮਹਿਕ ਅਗਰਵਾਲ, ਹੀਰਾ ਸਿੰਘ, ਗੁਰਦੀਪ ਸਿੰਘ ਨੇ ਭਾਗ ਲਿਆ। ਚਰਚਾ ਦਾ ਆਰੰਭ ਡਾ. ਸੁਖਵਿੰਦਰ ਸਿੰਘ ਨੇ ਧਰਮ ਦਾ ਅਕਾਦਮਿਕ ਅਧਿਐਨ ਕਰਨ ਵਿੱਚ ਆਉਂਦੀਆਂ ਮੁਸ਼ਕਲਾਂ ਦੇ ਸੰਦਰਭ ਵਿੱਚ ਆਪਣਾ ਖੋਜ ਪੱਤਰ ਪ੍ਰਸਤੁਤ ਕੀਤਾ। ਇਸ ਦਿਨ ਦਾ ਦੂਜਾ ਸਮਾਗਮ ਪਾਪੂਲਰ ਸੱਭਿਆਚਾਰ, ਏ.ਆਈ. ਅਤੇ ਅਕਾਦਮਿਕਤਾ ਦੁਆਰਾ ਵਿੱਦਿਆ ਦੇ ਪ੍ਰਸਾਰ ਵਿੱਚ ਪਾਏ ਜਾ ਰਹੇ ਯੋਗਦਾਨ ਨਾਲ ਸੰਬੰਧਤ ਸੀ, ਜਿਸ ਵਿੱਚ ਦਿਵਿਆਨੀ ਜੋਤੀ, ਡਾ. ਰਾਮ ਕੁਮਾਰ ਠਾਕੁਰ ਤੇ ਡਾ. ਲਲਨ ਬਘੇਲ ਨੇ ਭਾਗ ਲਿਆ। ਤੀਜਾ ਸਮਾਗਮ ਵਿਗਿਆਨ ਦਰਸ਼ਨ ਦੇ ਨਾਲ ਸੰਬੰਧਤ ਸੀ, ਜਿਸ ਵਿੱਚ ਪ੍ਰਿੰ. ਗਗਨਦੀਪ ਸਿੰਘ, ਪ੍ਰਿੰ. ਦਮਨਜੀਤ ਸਿੰਘ ਅਤੇ ਕੋਮਲਪ੍ਰੀਤ ਸਿੰਘ ਨੇ ਸਮਕਾਲੀ ਵਿਗਿਆਨ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਤਬਦੀਲੀਆਂ ਦੀ ਚਰਚਾ ਕੀਤੀ। ਤੀਸਰੇ ਅਤੇ ਆਖਰੀ ਦਿਨ ਪ੍ਰਿਅੰਕਾ ਠਾਕੁਰ ਦੁਆਰਾ ਬਸੰਤ ਰਾਗ ਦਾ ਮਧੁਰ ਗਾਇਨ ਕੀਤਾ ਗਿਆ, ਜਿਸ ਦੌਰਾਨ ਉਹਨਾਂ ਦਾ ਤਬਲੇ ਉੱਪਰ ਗੁਨਦੀਪ ਸਿੰਘ ਅਤੇ ਸਾਰੰਗੀ ਉੱਪਰ ਪ੍ਰੋ. ਸੁਖਵਿੰਦਰ ਸਿੰਘ ਨੇ ਸਾਥ ਦਿੱਤਾ। ਉਪਰੰਤ 17ਵਾਂ 'ਚੜ੍ਹਿਆ ਬਸੰਤ' ਕਵੀ ਦਰਬਾਰ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਕੀਤਾ ਗਿਆ, ਜਿਸ ਵਿੱਚ ਕੁੱਲ 14 ਪੰਜਾਬੀ ਕਵਿੱਤਰੀਆਂ ਨੇ ਨਾਰੀ ਅਨੁਭਵ ਦਾ ਪ੍ਰਗਟਾਵਾ ਕਰਦੀਆਂ ਕਵਿਤਾਵਾਂ ਪੇਸ਼ ਕੀਤੀਆਂ। ਸੰਸਥਾ ਵੱਲੋਂ ਹਰ ਸਾਲ ਦਿੱਤਾ ਜਾਣ ਵਾਲਾ 'ਨਾਦ ਪ੍ਰਗਾਸੁ ਸ਼ਬਦ ਸਨਮਾਨ' ਇਸ ਵਾਰ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਅਰਤਿੰਦਰ ਸੰਧੂ ਨੂੰ ਉਹਨਾਂ ਦੇ ਸਾਹਿਤਕ ਅਤੇ ਕਾਵਿਕ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ, ਜਿਸ ਵਿੱਚ 21000 ਦੀ ਨਗਦ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰ, ਸ਼ਾਲ ਅਤੇ ਕਿਤਾਬਾਂ ਦਾ ਸੈੱਟ ਸ਼ਾਮਲ ਸੀ। ਕਵੀ ਦਰਬਾਰ ਦੀ ਪ੍ਰਧਾਨਗੀ 'ਚ ਡਾ. ਸੁਖਬੀਰ ਕੌਰ ਮਾਹਲ ਤੇ ਮੁੱਖ ਮਹਿਮਾਨ ਡਾ. ਗੁਰਨਾਮ ਕੌਰ ਬੇਦੀ ਸਨ। ਕਵੀ ਦਰਬਾਰ ਤੋਂ ਬਾਅਦ ਤੀਸਰੇ ਸਮਾਗਮ ਵਿੱਚ 'ਫੈਰੋ ਫਲੂਇਡ ਸੰਗੀਤਕ ਗਰੁੱਪ' ਨੇ ਪੰਜਾਬੀ ਰਹਿਤਲ ਦੀ ਨੁਮਾਇੰਦਗੀ ਕਰਦੀ ਕਲਾਸਿਕ ਅਤੇ ਸੂਫ਼ੀ ਸਾਹਿਤਕ ਪਰੰਪਰਾ 'ਤੇ ਅਧਾਰਤ ਪੇਸ਼ਕਾਰੀ ਦਿੱਤੀ। ਅੰਮ੍ਰਿਤਸਰ ਸਾਹਿਤ ਉਤਸਵ ਦੇ ਵੱਖ-ਵੱਖ ਸਮਾਗਮਾਂ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਚੇਤਨਾ ਤ੍ਰਿਵੇਦੀ, ਡਾ. ਰਸਲੀਨ ਕੌਰ, ਹਰਕਮਲਪ੍ਰੀਤ ਸਿੰਘ, ਡਾ. ਬਿਕਰਮਜੀਤ ਸਿੰਘ, ਡਾ. ਵਰੁਣ ਵਿਗਮਿਲ, ਜਸਵਿੰਦਰ ਸਿੰਘ, ਡਾ. ਜਸਦੀਪ ਕੌਰ ਅਤੇ ਡਾ. ਕੁਲਵਿੰਦਰ ਸਿੰਘ ਨੇ ਨਿਭਾਈ। ਇਨ੍ਹਾਂ ਸਮਾਗਮਾਂ ਵਿੱਚ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਤੋਂ ਇਲਾਵਾ ਦਿੱਲੀ, ਹਰਿਆਣਾ ਅਤੇ ਜੰਮੂ-ਕਸ਼ਮੀਰ ਦੇ ਯੂਨੀਵਰਸਿਟੀ ਤੋਂ ਵੀ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸੰਸਥਾ ਵੱਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਖਾਸ ਰੁਚੀ ਲਈ ਅਤੇ ਆਪੋ-ਆਪਣੀ ਪਸੰਦ ਮੁਤਾਬਕ ਕਿਤਾਬਾਂ ਵੀ ਖਰੀਦੀਆਂ।

**— ਇਮਰਤਪਾਲ ਸਿੰਘ**

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਹਰਿਆਣਾ ਦੇ ਕਿਲ੍ਹੇ ਤੇ ਮਹਿਲ : ਇਕਬਾਲ ਸਿੰਘ ਹਮਜਾਪੁਰ

ਪੁਸਤਕ ਸੱਭਿਆਚਾਰ ਤੇ ਪੜ੍ਹਨ ਰੁਚੀ ਦਾ ਰੁਝਾਨ : ਹਰੀਸ਼ ਜੈਨ

'ਕਾਦਰ' : ਹਰਜੀਤ ਅਟਵਾਲ (ਫੋਕਸ) ਡਾ. ਭੁਪਿੰਦਰ ਕੌਰ

ਜਗਵਿੰਦਰ ਜੋਧਾ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

### ਇਜ਼ਰਾਈਲ+ਅਮਰੀਕਾ ਦੀ ਈਰਾਨ ਵਿਰੁੱਧ ਛੇੜੀ ਜੰਗ ਦੇ ਪ੍ਰਸੰਗ ’ਚ

# ਗੁਰਨਾਮ ਢਿੱਲੋਂ ਦੀਆਂ ਕਵਿਤਾਵਾਂ



## ਮੈਦਾਨੇ-ਜੰਗ

ਸਕਤਾ ਜਦੋਂ ਸਦਾਚਾਰ ਦੇ ਸਾਰੇ ਤਕਾਜ਼ੇ
ਭੰਗ ਕਰਦਾ ਹੈ
ਮਾਸੂਮ ਪਰਿੰਦਿਆਂ ਨੂੰ ਜੀਣ ਨਹੀਂ ਦਿੰਦਾ
ਲਾਚਾਰ, ਤੰਗ ਕਰਦਾ ਹੈ
ਤਦ ਉਸ ਖਿੱਤੇ ਦੀ ਤਕਦੀਰ ਦਾ ਫੈਸਲਾ
ਹਰਗਿਜ਼ ਯਾਰੋ!
ਕੋਈ ਹੋਰ ਰਸਤਾ ਨਹੀਂ ਕਰਦਾ ਬੱਸ
ਮੈਦਾਨੇ-ਜੰਗ ਕਰਦਾ ਹੈ।

## ਜਨਾਜ਼ਾ

ਦੁਨੀਆ ਦੇ ਆਕਾ ਨੇ, ਦੁਨੀਆ ’ਤੇ
ਜ਼ੁਲਮ ਦਾ ਝੰਡਾ ਗੱਡ ਛੱਡਿਆ ਹੈ
ਦਾਨਾਈ, ਇਨਸਾਫ਼, ਸਹਿਹੋਂਦ ਦਾ
ਹਰ ਹਰਾ ਰੁੱਖ ਵੱਢ ਛੱਡਿਆ ਹੈ
ਫੌਜੀ ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋ
ਉਸ ਗਾਫ਼ਿਲ ਨੇ
ਇਸ ਬ੍ਰਹਿਮੰਡ ਵਿਚ ਨੇਕ ਨੀਤੀ ਦਾ
ਜਨਾਜ਼ਾ ਕੱਢ ਛੱਡਿਆ ਹੈ।

## ਕੂਕਰ

ਕੂਕਰ ਦੇ ਹੁਕਮ ਦਾ ਨਗਾਰਾ
ਹਮੇਸ਼ਾ ਲਈ ਨਹੀਂ ਵੱਜੇਗਾ
ਧੌਂਸ ਅਤੇ ਡਰਾਵੇ ਦਾ ਸਿਹਰਾ
ਉਸ ਦੇ ਮੱਥੇ ’ਤੇ ਸਦਾ ਨਹੀਂ ਸਜੇਗਾ
ਅੱਜ ਜੋ ਦਿੰਦਾ ਫਿਰਦਾ ਹੈ
ਹਰ ਨਾਬਰ ਦੇਸ਼ ਨੂੰ ਵੱਢ ਖਾਣ ਦੀਆਂ ਧਮਕੀਆਂ
ਵੇਖਣਾ!
ਟੰਗਾਂ ਵਿਚ ਪੂਛਲ ਦਬਾ ਕੇ ਇਕ ਦਿਨ
ਆਪਣੇ ਦੇਸ਼ ਨੂੰ ਭੱਜੇਗਾ।

## ਮਰਜ਼ੀ ਦੇ ਗੁਬਾਰੇ

‘ਚਿੱਟੇ ਘਰ’ ਦੇ ਹਾਕਮ ਨੂੰ ਖੁਸ਼ਫ਼ਹਿਮੀ ਹੈ
ਕਿ ਉਹ
ਹੱਥ ’ਤੇ ਸਰ੍ਹੋਂ ਜਮਾ ਸਕਦਾ ਹੈ
ਨੀਲੇ ਅੰਬਰ ਨੂੰ ਧਰਤੀ ਉੱਤੇ ਵਿਛਾ ਸਕਦਾ ਹੈ
ਮਿਸਾਈਲਾਂ ਅਤੇ ਬੰਬ ਵਰ੍ਹਾ ਕੇ
ਕੁੱਲ ਬ੍ਰਹਿਮੰਡ ਨੂੰ ਆਪਣੀ ਲੰਙੀ ਲੱਤ ਹੇਠ ਦੀ
ਲੰਘਾ ਸਕਦਾ ਹੈ
ਐਪਰ ਧਰਤੀ ਦੇ ਤਰਾਨੇ ਅੱਜ ਗੂੰਜ ਉੱਠੇ ਨੇ
ਉਹ ਆਪਣੀ ਮਰਜ਼ੀ ਦੇ ਗੁਬਾਰੇ
ਸਦੀਵੀ ਨਹੀਂ ਉਡਾ ਸਕਦਾ ਹੈ।

## ਕੂੜ ਦੀ ਸਰਦਾਰੀ

ਮਨੁੱਖਤਾ ਦੇ ਰਵੀ ਦਾ ਪਰਕਾਸ਼
ਬੇਅੰਤ ਹੋ ਕੇ ਰਹੇਗਾ
ਜਲੌਅ ਕਿਰਣਾਂ ਦਾ ਭਾਗਵੰਤ
ਹੋ ਕੇ ਰਹੇਗਾ
ਸੂਰਜ, ਚੰਦ, ਸਿਤਾਰੇ, ਕਹਿਕਸ਼ਾਂ
ਗਾ ਰਹੇ ਨੇ ਹੁਣ
ਕੂੜ ਦੀ ਸਰਦਾਰੀ ਦਾ ਅੰਤ
ਹੋ ਕੇ ਰਹੇਗਾ।

## ਕੌਣ ਹੈ ਇਹ ?

ਕਿਸ ਨੇ ਈਰਾਨੀ ਮਿਨਾਬ ਦੀ ਪਾਠਸ਼ਾਲਾ ਵਿਚ
ਮਹਿਕਦੀਆਂ ਕਲੀਆਂ ਉੱਤੇ
ਬੰਬਾਂ ਦਾ ਕਹਿਰ ਬਰਪਾਇਆ ਹੈ
ਕਿਸ ਦਾਨਵ ਨੇ ਨਿਰਦੋਸ਼ ਉਡਾਰੂ ਕੂੰਜਾਂ ਦੇ ਖੰਭਾਂ ਨੂੰ
ਬਾਰੂਦ ਨਾਲ ਉਡਾਇਆ ਹੈ
ਕਿਸ ਨੇ ਚੰਗੇਜ਼, ਹਲਾਕੂ, ਹਿਟਲਰ, ਮੁਸੋਲੀਨੀ ਨੂੰ
ਕਹਿਰ ਕਮਾਉਣ,
ਜ਼ੁਲਮ ਢਾਉਣ
ਬਸਤੀਆਂ ਜਲਾਉਣ
ਧਰਤੀ ਨੂੰ ਖ਼ੂਨ ਵਿਚ ਡੋਬਣ
ਤਾਂਡਵ ਨਾਚ ਨਚਾਉਣ
ਵਿਚ ਮਾਤ ਪਾਇਆ ਹੈ।
ਕੌਣ ਹੈ ਇਹ
ਜਿਸ ਨੇ ਇਸ ਸੁਨਹਿਰੀ ਬ੍ਰਹਿਮੰਡ ਦੀ ਹੋਂਦ ਨੂੰ
ਖ਼ਤਰੇ ਦੀ ਸੂਲੀ ਉੱਤੇ ਚੜ੍ਹਾਇਆ ਹੈ।
ਕੌਣ ਹੈ ਇਹ ?
ਕੌਣ ਹੈ ਇਹ ??

## ਜੰਗਬਾਜ਼

ਜਦੋਂ ਰਾਸ਼ਟਰੀ ਝੰਡੇ ਵਿਚ ਲਪੇਟੇ ਤਾਬੂਤ ਵਿਚ
ਯੁੱਧ ਵਿਚ ਬਲੀ ਦੇ ਬੱਕਰੇ ਬਣੇ ਸਿਪਾਹੀ ਨੂੰ
ਉਸ ਦਾ ਬੱਚਾ ਧਾਹਾਂ ਮਾਰ ਕੇ ਚੰਬੜ ਜਾਂਦਾ ਹੈ
ਡੈਡੀ ਡੈਡੀ ਪੁਕਾਰਦਾ ਹੈ
ਆਪੇ ਤੋਂ ਬਾਹਰ ਹੋ ਕੁਰਲਾਉਂਦਾ ਹੈ
ਹਰਿਕ ਸੰਵੇਦਨਸ਼ੀਲ ਦਿਲ ਪਾਟ ਪਾਟ ਜਾਂਦਾ ਹੈ
ਹਰਿਕ ਪੱਥਰ ਅੱਖ ਪਿਘਲ ਜਾਂਦੀ ਹੈ
ਸੂਰਜ ਬੁੱਲ੍ਹ ਟੁੱਕ ਟੁੱਕ ਕੇ ਰੋਂਦਾ ਹੈ
ਤਾਰੇ ਦੁਹੱਥੜਾਂ ਮਾਰ ਵਿਰਲਾਪ ਕਰਦੇ ਹਨ
ਆਸਮਾਨ ਵੈਣ ਪਾਉਂਦਾ ਹੈ
ਪੌਣ ਸੋਗ ਵਿਚ ਡੁੱਬ ਜਾਂਦੀ ਹੈ
ਰੁੱਖ, ਸਕਤੇ ਦਾ ਸਿਆਪਾ ਕਰਦੇ ਹਨ
ਧਰਤੀ ਦਾ ਕੋਮਲ ਬਦਨ ਛਲਣੀ ਛਲਣੀ ਹੋ ਜਾਂਦਾ ਹੈ
ਐਪਰ ਜੰਗਬਾਜ਼ ਆਪਣੀ ਜਿੱਤ ਦੇ
ਅੰਨ੍ਹੇ ਡੰਕੇ ਵਜਾਉਂਦਾ ਹੈ!
ਅੰਨ੍ਹੇ ਡੰਕੇ ਵਜਾਉਂਦਾ ਹੈ!!

## ਤੁਹਾਡੀ ਮੁਰਦਾ ਚੁੱਪ

ਐ ਮੇਰੇ ਦੋਸਤੋ!
ਐ ਮੇਰੇ ਸਾਥੀਓ!!
ਤੁਹਾਡੀ ਮੁਰਦਾ ਚੁੱਪ ਮੇਰੇ ਦਿਲ ਉੱਤੇ ਤਲਵਾਰ ਨਾਲ ਵਾਰ
ਕਰਦੀ ਹੈ
ਇਹ ਜ਼ਖਮ ਅਜਿਹੇ ਹਨ
ਜੋ ਕਦੀ ਤਾਬ ਨਹੀਂ ਆਉਂਦੇ
ਦੁਨੀਆ ਜੰਗ ਦੀ ਭੱਠੀ ਵਿਚ ਸੜ ਰਹੀ ਹੈ
ਤੁਸੀਂ ਕਿਸ ਗੁਫ਼ਾ ਵਿਚ ਜਾ ਬਿਰਾਜੇ ਹੋ ਮੇਰੇ ਯਾਰੋ ?
ਕਿਸ ਗੁਫ਼ਾ ਵਿਚ ਜਾ ਬਿਰਾਜੇ ਹੋ ??
ਜੇ ਅੱਗ ਬੁਝਾ ਨਹੀਂ ਸਕਦੇ
ਇਸ ਦੇ ਮੁਖਾਲਫ਼ ਲਿਖ ਤਾਂ ਸਕਦੇ ਹੋ
ਜੇ ਲਿਖ ਨਹੀਂ ਸਕਦੇ
ਤੁਹਾਡੇ ਮੂੰਹਾਂ ਵਿਚ ਜ਼ੁਬਾਨਾਂ ਤਾਂ ਸੁਰੱਖਿਅਤ ਹਨ!
ਇਸ ਬਲਦੀ ਰੁੱਤ ਵਿਚ
ਜੇ ਬੱਦਲ ਬਣ ਗੱਜ ਨਹੀਂ ਸਕਦੇ
ਵਰਖਾ ਨਹੀਂ ਕਰ ਸਕਦੇ
ਕੁੱਝ ਤਾਂ ਉਚਰੋ ਯਾਰੋ!
ਜੰਗ ਦੀ ਕਾਲ਼ੀ,
ਅੰਨ੍ਹੀ ਰਾਤ ਵਿਚ ਕੋਈ ਤਾਂ ਚਿਰਾਗ ਜਗਾਓ ਯਾਰੋ
ਕਿਸੇ ਜਗਦੇ ਚਿਰਾਗ ਵਿਚ ਕੁੱਝ ਤਾਂ
ਤੇਲ ਦੀਆਂ ਪੱਲ਼ੀਆਂ ਪਾਓ ਯਾਰੋ
ਨਜ਼ਰ ਤਾਂ ਆਵੇ ਕਿ ਤੁਸੀਂ ਜਿਉਂਦੇ ਹੋ
ਨਜ਼ਰ ਤਾਂ ਆਵੇ ਕਿ ਤੁਹਾਡੀਆਂ ਜ਼ਮੀਰਾਂ ਦੇ ਸੂਰਜ ਅਜੇ
ਹਿੰਦ ਮਹਾਂਸਾਗਰ ਵਿਚ ਅਸਤ ਨਹੀਂ ਹੋਏ
ਤੁਹਾਡੀ ਮੁਰਦਾ ਚੁੱਪ
ਮੇਰੇ ਦਿਲ ਉੱਤੇ ਡੂੰਘੇ ਜ਼ਖਮ ਕਰਦੀ ਹੈ
ਡੂੰਘੇ ਜ਼ਖ਼ਮ ਕਰਦੀ ਹੈ ਯਾਰੋ!



### ਬਰਸੀ ’ਤੇ ਵਿਸ਼ੇਸ਼

# ਆਖ਼ਰੀ ਵੇਲੇ ਵੀ ਕਿਸਾਨਾਂ ਦੀ ਚਿੰਤਾ ਕਰਦੇ ਰਹੇ ਕਾਮਰੇਡ ਤੁਲਸੀ ਰਾਮ



ਉਹ ਮਹੀਨਾ, ਜੋ ਸਾਡੇ ਲਈ ਸਿਰਫ਼ ਸਮਾਂ ਨਹੀਂ, ਇਕ ਅਹਿਸਾਸ ਬਣ ਗਿਆ। ਹਰ ਸਾਲ ਦੇ ਵਾਂਗ ਫਰਵਰੀ ਦੀ ਠੰਢ ਹੌਲੀ-ਹੌਲੀ ਖਤਮ ਹੋ ਜਾਂਦੀ ਹੈ।

ਮਾਰਚ ਦੀ ਸ਼ੁਰੂਆਤ ਨਾਲ ਧੁੱਪ ਆਪਣੀ ਗਰਮੀ ਦਿਖਾਉਣ ਲੱਗ ਪੈਂਦੀ ਹੈ, ਪਰ ਮਾਰਚ ਦਾ ਮੌਸਮ ਕਦੇ ਇੱਕੋ ਜਿਹਾ ਨਹੀਂ ਰਹਿੰਦਾ । ਮਾਰਚ ਦੇ ਵਿਚਕਾਰ ਇੱਕ ਵਾਰ ਫਿਰ ਅਸਮਾਨ ਬਦਲਦਾ ਹੈ ।ਬੱਦਲ ਆ ਜਾਂਦੇ ਨੇ, ਮੀਂਹ ਪੈਂਦਾ ਹੈ, ਠੰਢ ਮੁੜ ਵਾਪਸ ਆ ਜਾਂਦੀ ਹੈ ਅਤੇ ਫਿਰ ਕੁਝ ਦਿਨਾਂ ਬਾਅਦ ਧੁੱਪ ਫਿਰ ਚੜ੍ਹਦੀ ਹੈ ਅਤੇ ਗਰਮੀ ਆਪਣਾ ਰੂਪ ਲੈ ਲੈਂਦੀ ਹੈ।

22 ਮਾਰਚ 2015 ਵਿੱਚ ਵੀ ਕੁਝ ਇਸ ਤਰ੍ਹਾਂ ਹੀ ਹੋਇਆ। ਉਹ ਸਮਾਂ ਸੀ ਕਾਮਰੇਡ ਤੁਲਸੀ ਰਾਮ ਜੀ ਦੇ ਜੀਵਨ ਦੇ ਆਖ਼ਰੀ ਦਿਨਾਂ ਦਾ। ਹਸਪਤਾਲ ਤੋਂ ਮੈਂ ਉਹਨਾਂ ਨੂੰ ਵੀਲ੍ਹਚੇਅਰ ’ਤੇ ਬਾਹਰ ਲੈ ਕੇ ਆ ਰਹੀ ਸੀ ।ਮੌਸਮ ਅਚਾਨਕ ਬਦਲ ਗਿਆ ਸੀ ।ਠੰਢੀ ਹਵਾ ਚੱਲਣ ਲੱਗੀ ।ਅਸਮਾਨ ’ਚ ਬੱਦਲ ਛਾ ਗਏ ਸਨ। ਉਹਨਾਂ ਨੇ ਹੌਲੀ ਜਿਹੀ ਨਿਗਾਹ ਚੁੱਕ ਅਸਮਾਨ ਵੱਲ ਵੇਖਿਆ ।ਕੁਝ ਦੇਰ ਚੁੱਪ ਰਹੇ ਤੇ ਫਿਰ ਬੜੀ ਸਾਦਗੀ ਨਾਲ ਕਿਹਾ, ਬੱਦਲ ਆ ਗਏ ਨੇ, ਮੌਸਮ ਫਿਰ ਬਦਲ ਗਿਆ ।ਕਿਸਾਨਾਂ ਦੀਆਂ ਫਸਲਾਂ ਖਰਾਬ ਹੋ ਜਾਣਗੀਆਂ । ਉਸ ਵੇਲੇ ਉਹ ਆਪਣੇ ਜੀਵਨ ਦੇ ਆਖ਼ਰੀ ਦਿਨਾਂ ਵਿੱਚ ਸਨ, ਪਰ ਉਹਨਾਂ ਨੂੰ ਆਪਣੀ ਤਕਲੀਫ਼ ਦੀ ਨਹੀਂ, ਕਿਸਾਨਾਂ ਦੀ ਫ਼ਿਕਰ ਸੀ ।ਇਹ ਸਿਰਫ ਇੱਕ ਵਾਕ ਨਹੀਂ ਸੀ, ਇਹ ਉਹਨਾਂ ਦੀ ਪੂਰੀ ਜ਼ਿੰਦਗੀ ਦੀ ਝਲਕ ਸੀ।

ਅੱਜ ਉਹ ਸਾਡੇ ਵਿੱਚ ਨਹੀਂ ਹਨ, ਪਰ ਉਹਨਾਂ ਦੀ ਸੋਚ, ਉਹਨਾਂ ਦੀਆਂ ਗੱਲਾਂ ਹਰ ਵੇਲੇ ਸਾਨੂੰ ਇਹ ਸਿਖਾਉਂਦੀਆਂ ਨੇ ਕਿ ਸੱਚੀ ਇਨਸਾਨੀਅਤ ਕੀ ਹੁੰਦੀ ਹੈ ।ਕੁਝ ਲੋਕ ਸਰੀਰ ਨਾਲ ਦੂਰ ਹੋ ਜਾਂਦੇ ਨੇ ਪਰ ਆਪਣੇ ਵਿਚਾਰਾਂ ਨਾਲ ਹਮੇਸ਼ਾ ਸਾਡੇ ਨਾਲ ਰਹਿੰਦੇ ਨੇ। ਜਦੋਂ ਪੰਜਾਬ ਵਿੱਚ ਕਿਸਾਨੀ ਅੰਦੋਲਨ ਨੇ ਆਪਣਾ ਰੂਪ ਧਾਰਿਆ ਸੀ।ਜਦੋਂ ਹਰ ਪਾਸੇ ਕਿਸਾਨ ਆਪਣੇ ਹੱਕਾਂ ਲਈ ਖੜ੍ਹੇ ਹੋਏ ਸਨ ।ਸੜਕਾਂ ਤੋਂ ਲੈ ਕੇ ਖੇਤਾਂ ਤੱਕ ਇੱਕ ਹੀ ਆਵਾਜ਼ ਗੂੰਜ ਰਹੀ ਸੀ, ਸੱਚ ਜਾਣਿਓ, ਉਸ ਵੇਲੇ ਮੈਂ ਆਪਣੇ ਦਾਦਾ ਜੀ, ਕਾਮਰੇਡ ਤੁਲਸੀ ਰਾਮ ਨੂੰ ਬਹੁਤ ਯਾਦ ਕੀਤਾ ਸੀ।

ਮੈਂ ਅਕਸਰ ਆਪਣੇ ਆਪ ਨੂੰ ਇੱਕ ਸਵਾਲ ਪੁੱਛਦੀ ਸੀ—

ਕਿ ਜੇਕਰ ਉਹ ਅੱਜ ਸਾਡੇ ਵਿਚ ਹੁੰਦੇ, ਤਾਂ ਉਹ ਇਸ ਅੰਦੋਲਨ ਵਿੱਚ ਕਿਹੜਾ ਰੂਪ ਲੈਂਦੇ ? ਕੀ ਉਹ ਮੋਰਚਿਆਂ ਵਿੱਚ ਖੜ੍ਹ ਕੇ ਆਪਣੀ ਆਵਾਜ਼ ਬੁਲੰਦ ਕਰਦੇ ? ਜਾਂ ਫਿਰ ਆਪਣੀ ਕਲਮ ਨੂੰ ਹਥਿਆਰ ਬਣਾ ਕੇ ਇਨ੍ਹਾਂ ਕਾਲੇ ਕਾਨੂੰਨਾਂ ਦਾ ਡਟ ਕੇ ਵਿਰੋਧ ਕਰਦੇ ? ਮੈਨੂੰ ਪੂਰਾ ਯਕੀਨ ਹੈ ਉਹ ਆਪਣੀ ਲੇਖਣੀ ਨਾਲ ਸੱਚ ਨੂੰ ਇੰਝ ਬਿਆਨ ਕਰਦੇ ਕਿ ਹਰ ਦਿਲ ਤੱਕ ਉਹ ਗੱਲ ਪਹੁੰਚਦੀ, ਕਿਉਂਕਿ ਉਹ ਇੱਕ ਸੋਚ ਸਨ, ਇੱਕ ਅਸੂਲ ਸਨ, ਜੋ ਹਮੇਸ਼ਾ ਸੱਚ ਅਤੇ ਹੱਕ ਦੇ ਨਾਲ ਖੜ੍ਹੇ ਰਹੇ।ਕਈ ਵਾਰ ਕੁਝ ਇਨਸਾਨਾਂ ਦੇ ਚਲੇ ਜਾਣ ਨਾਲ ਉਹਨਾਂ ਦੀ ਕਮੀ ਸਾਰੀ ਉਮਰ ਮਹਿਸੂਸ ਹੁੰਦੀ ਰਹਿੰਦੀ ਹੈ।

ਉਹਨਾਂ ਦੀ ਗੈਰਹਾਜ਼ਰੀ ਹਰ ਪਲ ਅੰਦਰੋਂ ਕਮੀ ਵਾਂਗ ਚੁਭਦੀ ਰਹਿੰਦੀ ਹੈ, ਕਿਉਂਕਿ ਉਹ ਆਮ ਲੋਕ ਨਹੀਂ ਹੁੰਦੇ, ਜਿਨ੍ਹਾਂ ਦੇ ਚਲੇ ਜਾਣ ਨਾਲ ਸਿਰਫ਼ ਇੱਕ ਵਿਅਕਤੀ ਨਹੀਂ, ਇੱਕ ਪੂਰਾ ਯੁੱਗ ਮੁੱਕ ਜਾਂਦਾ ਹੈ। ਕਾਮਰੇਡ ਤੁਲਸੀ ਰਾਮ ਦਾ ਸਾਡੇ ਵਿੱਚੋਂ ਚਲੇ ਜਾਣਾ ਵੀ ਇੱਕ ਐਸਾ ਹੀ ਸੱਚ ਹੈ, ਇੱਕ ਯੁੱਗ ਦਾ ਅੰਤ, ਪਰ ਉਹਨਾਂ ਦੀ ਸੋਚ, ਉਹਨਾਂ ਦੀ ਲੜਾਈ, ਉਹਨਾਂ ਦੇ ਅਸੂਲ ਅੱਜ ਵੀ ਜਿਉਂਦੇ ਨੇ, ਸਾਡੇ ਅੰਦਰ ਸਾਡੀਆਂ ਆਵਾਜ਼ਾਂ ਵਿੱਚ ਅਤੇ ਹਰ ਉਸ ਇਨਸਾਨ ਵਿੱਚ, ਜੋ ਆਪਣੇ ਹੱਕ ਲਈ ਖੜ੍ਹਾ ਹੁੰਦਾ ਹੈ।

**- ਸ਼ੀਤਲ ਠਾਕੁਰ**

# ਮਿੱਟੀ ਨਾਲ ਵਫ਼ਾ ਦੀ ਦਾਸਤਾਨ : ਡਾਕਟਰ ਪਰਦੀਪ ਨਾਂਗਲੂ



ਡਾਕਟਰ ਪਰਦੀਪ ਨਾਂਗਲੂ

ਕਦੇ-ਕਦੇ ਇਨਸਾਨ ਆਪਣੀ ਮਿੱਟੀ ਤੋਂ ਦੂਰ ਜਾ ਕੇ ਵੀ ਉਸ ਨਾਲ ਇੰਝ ਜੁੜਿਆ ਰਹਿੰਦਾ ਹੈ, ਜਿਵੇਂ ਦਰੱਖਤ ਦੀ ਜੜ੍ਹ ਜ਼ਮੀਨ ਦੇ ਅੰਦਰ ਚੁੱਪਚਾਪ ਪਾਣੀ ਨੂੰ ਲੱਭਦੀ ਰਹਿੰਦੀ ਹੈ। ਉਹ ਨਜ਼ਰ ਨਹੀਂ ਆਉਂਦੀ, ਪਰ ਉਹੀ ਜੜ੍ਹ ਦਰੱਖਤ ਨੂੰ ਜ਼ਿੰਦਗੀ ਦਿੰਦੀ ਹੈ। ਅਜਿਹੇ ਹੀ ਲੋਕ ਕੌਮ ਦਾ ਅਸਲ ਸਰਮਾਇਆ ਹੁੰਦੇ ਨੇ। ਉਹਨਾਂ ਵਿੱਚੋਂ ਇਕ ਨਾਂਅ ਮੇਰੇ ਵੱਡੇ ਭਾਈ ਡਾਕਟਰ ਪ੍ਰਦੀਪ ਨਾਂਗਲੂ ਦਾ ਹੈ।

ਡਾਕਟਰ ਪਰਦੀਪ ਨਾਂਗਲੂ ਦਾ ਜਨਮ ਚੜ੍ਹਦੇ ਪੰਜਾਬ ਦੀ ਉਸ ਮਿੱਟੀ ਵਿੱਚ ਹੋਇਆ, ਜਿਸ ਮਿੱਟੀ ਦੀ ਖੁਸ਼ਬੋ ਇਨਸਾਨ ਦੇ ਅੰਦਰ ਉਮਰ ਭਰ ਵੱਸਦੀ ਰਹਿੰਦੀ ਹੈ। ਸਮੇਂ ਦੇ ਨਾਲ ਕਿਸਮਤ ਉਹਨਾ ਨੂੰ ਸਮੁੰਦਰਾਂ ਪਾਰ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਲੈ ਗਈ, ਪਰ ਉਹਨਾ ਦੇ ਦਿਲ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਅੱਜ ਵੀ ਉਸੇ ਤਰ੍ਹਾਂ ਮੌਜੂਦ ਹੈ। ਉਹ ਜਿੱਥੇ ਵੀ ਰਹਿਣ, ਉਹਨਾ ਦੀ ਸੋਚ, ਉਹਨਾ ਦੀ ਗੱਲਬਾਤ ਤੇ ਉਹਨਾ ਦੀ ਕਲਮ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ।

ਉਹ ਸਿਰਫ਼ ਇਕ ਡਾਕਟਰ ਜਾਂ ਵਿਦਵਾਨ ਨਹੀਂ, ਸਗੋਂ ਇਕ ਸੰਵੇਦਨਸ਼ੀਲ ਦਿਲ ਵਾਲੇ ਇਨਸਾਨ ਨੇ। ਉਹਨਾ ਦੀ ਤਹਿਰੀਰ ਵਿੱਚ ਮਾਅਸ਼ੀ, ਸਮਾਜੀ, ਨਫ਼ਸੀਅਤੀ ਅਤੇ ਰਵਾਇਤੀ ਪੱਖ ਇਸ ਤਰ੍ਹਾਂ ਚਮਕਦੇ ਨੇ, ਜਿਵੇਂ ਸੂਰਜ ਦੀਆਂ ਕਿਰਨਾਂ ਹਨੇਰੇ ਨੂੰ ਚੀਰ ਕੇ ਰੋਸ਼ਨੀ ਫੈਲਾ ਦਿੰਦੀਆਂ ਨੇ। ਉਹਨਾ ਨੂੰ ਲੋਕਾਈ ਦਾ ਦਰਦ ਮਹਿਸੂਸ ਹੁੰਦਾ ਹੈ। ਉਹਨਾ ਦੀ ਸੋਚ ਵਿੱਚ ਆਮ ਇਨਸਾਨ ਦੀ ਜ਼ਿੰਦਗੀ ਦੇ ਦੁੱਖ, ਮਸਲੇ ਤੇ ਉਮੀਦਾਂ ਸ਼ਾਮਲ ਹੁੰਦੀਆਂ ਨੇ।

ਡਾਕਟਰ ਪਰਦੀਪ ਨਾਂਗਲੂ ਦੀ ਤਹਿਰੀਰ ਦਾ ਇਕ ਖਾਸ ਅੰਦਾਜ਼ ਹੈ। ਉਹ ਅਕਸਰ ਦੂਜਿਆਂ ਨੂੰ ਨਸੀਹਤ ਕਰਨ ਦੀ ਬਜਾਏ ਆਪਣੇ ਆਪ ਨੂੰ ਮੁਖ਼ਾਤਬ ਕਰਦੇ ਨੇ। ਕਦੇ ਆਪਣੇ ਆਪ ਨੂੰ ਕੋਸ ਕੇ ਤੇ ਕਦੇ ਮਿਸਾਲਾਂ ਦੇ ਜ਼ਰੀਏ ਗੱਲ ਸਮਝਾ ਕੇ ਪੜ੍ਹਣ ਵਾਲੇ ਦੇ ਦਿਲ ਤੱਕ ਰਸਾਈ ਹਾਸਲ ਕਰ ਲੈਂਦੇ ਨੇ। ਇਹ ਅੰਦਾਜ਼ ਉਹਨਾ ਦੀ ਆਜਜ਼ੀ ਤੇ ਫਿਕਰੀ ਗਹਿਰਾਈ ਦਾ ਪਤਾ ਦਿੰਦਾ ਹੈ।

ਪਰਦੇਸ ਵਿੱਚ ਰਹਿ ਕੇ ਆਪਣੀ ਜ਼ਬਾਨ ਤੇ ਸੱਭਿਆਚਾਰ ਦੀ ਸੇਵਾ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਅਕਸਰ ਲੋਕ ਸਮੇਂ ਦੇ ਨਾਲ ਆਪਣੀਆਂ ਜੜ੍ਹਾਂ ਨੂੰ ਭੁੱਲ ਜਾਂਦੇ ਨੇ, ਪਰ ਕੁਝ ਅਜੇਹੇ ਵੀ ਹੁੰਦੇ ਨੇ, ਜੋ ਆਪਣੀ ਪਛਾਣ ਨੂੰ ਸੀਨੇ ਨਾਲ ਲਾ ਕੇ ਰੱਖਦੇ ਨੇ। ਡਾਕਟਰ ਨਾਂਗਲੂ ਇਹਨਾਂ ਸ਼ਖ਼ਸੀਅਤਾਂ ਵਿੱਚੋਂ ਨੇ, ਜੋ ਸਿਰ ਤੋਂ ਲੈ ਕੇ ਪੈਰਾਂ ਤੱਕ ਆਪਣੀਆਂ ਜਾਨੀ, ਜ਼ਿਹਨੀ, ਮਾਲੀ ਤੇ ਰੂਹਾਨੀ ਤਾਕਤਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਖਿਦਮਤ ਲਈ ਸਮਰਪਤ ਕੀਤੀਆਂ ਬੈਠੇ ਨੇ।

ਸਭ ਤੋਂ ਖੁਸ਼ੀ ਤੇ ਫ਼ਖ਼ਰ ਦੀ ਗੱਲ ਇਹ ਹੈ ਕਿ ਇੰਡੀਆ ਸਰਕਾਰ ਨੇ ਉਹਨਾ ਦੀਆਂ ਖਿਦਮਤਾਂ ਨੂੰ ਸਰਾਹੁੰਦੇ ਹੋਏ ਨੈਸ਼ਨਲ ਇੰਸਟੀਟਿਊਟ ਆਫ਼ ਹੋਲਿਸਟਿਕ ਹੈੱਲਥ ਇੰਡੀਆ ਵੱਲੋਂ ਅਮਰੀਕਾ ਦਾ ਹੈੱਡ ਮੁਕੱਰਰ ਕਰਕੇ ਉਹਨਾ ਨੂੰ ਵੱਡਾ ਮਾਣ ਬਖ਼ਸ਼ਿਆ ਹੈ। ਇਹ ਇੱਜ਼ਤ ਸਿਰਫ਼ ਇਕ ਫ਼ਰਦ ਦੀ ਕਾਮਯਾਬੀ ਨਹੀਂ, ਸਗੋਂ ਉਸ ਸੋਚ ਦੀ ਜਿੱਤ ਹੈ, ਜੋ ਆਪਣੀ ਜ਼ਬਾਨ ਤੇ ਸੱਭਿਆਚਾਰ ਨਾਲ ਮੁਹੱਬਤ ਰੱਖਦੀ ਹੈ।

ਅਜਿਹੇ ਲੋਕ ਦਰਅਸਲ ਚਿਰਾਗ ਹੁੰਦੇ ਨੇ, ਜੋ ਖੁਦ ਵੀ ਰੌਸ਼ਨ ਹੁੰਦੇ ਨੇ ਤੇ ਆਪਣੇ ਆਲੇ ਦੁਆਲੇ ਵੀ ਚਾਨਣ ਫੈਲਾ ਦਿੰਦੇ ਨੇ। ਡਾਕਟਰ ਪ੍ਰਦੀਪ ਨਾਂਗਲੂ ਵੀ ਅਜਿਹੇ ਹੀ ਚਿਰਾਗ ਨੇ, ਜਿਹੜੇ ਪਰਦੇਸ ਵਿੱਚ ਰਹਿ ਕੇ ਵੀ ਪੰਜਾਬ ਦੀ ਪਛਾਣ ਨੂੰ ਰੌਸ਼ਨ ਕਰ ਰਹੇ ਨੇ।

ਅਸੀਂ ਦਿਲ ਦੀਆਂ ਗਹਿਰਾਈਆਂ ਤੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਇਸ ਮਖ਼ਲਿਸ ਸੇਵਕ ਡਾਕਟਰ ਨਾਂਗਲੂ ਨੂੰ ਮੁਬਾਰਕਬਾਦ ਪੇਸ਼ ਕਰਦੇ ਹਾਂ ਤੇ ਦੁਆ ਕਰਦੇ ਹਾਂ ਕਿ ਰੱਬ ਉਹਨਾ ਦੀ ਕਲਮ ਨੂੰ ਹੋਰ ਤਾਕਤ ਦੇਵੇ, ਉਹਨਾਂ ਦੀ ਸੋਚ ਨੂੰ ਹੋਰ ਵਸਅਤਾਂ ਬਖ਼ਸ਼ੇ ਤੇ ਉਹ ਹਮੇਸ਼ਾ ਇੰਝ ਹੀ ਆਪਣੀ ਧਰਤੀ ਦਾ ਨਾਂਅ ਰੌਸ਼ਨ ਕਰਦੇ ਰਹਿਣ।

**— ਪ੍ਰੋ. ਅਮਾਨਤ ਗਿੱਲ (ਲਾਹੌਰ)**
+923004969513

ਆਖਰੀ ਸਫ਼ਾ ਦੀ ਬਾਕੀ

## ਅੰਧ-ਵਿਸ਼ਵਾਸ : ਵਿਗਿਆਨਕ ਵਿਸ਼ਲੇਸ਼ਣ ...

ਪਰ ਬਹੁਤੇ ਲੋਕੀਂ ਬੱਚੇ ਦੇ ਕੋਮਲ ਮਨ ਦੀ ਮੌਲਿਕਤਾ, ਆਪਣੀ ਸ਼ਖ਼ਸੀਅਤ ਦੀ ਵੱਖਰੀ ਹੋਂਦ ਨੂੰ ਇਸ ਵਿਧੀ ਰਾਹੀਂ ਵਿਗਾੜਦੇ ਹਨ। ਜੋ ਵੀ ਧਾਰਮਿਕ ਸਿੱਖਿਆ ਦੇਣ ਵਾਲੇ ਪੁਜਾਰੀ ਵਰਗ ਵਿੱਚ ਆਉਂਦੇ ਹਨ, ਉਹ ਦਾਨ ਦੀ ਸਿੱਖਿਆ ਦਿੰਦੇ ਹਨ, ਕਿਉਂਕਿ ਉਹ ਆਪ ਦਾਨ ਉਪਰ ਪਲਦੇ ਹਨ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨ ਵੀ ਲੋਕਾਂ ਦੇ ਦਿੱਤੇ ਪੈਸਿਆਂ ਨਾਲ ਬਣਾਏ ਗਏ ਸਨ ਅਤੇ ਬਣ ਰਹੇ ਹਨ ਕਿਉਂਕਿ ਭਗਤਾਂ ਨੂੰ ਇਹ ਲਾਰਾ ਲਾਇਆ ਜਾਂਦਾ ਹੈ ਕਿ ਇਸ ਨੇਕ ਕੰਮ ਬਦਲੇ ਉਨ੍ਹਾਂ ਨੂੰ ਇਸ ਜਨਮ ਵਿੱਚ ਵੀ ਅਤੇ ਮਰਨ ਬਾਅਦ ਵੀ ਸੁੱਖ ਮਿਲੇਗਾ, ਪਰ ਇਸ ਸੁੱਖ ਦਾ ਅਜੇ ਤੱਕ ਕੋਈ ਵੀ ਸਬੂਤ ਕੋਈ ਵੀ ਦਾਅਵੇਦਾਰ ਨਹੀਂ ਪੇਸ਼ ਕਰ ਸਕਿਆ।

ਇਹ ਰੂੜੀਵਾਦੀ, ਧਰਮਾਂ ਦੇ ਪੈਰੋਕਾਰ ਖੁਸ਼ੀ ਦੇ ਦੁਸ਼ਮਣ ਹਨ, ਅਮੀਰਾਂ ਨੂੰ ਨਰਕ ਅਤੇ ਗਰੀਬਾਂ ਨੂੰ ਸਵਰਗ ਦੀਆਂ ਟਿਕਟਾਂ ਦੇ ਲਾਰੇ ਲਾਉਂਦੇ ਹਨ। ਸਾਨੂੰ ਇਹ ਵਿਗਿਆਨਕ ਸੋਚ ਨਾਲ ਦਲੀਲਾਂ ਰਾਹੀਂ ਮੰਨ ਲੈਣਾ ਚਾਹੀਦਾ ਹੈ ਕਿ ਦੇਵਤੇ ਸਿਰਫ਼ ਖਿਆਲੀ ਅਤੇ ਕਲਪਨਾਵਾਂ ਹਨ, ਇਨ੍ਹਾਂ ਦੀ ਕਦੇ ਵੀ ਕੋਈ ਹੋਂਦ ਨਹੀਂ ਸੀ ਅਤੇ ਨਾ ਹੀ ਹੋਵੇਗੀ।

ਬੱਚਿਆਂ ਨੂੰ ਝੂਠ ਦੇ ਪਿਆਲੇ ਨਹੀਂ ਪਿਲਾਉਣੇ ਚਾਹੀਦੇ। ਸਾਨੂੰ ਬੱਚਿਆਂ ਨੂੰ ਸ਼ੱਕ ਕਰਨਾ, ਪੁੱਛਗਿੱਛ ਕਰਨੀ ਅਤੇ ਦਲੀਲ ਬਾਰੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਿੱਖਿਆ ਦਾ ਮਤਲਬ ਦਿਮਾਗ ਦਾ ਵਿਕਾਸ ਕਰਨਾ ਹੋਣਾ ਚਾਹੀਦਾ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ, ਲਾਇਬ੍ਰੇਰੀਆਂ ਸਾਡੇ ਮਾਨਸਿਕ-ਕਸਰਤ-ਘਰ ਬਣਨੇ ਚਾਹੀਦੇ ਹਨ। ਕੁਦਰਤ ਦੇ ਨਿਯਮਾਂ ਨੂੰ ਘੋਖਣ ਦੀ ਸਭ ਨੂੰ ਪੂਰਨ ਖੁੱਲ੍ਹ ਚਾਹੀਦੀ ਹੈ। ਇਸ ਨਾਲ ਸੰਸਾਰ ਸੱਭਿਅਕ ਬਣੇਗਾ। ਇਹ ਸੱਚ ਹੈ ਕਿ ਜਿਸ ਇਲਾਕੇ, ਪ੍ਰਾਂਤ, ਦੇਸ਼ ਵਿੱਚ ਜ਼ਿਆਦਾ ਤੋਂ ਜ਼ਿਆਦਾ ਸਕੂਲ, ਕਾਲਜ, ਯੂਨੀਵਰਸਿਟੀਆਂ, ਲਾਇਬ੍ਰੇਰੀਆਂ ਹੋਣਗੀਆਂ, ਜੋ ਵਿਗਿਆਨਕ ਸੋਚ ਦਾ ਪਹਿਰਾ ਦਿੰਦੀਆਂ ਹੋਣ, ਉੱਥੋਂ ਦੇ ਲੋਕ ਬੁੱਧੀਮਾਨ, ਸੱਭਿਅਕ ਅਤੇ ਤਰੱਕੀ ਪਸੰਦ ਹੋਣਗੇ। ਇਸ ਦੇ ਉਲਟ ਜਿੱਥੇ ਜ਼ਿਆਦਾ ਧਾਰਮਿਕ ਸਥਾਨ ਹੋਣਗੇ, ਓਨੇ ਹੀ ਉਹ ਲੋਕ ਪਿਛਾਂਹ-ਖਿੱਚੂ, ਲਾਈਲੱਗ, ਆਜ਼ਾਦ ਸੋਚਣੀ ਦੇ ਦੁਸ਼ਮਣ, ਨਫ਼ਰਤਾਂ ਨਾਲ ਭਰੇ ਹੋਏ ਅਤੇ ਘੱਟ ਅਕਲੇ ਹੋਣਗੇ। ਉਹ ਲੋਕ ਅੰਧ-ਵਿਸ਼ਵਾਸ ਵਿੱਚ ਵੀ ਖੁੱਭੇ ਹੋਏ ਹੋਣਗੇ। ਹੁਣ ਇਹ ਸਾਡੇ ਉਤੇ ਨਿਰਭਰ ਕਰਦਾ ਹੈ ਕਿ ਅਸੀਂ ਕੀ ਬਣਨਾ ਚਾਹੁੰਦੇ ਹਾਂ ਅਤੇ ਆਪਣੀ ਔਲਾਦ ਨੂੰ ਕਿਸ ਪਾਸੇ ਲਿਜਾਣਾ ਚਾਹੁੰਦੇ ਹਾਂ।

ਡਾ. ਰਾਧਾ ਕ੍ਰਿਸ਼ਨਨ ਦਾ ਕਹਿਣਾ ਹੈ: “ਅਸੀਂ ਉਸ ਨੂੰ ਨਹੀਂ ਪੂਜਦੇ, ਜੋ ਸਾਡੀ ਬੁੱਧੀ ਦੀਆਂ ਸ਼ਕਤੀਆਂ ਦੇ ਘੇਰੇ ਵਿੱਚ ਹੁੰਦਾ ਹੈ ਬਲਕਿ ਉਸ ਨੂੰ ਪੂਜਦੇ ਹਾਂ, ਜੋ ਬੁੱਧੀ ਦੀਆਂ ਸ਼ਕਤੀਆਂ ਦੇ ਘੇਰੇ ਤੋਂ ਬਾਹਰ ਹੁੰਦਾ ਹੈ, ਮਤਲਬ ਕਿ ਇਸ ਵਿੱਚ ਬੁੱਧੀ ਦਾ ਰੋਲ ਨਹੀਂ ਹੁੰਦਾ।” ਇਹ ਬਿਲਕੁੱਲ ਠੀਕ ਗੱਲ ਹੈ।

ਰੂਸ ਦੇ ਉੱਘੇ ਵਿਦਵਾਨ ਲੇਖਕ ਟਾਲਸਟਾਇ ਨੇ ਧਰਮ ਦੇ ਤਿੰਨ ਹਿੱਸੇ ਕੀਤੇ-ਪਹਿਲਾ, ਧਰਮ ਦੀਆਂ ਜ਼ਰੂਰੀ ਗੱਲਾਂ ਜਿਵੇਂ ਕਿ ਸੱਚ ਬੋਲੋ, ਚੋਰੀ ਨਾ ਕਰੋ, ਗਰੀਬਾਂ ਦੀ ਸਹਾਇਤਾ ਕਰੋ, ਪਿਆਰ ਨਾਲ ਰਹੋ ਆਦਿ। ਦੂਸਰਾ-ਧਰਮ ਦਾ ਫਲਸਫਾ ਜਿਵੇਂ ਜਨਮ, ਮਰਨ, ਪੁਨਰ ਜਨਮ, ਸੰਸਾਰ ਦੀ ਸਿਰਜਣਾ ਆਦਿ ਅਤੇ ਤੀਸਰਾ ਧਰਮ ਦੇ ਰਸਮੋ ਰਿਵਾਜ ਵਗੈਰਾ।

ਹੁਣ ਆਪਾਂ ਟਾਲਸਟਾਇ ਦੇ ਇਨ੍ਹਾਂ ਤਿੰਨਾਂ ਪੱਖਾਂ ਦਾ ਵਿਸ਼ਲੇਸ਼ਣ ਕਰਦੇ ਹਾਂ। ਪਹਿਲਾ-ਆਪਾਂ ਧਰਮ ਦੀਆਂ ਨੈਤਿਕ ਗੱਲਾਂ ਵੱਲ ਧਿਆਨ ਦਿੰਦੇ ਹਾਂ, ਇਹ ਬੜੀਆਂ ਚੰਗੀਆਂ ਗੱਲਾਂ ਹਨ, ਪਰ ਇਨ੍ਹਾਂ ਨੂੰ ਆਪਣੇ ਜੀਵਨ ਵਿੱਚ ਕਿੰਨੇ ਕੁ ਲੋਕ ਅਪਣਾਉਂਦੇ ਹਨ। ਅਗਰ ਸਾਰੇ ਧਰਮਾਂ ਵਾਲੇ ਇਨ੍ਹਾਂ ਨੂੰ ਹਰ ਰੋਜ਼ ਜ਼ਿੰਦਗੀ ਦਾ ਇਕ ਅਨਿੱਖੜਵਾਂ ਅੰਗ ਬਣਾ ਲੈਣ ਤਾਂ ਫਿਰ ਪੁਲਸ, ਵਕੀਲਾਂ, ਜੱਜਾਂ, ਕੋਰਟ, ਕਚਹਿਰੀਆਂ ਅਤੇ ਜੇਲ੍ਹਾਂ ਦੀ ਲੋੜ ਹੀ ਨਾ ਰਹੇ।

ਗਰੀਬਾਂ ਦੀ ਮਦਦ ਵਾਲੀ ਗੱਲ ਦੇਖੀਏ ਤਾਂ ਉਹ ਇਨਸਾਨ ਹੀ ਗਰੀਬਾਂ ਦੀ ਮਦਦ ਕਰ ਸਕਦਾ ਹੈ, ਜੋ ਆਪ ਸਰਦਾ-ਪੁੱਜਦਾ ਹੋਵੇਗਾ। ਦੇਖਣ ਵਾਲੀ ਗੱਲ ਇਹ ਹੈ ਕਿ ਗਰੀਬੀ ਨੂੰ ਜੜ੍ਹੋਂ ਪੁੱਟਣ ਦੀ ਗੱਲ ਨਹੀਂ ਕੀਤੀ ਗਈ ਅਤੇ ਨਾ ਹੀ ਸਮਾਜ ਵਿੱਚ ਸਭ ਲਈ ਬਰਾਬਰਤਾ ਲਿਆਉਣ ਦੀ ਗੱਲ ਹੈ। ਗਰੀਬਾਂ ਦੀ ਸਹਾਇਤਾ ਵਾਲੀ ਸਿੱਖਿਆ, ਇਕ ਕਿਸਮ ਦੀ ਬੇਨਤੀ ਜਾਂ ਦਾਨ ਦੇਣ ਵਾਲੀ ਗੱਲ ਹੀ ਹੈ।

ਦੂਸਰੀ ਸਿੱਖਿਆ ਜਾਂ ਪ੍ਰਵਚਨ ਦੀ ਚੀਰਫਾੜ ਕਰੀਏ ਤਾਂ ਪਤਾ ਲਗਦਾ ਹੈ ਕਿ ਪੁਨਰ-ਜਨਮ ਹੁੰਦਾ ਹੈ। ਇਕ ਧਰਮ ਕਹਿੰਦਾ ਹੈ ਪੁਨਰ ਜਨਮ ਹੁੰਦਾ ਹੈ, ਦੂਸਰਾ ਪੁਨਰ ਜੀਵਨ ਦੀ ਗੱਲ ਕਰਦਾ ਹੈ ਅਤੇ ਤੀਸਰਾ ਪੁਨਰ ਜਨਮ ਅਤੇ ਪੁਨਰ ਜੀਵਨ ਤੋਂ ਮੁਨਕਰ ਹੈ। ਇਕ ਧਰਮ ਕਹਿੰਦਾ ਹੈ ਰੱਬ ਹੈ, ਜੋ ਸਭ ਸ੍ਰਿਸ਼ਟੀ ਨੂੰ ਪੈਦਾ ਕਰਦਾ ਅਤੇ ਚਲਾਉਂਦਾ ਹੈ, ਦੂਸਰਾ ਧਰਮ ਕਹਿੰਦਾ ਹੈ ਕਿ ਰੱਬ ਨਾਂਅ ਦੀ ਕੋਈ ਸ਼ਕਤੀ ਨਹੀਂ ਹੈ। ਇਹ ਧਾਰਨਾਵਾਂ ਆਪਾ-ਵਿਰੋਧੀ ਹਨ ਅਤੇ ਹਰ ਕੋਈ ਆਪਣੀ ਗੱਲ ਨੂੰ ਠੀਕ ਕਹਿੰਦਾ ਹੈ ਅਤੇ ਉਹਦੇ ਬਾਰੇ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕਰਦਾ ਹੈ। ਆਪਣੇ ਧਰਮ ਵਿੱਚ ਭਗਤਾਂ ਦੀ ਗਿਣਤੀ ਵਧਾਉਣ ਲਈ ਹਰ ਹੱਥ-ਕੰਡਾ ਵਰਤਦਾ ਹੈ। ਸੋ ਸਮਾਜ ਵਿੱਚ ਬਰਾਬਰਤਾ ਕਿਵੇਂ ਆ ਸਕਦੀ ਹੈ ਅਤੇ ਵਿਤਕਰੇ ਕਿਵੇਂ ਹਟ ਸਕਦੇ ਹਨ? ਤੀਸਰਾ ਪੱਖ ਰਸਮੋ ਰਿਵਾਜਾਂ ਦਾ ਹੈ। ਇਕ ਧਰਮ ਜਨੇਊ ਪਾਉਣਾ ਜ਼ਰੂਰੀ ਸਮਝਦਾ ਹੈ, ਦੂਸਰਾ ਇਹਦਾ ਖੰਡਨ ਕਰਦਾ ਹੈ। ਇਕ ਧਰਮ ਮਰੇ ਹੋਏ ਇਨਸਾਨ ਨੂੰ ਦਫਨਾਉਣਾ ਠੀਕ ਕਹਿੰਦਾ ਹੈ, ਦੂਸਰਾ ਇਸ ਨੂੰ ਜਲਾਉਣਾ। ਇਕ ਧਰਮ ਗਾਂ ਦੇ ਮਾਸ ਖਾਣ ਨੂੰ ਮਨ੍ਹਾਂ ਕਰਦਾ ਹੈ। ਦੂਸਰਾ ਇਹਨੂੰ ਖਾਣ ਨੂੰ ਜਾਇਜ਼ ਕਰਾਰ ਦਿੰਦਾ ਹੈ। ਇੱਕ ਕਹਿੰਦਾ ਹੈ ਕਿ ਸ਼ੋਭਾ-ਯਾਤਰਾ, ਨਗਰ-ਕੀਰਤਨ ਜ਼ਰੂਰੀ ਹੈ ਅਤੇ ਵਾਜਾ ਗਾਜਾ ਸ਼ਬਦ ਕੀਰਤਨ ਵੀ ਹੋਣਾ ਚਾਹੀਦਾ ਹੈ, ਦੂਸਰਾ ਧਰਮ ਕਹਿੰਦਾ ਹੈ ਕਿ ਵਾਜਾ-ਗਾਜਾ ਸੰਗੀਤ, ਧਰਮ ਦੇ ਖ਼ਿਲਾਫ਼ ਹੈ। ਕੋਈ ਕੁਝ ਅਤੇ ਕੋਈ ਕੁਝ ਕਹਿੰਦਾ ਹੈ। ਸੋ ਇਹ ਰਸਮੋਂ-ਰਿਵਾਜ ਇਨਸਾਨਾਂ ਵਿੱਚ ਕਦੇ ਵੀ ਬਰਾਬਰਤਾ ਨਹੀਂ ਲਿਆ ਸਕਦੇ, ਸਗੋਂ ਵੰਡੀਆਂ ਅਤੇ ਨਫ਼ਰਤਾਂ ਫੈਲਾਉਂਦੇ ਹਨ। ਸਮਾਜ ਨੂੰ ਇਕਸਾਰ ਨਹੀਂ ਬਣਾਉਂਦੇ। ਹਰ ਧਰਮ ਅਤੇ ਉਹਦੇ ਚੇਲੇ ਆਪਣੇ ਆਪ ਨੂੰ ਦੂਸਰੇ ਧਰਮਾਂ ਨਾਲੋਂ ਖਾਸੋ ਖਾਸ ਅਤੇ ਵਧੀਆ ਮਿਥਦੇ ਹਨ ਅਤੇ ਇਹ ਹੀ ਸਿੱਖਿਆ ਆਪਣੇ ਧਾਰਮਿਕ ਅਸਥਾਨਾਂ ਅਤੇ ਬੱਚਿਆਂ ਨੂੰ ਦਿੰਦੇ ਹਨ। ਇਹ ਹੀ ਕਾਰਨ ਹੈ ਕਿ ਧਰਮ ਫਿਰਕੂ ਨਫ਼ਰਤ ਭੜਕਾਉਣ ਅਤੇ ਫੈਲਾਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਕਈ ਵਿਦਵਾਨਾਂ ਅਨੁਸਾਰ ਭਾਰਤ ਵਿੱਚ 1700 ਦੇ ਕਰੀਬ ਧਰਮ ਹਨ। ਜੇਕਰ ਜ਼ਿਆਦਾ ਧਰਮ ਹੋਣ ਦੇ ਬਾਵਜੂਦ ਮੁਲਕ ਵਿੱਚ ਗਰੀਬੀ, ਭੁੱਖਮਰੀ ਅਤੇ ਅੰਧ-ਵਿਸ਼ਵਾਸ ਦਾ ਜੰਜਾਲ ਹੈ ਤਾਂ ਤੁਸੀਂ ਆਪ ਹੀ ਸੋਚੋ ਕਿ ਇਨ੍ਹਾਂ ਦਾ ਕੀ ਰੋਲ ਰਹਿ ਜਾਂਦਾ ਹੈ? ਇਹ ਅੰਧ-ਵਿਸ਼ਵਾਸਾਂ ਨੂੰ ਫੈਲਾਉਣ ਵਿੱਚ ਸਿੱਧਾ ਅਤੇ ਅਸਿੱਧਾ ਰੋਲ ਨਿਭਾਉਂਦੇ ਹਨ, ਸੋ ਇਹ ਹੀ ਠੀਕ ਨਤੀਜਾ ਨਿਕਲਦਾ ਹੈ ਕਿ ਇਨਸਾਨੀਅਤ ਨੂੰ ਅਪਣਾਇਆ ਜਾਵੇ ਅਤੇ ਇਨ੍ਹਾਂ ਤੋਂ ਬਚਾਅ ਕੀਤਾ ਜਾਵੇ। ਇਸੇ ਕਰਕੇ ਕਾਰਲ ਮਾਰਕਸ “ਧਰਮ” ਨੂੰ ਇਕ ਅਫ਼ੀਮ ਆਖਦਾ ਹੈ ਅਤੇ ਸਲੇਕਾ ਕਹਿੰਦਾ ਹੈ: ਧਰਮ ਪੜ੍ਹੇ-ਲਿਖੇ ਲੋਕਾਂ ਦੀਆਂ ਨਜ਼ਰਾਂ ਵਿੱਚ ਇੱਕ ਝੂਠ ਹੈ। ਅਨਪੜ੍ਹ ਲੋਕਾਂ ਦੀਆਂ ਨਜ਼ਰਾਂ ਵਿੱਚ ਇੱਕ ਸੱਚਾਈ ਹੈ, ਪ੍ਰੰਤੂ ਹਾਕਮ ਜਮਾਤਾਂ ਦੀਆਂ ਨਜ਼ਰਾਂ ਵਿੱਚ ਇੱਕ ਫਾਇਦੇਮੰਦ ਚੀਜ਼ ਹੈ।

ਅਸੀਂ ਜੇਕਰ ਅੰਧ ਵਿਸ਼ਵਾਸਾਂ ਦਾ ਖਾਤਮਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਡਾ. ਇਬਰਾਹਮ ਟੀ. ਕਾਵੂਰ ਦੀਆਂ ਗੱਲਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ:

* ਉਹ ਇਨਸਾਨ, ਜਿਹੜਾ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਧੋਖੇਬਾਜ਼ ਹੁੰਦਾ ਹੈ।
* ਜਿਸ ਇਨਸਾਨ ਵਿੱਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ, ਉਹ ਲਾਈਲੱਗ ਹੁੰਦਾ ਹੈ।
* ਜਿਹੜਾ ਇਨਸਾਨ ਬਗੈਰ ਪੜਤਾਲ ਕੀਤੇ ਤੋਂ ਵਿਸ਼ਵਾਸ ਕਰਦਾ ਹੈ, ਉਹ ਮੂਰਖ ਹੁੰਦਾ ਹੈ।

ਅਸੀਂ ਆਮ ਸੁਣਦੇ ਹਾਂ-‘ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ’। ਪਰ ਅਸੀਂ ਇਹ ਕਿਉਂ ਨਹੀਂ ਸੋਚਦੇ ਕਿ ਉਹ ਬਾਜ ਕਿਉਂ ਨਾ ਮਰਨ, ਜਿਹੜੇ ਇਸ ਚਿੜੀ ਨੂੰ ਨੋਚ-ਨੋਚ ਖਾ ਰਹੇ ਹਨ। ਸਾਨੂੰ ਇਹ ਸਭ ਕੁਝ ਪਤਾ ਹੋਣ ਦੇ ਬਾਵਜੂਦ ਅਸੀਂ ਚੁੱਪ ਰਹਿੰਦੇ ਹਾਂ, ਕਿਉਂਕਿ ਸਾਨੂੰ ਘੁੱਟ ਘੁੱਟ ਕੇ ਮਰਨ ਅਤੇ ਜਰਨ ਦੀ ਆਦਤ ਪਾ ਦਿੱਤੀ ਗਈ ਹੈ ਅਤੇ ਉਹ ਆਦਤ ਪੀੜੀ-ਪੱਕੀ ਹੋ ਚੁੱਕੀ ਹੈ। ਆਦਤਾਂ ਕਦੇ ਜਲਦੀ ਕਿਤੇ ਛੁੱਟਦੀਆਂ ਨਹੀਂ, ਜੇਕਰ ਇਹ ਛੁੱਟ ਜਾਣ ਤਾਂ ਵਾਰਿਸ ਸ਼ਾਹ ਗਲਤ ਹੋ ਸਕਦਾ ਹੈ- “ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।”

ਸਮਝਣ ਵਾਲੀ ਗੱਲ ਇਹ ਹੈ ਕਿ ਇਹ ਹਾਲਤ ਸਾਡੀ ਅਚਾਨਕ ਨਹੀਂ ਬਣ ਗਈ, ਇਸ ਵਿੱਚ ਹੋਰਨਾਂ ਨਾਲੋਂ ਬਹੁਤਾ ਸਾਡਾ ਹੀ ਕਸੂਰ ਹੈ, ਕਿਉਂਕਿ ਅਸੀਂ “ਇੱਕ ਚੁੱਪ ਸੌ ਸੁੱਖ” ਅਤੇ ‘ਫਰੀਦਾ ਬੁਰੇ ਦਾ ਭਲਾ ਕਰ’ ਵਾਲੀ ਸੋਚ ਉਤੇ ਪਹਿਰਾ ਦਿੱਤਾ ਹੈ। ਇਹ ਪਹਿਰਾ ਹੀ ਸਾਡੇ ਲਈ ਕਹਿਰ ਬਣ ਗਿਆ ਹੈ। ਸਾਨੂੰ ਸਵਰਗ, ਨਰਕ ਦੇ ਚੱਕਰਾਂ ਵਿੱਚ ਪਾਈ ਰੱਖਿਆ ਹੈ। ਮਨਘੜਤ ਕਥਾਵਾਂ ਨਾਲ ਡਰੇ ਹੋਇਆਂ ਨੂੰ ਹੋਰ ਡਰਾਇਆ ਗਿਆ ਅਤੇ ਡਰਾਇਆ ਜਾ ਰਿਹਾ ਹੈ।

ਇਨਸਾਨ ਨੇ ਜਿਊਣਾ ਕਿਵੇਂ ਹੈ? ਇਸ ਬਾਰੇ ਨਹੀਂ, ਸਗੋਂ ਅਖੌਤੀ ਸਵਰਗ ਵਿੱਚ ਕਿਵੇਂ ਜਾਣਾ ਹੈ, ਇਸ ਦੇ ‘ਗੁਰ’ ਸਿਖਾਏ ਜਾ ਰਹੇ ਹਨ। ਇਹ “ਗੁਰ” ਸਿਖਾਉਣ ਲਈ ਰੇਡੀਓ, ਟੀ ਵੀ, ਸਤਿਸੰਗ, ਸੋਸ਼ਲ ਮੀਡੀਆ, ਧਾਰਮਿਕ ਪੋਥੀਆਂ, ਬਾਬੇ, ਸਾਧ, ਮਹਾਰਾਜ, ਔਲੀਏ, ਪੀਰ ਅਤੇ ਪੁਜਾਰੀ ਵਰਗ ਹੀ ਨਹੀਂ ਹੈ, ਸਗੋਂ ਸਕੂਲ, ਕਾਲਜ, ਯੂਨੀਵਰਸਿਟੀਆਂ ਵੀ ਜ਼ੋਰਾਂ-ਸ਼ੋਰਾਂ ਨਾਲ ‘ਇਸ ਸੋਚ’ ਦਾ ਪਾਠ ਪੜ੍ਹਾਉਂਦੀਆਂ ਹਨ। ਰੋਜ਼ਮਰ੍ਹਾ ਦੀ ਜ਼ਿੰਦਗੀ ਇਸੇ ਸੋਚ ਦੁਆਲੇ ਚਰਖੜੀ ਵਾਂਗ ਦਿਨ-ਰਾਤ ਘੁੰਮਦੀ ਹੈ।

ਘਰਾਂ ਦੇ ਅੰਦਰ-ਬਾਹਰ ‘ਸਵਰਗ’ ਦੇ ਦਲਾਲਾਂ ਨੇ ਆਪਣੀਆਂ ਮੰਜੀਆਂ ਟਿਕਾਈਆਂ ਹੋਈਆਂ ਹਨ, ਜਿਹੜੇ ਦਿਨ-ਰਾਤ, ਸੱਤੇ ਦਿਨ ‘ਸਵਰਗ’ ਵਿੱਚ ਜਾਣ ਦੇ ਰਸਤਿਆਂ ਦਾ ਵਿਖਿਆਨ ਕਰਦੇ ਰਹਿੰਦੇ ਹਨ। “ਮੌਤ” ਦਾ ਡਰ ਲੋਕਾਂ ਦੇ ਦਿਮਾਗਾਂ ਵਿੱਚ ਕਿੱਲ ਵਾਂਗ ਠੋਕਿਆ ਜਾ ਰਿਹਾ ਹੈ, ਪਰ ਮੌਤ ਤੋਂ ਕਿਵੇਂ ਬਚਣਾ ਹੈ, ਇਸ ਦੀ ਕਿਸੇ ਗੁਰੂ-ਘੰਟਾਲ, ਪੀਰ, ਮਹਾਰਾਜ, ਸਾਧ, ਬਾਬੇ, ਭਾਈ, ਪ੍ਰੋਹਿਤ ਅਤੇ ਮੁਲਾਣੇ ਕੋਲ ‘ਗਿੱਦੜ-ਸਿੰਙੀ’ ਨਹੀਂ ਹੈ। ਇਹ ਹੀ ਕਾਰਨ ਹੈ ਕਿ ਅਸੀਂ ਅੰਧ ਵਿਸ਼ਵਾਸਾਂ ਨਾਲ ਪੂਰੀ ਤਰ੍ਹਾਂ ਲੈਸ ਜ਼ਿੰਦਗੀ ਜੀਅ ਰਹੇ ਹਾਂ। ਪ੍ਰਸਿੱਧ ਬਰਤਾਨਵੀ ਸਾਇੰਸਦਾਨ ਸਟੀਫਨ ਹਾਕਿੰਗ ਦਾ ਕਥਨ ਹੈ:

ਮੈਨੂੰ ਰੱਬ ਤੋਂ ਡਰ ਨਹੀਂ ਲਗਦਾ, ਕਿਉਂਕਿ ਉਹ ਹੈ ਹੀ ਨਹੀਂ। ਮੈਨੂੰ ਰੱਬ ਨੂੰ ਮੰਨਣ ਵਾਲਿਆਂ ਤੋਂ ਡਰ ਲੱਗਦਾ ਹੈ, ਕਿਉਂਕਿ ਧਾਰਮਿਕ ਫਸਾਦਾਂ ਦੁਆਰਾ ਦੁਨੀਆ ਵਿੱਚ ਸਭ ਤੋਂ ਵੱਧ ਬੇਗੁਨਾਹਾਂ ਦਾ ਖ਼ੂਨ ਉਨ੍ਹਾਂ ਨੇ ਹੀ ਡੋਲ੍ਹਿਆ ਹੈ ਅਤੇ ਡੋਲ੍ਹ ਰਹੇ ਹਨ।

ਮਾਨਸਿਕ ਤੌਰ ਉਪਰ ਗੁਲਾਮ ਬਣਾਉਣ ਵਿੱਚ ਅੰਧ-ਵਿਸ਼ਵਾਸ ਦਾ ਬੜਾ ਵੱਡਾ ਹਿੱਸਾ ਹੈ। ਇਸੇ ਕਰਕੇ ਇਕ ਵਾਰ ਓਸ਼ੋ ਨੇ ਕਿਹਾ ਸੀ ਕਿ ਲੰਬੇ ਸਮੇਂ ਲਈ ਗੁਲਾਮ ਰਹਿਣ ਵਾਲੇ ਲੋਕਾਂ ਨੂੰ ਜੇ ਆਜ਼ਾਦ ਹੋਣ ਵਾਲਾ ਦਰਵਾਜ਼ਾ ਖੋਲ੍ਹ ਦੇਈਏ ਤਾਂ ਉਹ ਅੱਗੋਂ ਆਜ਼ਾਦ ਕਰਨ ਵਾਲੇ ਨਾਲ ਲੜ ਪੈਣਗੇ ਕਿ ਤੁਸੀਂ ਸਾਡੀ ਸ਼ਾਂਤੀ ਭੰਗ ਕਰ ਰਹੇ ਹੋ। ਅਸੀਂ ਇੱਥੇ ਠੀਕ ਹਾਂ, ਤੁਸੀਂ ਜਾਓ।

ਉਹ ਲੋਕ ਠੀਕ ਹੀ ਕਹਿ ਰਹੇ ਹੁੰਦੇ ਹਨ ਕਿਉਂਕਿ ਉਹ ਹਨੇਰੇ ਵਿੱਚ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ। ਉਹ ਕਹਿੰਦੇ ਨੇ ਕਿ ਤੁਸੀਂ ਸਾਡੀ ਸ਼ਾਂਤੀ ਭੰਗ ਨਾ ਕਰੋ, ਚਲੇ ਜਾਓ ਇੱਥੋਂ। ਇਹ ਸੁਭਾਵਿਕ ਹੀ ਹੈ ਕਿ ਜਿਹੋ ਜਿਹੇ ਮਾਹੌਲ ਵਿੱਚ ਅਸੀਂ ਰਹਿੰਦੇ ਹਾਂ, ਸਾਨੂੰ ਉਸ ਮਹੌਲ ਅਨੁਸਾਰ ਢਲਣਾ ਪੈਂਦਾ ਹੈ, ਨਹੀਂ ਤਾਂ ਅਸੀਂ ਮਰ ਜਾਵਾਂਗੇ। ਇਸ ਗੱਲ ਦੀ ਦੋਹਰ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਵੀ ਪਾਉਂਦਾ ਹੈ।

ਓਸ਼ੋ ਦਾ ਕਹਿਣਾ ਹੈ ਕਿ ਬਸ ਇਵੇਂ ਹੀ ਸਾਡੇ ਨਾਲ ਹੋਇਆ ਹੈ। ਅਸੀਂ ਆਦੀ ਹੋ ਗਏ ਹਾਂ ਗੁਲਾਮੀ ਦੇ, ਹਨੇਰੇ ਦੇ। ਤੁਸੀਂ ਇਕ ਚੂਹੇ ਨੂੰ ਕੁੜਿਕੀ ਵਿੱਚ ਕੈਦ ਕਰ ਲਓ ਅਤੇ ਫਿਰ ਪਿੰਜਰੇ ਵਿੱਚ ਬੰਦ ਕਰ ਦਿਓ। ਤੁਸੀਂ ਦੇਖੋਗੇ ਕਿ ਉਹ ਆਜ਼ਾਦ ਹੋਣ ਲਈ ਟਪੂਸੀਆਂ ਮਾਰੇਗਾ। ਹੁਣ ਤੁਸੀਂ ਉਸ ਚੂਹੇ ਨੂੰ ਉਸ ਪਿੰਜਰੇ ਵਿੱਚ ਰੋਟੀ ਅਤੇ ਪਾਣੀ ਦੇਣਾ ਸ਼ੁਰੂ ਕਰ ਦਿਓ। ਲੱਗਭੱਗ ਪੰਜ ਕੁ ਦਿਨ ਬਾਅਦ ਪਿੰਜਰਾ ਖੋਲ੍ਹ ਦੇਣਾ, ਚੂਹਾ ਡਰ ਜਾਵੇਗਾ ਅਤੇ ਪਿੰਜਰੇ ਦੇ ਇਕ ਖੂੰਜੇ ਵਿੱਚ ਲੱਗ ਕੇ ਬੈਠ ਜਾਵੇਗਾ।

ਇਹ ਹਾਲ ਹੀ ਸਾਡੇ ਵਿੱਚੋਂ ਬਹੁਤਿਆਂ ਦਾ ਹੈ। ਇਸ ਨੂੰ ਹੋਰ ਸਪੱਸ਼ਟ ਕਰਨ ਲਈ ਇਕ ਹੋਰ ਉਦਾਹਰਣ ਵੱਲ ਦੇਖਦੇ ਹਾਂ। ਇਕ ਵਾਰ ਆਪਣੇ ਦੇਸ਼ ਭਾਰਤ ਵਿੱਚ ਇੱਕ ਪੁਜਾਰੀ ਨਾਲ ਇੱਕ ਅਮਰੀਕੀ ਪੱਤਰਕਾਰ ਨੇ ਇੰਟਰਵਿਊ ਲੈਂਦਿਆਂ ਪੁੱਛਿਆ ਕਿ ਦੁਨੀਆ ਵਿੱਚ ਜਿੱਥੇ ਵੀ ਕਿਸੇ ਦਾ ਸ਼ੋਸ਼ਣ ਹੋਇਆ ਹੈ, ਉਥੇ ਸ਼ੋਸਿਤਾਂ ਦੁਆਰਾ ਸ਼ੋਸ਼ਣ ਖਿਲਾਫ਼ ਕ੍ਰਾਂਤੀ ਹੋਈ ਹੈ। ਭਾਰਤ ਵਿੱਚ ਤੁਸੀਂ ਕਈ ਵਰ੍ਹਿਆਂ ਤੋਂ ਅੱਤਿਆਚਾਰ ਕਰਦੇ ਆ ਰਹੇ ਹੋ, ਲੁੱਟ ਕਰ ਰਹੇ ਹੋ, ਪਰ ਫਿਰ ਵੀ ਲੋਕ ਸ਼ੋਸ਼ਣ ਦੇ ਵਿਰੁੱਧ ਕ੍ਰਾਂਤੀ ਕਿਉਂ ਨਹੀਂ ਕਰਦੇ ਤਾਂ ਪੁਜਾਰੀ (ਇਹ ਗੱਲ ਭਾਈ, ਮੁੱਲਾਂ, ਪਾਦਰੀ ਅਤੇ ਹੋਰ ਧਰਮਾਂ ਦੇ ਪੁਜਾਰੀਆਂ ’ਤੇ ਵੀ ਲਾਗੂ ਹੁੰਦੀ ਹੈ) ਨੇ ਕਿਹਾ : ਭਾਰਤ ਵਿੱਚ ਰਹਿਣ ਵਾਲੇ ਲੋਕ ਬੱਚਾ ਪੈਦਾ ਕਰ ਸਕਦੇ ਹਨ, ਪਰ ਉਹਦਾ ਨਾਂਅ ਨਹੀਂ ਰੱਖ ਸਕਦੇ। ਇਹ ਲੋਕ ਵਿਆਹ ਤਾਂ ਕਰ ਸਕਦੇ ਹਨ ਪਰ ਸਾਡੇ ਤੋਂ ਬਿਨਾਂ ਵਿਆਹ ਦੀ ਤਾਰੀਖ ਨਹੀਂ ਮਿਥ ਸਕਦੇ। ਇਹ ਲੋਕ ਵੱਡੇ ਕੰਮ ਵਪਾਰ ਤਾਂ ਸ਼ੁਰੂ ਕਰ ਲੈਂਦੇ ਹਨ, ਪਰ ਸਾਡੇ ਦੁਆਰਾ ਕੱਢੇ ਸ਼ੁੱਭ ਮਹੂਰਤ ਤੋਂ ਬਿਨਾਂ ਉਸ ਕੰਮ, ਵਪਾਰ ਦੀ ਸ਼ੁਰੂਆਤ ਨਹੀਂ ਕਰ ਸਕਦੇ। ਜਿਹੜੇ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਨਹੀਂ ਲੈਣੇ ਆਉਂਦੇ ਅਤੇ ਜਿਨ੍ਹਾਂ ਨੂੰ ਆਪਣੇ ਚੰਗੇ-ਬੁਰੇ ਦਾ ਗਿਆਨ ਨਹੀਂ ਹੈ, ਇਸ ਤੋਂ ਬਿਨਾਂ ਜਿਹੜੇ ਲੋਕਾਂ ਨੂੰ ਅੱਜ ਵੀ ਆਪਣੇ ਮਾਂ-ਬਾਪ ਤੋਂ ਜ਼ਿਆਦਾ ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਕਬਰਾਂ-ਮਟੀਆਂ, ਬਾਬਿਆਂ, ਸੰਤਾਂ, ਮਹਾਰਾਜਾ ਅਤੇ ਪੀਰਾਂ ਆਦਿ ਵਿੱਚ ਵਿਸ਼ਵਾਸ ਹੋਵੇ ਅਤੇ ਜਿਹੜੇ ਲੋਕ ਕੁੱਤੇ, ਬਿੱਲੀ, ਪੇੜ-ਪੌਦੇ, ਦਿਨਾਂ, ਤਾਰੀਖਾਂ, ਵਿਧਵਾ, ਸੁਹਾਗਣਾਂ ਨੂੰ ਅਸ਼ੁੱਭ ਮੰਨਦੇ ਹੋਣ, ਜੋ ਲੋਕ ਵਿਗਿਆਨਕ ਸਿੱਖਿਆ ਅਤੇ ਤਰਕਸ਼ੀਲਤਾ ਤੋਂ ਦੂਰ ਭੱਜਦੇ ਹੋਣ, ਮਜ਼ਦੂਰੀ ਨੂੰ ਕਿਸਮਤ ਮੰਨਦੇ ਹੋਣ ਅਤੇ ਜੋ ਲੋਕ ਬਿਮਾਰੀ ਅਤੇ ਮੁਸੀਬਤ ਨੂੰ ਰੱਬ ਦਾ ਪ੍ਰਕੋਪ, ਸਰਾਪ ਸਮਝਦੇ ਹੋਣ, ਉਹ ਲੋਕ ਕਦੇ ਵੀ ਕ੍ਰਾਂਤੀ ਨਹੀਂ ਕਰ ਸਕਦੇ।

ਅਗਿਆਨਤਾ ਅਤੇ ਅੰਧ-ਵਿਸ਼ਵਾਸ ਇੱਕੋ ਸਿੱਕੇ ਦੇ ਦੋ ਪਾਸੇ ਹਨ। ਇਹ ਦੋਵੇਂ ਨਫ਼ਰਤ ਫੈਲਾਉਣ ਵਿੱਚ ਬਹੁਤ ਵੱਡਾ ਰੋਲ ਅਦਾ ਕਰਦੇ ਹਨ। ਇਹਦੀ ਹੋਰ ਵਿਆਖਿਆ ਦੇਖੋ : ਜੱਜ ਨੇ ਮਿਸਰ ਦੇ ਰਾਸ਼ਟਰਪਤੀ ਅਨਵਰ ਸਾਦਾਤ ਦੇ ਕਾਤਲ ਨੂੰ ਪੁੱਛਿਆ:

ਤੂੰ ਅਨਵਰ ਸਾਦਾਤ ਨੂੰ ਕਿਉਂ ਕਤਲ ਕੀਤਾ?

ਜਵਾਬ : ਕਿਉਂਕਿ ਉਹ ਇਕ ਧਰਮ ਨਿਰਪੱਖ ਅਨਸਰ ਸੀ।

ਜੱਜ : ਧਰਮ ਨਿਰਪੱਖ ਤੋਂ ਤੇਰਾ ਕੀ ਮਤਲਬ, ਭਾਵ ਹੈ?

ਕਾਤਲ : ਮੈਨੂੰ ਨਹੀਂ ਪਤਾ

ਮਿਸਰ ਦੇ ਲੇਖਕ ਨਗੀਬ ਮਹਿਫ਼ੂਜ਼ ਦੀ ਹੱਤਿਆ ਦੀ ਕੋਸ਼ਿਸ਼ ਵਿੱਚ ਜੱਜ ਨੇ ਪੁੱਛਿਆ : ਤੂੰ ਉਸ ਨੂੰ ਚਾਕੂ ਕਿਉਂ ਮਾਰਿਆ?

ਅੱਤਵਾਦੀ ਨੇ ਜੁਆਬ ਦਿੱਤਾ : ਉਸ ਦੇ ਨਾਵਲ-‘ਸਾਡੇ ਗੁਆਂਢ ਦੇ ਬੱਚੇ’ ਕਾਰਨ।

ਜੱਜ : ਕੀ ਤੂੰ ਨਾਵਲ ਪੜ੍ਹਿਆ ਹੈ?

ਅੱਤਵਾਦੀ : ਨਹੀਂ।

ਇਕ ਹੋਰ ਜੱਜ ਨੇ ਮਿਸਰ ਦੇ ਹੀ ਇਕ ਹੋਰ ਲੇਖਕ-ਫਰਾਜ ਫੌਦਾ ਨੂੰ ਮਾਰਨ ਵਾਲੇ ਅਪਰਾਧੀ ਨੂੰ ਪੁੱਛਿਆ:

ਤੂੰ ਫਰਾਜ ਦਾ ਕਤਲ ਕਿਉਂ ਕੀਤਾ?

ਅਪਰਾਧੀ : ਕਿਉਂਕਿ ਉਹ ਗਦਾਰ ਸੀ।

ਜੱਜ : ਤੈਨੂੰ ਕਿਉਂ ਲੱਗਾ ਕਿ ਉਹ ਗਦਾਰ ਸੀ।

ਅਪਰਾਧੀ : ਉਸ ਦੀਆਂ ਲਿਖੀਆਂ ਕਿਤਾਬਾਂ ਤੋਂ ਜਾਣਿਆ ਕਿ ਉਹ ਗਦਾਰ ਹੈ

ਜੱਜ : ਤੈਨੂੰ ਉਹਦੀ ਕਿਹੜੀ ਕਿਤਾਬ ਤੋਂ ਲੱਗਾ ਕਿ ਉਹ ਗਦਾਰ ਹੈ?

ਅਪਰਾਧੀ : ਮੈਂ ਉਹਦੀ ਕੋਈ ਕਿਤਾਬ ਨਹੀਂ ਪੜ੍ਹੀ।

ਜੱਜ : ਕਿਉਂ ਨਹੀਂ ਪੜ੍ਹੀ?

ਅਪਰਾਧੀ : ਮੈਂ ਪੜ੍ਹਨਾ-ਲਿਖਣਾ ਨਹੀਂ ਜਾਣਦਾ।

ਕੀ ਇਹ ਅੱਜ ਦੀ ਸੱਚਾਈ ਨਹੀਂ ਹੈ?

ਅਸੀਂ ਆਪਣੇ ਹੀ ਦੇਸ਼ ਦੇ ਗੌਤਮ ਬੁੱਧ ਦੇ ਦ੍ਰਿਸ਼ਟੀਕੋਣ ਨੂੰ ਭੁੱਲ ਗਏ ਹਾਂ, ਜੀਹਨੇ ਸਾਨੂੰ ਹਜ਼ਾਰਾਂ ਸਾਲ ਪਹਿਲਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਸੰਸਾਰ ਨੂੰ ਚਲਾਉਣ ਵਾਲਾ ਕੋਈ ਨਹੀਂ ਹੈ ਅਤੇ ਨਾ ਹੀ ਕੋਈ ਇਸ ਸੰਸਾਰ ਨੂੰ ਬਣਾਉਣ ਵਾਲਾ ਹੈ।

* ਨਾ ਕੋਈ ਰੱਬ, ਭਗਵਾਨ, ਅੱਲਾ, ਈਸ਼ਵਰ ਹੈ। ਨਾ ਕੋਈ ਆਤਮਾ ਹੈ। ਜਿਸ ਨੂੰ ਲੋਕ ਆਤਮਾ ਸਮਝਦੇ ਹਨ, ਉਹ ਚੇਤਨਾ ਦਾ ਪ੍ਰਵਾਹ ਹੈ ਅਤੇ ਇਹ ਪ੍ਰਵਾਹ ਕਦੇ ਵੀ ਰੁਕ ਸਕਦਾ ਹੈ।
* ਰੱਬ ਅਤੇ ਕਿਸਮਤਵਾਦ ਕੋਰੀ ਕਲਪਨਾ ਹੈ, ਜੋ ਸਾਨੂੰ ਜ਼ਿੰਦਗੀ ਦੀ ਸੱਚਾਈ ਅਤੇ ਹਕੀਕਤ ਤੋਂ ਦੂਰ ਕਰਕੇ ਦੂਜਿਆਂ ਉਪਰ ਨਿਰਭਰ ਬਣਾਉਂਦੀ ਹੈ।
* ਸਿਰਫ਼ ਬੁੱਧੀ (ਸਮਝ, ਤਰਕ) ਦਾ ਹੋਣਾ ਹੀ ਸੱਚ ਹੈ। ਇਸ ਬੁੱਧੀ ਕਰਕੇ ਹੀ ਸਾਰਾ ਸੰਸਾਰ ਪ੍ਰਕਾਸ਼ਵਾਨ ਹੈ
* ਨਾ ਯੱਗ, ਹਵਨ, ਪਾਠ, ਜਗਰਾਤਾ, ਸੁੱਖਣਾ ਸੁੱਖਣ ਨਾਲ ਭਲਾ ਹੁੰਦਾ ਹੈ ਅਤੇ ਨਾ ਹੀ ਮਾਲਾ ਫੇਰਨ, ਨਾਮ ਜੱਪਣ, ਸਤਿਸੰਗ ਸੁਣਨ, ਧਾਰਮਿਕ ਗ੍ਰੰਥ (ਕਿਤਾਬਾਂ) ਪੜ੍ਹਨ ਨਾਲ। ਇਨ੍ਹਾਂ ਧਾਰਮਿਕ ਕਿਤਾਬਾਂ (ਗ੍ਰੰਥਾਂ) ਨੂੰ ਇਲਹਾਮੀ ਕਹਿਣਾ ਜਾਂ ਗਲਤੀ ਰਹਿਤ ਮੰਨਣਾ ਨਾ-ਸਮਝੀ ਹੈ।
* ਪਾਠ-ਪੂਜਾ ਕਰਨ ਨਾਲ, ਤੀਰਥ ਅਸਥਾਨਾਂ ਉਪਰ ਜਾਣ ਜਾਂ ਸਰੋਵਰਾਂ, ਨਦੀਆਂ ਵਿੱਚ ਨਹਾਉਣ ਨਾਲ ਕੁਝ ਵੀ ਸ਼ੁੱਭ-ਅਸ਼ੁੱਭ ਨਹੀਂ ਹੁੰਦਾ ਅਤੇ ਨਾ ਹੀ ਪਾਪ ਧੋਤੇ ਜਾਂਦੇ ਹਨ।
* ਕਿਸੇ ਗੱਲ ’ਤੇ ਇਸ ਲਈ ਵਿਸ਼ਵਾਸ ਕਰ ਲੈਣਾ ਕਿ ਉਹ ਕਿਸੇ ਧਾਰਮਿਕ ਵਿਅਕਤੀ ਨੇ ਕਹੀ ਹੈ, ਸਭ ਤੋਂ ਵੱਡੀ ਮੂਰਖਤਾ ਹੈ।
* ਕਿਸੇ ਵੀ ਗੱਲ ਨੂੰ ਪਹਿਲਾਂ ਜਾਣੋ, ਛਾਣੋ ਅਤੇ ਫਿਰ ਮੰਨੋ। ਆਪਣੀ ਤਰਕ ਸ਼ਕਤੀ ਅਤੇ ਬੁੱਧੀ ਦਾ ਪੂਰਾ ਇਸਤੇਮਾਲ ਕਰੋ। ਅਨੁਭਵੀ ਹੋ ਕੇ ਜਾਣੋ ਅਤੇ ਸੋਚੋ ਕਿ ਇਸ ਗੱਲ ਨੂੰ ਮੰਨਣ ਨਾਲ ਮੇਰਾ ਵਿਕਾਸ ਹੋ ਸਕਦਾ ਹੈ।

# ਲੋਕ ਕਲਾਕਾਰ ਤੇ ਇੱਕ ਕਮਿਊਨਿਸਟ ਨੇਤਾ

# ਬਲਰਾਜ ਸਾਹਨੀ



ਬਲਰਾਜ ਸਾਹਨੀ ਇੱਕ ਉੱਘੇ ਲੋਕ ਅਤੇ ਫਿਲਮ ਕਲਾਕਾਰ, ਇਪਟਾ ਦੇ ਸੰਸਥਾਪਕ, ਕਮਿਊਨਿਸਟ ਨੇਤਾ ਅਤੇ ਪੀ ਸੀ ਜੋਸ਼ੀ ਦੇ ਨਜ਼ਦੀਕੀ ਸਹਿਯੋਗੀ ਸਨ। ਉਨ੍ਹਾ ਦਾ ਜਨਮ 1 ਮਈ, 1913 ਨੂੰ ਰਾਵਲਪਿੰਡੀ (ਮੌਜੂਦਾ ਪਾਕਿਸਤਾਨ) ਵਿੱਚ ਹੋਇਆ ਸੀ। ਉਨ੍ਹਾ ਦੇ ਪਿਤਾ ਲਾਲਾ ਹਰਬੰਸ ਲਾਲ ਸਾਹਨੀ ਇੱਕ ਸ਼ਰਧਾਲੂ ਆਰੀਆ ਸਮਾਜੀ ਸਨ, ਜਿਨ੍ਹਾ ਆਪਣੀ ਜ਼ਿੰਦਗੀ ਇੱਕ ਗਰੀਬ ਆਦਮੀ ਵਜੋਂ ਸ਼ੁਰੂ ਕੀਤੀ, ਜੋ ਸਖ਼ਤ ਮਿਹਨਤ ਅਤੇ ਇਮਾਨਦਾਰੀ ਨਾਲ ਇੱਕ ਸਥਾਪਤ ਵਪਾਰੀ ਬਣ ਗਏ, ਫਿਰ ਵੀ ਉਹ ਇੱਕ ਆਮ ਮੱਧ ਵਰਗੀ ਪਰਵਾਰ ਵਾਂਗ ਰਹਿੰਦੇ ਸਨ।

ਬਲਰਾਜ ਦਾ ਨਾਂਅ ਪਹਿਲਾਂ ਯੁਧਿਸ਼ਟਰ ਰੱਖਿਆ ਗਿਆ ਸੀ, ਪਰ ਇਸ ਨੂੰ ਬਦਲ ਕੇ ਬਲਰਾਜ ਕਰ ਦਿੱਤਾ ਗਿਆ, ਕਿਉਂਕਿ ਉਨ੍ਹਾ ਦੀ ਭੈਣ ਇਸ ਨਾਂਅ ਦਾ ਠੀਕ ਉਚਾਰਨ ਨਹੀਂ ਕਰ ਸਕਦੀ ਸੀ : ਯੁਧਿਸ਼ਟਰ ਨੂੰ ਹਮੇਸ਼ਾ 'ਰਜਿਸਟਰ' ਕਹਿੰਦੀ ਸੀ। ਇਸ ਲਈ ਉਹ ਬਲਰਾਜ ਬਣ ਗਿਆ! ਉਸ ਦੀ ਮਾਂ ਦਾ ਦਿਮਾਗ ਬਹੁਤ ਤੇਜ਼ ਸੀ, ਭਾਵੇਂ ਰਸਮੀ ਤੌਰ 'ਤੇ ਉਹ ਪੜ੍ਹੀ-ਲਿਖੀ ਨਹੀਂ ਸੀ, ਪਰ ਉਸ ਨੇ ਬਲਰਾਜ ਤੋਂ ਉਰਦੂ ਅਤੇ ਸੰਸਕ੍ਰਿਤ ਸਿੱਖਣੀ ਸ਼ੁਰੂ ਕਰ ਦਿੱਤੀ। ਦੁਨੀਆ ਅਤੇ ਰਾਜਨੀਤੀ ਬਾਰੇ ਉਨ੍ਹਾ ਦੇ ਖਿਆਲ ਖੁੱਲ੍ਹੇ ਸਨ।

ਬਲਰਾਜ ਦਾ ਵੱਡਾ ਭਰਾ ਮਸ਼ਹੂਰ ਲੇਖਕ ਭੀਸ਼ਮ ਸਾਹਨੀ ਸੀ। ਉਨ੍ਹਾ ਆਪਣਾ ਬਚਪਨ ਆਰੀਆ ਸਮਾਜ ਦੇ ਕਈ ਸਿਧਾਂਤਾਂ ਅਤੇ ਨਿਯਮਾਂ ਦੀ ਪਾਲਣਾ ਕਰਦਿਆਂ ਬਿਤਾਇਆ। ਸੰਗੀਤ ਦੀ ਮਨਾਹੀ ਸੀ।

ਦੋਵਾਂ ਨੂੰ ਪਰੰਪਰਾਗਤ ਸਿੱਖਿਆ ਲਈ ਗੁਰੂਕੁਲ ਭੇਜਿਆ ਗਿਆ, ਜੋ ਸੰਨਿਆਸੀਆਂ ਦੁਆਰਾ ਚਲਾਇਆ ਜਾਂਦਾ ਸੀ, ਜਿੱਥੇ ਵਿਆਕਰਣ ਦੇ ਸੂਤਰ ਅਤੇ 'ਲਘੂ ਕੌਮੁਦੀ' ਆਦਿ ਵਰਗੀਆਂ ਚੀਜ਼ਾਂ ਸਿਖਾਈਆਂ ਜਾਂਦੀਆਂ ਸਨ, ਪਰ ਬਲਰਾਜ ਦਾ ਗੁਰੂਕੁਲ ਵਿੱਚ ਮਨ ਨਹੀਂ ਲੱਗਿਆ ਅਤੇ ਉਨ੍ਹਾ ਗੁਰੂ ਕੁਲ ਛੱਡ ਕੇ ਨਿਯਮਤ ਸਕੂਲ ਵਿੱਚ ਦਾਖਲ ਹੋਣ ਬਾਰੇ ਕਿਹਾ। ਉਨ੍ਹਾ ਦੇ ਪਿਤਾ ਸਹਿਮਤ ਹੋ ਗਏ। ਅਗਲੇ ਹੀ ਦਿਨ ਦੋਵੇਂ ਭਰਾਵਾਂ ਨੂੰ ਡੀ ਏ ਵੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ, ਬਲਰਾਜ ਉਦੋਂ ਚੌਥੀ ਜਮਾਤ ਵਿੱਚ ਸਨ।

ਬਲਰਾਜ ਨੇ ਹਿੰਦੀ ਅਤੇ ਸੰਸਕ੍ਰਿਤ ਸਿੱਖੀ। ਦਰਅਸਲ ਉਹ ਭਵਿੱਖ ਵਿੱਚ ਕਈ ਭਾਸ਼ਾਵਾਂ ਸਿੱਖਣਾ ਚਾਹੁੰਦੇ ਸਨ। ਸਕੂਲ ਵਿੱਚ ਰਹਿੰਦਿਆਂ ਉਨ੍ਹਾ ਹੱਥ ਲਿਖਤ ਇੱਕ-ਵਰਕੇ ਵਾਲਾ ਰਸਾਲਾ 'ਹਕੀਕਤ' ਕੱਢਿਆ, ਜੋ ਸਕੂਲ ਵਿੱਚ ਵਿਆਪਕ ਤੌਰ 'ਤੇ ਵੰਡਿਆ ਜਾਂਦਾ ਸੀ।

ਬਲਰਾਜ ਨੇ ਸ਼ੁਰੂਆਤੀ ਸਾਲ ਰਾਵਲਪਿੰਡੀ ਵਿੱਚ ਬਿਤਾਏ, ਜਿੱਥੇ ਉਨ੍ਹਾ ਮੈਟ੍ਰਿਕ ਕੀਤੀ, ਜ਼ਿਲ੍ਹੇ ਵਿੱਚ ਦੂਜੇ ਸਥਾਨ 'ਤੇ ਰਹੇ ਅਤੇ ਵਜ਼ੀਫਾ ਪ੍ਰਾਪਤ ਕੀਤਾ।

ਜਦੋਂ ਭਗਤ ਸਿੰਘ ਨੂੰ ਫਾਂਸੀ 'ਤੇ ਚੜ੍ਹਾਇਆ ਗਿਆ ਤਾਂ ਬਲਰਾਜ ਨੇ ਇੱਕ ਕਵਿਤਾ ਲਿਖੀ ਸੀ।

ਗ੍ਰੈਜੂਏਸ਼ਨ ਕਰਨ ਲਈ ਉਹ ਲਾਹੌਰ ਗਏ। ਪਿਤਾ ਚਾਹੁੰਦੇ ਸਨ ਕਿ ਉਹ ਕਾਮਰਸ ਦੀ ਪੜ੍ਹਾਈ ਕਰਨ, ਪਰ ਬਲਰਾਜ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਕਰਨਾ ਚਾਹੁੰਦੇ ਸਨ। ਉਨ੍ਹਾ ਉੱਥੇ ਸਰਕਾਰੀ ਕਾਲਜ ਵਿੱਚ ਦਾਖਲਾ ਲੈ ਲਿਆ ਅਤੇ ਅੰਗਰੇਜ਼ੀ ਸਾਹਿਤ ਵਿੱਚ ਮਾਸਟਰ ਦੀ ਡਿਗਰੀ ਹਾਸਲ ਕੀਤੀ।

ਬਲਰਾਜ ਨੇ ਉਥੇ ਸਾਹਿਤਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਆਪਣੇ ਆਖਰੀ ਸਾਲ ਵਿੱਚ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੇ ਸਕੱਤਰ ਵੀ ਬਣੇ। ਉਨ੍ਹਾ ਕਾਲਜ ਵਿਦਿਆਰਥੀ ਮੈਗਜ਼ੀਨ 'ਰਵੀ' ਵਿੱਚ ਵਿਆਪਕ ਤੌਰ 'ਤੇ ਲਿਖਿਆ।

ਉਹ 1934 ਵਿੱਚ ਲਾਹੌਰ ਤੋਂ ਵਾਪਸ ਆਏ ਅਤੇ ਆਪਣੇ ਪਿਤਾ ਦੇ ਕਾਰੋਬਾਰ ਵਿੱਚ ਮਦਦ ਕਰਨ ਲੱਗੇ, ਪਰ ਉਨ੍ਹਾ ਦਾ ਕਾਰੋਬਾਰ ਨਾਲੋਂ ਹੋਰ ਗਤੀਵਿਧੀਆਂ ਵੱਲ ਜ਼ਿਆਦਾ ਧਿਆਨ ਸੀ। ਉਦਾਹਰਣ ਵਜੋਂ ਉਹ ਪੰਜਾਬ ਦੇ ਲੋਕ ਗੀਤ ਇਕੱਠੇ ਕਰਨ ਲਈ ਘੁੰਮਦੇ ਰਹੇ। ਉਨ੍ਹਾ ਇੱਕ ਸਾਹਿਤਕ ਰਸਾਲਾ ਕੱਢਣ ਦੀ ਕੋਸ਼ਿਸ਼ ਕੀਤੀ। ਉਹ ਮਸ਼ਹੂਰ ਕਸ਼ਮੀਰੀ ਕਵੀ ਮਹਜੂਰ ਨੂੰ ਮਿਲੇ। ਸਾਲਾਂ ਬਾਅਦ ਉਨ੍ਹਾ ਕਸ਼ਮੀਰ ਰਾਜ ਸਰਕਾਰ ਦੀ ਮਦਦ ਨਾਲ ਮਹਜੂਰ ਦੇ ਜੀਵਨ 'ਤੇ ਇੱਕ ਫਿਲਮ ਬਣਾਈ।

### ਵਿਆਹ

ਬਲਰਾਜ ਦਾ ਵਿਆਹ 1936 ਵਿੱਚ ਦਮਯੰਤੀ ਨਾਲ ਹੋਇਆ, ਜੋ ਉਨ੍ਹਾ ਦੇ ਕਾਲਜ ਅਧਿਆਪਕ ਦੇ ਦੋਸਤ ਜਸਵੰਤ ਰਾਏ ਦੀ ਭੈਣ ਸੀ। ਦੋਵੇਂ ਪਰਵਾਰ ਇੱਕ-ਦੂਜੇ ਨੂੰ ਜਾਣਦੇ ਸਨ। ਦਮਯੰਤੀ ਨੂੰ ਪਿਆਰ ਨਾਲ 'ਦਮੋ' ਕਿਹਾ ਜਾਂਦਾ ਸੀ ਅਤੇ ਉਹ ਬਲਰਾਜ ਵਾਂਗ ਹੀ ਅਸਾਧਾਰਨ ਸ਼ਖ਼ਸੀਅਤ ਸੀ। ਉਹ ਘੁੰਮਣ ਲਈ ਸਾਈਕਲਾਂ 'ਤੇ ਜਾਂ ਮਾਲ ਗੱਡੀ ਦੇ ਖੁੱਲ੍ਹੇ ਡੱਬਿਆਂ ਵਿੱਚ ਸਫ਼ਰ ਕਰਦੇ ਸਨ।

### ਇੱਕ ਨਵੀਂ ਦੁਨੀਆ ਵਿੱਚ

ਦੋਵਾਂ ਨੇ ਪਿਤਾ ਦੇ ਸਖ਼ਤ ਵਿਰੋਧ ਦੇ ਬਾਵਜੂਦ ਅਚਾਨਕ ਰਾਵਲਪਿੰਡੀ ਛੱਡ ਕੇ ਲਾਹੌਰ ਜਾਣ ਦਾ ਫੈਸਲਾ ਕੀਤਾ, ਪਰ ਮਾਂ ਨੇ ਬੱਚਿਆਂ ਦਾ ਪੱਖ ਲਿਆ ਅਤੇ ਕਿਹਾ—ਮੁੰਡੇ ਨੂੰ ਜਾਣ ਦਿਓ। ਬਲਰਾਜ ਨੇ ਭੀਸ਼ਮ ਨੂੰ ਕੁਝ ਕਾਰੋਬਾਰੀ ਮਾਮਲਿਆਂ ਬਾਰੇ ਦੱਸਿਆ ਅਤੇ ਅਗਲੇ ਦਿਨ 21 ਸਤੰਬਰ, 1937 ਨੂੰ ਦਮਯੰਤੀ ਨਾਲ ਲਾਹੌਰ ਲਈ ਰਵਾਨਾ ਹੋ ਗਏ। ਉਨ੍ਹਾਂ ਬੀ ਪੀ ਐੱਲ ਬੇਦੀ, ਫਰੇਦਾ ਬੇਦੀ ਅਤੇ ਜਗ ਪ੍ਰਵੇਸ਼ ਚੰਦਰ ਦੇ ਨਾਲ ਇੱਕ ਹਫ਼ਤਾਵਾਰੀ 'ਮੰਡੇ ਸਵੇਰ' ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਪਰ ਇਹ ਅਸਫਲ ਰਿਹਾ। ਫਿਰ ਉਨ੍ਹਾਂ ਅਦਾਕਾਰੀ ਅਤੇ ਲਿਖਣ ਵੱਲ ਧਿਆਨ ਦਿੱਤਾ।

ਜਲਦੀ ਹੀ ਉਹ ਕਲਕੱਤਾ ਚਲੇ ਗਏ ਅਤੇ ਇੱਕ ਮਹੀਨੇ ਬਾਅਦ ਸ਼ਾਂਤੀ ਨਿਕੇਤਨ ਵਿੱਚ ਹਜ਼ਾਰੀ ਪ੍ਰਸਾਦ ਦਿਵੇਦੀ ਦੇ ਅਧੀਨ ਇੱਕ ਅਧਿਆਪਕ ਵਜੋਂ ਨੌਕਰੀ ਕਰਨ ਲੱਗੇ। ਇੱਕ ਕਿਤਾਬ ਪ੍ਰਦਰਸ਼ਨੀ ਵਿੱਚ ਉਨ੍ਹਾ ਨੂੰ ਸੇਵਾਗ੍ਰਾਮ ਤੋਂ ਇੱਕ ਰਸਾਲੇ 'ਨਈ ਤਾਲੀਮ' ਬਾਰੇ ਪਤਾ ਲੱਗਾ ਅਤੇ ਉਹ ਦੋਵੇਂ 1939 ਵਿੱਚ ਸੇਵਾਗ੍ਰਾਮ ਗਏ, ਉੱਥੇ ਉਹ ਗਾਂਧੀ ਜੀ ਦੇ ਆਸ਼ਰਮ ਦੇ ਬਾਹਰ ਇੱਕ ਮਿੱਟੀ ਦੀ ਝੌਂਪੜੀ ਵਿੱਚ ਰਹੇ, ਬਿਨਾਂ ਬਿਜਲੀ ਅਤੇ ਆਧੁਨਿਕ ਸਹੂਲਤਾਂ ਦੇ। ਉਨ੍ਹਾਂ ਨੂੰ ਗਾਂਧੀ ਜੀ ਨਾਲ ਕਈ ਵਾਰ ਸੈਰ ਕਰਨ ਅਤੇ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਇਹ ਜਗ੍ਹਾ ਸਾਰੇ ਭਾਰਤ ਦੀਆਂ ਗਤੀਵਿਧੀਆਂ ਦਾ ਇੱਕ ਕੇਂਦਰ ਸੀ।

ਬੀ ਬੀ ਸੀ ਦੇ ਲਿਓਨਲ ਫੈਲਡਨ ਬ੍ਰਿਟੇਨ ਜਾਂਦੇ ਸਮੇਂ ਸੇਵਾਗ੍ਰਾਮ ਆਏ ਸਨ। ਉਨ੍ਹਾ ਬਲਰਾਜ ਨੂੰ ਲੰਡਨ ਵਿੱਚ ਬੀ ਬੀ ਸੀ ਦੇ ਭਾਰਤੀ ਭਾਗ, ਜਿਸ ਨੂੰ ਉਹ ਸ਼ੁਰੂ ਕਰਨ ਜਾ ਰਹੇ ਸਨ, ਵਿੱਚ ਨੌਕਰੀ ਦੀ ਪੇਸ਼ਕਸ਼ ਕੀਤੀ। ਗਾਂਧੀ ਜੀ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਹ ਇੰਗਲੈਂਡ ਦੀ ਤਿਆਰੀ ਲਈ ਰਾਵਲਪਿੰਡੀ ਆਏ। ਉਨ੍ਹਾ ਦਾ ਛੋਟਾ ਪੁੱਤਰ ਪਰੀਕਸ਼ਿਤ ਉੱਥੇ ਸੀ।

### ਲੰਡਨ ਵਿੱਚ

ਹਿਟਲਰ ਨੇ ਲੰਡਨ ਵਿੱਚ ਕਿਸੇ ਵੀ ਸਮੇਂ ਬੰਬ ਸੁੱਟਣ ਦੀ ਧਮਕੀ ਦਿੱਤੀ। ਦਰਅਸਲ, ਪਹਿਲੇ ਬੰਬ ਉਸੇ ਦਿਨ ਸ਼ਹਿਰ 'ਤੇ ਡਿੱਗੇ, ਜਿਸ ਦਿਨ ਬਲਰਾਜ ਅਤੇ ਦਮਯੰਤੀ ਉੱਥੇ ਪਹੁੰਚੇ ਸਨ। ਉਨ੍ਹਾਂ ਦਾ ਪਰਵਾਰ ਉਨ੍ਹਾਂ ਦੇ ਜਾਣ ਦੇ ਵਿਰੁੱਧ ਸੀ। ਬਲਰਾਜ ਬੀ ਬੀ ਸੀ ਲਈ ਜਾ ਕੇ ਕੰਮ ਕਰਨਾ ਚਾਹੁੰਦੇ ਸਨ, ਨਾ ਕਿ ਯੂਰਪ ਵਿਚ ਜਾ ਕੇ ਪੈਸੇ ਕਮਾਉਣ ਦਾ ਅਹਿਸਾਸ ਕਰਵਾਉਣ ਲਈ।

ਉਨ੍ਹਾ ਦੀ ਮਾਂ ਖ਼ਬਰਾਂ ਸੁਣਨ ਅਤੇ ਬੰਬਾਰੀ ਦੌਰਾਨ ਉਸ ਦੀ ਆਵਾਜ਼ ਸੁਣਨ ਲਈ ਰੇਡੀਓ ਕੋਲ ਬੈਠੀ ਰਹਿੰਦੀ ਸੀ। ਉਸ ਦਿਨ ਤੋਂ ਲੰਡਨ ਵਿੱਚ ਉਨ੍ਹਾ ਦੇ ਆਖਰੀ ਦਿਨ ਤੱਕ ਉਸ ਦੀ ਮਾਂ ਉਸ ਦੀ ਆਵਾਜ਼ ਸੁਣਨ ਲਈ ਰੇਡੀਓ ਸੈੱਟ ਕੋਲ ਬੈਠੀ ਰਹਿੰਦੀ ਸੀ, ਹਾਲਾਂਕਿ ਉਸ ਨੇ ਹਫ਼ਤੇ ਵਿੱਚ ਸਿਰਫ ਦੋ ਵਾਰ ਬੋਲਣਾ ਹੁੰਦਾ ਸੀ। ਉਨ੍ਹਾ ਨੂੰ ਜੰਗ ਕਾਰਨ ਕੋਵੈਂਟਰੀ ਵਿਖੇ ਤਬਦੀਲ ਕਰ ਦਿੱਤਾ ਗਿਆ। ਬ੍ਰਿਟੇਨ ਵਿੱਚ ਉਨ੍ਹਾ ਦੇ ਪੂਰੇ ਠਹਿਰਾਅ ਦੌਰਾਨ ਮਾਂ ਦੇ ਰੇਡੀਓ ਦੀ ਸੂਈ ਉਸੇ ਜਗ੍ਹਾ 'ਤੇ ਖੜ੍ਹੀ ਰਹੀ।

ਬੀ ਬੀ ਸੀ ਵਿੱਚ ਆਪਣੇ ਕਾਰਜਕਾਲ ਦੌਰਾਨ ਉਨ੍ਹਾ ਜਾਰਜ ਓਰਵੈਲ ਦੇ ਨਾਲ ਕੰਮ ਕੀਤਾ।

### ਬ੍ਰਿਟਿਸ਼ ਕਮਿਊਨਿਸਟਾਂ ਨਾਲ ਮੁਲਾਕਾਤ

ਬ੍ਰਿਟੇਨ ਵਿੱਚ ਰਹਿੰਦੇ ਹੋਏ ਬਲਰਾਜ ਨੇ ਮਾਰਕਸ ਅਤੇ ਲੈਨਿਨ ਦੀਆਂ ਮੂਲ ਰਚਨਾਵਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ। ਉਹ ਅਤੇ ਦਮਯੰਤੀ ਦੋਵੇਂ ਕਮਿਊਨਿਸਟ ਪਾਰਟੀ ਆਫ ਗਰੇਟ ਬ੍ਰਿਟੇਨ (ਸੀ ਪੀ ਜੀ ਬੀ) ਦੇ ਨੇਤਾਵਾਂ ਦੇ ਸੰਪਰਕ ਵਿੱਚ ਆਏ। ਬੇਨ ਬ੍ਰੈਡਲੀ ਬ੍ਰਿਟੇਨ ਵਿੱਚ ਭਾਰਤੀ ਸਾਥੀਆਂ ਦੀ ਦੇਖਭਾਲ ਕਰਦੇ ਸਨ। ਉਸ ਨੇ ਪੀ ਸੀ ਜੋਸ਼ੀ ਨੂੰ ਲਿਖਿਆ ਕਿ ਦਮਯੰਤੀ ਇੱਕ ਮਜ਼ਬੂਤ ??ਅਤੇ ਗੰਭੀਰ ਕਾਮਰੇਡ ਸੀ, ਜਦੋਂ ਕਿ ਬਲਰਾਜ ਜੋਸ਼ੀਲਾ ਤੇ ਉਤਸ਼ਾਹੀ ਸੀ। ਦਰਅਸਲ, ਦਮਯੰਤੀ ਪਹਿਲਾਂ ਪਾਰਟੀ ਵਿੱਚ ਸ਼ਾਮਲ ਹੋਈ, ਬਲਰਾਜ ਦੀ ਜਾਣਕਾਰੀ ਤੋਂ ਬਿਨਾਂ ਹੀ। ਬ੍ਰੈਡਲੀ ਨੇ ਉਸ ਨੂੰ ਅਗਲੀ ਮੀਟਿੰਗ ਵਿੱਚ ਬਲਰਾਜ ਨੂੰ ਲਿਆਉਣ ਲਈ ਕਿਹਾ ਅਤੇ ਇਸ ਤਰ੍ਹਾਂ ਬਲਰਾਜ ਨੂੰ ਵੀ ਪਾਰਟੀ ਵਿਚ ਭਰਤੀ ਕਰ ਲਿਆ ਗਿਆ।

### ਭਾਰਤ ਵਾਪਸੀ

ਬਲਰਾਜ ਅਤੇ ਦਮਯੰਤੀ 1944 ਵਿੱਚ ਰਾਵਲਪਿੰਡੀ ਵਾਪਸ ਆ ਗਏ। ਬਲਰਾਜ ਹੁਣ ਇੱਕ ਬਹੁਤ ਹੀ ਵੱਖਰਾ ਆਦਮੀ ਸੀ, ਵਧੇਰੇ ਆਤਮਵਿਸ਼ਵਾਸੀ ਅਤੇ ਸਪੱਸ਼ਟ। ਉਨ੍ਹਾ ਵੱਖ-ਵੱਖ ਪਾਰਟੀਆਂ ਦੀਆਂ ਜਨਤਕ ਮੀਟਿੰਗਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਜਲਦੀ ਹੀ ਉਨ੍ਹਾ ਨੂੰ ਆਲ ਇੰਡੀਆ ਰੇਡੀਓ ਤੋਂ ਇੱਕ ਚੰਗੇ ਅਹੁਦੇ ਦੀ ਪੇਸ਼ਕਸ਼ ਮਿਲੀ।

ਉਨ੍ਹਾ ਦੇ ਪੁਰਾਣੇ ਦੋਸਤ ਚੇਤਨ ਆਨੰਦ ਦੇ ਆਉਣ ਦਾ ਮੌਕਾ ਇੱਕ ਫੈਸਲਾਕੁੰਨ ਮੋੜ ਬਣ ਗਿਆ, ਜੋ ਗੋਰਕੀ ਦੇ ਲੋਅਰ ਡੈਪਥਸ 'ਤੇ ਅਧਾਰਤ ਇੱਕ ਫਿਲਮ ਬਣਾਉਣਾ ਚਾਹੁੰਦਾ ਸੀ। ਬਲਰਾਜ ਤੁਰੰਤ ਦਮਯੰਤੀ ਅਤੇ ਆਪਣੇ ਦੋ ਬੱਚਿਆਂ ਨਾਲ ਬੰਬਈ ਲਈ ਰਵਾਨਾ ਹੋ ਗਏ। ਉਹ ਚੇਤਨ, ਦੇਵ ਆਨੰਦ, ਗੋਲਡੀ ਅਤੇ ਹੋਰਨਾਂ ਦੇ ਨਾਲ ਇੱਕੋ ਘਰ ਵਿੱਚ ਰਹਿੰਦੇ ਸਨ।

ਬਲਰਾਜ ਅਤੇ ਦਮਯੰਤੀ ਆਪਣੇ ਪ੍ਰਮਾਣ ਪੱਤਰਾਂ ਨਾਲ ਉਸ ਦੀ ਸਕੱਤਰ ਪਾਰਵਤੀ (ਕ੍ਰਿਸ਼ਨਨ) ਰਾਹੀਂ ਪੀ ਸੀ ਜੋਸ਼ੀ ਨੂੰ ਮਿਲਣ ਗਏ। ਇਹ ਪੁੱਛੇ ਜਾਣ 'ਤੇ ਕਿ ਉਹ ਗੁਜ਼ਾਰਾ ਕਿਵੇਂ ਕਰਨਗੇ, ਦਮਯੰਤੀ ਨੇ ਜਵਾਬ ਦਿੱਤਾ ਕਿ ਉਹ ਪਹਿਲਾਂ ਹੀ ਪ੍ਰਿਥਵੀ ਰਾਜ ਕਪੂਰ ਦੇ ਪ੍ਰਿਥਵੀ ਥੀਏਟਰ ਵਿੱਚ ਕੰਮ ਕਰ ਰਹੀ ਹੈ। ਉਨ੍ਹਾ ਆਪਣਾ ਪਹਿਲਾ ਚੈੱਕ ਕਮਿਊਨਿਸਟ ਪਾਰਟੀ ਨੂੰ ਭੇਟ ਕਰ ਦਿੱਤਾ।

ਜਲਦੀ ਹੀ ਬਲਰਾਜ ਦਾ ਸੰਪਰਕ ਕੇ ਏ ਅੱਬਾਸ ਨਾਲ ਹੋ ਗਿਆ, ਜੋ ਕਿ ਜ਼ੁਬੈਦਾ ਵਰਗੇ ਇਪਟਾ ਦੇ ਇੱਕ ਵੱਡੇ ਪ੍ਰੋਡਕਸ਼ਨ ਦੇ ਨਿਰਮਾਤਾ ਸਨ। ਬਲਰਾਜ ਜਲਦੀ ਹੀ ਇਪਟਾ ਦੇ ਇੱਕ ਕੁੱਲਵਕਤੀ ਵਰਕਰ ਬਣ ਗਏ। ਇਕੱਲੇ ਬੰਬਈ ਵਿੱਚ ਹੀ 'ਮੈਂ ਕੌਣ ਹਾਂ' ਦੇ 300 ਤੋਂ ਵੱਧ ਪ੍ਰਦਰਸ਼ਨ ਹੋਏ। ਇੱਕ ਵਾਰ ਜਦੋਂ ਉਨ੍ਹਾ ਦੇ ਪਿਤਾ ਉਨ੍ਹਾ ਨੂੰ ਮਨਾਉਣ ਲਈ ਆਏ ਤਾਂ ਉਹ ਇਪਟਾ

ਅਨਿਲ ਰਾਜੀਮਵਾਲੇ

ਅਨੁ. ਐੱਮ ਐੱਸ ਭਾਟੀਆ

ਪ੍ਰੋਗਰਾਮਾਂ ਤੋਂ ਏਨਾ ਪ੍ਰਭਾਵਤ ਹੋਏ ਕਿ ਉਨ੍ਹਾ ਬਲਰਾਜ ਦਾ ਵਿਰੋਧ ਕਰਨਾ ਛੱਡ ਦਿੱਤਾ।

ਇਸ ਦੌਰਾਨ 1946 ਵਿੱਚ ਦਸਤ ਦੀ ਗਲਤ ਦਵਾਈ ਖਾਣ ਨਾਲ ਦਮਯੰਤੀ ਦੀ ਮੌਤ ਹੋ ਗਈ। ਪ੍ਰਿਥਵੀ ਰਾਜ ਕਪੂਰ ਦੀ 'ਦੀਵਾਰ' ਵਿੱਚ ਉਸ ਦਾ ਰੋਲ ਯਾਦਗਾਰੀ ਰਿਹਾ।

ਉਨ੍ਹਾ 'ਧਰਤੀ ਕੇ ਲਾਲ', 'ਗੁੜੀਆ' ਆਦਿ ਫਿਲਮਾਂ ਵਿੱਚ ਕੰਮ ਕੀਤਾ। ਬਾਅਦ ਵਿਚ ਉਨ੍ਹਾ ਸੰਤੋਸ਼ ਨਾਲ ਦੂਜਾ ਵਿਆਹ ਕਰਵਾ ਲਿਆ। 'ਹਮ ਲੋਗ' ਅਤੇ 'ਦੋ ਬਿੱਘਾ ਜ਼ਮੀਨ' ਨਾਲ ਉਹ ਪ੍ਰਸਿੱਧ ਹੋ ਗਏ। ਦੋ ਬਿੱਘਾ ਜ਼ਮੀਨ ਨੂੰ ਕੇਨਜ਼ ਫਿਲਮ ਫੈਸਟੀਵਲ ਵਿੱਚ ਅੰਤਰਰਾਸ਼ਟਰੀ ਪੁਰਸਕਾਰ ਮਿਲਿਆ। ਉਹ ਸੋਵੀਅਤ ਯੂਨੀਅਨ ਵਿੱਚ ਵੀ ਬਹੁਤ ਮਸ਼ਹੂਰ ਹੋ ਗਏ।

### ਪਾਰਟੀ ਹੈੱਡਕੁਆਰਟਰ ਵਿੱਚ

ਪੀ ਸੀ ਜੋਸ਼ੀ ਨੇ ਉਨ੍ਹਾ ਨੂੰ ਪਾਰਟੀ ਹੈੱਡਕੁਆਰਟਰ ਵਿੱਚ ਸਾਥੀਆਂ ਦੀ ਮੀਟਿੰਗ ਦੀ ਰਿਪੋਰਟਿੰਗ ਲਈ ਸੱਦਾ ਦਿੱਤਾ, ਜਿਸ ਨੂੰ ਕਈ ਵਾਰ ਡਾ. ਅਧਿਕਾਰੀ, ਬੀ ਟੀ ਆਰ, ਅਜੋਏ ਘੋਸ਼ ਆਦਿ ਵੀ ਸੰਬੋਧਨ ਕਰਦੇ ਸਨ। ਪਾਰਟੀ ਹੈੱਡਕੁਆਰਟਰ ਤੋਂ ਬਲਰਾਜ ਪੀ ਸੀ ਜੋਸ਼ੀ ਨੂੰ ਮੋਟਰਸਾਈਕਲ 'ਤੇ ਗਿਰਨੀ ਕਾਮਗਾਰ ਯੂਨੀਅਨ ਦੇ ਦਫ਼ਤਰ ਮੀਟਿੰਗਾਂ ਆਦਿ ਲਈ ਲੈ ਕੇ ਜਾਂਦੇ ਸਨ।

ਬਲਰਾਜ ਪ੍ਰੇਮ ਧਵਨ, ਅੰਨਾ ਭਾਊ, ਅਮਰ ਸ਼ੇਖ ਅਤੇ ਹੋਰਨਾਂ ਨਾਲ ਕਹਾਣੀਆਂ, ਸਕਿੱਟਾਂ ਆਦਿ ਤਿਆਰ ਕਰਨ ਲਈ ਆਪਣੇ ਮੋਟਰਸਾਈਕਲ 'ਤੇ ਸ਼ਹਿਰ ਵਿੱਚ ਘੁੰਮਿਆ।

ਪੀ ਸੀ ਜੋਸ਼ੀ ਨੇ ਭੀਸ਼ਮ ਸਾਹਨੀ ਦੀ ਧੀ ਦਾ ਨਾਂਅ ਕਲਪਨਾ ਜੋਸ਼ੀ ਦੇ ਨਾਂਅ 'ਤੇ 'ਕਲਪਨਾ' ਰੱਖਿਆ। ਉਹ ਉਨ੍ਹਾ ਦੇ ਪਰਵਾਰ ਲਈ 'ਪੀ ਸੀ ਜੀ' ਸਨ। ਬਲਰਾਜ ਨੇ ਪੀ ਸੀ ਜੋਸ਼ੀ ਨਾਲ ਆਪਣੀ ਮੁਲਾਕਾਤ ਦਾ ਵਰਣਨ ਇਸ ਤਰ੍ਹਾਂ ਕੀਤਾ, "(ਪੀ ਐੱਚ ਕਿਊ-ਏ ਆਰ ਵਿੱਚ) ਨਿੱਘ ਅਤੇ ਦੋਸਤੀ ਨੇ ਦਿਲ ਨੂੰ ਛੂਹ ਲਿਆ... ਇਹ 'ਰਾਜ ਭਵਨ' ਵਿੱਚ ਹੀ ਸੀ, ਜਦੋਂ ਮੈਂ ਪਹਿਲੀ ਵਾਰ ਪੀ ਸੀ ਜੋਸ਼ੀ ਨੂੰ ਮਿਲਿਆ ਅਤੇ ਬਹੁਤ ਦੇਰ ਪਹਿਲਾਂ ਸਾਡੀ ਜਾਣ-ਪਛਾਣ ਇੱਕ ਸੁੰਦਰ ਦੋਸਤੀ ਵਿੱਚ ਪ੍ਰਵਾਨ ਚੜ੍ਹ ਗਈ, ਜੋ ਅੱਜ ਤੱਕ ਚੱਲ ਰਹੀ ਹੈ। ਮੈਂ ਹੈਰਾਨ ਰਹਿ ਗਿਆ... ਮੈਂ ਆਪਣੇ ਸਾਹਮਣੇ ਇੱਕ ਲਾਪਰਵਾਹੀ ਨਾਲ ਪਹਿਨੇ ਹੋਏ ਕੱਪੜੇ ਵਾਲੇ ਵਿਅਕਤੀ ਨੂੰ ਦੇਖਿਆ... ਯਕੀਨਨ, ਮੈਂ ਆਪਣੇ ਆਪ ਨੂੰ ਕਿਹਾ, ਇਹ ਪੀ ਸੀ ਜੋਸ਼ੀ ਨਹੀਂ ਹੋ ਸਕਦਾ... ਪਰ ਜਦੋਂ ਉਸ ਨੇ ਆਪਣੀਆਂ ਅੱਖਾਂ ਵਿੱਚ ਪਿਆਰ ਭਰੀ ਚਮਕ ਅਤੇ ਬੁੱਲ੍ਹਾਂ 'ਤੇ ਚਮਕਦਾਰ ਮੁਸਕਰਾਹਟ ਨਾਲ ਮੇਰੇ ਮੋਢੇ 'ਤੇ ਹੱਥ ਰੱਖਿਆ, ਤਾਂ ਮੇਰੇ ਸ਼ੰਕੇ ਦੂਰ ਹੋ ਗਏ।"

### 'ਧਰਤੀ ਕੇ ਲਾਲ'

1946 ਵਿੱਚ ਬਣੀ ਇਹ ਫਿਲਮ ਸੱਭਿਆਚਾਰਕ ਲਹਿਰ ਵਿੱਚ ਇੱਕ ਵੱਡਾ ਮੀਲ ਪੱਥਰ ਸੀ, ਜਿਸ ਦਾ ਨਿਰਮਾਣ ਇਪਟਾ ਦੁਆਰਾ ਕੀਤਾ ਗਿਆ ਸੀ ਅਤੇ ਕੇ ਏ ਅੱਬਾਸ ਦੁਆਰਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਗਿਆ ਸੀ। ਇਸ ਵਿੱਚ ਸ਼ੰਭੂ ਮਿੱਤਰਾ, ਤ੍ਰਿਪਤੀ ਭਾਦੁੜੀ, ਦਮਯੰਤੀ ਸਾਹਨੀ, ਬਲਰਾਜ ਸਾਹਨੀ, ਅਨਵਰ ਮਿਰਜ਼ਾ, ਹਾਮਿਦ ਬੱਟ ਅਤੇ ਜ਼ੋਹਰਾ ਸਹਿਗਲ ਸ਼ਾਮਲ ਸਨ। ਰਵੀ ਸ਼ੰਕਰ ਸੰਗੀਤਕਾਰ ਸਨ। ਇਪਟਾ ਨੂੰ ਮੁਸ਼ਕਲ ਹਾਲਤਾਂ ਵਿੱਚ ਲਾਇਸੈਂਸ ਮਿਲਿਆ ਸੀ। ਇਹ ਫ਼ਿਲਮ ਬੰਗਾਲ ਵਿਚ ਹੋਏ ਵੱਡੇ ਅਕਾਲ 'ਤੇ ਅਧਾਰਤ ਸੀ, ਜਿਸ ਦੀ ਸ਼ੂਟਿੰਗ ਸ਼੍ਰੀ ਸਾਊਂਡ ਸਟੂਡੀਓ ਵਿੱਚ ਕੀਤੀ ਗਈ ਸੀ। ਕੇ ਏ ਅੱਬਾਸ ਦਾ ਦੋ ਕਮਰਿਆਂ ਵਾਲਾ ਫਲੈਟ ਕਲਾਕਾਰਾਂ ਨਾਲ ਭਰ ਗਿਆ ਸੀ।

ਕਮਿਊਨਿਸਟ ਪਾਰਟੀ, ਟਰੇਡ ਯੂਨੀਅਨਾਂ ਅਤੇ ਹੋਰਨਾਂ ਨੇ ਅਕਾਲ ਆਦਿ ਦੇ ਦ੍ਰਿਸ਼ਾਂ ਨੂੰ ਦਿਖਾਉਣ ਲਈ ਸ਼ਹਿਰ ਅਤੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਇਕੱਠਾ ਕੀਤਾ। ਇਪਟਾ ਟੀਮ ਨੇ ਪਿੰਡਾਂ ਵਿੱਚ ਵੀ ਕੰਮ ਕੀਤਾ।

ਇਹ ਫਿਲਮ ਇਸ ਗੱਲ ਦੀ ਇੱਕ ਉਦਾਹਰਣ ਸੀ ਕਿ ਕਮਿਊਨਿਸਟ ਪਾਰਟੀ ਜਨ-ਚੇਤਨਾ ਜਗਾਉਣ ਲਈ ਸਿਨੇਮਾ ਦੇ ਮਾਧਿਅਮ ਦੀ ਵਰਤੋਂ ਕਿਵੇਂ ਕਰ ਸਕਦੀ ਹੈ।

ਆਪਣੀ ਇੱਕ ਫਿਲਮ 'ਹਲਚਲ' ਲਈ ਬਲਰਾਜ ਨੇ ਅਸਲ ਵਿੱਚ ਆਪਣੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਜੇਲ੍ਹ ਵਿੱਚ ਹੀ ਰਿਹਾ। ਉਹਨੂੰ ਦਿਨ ਵਿੱਚ ਸ਼ੂਟਿੰਗ ਲਈ ਛੱਡ ਦਿੱਤਾ ਜਾਂਦਾ ਸੀ ਅਤੇ ਸ਼ਾਮ ਨੂੰ ਜੇਲ੍ਹ ਵਾਪਸ ਭੇਜ ਦਿੱਤਾ ਜਾਂਦਾ ਸੀ। ਫਿਲਮ ਵਿੱਚ ਇੱਕ ਜੇਲ੍ਹਰ ਦੀ ਭੂਮਿਕਾ ਸੀ। 'ਧਰਤੀ ਕੇ ਲਾਲ' ਵਿੱਚ ਉਨ੍ਹਾ ਅਸਲ ਵਿੱਚ ਕਈ ਦਿਨਾਂ ਤੱਕ ਰਿਕਸ਼ਾ ਚਲਾਉਣ ਦਾ ਅਭਿਆਸ ਕੀਤਾ।

ਫਿਲਮ 'ਹਕੀਕਤ' ਵਿੱਚ ਬਲਰਾਜ ਨੇ ਮੇਜਰ ਰਣਜੀਤ ਸਿੰਘ ਵਰਗੀ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ, ਜਿਸ ਨੂੰ ਲੰਬੇ ਸਮੇਂ ਲਈ ਯਾਦ ਕੀਤਾ ਜਾਂਦਾ ਰਿਹਾ। ਸਾਲਾਂ ਬਾਅਦ ਉਨ੍ਹਾ ਨੂੰ ਇੱਕ ਫੌਜੀ ਜਵਾਨ ਓਮ ਪ੍ਰਕਾਸ਼ ਦੁਆਰਾ ਯਾਦ ਕੀਤਾ ਗਿਆ, ਜੋ ਆਪਣੇ ਮੇਜਰ ਰਣਜੀਤ ਸਿੰਘ ਨੂੰ ਮਿਲਣ ਲਈ ਵ੍ਹੀਲ-ਚੇਅਰ 'ਤੇ ਬੈਠਾ ਸੀ ਅਤੇ ਜਿਸ ਨੇ ਫਿਲਮ ਕਈ ਵਾਰ ਦੇਖੀ ਸੀ। 1962 ਵਿੱਚ ਚੀਨੀ ਹਮਲੇ ਵਿਰੁੱਧ ਜੰਗ ਵਿੱਚ ਉਹ ਆਪਣੀਆਂ ਲੱਤਾਂ ਗੁਆ ਬੈਠਾ ਸੀ।

### ਬੀ ਟੀ ਆਰ ਪੀਰੀਅਡ

ਦਸੰਬਰ 1947 ਦੇ ਅੰਤ ਤੱਕ ਪੀ ਸੀ ਜੋਸ਼ੀ ਨੇ ਕੇਂਦਰੀ ਕਮੇਟੀ ਵਿੱਚ ਬਹੁਮਤ ਗੁਆ ਦਿੱਤਾ ਅਤੇ 1948 ਵਿੱਚ ਹੋਈ ਦੂਜੀ ਪਾਰਟੀ ਕਾਂਗਰਸ ਵਿੱਚ ਉਸ ਨੂੰ ਹਟਾ ਦਿੱਤਾ ਗਿਆ, ਜਿਸ ਦੀ ਥਾਂ ਬੀ ਟੀ ਆਰ ਨੇ ਜਨਰਲ ਸਕੱਤਰ ਵਜੋਂ ਲਈ। 1947 ਵਿੱਚ ਹੀ ਆਉਣ ਵਾਲੀਆਂ ਘਟਨਾਵਾਂ ਦੇ ਸੰਕੇਤ ਦਿਖਾਈ ਦੇਣ ਲੱਗ ਪਏ ਸਨ। ਇਪਟਾ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਨੂੰ ਸਮੇਂ ਅਤੇ ਪੈਸੇ ਦੀ ਬਰਬਾਦੀ ਵਜੋਂ ਦੇਖਿਆ ਜਾ ਰਿਹਾ ਸੀ। ਇਪਟਾ ਸਮੂਹਾਂ ਨੂੰ ਭੰਗ ਕੀਤਾ ਜਾਣਾ ਸ਼ੁਰੂ ਹੋ ਗਿਆ। ਸੰਕੀਰਨਤਾ ਸੱਭਿਆਚਾਰ ਦੀ ਦੁਸ਼ਮਣ ਹੈ।

ਭਾਵੇਂ ਬਲਰਾਜ ਅਤੇ ਦਮਯੰਤੀ ਮਜ਼ਬੂਤ ??ਜੋਸ਼ੀਵਾਦੀ ਸਨ, ਪਰ ਪਾਰਟੀ ਅਨੁਸ਼ਾਸਨ ਦੀ ਪਾਲਣਾ ਕਰਦੇ ਸਨ। 'ਬੀ ਟੀ ਆਰ ਲਾਈਨ' ਦੀ ਸਥਾਪਨਾ ਤੋਂ ਬਾਅਦ ਇਪਟਾ ਦਾ ਨਿਘਾਰ ਸ਼ੁਰੂ ਹੋ ਗਿਆ। ਕੇ ਏ ਅੱਬਾਸ ਅਤੇ ਕਈ ਹੋਰਨਾਂ ਨੇ ਪਾਰਟੀ ਛੱਡ ਦਿੱਤੀ। ਸੱਭਿਆਚਾਰ ਨੂੰ ਹੁਣ ਇੱਕ ਬੁਰਜੂਆ ਰੁਝਾਨ ਮੰਨਿਆ ਜਾਂਦਾ ਸੀ! ਬਲਰਾਜ ਨੇ ਨਹਿਰੂ ਨੂੰ ਬਦਨਾਮ ਕਰਨ ਲਈ 'ਜਾਦੂ ਕੀ ਕੁਰਸੀ' ਲਿਖੀ ਅਤੇ ਮੰਚਨ ਕੀਤਾ, ਜਿਸ ਦਾ ਉਸ ਨੂੰ ਬਾਅਦ ਵਿੱਚ ਪਛਤਾਵਾ ਹੋਇਆ ਅਤੇ ਖਰੜੇ ਨੂੰ ਸਾੜ ਦਿੱਤਾ।

ਉਨ੍ਹਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 6 ਮਹੀਨਿਆਂ ਲਈ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਰਿਹਾਈ ਤੋਂ ਬਾਅਦ ਉਨ੍ਹਾ ਦੇ ਦੋਸਤ ਅਤੇ ਜਾਣਕਾਰ ਉਨ੍ਹਾ ਤੋਂ ਦੂਰ ਰਹਿਣ ਲੱਗ ਪਏ, ਪਾਰਟੀ ਦੇ ਬਹੁਤ ਸਾਰੇ ਸਾਥੀਆਂ ਨੇ ਵੀ ਮਦਦ ਨਹੀਂ ਕੀਤੀ। ਪੁਲਸ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਸੀ। ਉਨ੍ਹਾ ਨੂੰ ਆਪਣਾ ਕੰਮ ਪੂਰਾ ਕਰਨ ਦੀ ਇਜਾਜ਼ਤ ਨਹੀਂ ਸੀ। ਉਨ੍ਹਾ ਪਾਰਟੀ ਛੱਡ ਦਿੱਤੀ, ਪਰ ਇਸ ਦੇ ਨਾਲ ਹੀ ਰਹੇ। ਉਨ੍ਹਾ ਜਨਤਕ ਮੋਰਚਿਆਂ ਅਤੇ ਪਾਰਟੀ ਗਤੀਵਿਧੀਆਂ ਵਿੱਚ ਕੰਮ ਕਰਨਾ ਜਾਰੀ ਰੱਖਿਆ। ਉਹ ਬੰਬੇ ਇਪਟਾ ਦੇ ਜਨਰਲ ਸਕੱਤਰ ਬਣੇ।

### ਏ ਆਈ ਵਾਈ ਐੱਫ ਦੇ ਪ੍ਰਧਾਨ ਵਜੋਂ

ਆਲ ਇੰਡੀਆ ਯੂਥ ਫੈਡਰੇਸ਼ਨ (ਏ ਆਈ ਵਾਈ ਐੱਫ) ਦੀ ਫਾਊਂਡੇਸ਼ਨ ਕਾਨਫਰੰਸ 28 ਅਪ੍ਰੈਲ ਤੋਂ 3 ਮਈ 1959 ਤੱਕ ਦਿੱਲੀ ਵਿੱਚ ਆਯੋਜਿਤ ਕੀਤੀ ਗਈ । ਬਲਰਾਜ ਸਾਹਨੀ ਨੇ ਆਪਣੀ ਮੌਜੂਦਗੀ ਨਾਲ ਇਸ ਮੌਕੇ ਦੀ ਸ਼ੋਭਾ ਵਧਾਈ ਅਤੇ ਇਸ ਦੇ ਪਹਿਲੇ ਪ੍ਰਧਾਨ ਚੁਣੇ ਗਏ। ਪੀ ਕੇ ਵਾਸੂਦੇਵਨ ਨਾਇਰ ਨੂੰ ਕਾਰਜਕਾਰੀ ਪ੍ਰਧਾਨ ਅਤੇ ਡਾ. ਸ਼ਾਰਦਾ ਮਿੱਤਰਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਬਾਅਦ ਵਿੱਚ ਬਲਰਾਜ ਪਾਰਟੀ ਵਿੱਚ ਫੁੱਟ ਪੈਣ ਤੋਂ ਬਾਅਦ ਕਾਂਗਰਸ ਵਿੱਚ ਸ਼ਾਮਲ ਹੋ ਗਏ, ਪਰ ਉਹ ਉਥੇ ਸਹਿਜ ਨਹੀਂ ਸਨ।

### ਜੇ ਐੱਨ ਯੂ ਕਨਵੋਕੇਸ਼ਨ

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੇ ਨਵੰਬਰ 1972 ਵਿੱਚ ਉਨ੍ਹਾ ਨੂੰ ਆਪਣਾ ਕਨਵੋਕੇਸ਼ਨ ਭਾਸ਼ਣ ਦੇਣ ਲਈ ਸੱਦਾ ਦੇਣ ਦਾ ਫੈਸਲਾ ਕੀਤਾ। ਸੀ ਪੀ ਐੱਮ ਨਾਲ ਜੁੜੇ ਐੱਸ ਐੱਫ ਆਈ ਵਿਦਿਆਰਥੀਆਂ ਨੇ ਇਸ ਆਧਾਰ 'ਤੇ ਵਿਰੋਧ ਕੀਤਾ ਕਿ ਇੱਕ ਫਿਲਮ ਸਟਾਰ ਕਨਵੋਕੇਸ਼ਨ ਨੂੰ ਸੰਬੋਧਨ ਨਹੀਂ ਕਰ ਸਕਦਾ, ਪਰ ਪ੍ਰਸ਼ਾਸਨ ਨੇ ਪ੍ਰਵਾਹ ਨਾ ਕੀਤੀ ਅਤੇ ਪੀ ਸੀ ਜੋਸ਼ੀ ਨੇ ਬਲਰਾਜ ਨੂੰ ਪਰੇਸ਼ਾਨ ਨਾ ਹੋਣ ਲਈ ਕਿਹਾ। ਜਦੋਂ ਉਨ੍ਹਾ ਨੂੰ ਸਟੇਜ ਵੱਲ ਲਿਜਾਇਆ ਗਿਆ ਤਾਂ ਤਣਾਅ ਸੀ, ਪਰ ਉਨ੍ਹਾ ਦੇ ਭਾਸ਼ਣ ਦੇ ਅੰਤ ਵਿੱਚ ਉਨ੍ਹਾ ਲਈ ਖੜ੍ਹੇ ਹੋ ਕੇ ਤਾੜੀਆਂ ਵਜਾਈਆਂ ਗਈਆਂ ਅਤੇ ਲਗਾਤਾਰ ਤਾੜੀਆਂ ਵੱਜਦੀਆਂ ਰਹੀਆਂ।ਉਹ ਕਈ ਕਾਰਨਾਂ ਕਰਕੇ ਬਹੁਤ ਪਰੇਸ਼ਾਨ ਸਨ, ਜਿਨ੍ਹਾਂ ਵਿੱਚੋਂ ਇੱਕ ਸੀ ਉਨ੍ਹਾ ਦੀ ਧੀ ਸ਼ਬਨਮ ਦੀ ਮੌਤ। ਉਹ ਸੱਭਿਆਚਾਰਕ ਅਤੇ ਹੋਰ ਅੰਦੋਲਨਾਂ ਦੀ ਸਥਿਤੀ ਬਾਰੇ ਚਿੰਤਤ ਸਨ। ਉਹ ਇਨ੍ਹਾਂ ਸਮੱਸਿਆਵਾਂ ਬਾਰੇ ਪੀ ਸੀ ਜੋਸ਼ੀ ਨਾਲ ਚਰਚਾ ਕਰਦੇ ਰਹਿੰਦੇ ਸਨ। ਉਨ੍ਹਾ ਨੂੰ 1969 ਵਿੱਚ ਪਦਮਸ੍ਰੀ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾ ਨੂੰ ਸੋਵੀਅਤ ਲੈਂਡ ਨਹਿਰੂ ਅਵਾਰਡ ਵੀ ਮਿਲਿਆ ।ਬਲਰਾਜ ਸਾਹਨੀ ਦਾ 13 ਅਪ੍ਰੈਲ 1973 ਨੂੰ ਦੇਹਾਂਤ ਹੋ ਗਿਆ।

---

# ਅੰਧ-ਵਿਸ਼ਵਾਸ : ਵਿਗਿਆਨਕ ਵਿਸ਼ਲੇਸ਼ਣ

ਡਾ. ਹਰੀਸ਼ ਮਲਹੋਤਰਾ ਬਰਮਿੰਘਮ

ਆਪਾਂ ਸਭ ਤੋਂ ਪਹਿਲਾਂ ਇਹ ਪ੍ਰੀਭਾਸ਼ਿਤ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਅੰਧ-ਵਿਸ਼ਵਾ; ਕੀ ਹੈ?

ਕਿਸੇ ਸਬੂਤ ਤੋਂ ਬਗੈਰ ਯਕੀਨ, ਵਿਸ਼ਵਾਸ ਕਰ ਲੈਣ ਨੂੰ (ਰਾਬਰਟ ਇੰਗਰਸੋਲ ਆਪਣੀ ਕਿਤਾਬ 'ਅੰਧ ਵਿਸ਼ਵਾਸ' ਵਿੱਚ) ਅੰਧ ਵਿਸ਼ਵਾਸ ਕਹਿੰਦਾ ਹੈ। ਇੰਗਰਸੋਲ ਆਪਣੀ ਇਸ ਕਿਤਾਬ ਵਿੱਚ ਅੰਧ ਵਿਸ਼ਵਾਸ ਬਾਰੇ ਹੋਰ ਵੀ ਵਿਆਖਿਆ ਕਰਦਾ ਹੈ ਜਿਵੇਂ:

ਕਾਰਨ ਅਤੇ ਕਾਰਜ ਵਿਚਲੇ ਸਹੀ ਸੰਬੰਧਾਂ ਨੂੰ ਅੱਖੋਂ ਪਰੋਖੇ ਕਰਨਾ। ਪ੍ਰਕਿਰਤੀ ਦੇ ਪਿੱਛੇ ਕਿਸੇ ਵਿਚਾਰ, ਇਰਾਦੇ ਅਤੇ ਉਦੇਸ਼ ਨੂੰ ਕੰਮ ਕਰਦੇ ਵਿਖਾਉਣਾ। ਇਹ ਵਿਸ਼ਵਾਸ਼ ਕਰਨਾ ਕਿ ਪਦਾਰਥ ਨੂੰ ਮਨ ਨੇ ਪੈਦਾ ਕੀਤਾ ਹੈ। ਪਦਾਰਥ ਨੂੰ ਊਰਜਾ ਤੋਂ ਵੱਖਰਾ ਅਤੇ ਊਰਜਾ ਨੂੰ ਪਦਾਰਥ ਤੋਂ ਵੱਖਰਾ ਹੋਣ ਦਾ ਵਿਸ਼ਵਾਸ ਕਰਨਾ। ਕਰਾਮਾਤ, ਮੰਤਰ, ਜਾਦੂ-ਟੂਣੇ, ਸੁਪਨਿਆਂ ਅਤੇ ਭਵਿੱਖਬਾਣੀਆਂ ਵਿੱਚ ਯਕੀਨ ਕਰਨਾ। ਗੈਬੀ ਸ਼ਕਤੀਆਂ ਵਿੱਚ ਵਿਸ਼ਵਾਸ ਕਰਨਾ।

ਹੁਣ ਆਪਾਂ ਨੂੰ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਅਗਿਆਨ ਹੀ ਅੰਧ ਵਿਸ਼ਵਾਸ ਦੀ ਨੀਂਹ ਹੈ ਅਤੇ ਇਹ ਵੀ ਕਿ ਅੰਧ ਵਿਸ਼ਵਾਸ ਦੁੱਖਾਂ ਦਾ ਘਰ ਹੈ, ਇਹਦੇ ਨਾਲ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਹੁੰਦਾ ਹੈ। ਇਹ ਕਈ ਤਰ੍ਹਾਂ ਦੇ ਅੰਧਵਿਸ਼ਵਾਸ ਉਨ੍ਹਾਂ ਲੋਕਾਂ ਦੁਆਰਾ ਫੈਲਾਏ ਜਾਂਦੇ ਹਨ, ਜੋ ਸੱਤਾ, ਤਾਕਤ ਉਤੇ ਕਾਬਜ਼ ਹੋਏ ਰਹਿਣਾ ਚਾਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਆਪਣੇ ਦੇਸ਼ ਭਾਰਤ ਦਾ ਪਹਿਲਾ ਹੋਇਆ ਅਰਥ-ਸ਼ਾਸਤਰੀ ਚਾਣਕੀਆ ਆਪਣੇ ਰਾਜੇ ਨੂੰ ਤਾਂ ਇਹ ਉਪਦੇਸ਼ ਦਿੰਦਾ ਹੈ ਕਿ ਉਹਨੂੰ ਕਿਸੇ ਕਿਸਮ ਦਾ ਅੰਧ-ਵਿਸ਼ਵਾਸ ਨਹੀਂ ਕਰਨਾ ਚਾਹੀਦਾ, ਪਰ ਦੂਜੇ ਪਾਸੇ ਰਾਜੇ ਨੂੰ ਕਿਹਾ ਜਾਂਦਾ ਹੈ ਕਿ ਉਹ ਆਪਣੀ ਪਰਜਾ ਵਿੱਚ ਇਹ ਭਰਮ ਪੈਦਾ ਕਰੇ ਕਿ ਉਸ ਵਿੱਚ ਬਹੁਤ ਕਰਾਮਾਤੀ ਸ਼ਕਤੀਆਂ ਹਨ ਅਤੇ ਨਾਲ ਦੀ ਨਾਲ ਉਸ ਨੂੰ (ਰਾਜੇ ਨੂੰ) ਚਾਹੀਦਾ ਹੈ ਕਿ ਉਹ ਪਰਜਾ ਵਿੱਚ ਤਰ੍ਹਾਂ-ਤਰ੍ਹਾਂ ਦੇ ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਫੈਲਾਏ ਤਾਂ ਕਿ ਆਪਣੀ ਰਾਜ ਸੱਤਾ ਕਾਇਮ ਰੱਖੀ ਜਾ ਸਕੇ।

ਜਿੰਨੇ ਵੀ ਡਰ ਫੈਲਾਏ ਜਾਂਦੇ ਹਨ, ਚਾਹੇ ਉਹ ਨਰਕ, ਸਵਰਗ ਵਾਲਾ ਚੱਕਰ ਹੈ ਜਾਂ ਪਿਛਲੇ ਜਨਮਾਂ ਦੇ ਕਰਮਾਂ ਦੇ ਭਲ ਦਾ ਹਊਆ ਹੈ, ਇਹ ਸਭ ਵਹਿਮ-ਅਗਿਆਨਤਾ ਦਾ ਨਤੀਜਾ ਹਨ ਅਤੇ ਇਹ ਅਗਿਆਨਤਾ ਹੀ ਤਕਲੀਫ਼ਾਂ ਅਤੇ ਦੁੱਖਾਂ ਦੀ ਮਾਂ ਹੈ। ਕਦੇ ਵੀ ਚੜੇਲਾਂ, ਭੂਤ ਅਤੇ ਜਾਦੂਗਰਨੀਆਂ ਨਹੀਂ ਹੋਈਆਂ ਅਤੇ ਨਾ ਹੀ ਕਦੇ ਕੋਈ ਸ਼ੈਤਾਨ ਪੈਦਾ ਹੋਇਆ ਹੈ, ਜੋ ਲੋਕਾਈ ਨੂੰ ਦੁੱਖ ਦਿੰਦਾ ਹੈ। ਸੂਰਜ, ਚੰਦ, ਗ੍ਰਹਿਣ, ਆਕਾਲ, ਮਹਾਂਮਾਰੀ, ਪੂਛਲ ਤਾਰੇ, ਟੁੱਟਦੇ ਤਾਰੇ, ਭੂਚਾਲ, ਤੂਫਾਨ, ਅਖੌਤੀ ਪਵਿੱਤਰ ਆਦਮੀ ਜਾਂ ਪਹੁੰਚੇ ਹੋਏ ਲੋਕਾਂ ਦੀਆਂ ਹੱਡੀਆਂ, ਵਾਲ, ਨਹੁੰ, ਦੰਦਾਂ ਆਦਿ ਦਾ ਇਨਸਾਨੀ ਰੋਗ ਦੂਰ ਕਰਨ ਵਿੱਚ ਕਦੇ ਵੀ ਰੋਲ ਨਹੀਂ ਹੋ ਸਕਦਾ। ਮਨੁੱਖੀ ਸਰੀਰਕ ਅਤੇ ਮਾਨਸਿਕ ਕਸਰਾ ਦਾ ਇਲਾਜ ਇਨ੍ਹਾਂ ਟੋਟਕਿਆਂ, ਟੂਣਿਆਂ, ਭਭੂਤੀਆਂ, ਸੁਆਹਾਂ, ਅਰਦਾਸਾਂ, ਪਾਠਾਂ ਨਾਲ ਅਸੰਭਵ ਹੈ। ਇਨ੍ਹਾਂ ਸਾਰੀਆਂ ਗੱਲਾਂ ਵਿੱਚ ਵਿਸ਼ਵਾਸ ਅਤੇ ਭੂਤਾਂ, ਪ੍ਰੇਤਾਂ ਦੀ ਹੋਂਦ ਦਾ ਸਵੀਕਾਰਨਾ ਪੱਕਾ-ਠੱਕਾ ਅੰਧ ਵਿਸ਼ਵਾਸ ਹੈ। ਜਿਹੜਾ ਵੀ ਇਨ੍ਹਾਂ ਗੱਲਾਂ ਦਾ ਜਾਲ ਵਿਛਾਉਂਦਾ ਹੈ, ਉਹ ਤੁਹਾਡੇ ਪੈਸੇ ਹਜ਼ਮ ਕਰਨ ਵਾਲਾ ਬਹੁਤ ਵੱਡਾ ਧੋਖੇਬਾਜ਼ ਹੈ।

ਕਰਾਮਾਤ ਅਸੀਂ ਉਸ ਨੂੰ ਕਹਿੰਦੇ ਹਾਂ, ਜੋ ਪ੍ਰਕ੍ਰਿਤੀ ਦੇ ਅਖੌਤੀ ਮਾਲਕ ਵੱਲੋਂ ਕੁਦਰਤ ਵਿਚਲੇ ਵਰਤਾਰਿਆਂ ਨੂੰ ਨਕਾਰਦਿਆਂ ਕਰ ਸਕਦਾ ਹੋਵੇ, ਪਰ ਇਹ ਕਦੇ ਹੋਇਆ ਨਹੀਂ। ਆਪਾਂ ਨੂੰ ਹੁਣ ਪਤਾ ਹੈ ਕਿ ਮੀਂਹ ਕਿਵੇਂ ਪੈਂਦਾ ਹੈ, ਬੱਦਲ ਕਿਉਂ ਗਰਜਦੇ ਹਨ, ਬਿਜਲੀ ਕਿਵੇਂ ਡਿੱਗਦੀ ਹੈ, ਭੂਚਾਲ ਕਿਵੇਂ ਆਉਂਦੇ ਹਨ। ਆਪਾਂ ਨੂੰ ਇਹ ਵੀ ਪਤਾ ਹੈ ਕਿ ਸਾਰੀਆਂ ਘਟਨਾਵਾਂ ਕੁਦਰਤ ਦੇ ਅਸੂਲਾਂ ਮੁਤਾਬਕ ਹੀ ਕੰਮ ਕਰਦੀਆਂ ਹਨ ਅਤੇ ਹਰ ਘਟਨਾ ਦਾ ਕਾਰਨ ਹੁੰਦਾ ਹੈ ਅਤੇ ਕੋਈ ਵੀ ਘਟਨਾ ਬਿਨਾਂ ਕਿਸੇ ਕਾਰਨ ਦੇ ਨਹੀਂ ਹੋ ਸਕਦੀ। ਕਰਾਮਾਤਾਂ ਸਿਰਫ਼ ਅਗਿਆਨਤਾ ਵਿੱਚੋਂ ਹੀ ਉਪਜਦੀਆਂ ਹਨ ਅਤੇ ਸਾਡੀ ਕਮਾਈ ਨੂੰ ਬੋਚਣ ਵਾਲੇ ਇਹ ਠੱਗ ਅਗਿਆਨਤਾ ਲੋਕਾਂ ਵਿੱਚ ਫੈਲਾਉਂਦੇ ਹਨ ਅਤੇ ਅੰਧਵਿਸ਼ਵਾਸ ਨੂੰ ਡਰ ਦੇ ਹਥਿਆਰ ਨਾਲ ਫੈਲਾਉਂਦੇ ਹਨ।

ਵਿਗਿਆਨ ਦੀ ਘਾਟ ਕਰਕੇ ਆਤਮਾ, ਅਰਦਾਸਾਂ, ਪਾਠਾਂ ਆਦਿ ਦਾ ਡਮਰੂ ਵਜਾਇਆ ਜਾਂਦਾ ਹੈ। ਜੋ ਇਨ੍ਹਾਂ ਗੱਲਾਂ ਦਾ ਪ੍ਰਚਾਰ ਕਰਦੇ ਹਨ, ਉਹ ਹੜੱਪਦੇ ਹਨ ਤੁਹਾਡੀ ਕਮਾਈ ਦੇ ਪੈਸੇ ਅਤੇ ਮਿਹਨਤ। ਇਨ੍ਹਾਂ ਪੀਰਾਂ, ਫਕੀਰਾਂ, ਬਾਬਿਆਂ, ਗੁਰੂਆਂ ਕੋਈ ਐਹੋ ਜਿਹੀ ਚੀਜ਼ ਨਹੀਂ ਬਣਾਈ, ਜਿਹਦੇ ਨਾਲ ਲੋਕਾਂ ਦੀ ਜ਼ਿੰਦਗੀ ਸੁਖਾਲੀ ਬਣ ਸਕੇ। ਅਗਰ ਐਡੀਸਨ, ਗ੍ਰਾਹਮ ਬਿੱਲ ਅਤੇ ਰਾਈਟ ਭਰਾ ਪਾਠ-ਪੂਜਾ, ਅਰਦਾਸਾਂ ਜਾਂ ਮਾਲਾ ਫੇਰਦੇ ਰਹਿੰਦੇ ਤਾਂ ਨਾ ਤਾਂ ਅੱਜ ਬਿਜਲੀ ਦੀ ਰੋਸ਼ਨੀ ਹੁੰਦੀ, ਨਾ ਹੀ ਕੋਈ ਫੋਨ ਹੁੰਦਾ ਅਤੇ ਨਾ ਹੀ ਹਵਾਈ ਜਹਾਜ਼। ਅਗਰ ਇਨ੍ਹਾਂ ਪਹੁੰਚੇ ਹੋਏ ਲੋਕਾਂ ਨੂੰ ਇਸ ਧਰਤੀ ਦਾ ਅਤੇ ਇਸ ਤੋਂ ਅਗਾਂਹ ਦਾ ਵੀ ਗਿਆਨ ਹੈ ਤਾਂ ਦੁਨੀਆ ਦੇ ਕਿਸੇ ਵੀ ਗੁਰੂ, ਪੀਰ, ਔਲੀਏ, ਮਹਾਤਮਾ ਨੇ ਇਹ ਕਾਢਾਂ ਕਿਉਂ ਨਾ ਕੱਢੀਆਂ? ਇਨਸਾਨਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਦੇ ਇਲਾਜ ਸਾਇੰਸਦਾਨਾਂ ਕੱਢ ਮਾਰੇ, ਇਨ੍ਹਾਂ ਕੋਈ ਗੋਲੀਆਂ, ਟੀਕੇ ਜਾਂ ਇਨਸਾਨ ਦੋਖੀ ਜਰਮਾਂ ਨੂੰ ਮਾਰਨ ਦੇ ਓਪਰੇਸ਼ਨ ਢੰਗ ਕਿਉਂ ਨਾ ਦਿੱਤੇ? ਇਹ ਸਭ ਲਾਰੇ, ਡਰ, ਧਮਕੀਆਂ ਨਾਲ ਇਨਸਾਨੀ ਦਿਮਾਗ ਉਪਰ ਹਕੂਮਤ ਕਰਦੇ ਰਹੇ ਅਤੇ ਅੱਜ ਵੀ ਕਰ ਰਹੇ ਹਨ। ਸਾਡੇ ਸਾਰੇ ਦੁਨੀਆ ਦੇ ਇਤਿਹਾਸ ਵਿੱਚ ਕਦੇ ਵੀ ਕੋਈ ਕਰਾਮਾਤ ਨਹੀਂ ਵਾਪਰੀ, ਕੋਈ ਅਰਦਾਸ ਨਹੀਂ ਮੰਨੀ ਗਈ, ਚੜ੍ਹਾਵਿਆਂ ਅਤੇ ਇਨਸਾਨੀ, ਪਸ਼ੂਆਂ ਦੀਆਂ ਦਿੱਤੀਆਂ ਬਲੀਆਂ ਨੇ ਕਦੇ ਕੋਈ ਨਤੀਜਾ ਸਾਹਮਣੇ ਨਹੀਂ ਲਿਆਂਦਾ।

ਸਾਨੂੰ ਆਪਣੀਆਂ ਇੰਦ੍ਰੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਪਰਖ ਕਰਨੀ ਚਾਹੀਦੀ ਹੈ, ਦਲੀਲਾਂ ਦੇਣੀਆਂ ਚਾਹੀਦੀਆਂ ਹਨ। ਜੇਕਰ ਅਸੀਂ ਦਲੀਲ ਨਾਲ ਨਹੀਂ ਸੋਚਦੇ ਤਾਂ ਅਸੀਂ ਆਪਣੇ ਆਪ ਲਈ ਗਦਾਰ ਹਾਂ ਅਤੇ ਜੇਕਰ ਅਸੀਂ ਨਹੀਂ ਸੋਚਦੇ ਤਾਂ ਅਸੀਂ ਅੰਧ-ਵਿਸ਼ਵਾਸ ਦੇ ਗੁਲਾਮ ਹਾਂ। ਅੰਧ ਵਿਸ਼ਵਾਸ ਸੁਤੰਤਰਤਾ ਦਾ ਵੈਰੀ ਹੈ, ਇਹ ਸਦਾ ਸੁਤੰਤਰਤਾ ਦਾ ਦੁਸ਼ਮਣ ਰਿਹਾ ਹੈ ਅਤੇ ਅਗਾਂਹ ਨੂੰ ਵੀ ਰਹੇਗਾ। ਇਸ ਅੰਧ ਵਿਸ਼ਵਾਸ਼ ਦੇ ਦੈਂਤ ਨੇ ਇਨਸਾਨੀ ਨਸਲਾਂ, ਕੌਮਾਂ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇਸ ਅੰਧ ਵਿਸ਼ਵਾਸ ਨੇ ਔਰਤਾਂ, ਬੱਚਿਆਂ ਅਤੇ ਆਦਮੀਆਂ ਨੂੰ ਸੰਗਲਾਂ ਨਾਲ ਜਕੜਿਆ, ਅੱਗ ਵਿੱਚ ਸਾੜਿਆ, ਉਨ੍ਹਾਂ ਦੀਆਂ ਚਮੜੀਆਂ ਉਧੇੜ ਸਿੱਟੀਆਂ, ਵਿਚਾਰਵਾਨਾਂ ਅਤੇ ਸਿਆਣੇ ਲੋਕਾਂ ਨੂੰ ਮਾਰਿਆ। ਇਸ ਅੰਧ ਵਿਸ਼ਵਾਸ ਨੇ ਰਹੁਰੀਤਾਂ ਸਿਖਾਈਆਂ, ਆਪਸ ਵਿੱਚ ਨਫ਼ਰਤ ਫੈਲਾਈ, ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਤਿਆਗ ਦੇਣਾ ਸਿਖਾਇਆ, ਵਿਅਰਥ ਤਸੀਹਿਆਂ, ਵਰਤਾਂ ਅਤੇ ਅਰਦਾਸਾਂ ਵਿੱਚ ਜ਼ਿੰਦਗੀ ਦੇ ਕੀਮਤੀ ਸਮੇਂ ਨੂੰ ਬਰਬਾਦ ਕਰਨਾ ਸਿਖਾਇਆ। ਇਨ੍ਹਾਂ ਦੀਆਂ ਗੱਲਾਂ 'ਤੇ ਕਿੰਤੂ-ਪ੍ਰੰਤੂ ਕਰਨਾ ਨਰਕ ਦਾ ਰਾਹ ਹੈ ਅਤੇ ਅੰਧ ਵਿਸ਼ਵਾਸ ਵਿੱਚ ਯਕੀਨ ਕਰਨਾ ਪਰੀਆਂ, ਹੂਰਾਂ ਅਤੇ ਸਵਰਗ ਵਿੱਚ ਵਾਸਾ ਕਰੇਗਾ। ਫਿਰ ਇਸੇ ਤਰਜ਼ ਉਤੇ ਔਰਤਾਂ ਨੂੰ ਕੀ ਮਿਲੇਗਾ? ਅੰਧ ਵਿਸ਼ਵਾਸ ਤਰੱਕੀ ਦਾ ਦੁਸ਼ਮਣ ਹੈ। ਇਹ ਦਲੀਲ ਅਤੇ ਵਿਗਿਆਨ ਦਾ ਦੁਸ਼ਮਣ ਹੈ।

ਇਹ ਕਿੱਡੀ ਵੱਡੀ ਗੱਪ ਹੈ ਕਿ ਇਨਸਾਨਾਂ ਦੇ ਸਾਰੇ ਕੰਮ, ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਸਫ਼ਰ ਪਹਿਲਾਂ ਹੀ ਲਿਖਿਆ ਹੋਇਆ ਹੈ-ਪਰ ਫਿਰ ਵੀ ਅਸੀਂ ਆਜ਼ਾਦ ਹਾਂ। ਇਹ ਆਪਾ-ਵਿਰੋਧੀ ਵਿਚਾਰ ਇੱਕ ਅੰਧ ਵਿਸ਼ਵਾਸੀ ਹੀ ਦੇ ਅਤੇ ਮਨ ਸਕਦਾ ਹੈ। ਜਿਹੜੀਆਂ ਪੋਥੀਆਂ ਇਨ੍ਹਾਂ ਗੱਲਾਂ ਦਾ ਪ੍ਰਚਾਰ ਕਰਦੀਆਂ ਹਨ, ਉਹ ਕਿਵੇਂ ਪਵਿੱਤਰ ਹੋ ਸਕਦੀਆਂ ਹਨ? ਇਨ੍ਹਾਂ ਪੁਸਤਕਾਂ ਨੇ ਬੌਧਕ ਸੱਚਾਈ ਅਤੇ ਕੁਦਰਤੀ ਮਾਨਵਤਾ ਨੂੰ ਨਸ਼ਟ ਕਰ ਦਿੱਤਾ ਹੈ। ਇਨ੍ਹਾਂ ਦੇ ਇਲਹਾਮ ਨੇ ਲੱਖਾਂ-ਕਰੋੜਾਂ ਲੋਕਾਂ ਨੂੰ ਪਛਤਾਵੇ ਦੀ ਅੱਗ ਵਿੱਚ ਸਾੜ ਦਿੱਤਾ। ਸਿਸਕੀਆਂ, ਆਹਾਂ, ਦਰਦ ਭਰੀਆਂ ਚੀਕਾਂ ਅਤੇ ਹੌਕਿਆਂ ਨੇ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ। ਰੂੜੀਵਾਦੀ ਲੋਕ ਅਜੇ ਵੀ ਇਨ੍ਹਾਂ ਗ੍ਰੰਥਾਂ ਦੀਆਂ ਸਤਰਾਂ ਨੂੰ ਚਿੱਚੜ ਵਾਂਗ ਚਿੰਬੜੇ ਹੋਏ ਹਨ ਅਤੇ



ਅੜੀਅਲ ਟੱਟੂ ਵਾਂਗ ਜ਼ਿੱਦ ਕਰ ਰਹੇ ਹਨ ਕਿ ਇਨ੍ਹਾਂ ਵਿੱਚ ਲਿਖਿਆ ਹਰ ਇੱਕ ਸ਼ਬਦ ਅਟੱਲ ਸੱਚ ਹੈ। ਇਨ੍ਹਾਂ ਦਾ ਹਰ ਵਿਸ਼ਵਾਸੀ, ਦਿਮਾਗੀ ਤੌਰ ਉਤੇ ਗੁਲਾਮ ਹੈ ਕਿਉਂਕਿ ਉਹ ਦਲੀਲ ਤੋਂ ਇਨਕਾਰੀ ਹੈ। ਦਲੀਲ ਸਾਡੇ ਦਿਮਾਗ ਦਾ ਵਿਕਾਸ ਵਾਲਾ ਰਾਹ ਖੋਲ੍ਹਦਾ ਹੈ ਅਤੇ ਇਹ ਸੂਰਜ ਵਰਗਾ ਲਿਸ਼ਕਾਂ ਮਾਰਦਾ ਚਾਨਣ ਹੈ।

ਕੁਦਰਤ ਤੋਂ ਉਪਰ ਕੋਈ ਸ਼ਕਤੀ ਨਹੀਂ ਹੈ ਅਤੇ ਇਹਦੇ ਆਪਣੇ ਨਿਯਮ ਹਨ। ਉਨ੍ਹਾਂ ਨਿਯਮਾਂ ਉਪਰ ਕਿਸੇ ਅਰਦਾਸ, ਵਰਤ, ਧਾਗੇ, ਤਵੀਜ਼, ਨਗ, ਦਿਨ, ਤਾਰੀਖ ਦਾ ਅਸਰ ਨਹੀਂ ਹੁੰਦਾ । ਕੀ ਕਿਸੇ ਅਖੌਤੀ ਕਰਾਮਾਤੀ ਜਾਂ ਪਹੁੰਚੇ ਹੋਏ ਦੀ ਭਗਤੀ, ਸ਼ਕਤੀ, ਧਰਤੀ ਜਾਂ ਚੰਦ ਦੀ ਗਤੀ ਨੂੰ ਵੱਧ, ਘੱਟ ਜਾਂ ਰੋਕ ਸਕਦੀ ਹੈ? ਜੁਆਬ ਨਾਂਹ ਵਿੱਚ ਹੈ। ਸਿਰਫ਼ ਵਿਗਿਆਨ ਹੀ ਕੁਦਰਤ ਦੇ ਨਿਯਮਾਂ ਨੂੰ ਲੱਭਦਾ ਹੈ, ਹੋਰ ਕੋਈ ਨਹੀਂ। ਸੱਚ ਦੀ ਖੋਜ, ਤਜਰਬੇ, ਮਿਹਨਤ, ਲਗਨ ਅਤੇ ਦਲੀਲ ਰਾਹੀਂ ਹੁੰਦੀ ਹੈ। ਸੱਚ ਨੂੰ ਇਲਹਾਮੀ ਗ੍ਰੰਥਾਂ, ਪੁਸਤਕਾਂ, ਰਸਮਾਂ, ਰਿਵਾਜਾਂ ਜਾਂ ਸੱਤਾ ਦੀ ਪ੍ਰਵਾਹ ਨਹੀਂ ਹੁੰਦੀ। ਸਾਡੇ ਵਿੱਚ ਇੰਨੀ ਜੁਰਅਤ ਹੋਣੀ ਚਾਹੀਦੀ ਹੈ ਕਿ ਅਸੀਂ ਇਮਾਨਦਾਰੀ ਅਤੇ ਦਲੀਲ ਸਹਿਤ ਆਪਣੇ ਵਿਚਾਰ ਪ੍ਰਗਟ ਕਰੀਏ। ਜੋ ਲੋਕ ਇਸ ਵਰਤਾਰੇ ਨੂੰ ਰੋਕਦੇ ਹਨ, ਉਹ ਇਨਸਾਨੀਅਤ ਅਤੇ ਸੱਚਾਈ ਦੇ ਦੁਸ਼ਮਣ ਹਨ। ਕਈ ਸਦੀਆਂ ਤੱਕ ਵਿਚਾਰਵਾਨ ਲੋਕਾਂ ਦੇ ਬੁੱਲ੍ਹਾਂ ਨੂੰ ਸੀਣ ਦਾ ਯਤਨ ਹੁੰਦਾ ਰਿਹਾ ਹੈ, ਪਰ ਸੱਚ ਦੀ ਮਿਸਾਲ ਜਗਦੀ ਹੀ ਰਹੀ, ਕਿਉਂਕਿ ਇਹ ਰੋਸ਼ਨੀ ਦੇ ਖੁੱਲ੍ਹੇ ਖੇਤਾਂ ਨੂੰ ਪਿਆਰ ਕਰਦੀ ਹੈ। ਦਲੀਲ ਦੀ ਲਾਟ ਸਦਾ ਤੇਜ਼ ਹੁੰਦੀ ਰਹੀ, ਕਿਉਂਕਿ ਇਹ ਲੋਕ-ਭਲਾਈ ਵਾਸਤੇ ਲਟਾ ਲਟ ਬਲਦੀ ਹੈ। ਸਾਰੇ ਮਸਲੇ ਦਲੀਲ ਨਾਲ ਹੀ ਹੱਲ ਹੁੰਦੇ ਹਨ। ਦਲੀਲ ਨਾਲ ਹੀ ਖੋਜਾਂ ਹੁੰਦੀਆਂ ਹਨ। ਬਿਮਾਰੀਆਂ ਦਾ ਇਲਾਜ ਲੱਭਿਆ ਜਾਂਦਾ ਹੈ। ਜ਼ਿੰਦਗੀ ਨੂੰ ਵਧੀਆ, ਸੁਖਾਲਾ ਅਤੇ ਲੰਮੇਰੀ ਕਰਨ ਵਿੱਚ ਦਲੀਲ ਕੰਮ ਆਉਂਦੀ ਹੈ। ਦਲੀਲ ਕਿਸੇ ਪਾਖੰਡੀ ਤੋਂ ਡਰਦੀ ਨਹੀਂ ਹੈ। ਸਮਝਦਾਰ ਇਨਸਾਨ ਇਨਾਮਾਂ ਦੀ ਮੰਗ ਨਹੀਂ ਕਰਦਾ, ਸਗੋਂ ਦਲੀਲ ਨਾਲ ਸੁਆਲ ਪੁੱਛਦਾ ਹੈ, ਸਿਰਫ਼ ਧੋਖੇਬਾਜ਼ ਲੋਕ ਹੀ ਪੈਸੇ ਮੰਗਦੇ ਹਨ।

ਆਤਮਾਂਵਾਂ ਨੂੰ ਬਚਾਉਣ ਦਾ ਪਾਖੰਡ ਅਨੈਤਿਕ ਹੈ ਅਤੇ ਸਦਭਾਵਨਾ ਦੇ ਵਰਤਾਰੇ ਦੇ ਖਿਲਾਫ਼ ਹੈ। ਸਾਡਾ ਇਤਿਹਾਸ ਉਨ੍ਹਾਂ ਕੱਟੜਵਾਦੀਆਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਆਪਣੀਆਂ ਬਿਨਾਂ ਸਬੂਤਾਂ ਵਾਲੀਆਂ ਗੱਲਾਂ ਮਨਵਾਉਣ ਲਈ ਜ਼ੁਲਮ ਕੀਤੇ, ਕਠੋਰਤਾ ਦਿਖਾਈ, ਉਜਾਂ ਲਾਈਆਂ। ਉਨ੍ਹਾਂ ਦੇ ਦਿਲਾਂ ਵਿੱਚ ਕਦੇ ਸਹਿਣਸ਼ੀਲਤਾ ਅਤੇ ਦਇਆ ਦੇ ਫੁੱਲ ਨਹੀਂ ਖਿੜੇ। ਉਨ੍ਹਾਂ ਲੋਕਾਂ ਨੂੰ ਝਾਂਸੇ ਦੇ ਕੇ ਆਪਣੀਆਂ ਜੇਬਾਂ, ਉਨ੍ਹਾਂ ਦੀਆਂ ਕਮਾਈਆਂ ਨਾਲ ਭਰ ਲਈਆਂ ਅਤੇ ਭਰ ਰਹੇ ਹਨ। ਉਨ੍ਹਾਂ ਆਕਾਸ਼ ਵਿੱਚ ਕਲਪਨਾਵਾਂ ਅਤੇ ਲਾਰਿਆਂ ਨਾਲ ਸਵਰਗ, ਨਰਗ ਬਣਾਏ ਅਤੇ ਬਣਾ ਰਹੇ ਹਨ। ਉਨ੍ਹਾਂ ਸਦਾ ਸੋਚਣ ਵਾਲੇ ਵਿਗਿਆਨਕ ਸੋਚ ਵਾਲੇ ਨੂੰ ਨਫ਼ਰਤ ਕੀਤੀ ਅਤੇ ਕਰ ਰਹੇ ਹਨ।

ਇਹ ਬ੍ਰਹਮ ਵਿੱਦਿਆ ਸਾਨੂੰ ਬਚਪਨ ਵਿੱਚ ਹੀ ਦਿੱਤੀ ਜਾਂਦੀ ਹੈ ਅਤੇ ਬਹੁਤੇ ਕੇਸਾਂ ਵਿੱਚ ਸਾਰੀ ਉਮਰ ਚੱਲਦੀ ਰਹਿੰਦੀ ਹੈ। ਇਸ ਵਿੱਚ ਬਿਨਾਂ ਸੁਆਲ ਕੀਤਿਆਂ ਹਰ ਗਲ ਨੂੰ ਸੱਚ ਮੰਨਣਾ ਸਿਖਾਇਆ ਜਾਂਦਾ ਹੈ ਕਿ ਪੁੱਛ-ਗਿੱਛ ਕਰਨਾ ਪਾਪ ਹੈ, ਜੁਰਮ ਹੈ। ਬੱਚੇ ਦਾ ਮਨ ਜ਼ਹਿਰ, ਨਫ਼ਰਤ ਨਾਲ ਭਰ ਕੇ ਬੇਕਾਰ ਬਣਾ ਦਿੱਤਾ ਜਾਂਦਾ ਹੈ। ਉਹਦਾ ਛੋਟਾ ਜਿਹਾ ਦਿਮਾਗ਼ ਕਰਾਮਾਤਾਂ ਅਤੇ ਹੈਰਾਨੀਆਂ ਨਾਲ ਭਰ ਦਿੱਤਾ ਜਾਂਦਾ ਹੈ। ਬਹੁਤੇ ਧਰਮਾਂ ਵਾਲੇ ਇਹ ਕੰਮ ਐਤਵਾਰ ਨੂੰ ਕਰਦੇ ਹਨ, ਜਿੱਥੇ ਉਨ੍ਹਾਂ ਦੇ ਦਿਮਾਗਾਂ ਨੂੰ ਹਿੰਦੂ, ਸਿੱਖ, ਮੁਸਲਿਮ, ਈਸਾਈ, ਬੋਧੀ, ਜੈਨੀ ਆਦਿ ਸੱਚਿਆਂ ਵਿੱਚ ਢਾਲਿਆ ਜਾਂਦਾ ਹੈ। ਪ੍ਰਸਿੱਧ ਬਰਤਾਨਵੀ ਵਿਗਿਆਨੀ ਰਿਚਰਡ ਡਾਕਿੰਜ਼ ਕਹਿੰਦਾ ਹੈ ਕਿ ਬੱਚੇ ਨੂੰ ਧਰਮ ਦੀ ਪਿਓਂਦ ਚਾੜ੍ਹਨਾ ਬੱਚੇ ਦਾ ਸ਼ੋਸ਼ਣ ਕਰਨਾ ਹੈ,

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ